

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

*Ray Dhaliwal*
*Real Estate Broker*

CENTURY 21 SCHEETZ
RAYD@C21Scheetz.com



Twenty-Fifth Year of Publication | *ਨਿਊਯਾਰਕ ਐਡੀਸ਼ਨ* | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 28; July 13, 2024 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਨਵੇਂ ਕਾਨੂੰਨ: ਘੱਟ ਗਿਣਤੀਆਂ ਫਿਰ ਨਿਸ਼ਾਨੇ ’ਤੇ

## ਦੇਸ਼ ਧ੍ਰੋਹ ਦਾ ਪਹਿਲਾ ਮੁਕੱਦਮਾ ਸਿੱਖ ਆਗੂ ਖਿਲਾਫ ਦਰਜ

**ਅੰਮ੍ਰਿਤਸਰ:** ਭਾਰਤ ਵਿਚ ਲਾਗੂ ਹੋਏ ਨਵੇਂ ਅਪਰਾਧਿਕ ਕਾਨੂੰਨਾਂ ਤਹਿਤ ਦੇਸ਼ ਧ੍ਰੋਹ ਦਾ ਪਹਿਲਾ ਮੁਕੱਦਮਾ ਸਿੱਖ ਆਗੂ ਤੇਜਿੰਦਰਪਾਲ ਸਿੰਘ ਟਿੰਮਾ ਉਤੇ ਦਰਜ ਕਰਨ ਦਾ ਮਾਮਲਾ ਭਖ ਗਿਆ ਹੈ। ਸਿੱਖ ਜਥੇਬੰਦੀਆਂ ਨੇ ਇਸ ਉਤੇ ਸਖਤ ਇਤਰਾਜ਼ ਜਤਾਉਂਦੇ ਹੋਏ ਮੋਦੀ ਸਰਕਾਰ ਦੀ ਘੱਟ ਗਿਣਤੀਆਂ ਪ੍ਰਤੀ ਸੋਚ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਦਰਅਸਲ, ਰਾਜਸਥਾਨ ਦੇ ਉੱਘੇ ਸਿੱਖ ਆਗੂ ਅਤੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦੇ ਮੁੱਖ ਸੇਵਾਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੇ ਨਾਮ ਹੇਠ ਦੇਸ਼ ਵਿਚ ਲਾਗੂ ਕੀਤੀ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸ੍ਰੀ ਗੰਗਾਨਗਰ ਪੁਲਿਸ ਵੱਲੋਂ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਨੂੰ ਦੇਸ਼ ਅੰਦਰ ਘੱਟ-ਗਿਣਤੀਆਂ ਤੇ ਸਿੱਖਾਂ ਵਿਚ ਅਤਿ ਦਰਜੇ ਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਨਾਜਾਇਜ਼ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਦੇਸ਼ ਵਿਚ ਲਾਗੂ ਕੀਤੀ ਗਈ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਦੇਸ਼ ਧ੍ਰੋਹ ਦਾ ਸਭ ਤੋਂ ਪਹਿਲਾ ਮੁਕੱਦਮਾ ਸਿੱਖ ਉਤੇ ਦਰਜ ਕਰ ਕੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲੇ ਨੋਟੀਫਿਕੇਸ਼ਨ ਦੀ ਤਰਜ਼ ਉਤੇ ਇਕ ਵਾਰ ਮੁੜ ਸਿੱਖਾਂ ਨੂੰ ਜ਼ਲਾਲਤ ਦਾ ਅਹਿਸਾਸ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਤੇਜਿੰਦਰਪਾਲ ਸਿੰਘ ਟਿੰਮਾ ਉਤੇ ਖਾਲਿਸਤਾਨ ਦੀ ਹਮਾਇਤ ਵਿਚ ਲਿਖਣ/ਬੋਲਣ ਕਾਰਨ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਨਾ ਹੀ ਆਪਣੇ ਆਪ ਵਿਚ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ ਕਿਉਂਕਿ ਦੇਸ਼ ਦਾ ਸੰਵਿਧਾਨ ਹੀ ਹਰ ਮਨੁੱਖ ਨੂੰ ਜਮਹੂਰੀਅਤ ਦੇ ਦਾਇਰੇ ਵਿਚ ਰਹਿ ਕੇ ਸ਼ਾਂਤਮਈ ਤਰੀਕੇ ਨਾਲ ਆਜ਼ਾਦੀ ਜਾਂ ਵੱਖਰਾ ਰਾਜ ਮੰਗਣ ਦਾ ਹੱਕ ਦਿੰਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿਚ ਕਮੇਟੀ ਭਾਈ ਟਿੰਮਾ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਹਰ ਲੋੜੀਂਦੀ ਮਦਦ ਲਈ ਵਚਨਬੱਧ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤੇਜਿੰਦਰਪਾਲ ਸਿੰਘ ਟਿੰਮਾ ਉਤੇ ਦੇਸ਼ ਵਿਰੋਧੀ ਅਨਸਰਾਂ ਨੂੰ ਉਤਸ਼ਾਹਿਤ ਕਰਨ ਦਾ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਤਾਂ ਸਿਰਫ ਸਿੱਖ ਕੌਮ ਖਿਲਾਫ ਫਿਰਕੂ ਨਫਰਤ ਵਾਲੀਆਂ ਟਿੱਪਣੀਆਂ ਤੋਂ ਲੋਕਾਂ ਨੂੰ ਸੁਚੇਤ ਕੀਤਾ ਸੀ। ਟਿੰਮਾ ਖਿਲਾਫ ਦਰਜ ਕੇਸ ਨੂੰ ਤੁਰੰਤ ਵਾਪਸ ਲਏ ਜਾਣ ਦੀ ਮੰਗ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਜਿਹੜਾ ਵੀ ਕੋਈ ਸ਼ਾਂਤਮਈ ਤੇ ਦੇਸ਼ ਭਗਤ ਸਿੱਖ ਕੌਮ ਦੀਆਂ ਧਾਰਮਿਕ ਧਾਰਨਾਵਾਂ ਤੇ ਭਾਵਨਾਵਾਂ ਨੂੰ ਸੱਟ ਮਾਰਨ ਵਲ ਸੇਧਤ ਬਿਆਨਾਂ ਨੂੰ ਉਜਾਗਰ ਕਰੇ ਅਤੇ ਫਿਰਕੂ ਹਿੰਸਾ ਭੜਕਾਉਣ ਨੂੰ ਬੰਦ ਕਰਨ ਦੀ ਗੱਲ ਕਰੇ, ਉਸ ਦੇ ਖਿਲਾਫ ਕੇਸ ਦਰਜ ਕਰਨਾ ਹੀ ਨਹੀਂ ਬਣਦਾ। ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ ਨਵੇਂ ਬਣੇ ਕਾਨੂੰਨਾਂ ਬਾਰੇ ਪਹਿਲਾਂ ਹੀ ਖਦਸ਼ਾ ਸੀ ਕਿ ਇੰਨਾ ਦੀ ਵਰਤੋਂ ਘੱਟ ਗਿਣਤੀਆਂ ਨੂੰ ਦਬਾਉਣ ਲਈ ਕੀਤੀ ਜਾ ਸਕਦੀ ਹੈ। ਇਹ ਖਦਸ਼ਾ ਸੱਚ ਸਾਬਤ ਹੋਇਆ ਜਦੋਂ ਗੰਗਾਨਗਰ (ਰਾਜਸਥਾਨ) ਦੀ ਪੁਲਿਸ ਨੇ ਇਕ ਪੰਥ ਵਿਰੋਧੀ ਵੱਲੋਂ ਦਿੱਤੀ ਦਰਖਾਸਤ ਦੇ ਅਧਾਰ ਉਤੇ ਤਜਿੰਦਰਪਾਲ ਸਿੰਘ ਟਿੰਮਾ ਦੇ ਖਿਲਾਫ ਨਵੇਂ ਬਣੇ ਕਨੂੰਨ ਤਹਿਤ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰ ਲਿਆ।

ਦੱਸ ਦਈਏ ਕਿ ਭਾਈ ਟਿੰਮਾ ਰਾਜਸਥਾਨ ਵਿਚ ਵਿਸ਼ੇਸ਼ ਕਰ ਕੇ ਗੰਗਾਨਗਰ ਵਿਚ ਬਹੁਤ ਵੱਡੇ ਪੱਧਰ ਉਤੇ ਧਾਰਮਿਕ ਅਤੇ ਸਮਾਜਿਕ ਕਾਰਜ ਕਰਦੇ ਆ ਰਹੇ ਹਨ। ਉਨ੍ਹਾਂ ਨੇ ਚੋਣਾਂ ਦੌਰਾਨ ਇਕ ਭਾਜਪਾ ਆਗੂ ਵੱਲੋਂ ਗੁਰੂ ਘਰਾਂ ਨੂੰ ਤੋੜ ਸੁੱਟਣ ਵਾਲੇ ਬਿਆਨ ਉਤੇ ਸਖਤ ਇਤਰਾਜ਼ ਜਤਾਉਂਦਿਆਂ ਭਾਜਪਾ ਦੀ ਨੀਅਤ ਉਤੇ ਤਿੱਖੇ ਸਵਾਲ ਖੜ੍ਹੇ ਕੀਤੇ ਸਨ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸੇ ਕਰਕੇ ਇਸ ਸਿੱਖ ਆਗੂ ਉਤੇ ਸਖਤ ਧਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਮੋਦੀ ਸਰਕਾਰ ਇਸ ਦਾਅਵੇ ਨਾਲ ਨਵੇਂ ਅਪਰਾਧਿਕ ਕਾਨੂੰਨ ਲੈ ਕੇ ਆਈ ਸੀ ਕਿ ਇਸ ਨਾਲ ਬਸਤੀਵਾਦੀ ਦੌਰ ਦੇ ਨੇਮਾਂ ਨੂੰ ਖ਼ਤਮ ਕਰ ਕੇ ਅਜੋਕੇ ਸਮੇਂ ਦੀਆਂ ਕਦਰਾਂ ਕੀਮਤਾਂ ਅਨੁਸਾਰੀ ਨੇਮ ਸ਼ਾਮਲ ਕੀਤੇ ਗਏ ਹਨ ਪਰ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਪਰਤਾਂ ਖੁੱਲ੍ਹ ਰਹੀਆਂ ਹਨ ਜੋ ਸਰਕਾਰ ਦੀ ਨੀਅਤ ਉਤੇ ਵੱਡੇ ਸਵਾਲ ਖੜ੍ਹੇ ਕਰਦੀਆਂ ਹਨ। ਸੁਪਰੀਮ ਕੋਰਟ ਵਿਚ

*(ਬਾਕੀ ਸਫਾ 6 ‘ਤੇ)*

### ‘ਹਿੰਦੂ ਰਾਸ਼ਟਰ ਮੰਗਣ ਵਾਲਿਆਂ ‘ਤੇ ਕਾਰਵਾਈ ਕਿਉਂ ਨਹੀਂ?’

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਕਿਹਾ ਕਿ ਜੇਕਰ ਵੱਖਰਾ ਰਾਜ ਮੰਗਣਾ ਜਾਂ ਉਸ ਦੀ ਹਮਾਇਤ ਕਰਨਾ ਹੀ ਦੇਸ਼ ਧ੍ਰੋਹ ਹੈ ਤਾਂ ਫਿਰ ਹਿੰਦੂ ਰਾਸ਼ਟਰ ਦੀ ਮੰਗ ਦੇ ਨਾਂ ਉਤੇ ਫਿਰਕਾਪ੍ਰਸਤੀ ਫੈਲਾਉਣ ਵਾਲਿਆਂ ਵਿਰੁੱਧ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਿਉਂ ਨਹੀਂ ਕੀਤਾ ਜਾਂਦਾ? ਉਨ੍ਹਾਂ ਕਿਹਾ ਕਿ ਟਿੰਮਾ ਦੇ ਖ਼ਿਲਾਫ਼ ਨਾਜਾਇਜ਼ ਦਰਜ ਕੀਤੇ ਦੇਸ਼ ਧ੍ਰੋਹ ਦੇ ਮੁਕੱਦਮੇ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਦੇ ਬਾਵਜੂਦ ਦੇਸ਼ ਦਾ ਹਰ ਨਵਾਂ ਕਾਨੂੰਨ ਸਭ ਤੋਂ ਪਹਿਲਾਂ ਸਿੱਖਾਂ ਖ਼ਿਲਾਫ਼ ਹੀ ਵਰਤਿਆ ਜਾਂਦਾ ਹੈ।

# ਦਰਬਾਰ ਸਾਹਿਬ ਸਮੂਹ ‘ਚ ਫਿਲਮਾਂ ਦੇ ਪ੍ਰਚਾਰ ‘ਤੇ ਰੋਕ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਮਰਿਆਦਾ ਦੀ ਹੋ ਰਹੀ ਉਲੰਘਣਾ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਥੇ ਫਿਲਮੀ ਕਲਾਕਾਰਾਂ ਵੱਲੋਂ ਫਿਲਮਾਂ ਦੇ ਪ੍ਰਚਾਰ ਵਾਸਤੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਨ ‘ਤੇ ਰੋਕ ਲਾ ਦਿੱਤੀ ਹੈ। ਇਹ ਫ਼ੈਸਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਸੀ ਜਿਸ ਨੂੰ ਹੁਣ ਲਾਗੂ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਵਡੋਦਰਾ ਵਾਸੀ ਅਰਚਨਾ ਮਕਵਾਨਾ ਨੇ ਇੱਥੇ ਪਰਿਕਰਮਾ ਵਿਚ ਯੋਗ ਆਸਣ ਕੀਤਾ ਸੀ ਜਿਸ ਦਾ ਵਿਵਾਦ ਅਜੇ ਚੱਲ ਹੀ ਰਿਹਾ ਸੀ ਕਿ ਅਗਲੇ ਦਿਨ ਦਲਜੀਤ ਦੋਸਾਂਝ ਤੇ ਨੀਰੂ ਬਾਜਵਾ ਨੇ ਆਪਣੀ ਫਿਲਮ ਦੇ ਪ੍ਰਚਾਰ ਲਈ ਇੱਥੇ ਮੱਥਾ ਟੇਕਿਆ। ਦਲਜੀਤ ਦੋਸਾਂਝ ਨੇ ਸਵੇਰੇ ਪ੍ਰਕਾਸ਼ ਵੇਲੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਵੀਡੀਓ ਸਾਂਝੀ ਕੀਤੀ ਜਿਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਸਖਤ

*(ਬਾਕੀ ਸਫਾ 6 ‘ਤੇ)*



## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* *ਪੇਸ਼ੇਵਰ ਟਰੱਕ ਡਰਾਈਵਰ ਬਣੋ*
* *ਫੀਸ ਕੇਵਲ 2500 ਡਾਲਰ*
* *ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ*
* *ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ*
* *ਆਨਲਾਈਨ ਟਰੇਨਿੰਗ ਉਪਲੱਬਧ*
* *ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ*



Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਡੇਟਨ ਦੇ ਸਿੱਖ ਭਾਈਚਾਰੇ ਨੇ ਅਮਰੀਕਾ ਦੇ ਅਜ਼ਾਦੀ ਦਿਹਾੜੇ ਦੇ ਸਮਾਗਮਾਂ 'ਚ ਹਿੱਸਾ ਲਿਆ

## ਵੱਡੀ ਗਿਣਤੀ ਲੋਕ ਪਰੇਡ ਅਤੇ ਆਜ਼ਾਦੀ ਸਮਾਗਮ 'ਚ ਸ਼ਾਮਲ ਹੋਏ

**ਡੇਟਨ:** ਦੁਨੀਆ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਗਿਣੇ ਜਾਂਦੇ ਅਮਰੀਕਾ, ਜਿਸਨੂੰ ਗ੍ਰੇਟ ਬ੍ਰਿਟੇਨ ਤੋਂ 1776 ਵਿਚ 4 ਜੁਲਾਈ ਨੂੰ ਆਜ਼ਾਦੀ ਮਿਲੀ ਸੀ, ਦਾ ਆਜ਼ਾਦੀ ਦਿਹਾੜਾ ਪੂਰੇ ਦੇਸ਼ ਵਿਚ ਉਤਸ਼ਾਹ ਨਾਲ ਮਨਾਇਆ ਗਿਆ। ਅਮਰੀਕਾ ਦੇ ਵੱਖੋ-ਵੱਖਰੇ ਹਿੱਸਿਆਂ 'ਚ ਸਰਕਾਰੀ, ਗੈਰ ਸਰਕਾਰੀ ਸਮਾਗਮ ਹੋਏ, ਪਰੇਡਾਂ ਕੱਢੀਆਂ ਗਈਆਂ ਅਤੇ ਰੌਸ਼ਨੀਆਂ ਕੀਤੀਆਂ ਗਈਆਂ।

ਓਹਾਇਓ ਦੇ ਸ਼ਹਿਰ ਡੇਟਨ ਵਿਚ ਵਿਸ਼ਾਲ ਪੱਧਰ 'ਤੇ ਆਜ਼ਾਦੀ ਦਿਹਾੜਾ ਮਨਾਇਆ ਗਿਆ, ਜਿਸ ਵਿਚ ਸਾਰੇ ਵਰਗਾਂ, ਧਰਮਾਂ, ਰੰਗ, ਨਸਲ ਦੇ ਲੋਕਾਂ ਨੇ ਹਿੱਸਾ ਲਿਆ ਅਤੇ ਜਸ਼ਨ ਮਨਾਏ। ਸਿੱਖ ਭਾਈਚਾਰੇ ਨੇ ਸਮਾਜ ਸੇਵੀ ਅਵਤਾਰ ਸਿੰਘ ਸਪਰਿੰਗਫੀਲਡ ਦੀ ਅਗਵਾਈ 'ਚ ਡੇਟਨ ਦੇ ਨਾਲ ਲੱਗਦੇ ਸ਼ਹਿਰਾਂ ਫੇਅਰਬੋਰਨ ਅਤੇ ਬੀਵਰਕ੍ਰੀਕ ਦੀ ਪਰੇਡ 'ਚ ਵਧ-ਚੜ੍ਹ ਕੇ ਹਿੱਸਾ ਲਿਆ।

ਇਸ ਪਰੇਡ ਵਿਚ ਪਰਿਵਾਰਾਂ ਸਣੇ ਸ਼ਮੂਲੀਅਤ ਕਰ ਰਹੇ ਭਾਈਚਾਰੇ ਦੇ ਵੱਡੀ ਗਿਣਤੀ ਮੈਂਬਰਾਂ ਨੇ ਅਮਰੀਕੀ ਝੰਡੇ ਅਤੇ ਸਿੱਖਸ ਇਨ ਅਮਰੀਕਾ ਦੇ ਬੈਨਰ ਫੜੇ ਹੋਏ ਸਨ। ਸਿੱਖ ਭਾਈਚਾਰਾ ਪਿਛਲੇ ਅੱਠ ਸਾਲਾਂ ਤੋਂ ਸਿੱਖ ਸੁਸਾਇਟੀ ਆਫ਼ ਡੇਟਨ ਦੇ ਬੈਨਰ ਹੇਠ ਭਾਗ ਲੈ ਰਿਹਾ ਹੈ। ਇਸ ਵੱਡੇ ਮਾਰਚ ਦਾ ਲੋਕ ਹੈਪੀ ਫੌਰਥ ਜੁਲਾਈ, ਹੈਪੀ ਇੰਡੀਪੈਨਡੈਂਸ ਡੇਅ ਕਹਿ ਕੇ ਸਵਾਗਤ ਕਰ ਰਹੇ ਸਨ। ਇਸ ਪਰੇਡ 'ਚ ਸਿੱਖ ਆਪਣੀ ਨਿਵੇਕਲੀ ਪਛਾਣ ਕਾਰਨ ਵਿਸ਼ੇਸ਼ ਖਿੱਚ ਦਾ ਕੇਂਦਰ ਸਨ ਅਤੇ ਲੋਕ ਉਨ੍ਹਾਂ ਨੂੰ ਹੈਪੀ ਫੌਰਥ ਜੁਲਾਈ ਕਹਿ ਰਹੇ ਸਨ।

ਇਸ ਪਰੇਡ 'ਚ ਸਿੱਖ ਸੁਸਾਇਟੀ ਆਫ ਡੇਟਨ ਨੇ ਸ਼ਾਮਲ ਹੋ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਫੇਅਰਬੋਰਨ ਦੀ ਪਰੇਡ 'ਚ ਜਦ ਸਿੱਖਾਂ ਦਾ ਫਲੋਟ ਮੁੱਖ ਸਟੇਜ ਦੇ ਕੋਲੋਂ ਲੰਘਿਆ ਤਾਂ ਪ੍ਰਬੰਧਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਸਿੱਖਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਭਾਈਚਾਰੇ ਵਲੋਂ ਠੰਢੇ ਪਾਣੀ ਦੀਆਂ ਬੋਤਲਾਂ ਨਾਲ ਲੋਕਾਂ ਦੀ ਸੇਵਾ ਕੀਤੀ ਗਈ। ਅਵਤਾਰ ਸਿੰਘ ਨੇ ਦੱਸਿਆ ਕਿ ਪਰੇਡ ਵਿਚ ਮੇਲੇ ਵਰਗਾ ਮਾਹੌਲ ਸੀ ਅਤੇ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਨੇ ਇਨ੍ਹਾਂ ਪਰੇਡਜ਼ 'ਚ ਸ਼ਾਮਲ ਹੋ ਕੇ ਆਜ਼ਾਦੀ ਜਸ਼ਨ ਮਨਾਉਣ ਲਈ ਵਰਣਨਯੋਗ ਹਿੱਸਾ ਪਾਇਆ। ਏਐਂਡਏ ਫੋਟੋਗ੍ਰਾਫੀ ਦੇ ਸੁਨੀਲ ਮੱਲ੍ਹੀ ਨੇ ਇਨ੍ਹਾਂ ਸਮਾਗਮਾਂ ਦੀਆਂ ਯਾਦਾਂ ਨੂੰ ਕੈਮਰਾਬੰਦ ਕੀਤਾ।




























# ਕੈਨਟੱਕੀ ਵਿਚ ਗੋਲੀਬਾਰੀ: 4 ਮੌਤਾਂ, 3 ਗੰਭੀਰ ਜ਼ਖਮੀ

**ਕੈਨਟੱਕੀ:** ਅਮਰੀਕਾ ਦੇ ਕੈਨਟੱਕੀ ਰਾਜ ਦੇ ਇਕ ਘਰ ਵਿਚ ਜਨਮ ਦਿਨ ਪਾਰਟੀ ਦੇ ਜਸ਼ਨ ਮਨਾ ਰਹੇ ਲੋਕਾਂ ਉਪਰ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 4 ਵਿਅਕਤੀਅ ਮਾਰੇ ਗਏ ਤੇ 3 ਹੋਰ ਜ਼ਖਮੀ ਹੋ ਗਏ। ਫਲੋਰੈਂਸ ਪੁਲਿਸ ਵਿਭਾਗ ਦੇ ਮੁਖੀ ਜੈਫ ਮੈਲਰੀ ਨੇ ਕਿਹਾ ਕਿ ਗੋਲੀਬਾਰੀ ਦੀ ਘਟਨਾ ਸਿਨਸਿਨੈਟੀ, ਓਹਾਇ ਦੇ ਦੱਖਣ ਪੱਛਮ ਵਿਚ ਫਲੋਰੈਂਸ ਵਿਚ ਰਿਜ਼ਕਰੈਸਟ ਡਰਾਈਵ 'ਤੇ ਇਕ ਘਰ ਵਿਚ ਤੜਕਸਾਰ 3 ਵਜੇ ਦੇ ਕਰੀਬ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨ੍ਹਾਂ ਨੂੰ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ 7 ਵਿਅਕਤੀ ਮਿਲੇ। ਮ੍ਰਿਤਕਾਂ ਦੀ ਪਛਾਣ ਸ਼ੇਨ ਮਿਲਰ (20), ਹੇਡਨ ਰੀਬਿਕੀ (20), ਡੇਲਾਨੀ ਏਰੀ (19) ਤੇ ਮੇਲੀਸਾ ਪੈਰਟ (44) ਵਜੋਂ ਹੋਈ ਹੈ। ਮੈਲਰੀ ਨੇ ਕਿਹਾ ਹੈ ਕਿ ਘਰ ਦੇ ਮਾਲਕ ਮੇਲੀਸਾ ਪੈਰਟ ਨੇ ਆਪਣੇ ਪੁੱਤਰ ਦੇ 21 ਵੇਂ ਜਨਮ ਦਿਨ 'ਤੇ ਪਾਰਟੀ ਰਖੀ ਸੀ ਜਿਸ ਦੌਰਾਨ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਪੁਲਿਸ ਨੇ ਸ਼ੱਕੀ ਦੋਸ਼ੀ ਦੀ ਪਛਾਣ ਚੇਸ ਗਾਰਵੇ (21) ਵਜੋਂ ਕੀਤੀ ਹੈ ਜਿਸ ਨੂੰ ਪਾਰਟੀ ਲਈ ਸੱਦਿਆ ਨਹੀਂ ਗਿਆ ਸੀ ਪਰ ਉਹ ਪਾਰਟੀ ਵਿਚ ਸ਼ਾਮਿਲ ਲੋਕਾਂ ਨੂੰ ਜਾਣਦਾ ਸੀ। ਪੁਲਿਸ ਅਨੁਸਾਰ ਗਾਰਵੇ ਮੌਕੇ ਤੋਂ ਫਰਾਰ ਹੋ ਗਿਆ ਸੀ ਪਰੰਤੂ ਛੇਤੀ ਹੀ ਉਸ ਨੂੰ ਇਕ ਹਾਦਸਾਗ੍ਰਸਤ ਹੋਏ ਵਾਹਣ ਵਿਚੋਂ ਜ਼ਖਮੀ ਹਾਲਤ ਵਿਚ ਲੱਭ ਲਿਆ ਗਿਆ। ਪੁਲਿਸ ਅਨੁਸਾਰ ਗਾਰਵੇ ਖੁਦ ਵੱਲੋਂ ਚਲਾਈ ਗੋਲੀ ਨਾਲ ਜ਼ਖਮੀ ਹੋਇਆ ਹੈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਪੁਲਿਸ ਮੁਖੀ ਅਨੁਸਾਰ ਸ਼ੂਟਰ ਵੱਲੋਂ ਗੋਲੀ ਚਲਾਉਣ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਇਕੱਲਾ ਗਾਰਵੇ ਹੀ ਇਸ ਘਟਨਾ ਵਿਚ ਸ਼ਾਮਿਲ ਹੈ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ। 3 ਜ਼ਖਮੀਆਂ ਨੂੰ ਸਿਨਸਿਨੈਟੀ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਗੰਭੀਰ ਪਰ ਸਥਿਰ ਹੈ।

# ਉਰਦੂ ਕਹਾਣੀਆਂ ਦੀ ਅਨੁਵਾਦਿਤ ਪੰਜਾਬੀ ਪੁਸਤਕ 'ਜਦੋਂ ਉਹ ਨਗ਼ਮਾ ਛੇੜਦੀ ਹੈ' ਰਿਲੀਜ਼

**ਸਰੀ:** ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵੱਲੋਂ ਬੀਤੇ ਦਿਨੀਂ ਉਰਦੂ ਤੋਂ ਗੁਰਮੁਖੀ ਵਿਚ ਅਨੁਵਾਦ ਕੀਤੀਆਂ ਕਹਾਣੀਆਂ ਦੀ ਪੁਸਤਕ 'ਜਦੋਂ ਉਹ ਨਗ਼ਮਾ ਛੇੜਦੀ ਹੈ' ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਮੁਹੰਮਦ ਸਈਅਦ ਟਰਾਂਬੂ ਦੀਆਂ 27



ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਪੁਸਤਕ ਦੀ ਸੰਪਾਦਨਾ ਪ੍ਰਸਿੱਧ ਲੇਖਕ ਖ਼ਾਲਿਦ ਹੁਸੈਨ ਅਤੇ ਸਤੀਸ਼ ਗੁਲਾਟੀ ਨੇ ਕੀਤੀ ਹੈ। ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਸਤੀਸ਼ ਗੁਲਾਟੀ ਨੇ ਦੱਸਿਆ ਕਿ ਉਰਦੂ ਦੇ ਪ੍ਰਸਿੱਧ ਸਾਹਿਤਕਾਰ ਮੁਹੰਮਦ ਸਈਅਦ ਟਰਾਂਬੂ ਦੀਆਂ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਵਿਦਿਆਰਥੀਆਂ ਨੇ ਕੀਤਾ ਹੈ। ਇਸ ਮੌਕੇ ਹਾਜ਼ਰ ਵੈਨਕੂਵਰ ਵਿਚਾਰ ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਆਰਟਿਸਟ ਜਰਨੈਲ ਸਿੰਘ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਹਰਦਮ ਮਾਨ ਨੇ ਇਸ ਪੁਸਤਕ ਦੀ ਸੰਪਾਦਨਾ ਲਈ ਸਤੀਸ਼ ਗੁਲਾਟੀ ਨੂੰ ਮੁਬਾਰਕਬਾਦ ਦਿੱਤੀ। **– ਹਰਦਮ ਮਾਨ**

# ਜਲਣਸ਼ੀਲ ਪਦਾਰਥ ਲਿਜਾ ਰਹੀ ਮਾਲ ਗੱਡੀ ਪੱਟੜੀ ਤੋਂ ਲੱਥੀ, ਕਈ ਬੋਗੀਆਂ ਨੂੰ ਲੱਗੀ ਅੱਗ

**ਉੱਤਰੀ ਡਕੋਟਾ**: ਇਥੇ ਬੀਤ ਦਿਨੀਂ ਇਕ ਰੇਲ ਹਾਦਸਾ ਵਾਪਰਿਆ ਜਿਸ ਵਿਚ ਖਤਰਨਾਕ ਜਲਣਸ਼ੀਲ ਤਰਲ ਪਦਾਰਥ ਲੈ ਕੇ ਜਾ ਰਹੀ ਇਕ ਮਾਲ ਗੱਡੀ ਪੱਟੜੀ ਤੋਂ ਉੱਤਰ ਗਈ ਤੇ ਉਸ ਦੀਆਂ ਕਈ ਬੋਗੀਆਂ ਨੂੰ ਅੱਗ ਲੱਗ ਗਈ।

ਫੋਸਟਰ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਡਾਇਰੈਕਟਰ ਐਂਡਰੀਊ ਕਿਰਕਿੰਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਲ ਗੱਡੀ ਫਾਰਗੋ ਦੇ ਉੱਤਰ ਪੱਛਮ ਵਿਚ ਤਕਰੀਬਨ 140 ਮੀਲ ਦੂਰ ਇਕ ਛੋਟੇ ਜਿਹੇ ਕਸਬੇ ਬੋਰਡੂਲੇਸ ਵਿਖੇ ਪਟੜੀ ਤੋਂ ਉੱਤਰੀ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਸਵੇਰੇ 3.30 ਵਜੇ ਤੋਂ 4 ਵਜੇ ਦਰਮਿਆਨ ਵਾਪਰੀ ਹੈ। ਉਨ੍ਹਾਂ ਕਿਹਾ ਕਿ 25 ਤੋਂ 30 ਤੱਕ ਬੋਗੀਆਂ (ਟੈਂਕਰ) ਜਿਨ੍ਹਾਂ ਵਿਚ ਖਤਰਨਾਕ ਤਰਲ ਪਦਾਰਥ ਭਰਿਆ ਹੋਇਆ ਸੀ, ਪੱਟੜੀ ਤੋਂ ਉਤਰੀਆਂ ਹਨ ਜਿਨ੍ਹਾਂ ਨੂੰ ਅੱਗ ਲੱਗਣ ਕਾਰਨ ਨਾਲ ਲੱਗਦੇ ਖੇਤਰ ਵਿਚ ਹਵਾ ਦੀ ਗੁਣਵੱਤਾ ਉਪਰ ਅਸਰ ਪੈਣ ਦੀ ਸੰਭਾਵਨਾ ਹੈ ਜਿਸ ਉਪਰ ਨਜ਼ਰ ਰੱਖੀ ਜਾ ਰਹੀ ਹੈ।


SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency Call anytime at 847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available





UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603


# Matrimonials

## ਲੜਕੀ ਦੀ ਲੋੜ ਹੈ

Ahluwalia family seeks a compatible match for their 38 years, 5'8" handsome turbaned son. Boy has done Post graduate & working as an IT engineer in reputed company near New York. His Green card is under process. IT professional preferred. Please Contact us at +1 3158496562, 91 8860131363 (whatsapp) or Email at: richiewalia@gmail.com

28-31

---

Khatri Sikh family residing in USA looking for a compatible Sikh match from USA, Canada or India for their US citizen Turbaned son, 1984 born, 5'10", never married, BS & MS (USA), working as an Engineer in North Carolina. Caste no bar. Serious enquiries only. Please contact us with complete details and picture at WhatsApp +1-630-290-1375 or sanjogmatri27@gmail.com

27-30

---

Ramgarhia Family seeks a suitable match for their USA Born and Raised 30 year 5'6" Gursikh Boy, PhD. Girl should be Gursikh and educated. Caste no bar. If you are interested please call us at 224-422-4773.

25-28

---

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com

25-28

---

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849

24-27

---

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

---

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 32-year-old, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago with her two dogs. Please contact with details at surjitkaur1937@outlook.com or 312-380-2714.

27-30

---

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ।

27-30

---

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

---

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

---

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

# ਖਾਲਸਾ ਰਾਜ ਦਾ ਸੁਪਨਾ ਦੇਖਣਾ ਕੋਈ ਗੁਨਾਹ ਨਹੀਂ: ਅੰਮ੍ਰਿਤਪਾਲ ਸਿੰਘ

**ਅੰਮ੍ਰਿਤਸਰ:** ਡਿਬਰੂਗੜ੍ਹ ਜੇਲ੍ਹ ਵਿਚ ਬੰਦ ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਜੇ ਉਸ ਨੂੰ ਪੰਥ ਜਾਂ ਪਰਿਵਾਰ ’ਚੋਂ ਕਿਸੇ ਇਕ ਨੂੰ ਚੁਣਨਾ ਪਿਆ ਤਾਂ ਉਹ ਪੰਥ ਨੂੰ ਚੁਣੇਗਾ। ਅੰਮ੍ਰਿਤਪਾਲ ਦਾ ਇਹ ਬਿਆਨ ਉਸ ਦੀ ਮਾਂ ਦੇ ਬਿਆਨ ਤੋਂ ਬਾਅਦ ਆਇਆ ਹੈ। ਉਸ ਨੇ ਆਪਣੀ ਮਾਂ ਬਲਵਿੰਦਰ ਕੌਰ ਵੱਲੋਂ ਉਸ ਨੂੰ ‘ਖਾਲਿਸਤਾਨ ਸਮਰਥਕ ਨਹੀਂ’ ਦੱਸਣ ਸਬੰਧੀ ਦਿੱਤੇ ਬਿਆਨ ਦਾ ਸਖ਼ਤ ਵਿਰੋਧ ਕੀਤਾ ਹੈ।



ਉਸ ਨੇ ਕਿਹਾ ਕਿ ਖਾਲਸਾ ਰਾਜ ਦਾ ਸੁਪਨਾ ਦੇਖਣਾ ਕੋਈ ਗੁਨਾਹ ਨਹੀਂ ਹੈ, ਸਗੋਂ ਇਹ ਮਾਣ ਵਾਲੀ ਗੱਲ ਹੈ। ਉਸ ਦਾ ਇਹ ਬਿਆਨ ਡਿਬਰੂਗੜ੍ਹ ਜੇਲ੍ਹ ਤੋਂ ਆਇਆ ਹੈ ਅਤੇ ਇਹ ਬਿਆਨ ਉਸ ਦੇ ਸੋਸ਼ਲ ਮੀਡੀਆ ਖਾਤੇ ’ਤੇ ਵੀ ਅਪਲੋਡ ਕੀਤਾ ਗਿਆ ਹੈ। ਗ਼ੌਰਲਤਬ ਹੈ ਕਿ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ 5 ਜੁਲਾਈ ਨੂੰ ਦਿੱਲੀ ਵਿਚ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਸੀ।

ਇਸ ਦੌਰਾਨ ਉਸ ਦੀ ਮਾਤਾ ਬਲਵਿੰਦਰ ਕੌਰ ਵੱਲੋਂ ਬਿਆਨ ਦਿੱਤਾ ਗਿਆ ਸੀ ਕਿ ਉਸ ਦਾ ਪੁੱਤਰ ਖਾਲਿਸਤਾਨ ਸਮਰਥਕ ਨਹੀਂ ਹੈ ਤੇ ਉਸ ਦੀ ਰਿਹਾਈ ਕੀਤੀ ਜਾਵੇ। ਇਸ ਤੋਂ ਇਕ ਦਿਨ ਬਾਅਦ ਅੰਮ੍ਰਿਤਪਾਲ ਸਿੰਘ ਦਾ ਇਹ ਬਿਆਨ ਜਨਤਕ ਕੀਤਾ ਗਿਆ ਹੈ। ਇਸ ਸਬੰਧੀ ਉਸ ਦੇ ਮਾਤਾ ਅਤੇ ਪਿਤਾ ਦੋਵੇਂ ਇੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਮਿਲੇ ਹਨ। ਇਸ ਤੋਂ ਬਾਅਦ ਉਸ ਦੇ ਪਿਤਾ ਤਰਸੇਮ ਸਿੰਘ ਨੇ ਇਸ ਬਿਆਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਬਿਆਨ ਅੰਮ੍ਰਿਤਪਾਲ ਸਿੰਘ ਦਾ ਹੀ ਹੈ। ਉਸ ਨੇ ਜੇਲ੍ਹ ਤੋਂ ਜਾਰੀ ਕੀਤੇ ਆਪਣੇ ਬਿਆਨ ਵਿਚ ਆਖਿਆ ਕਿ ਉਸ ਨੂੰ ਜਦੋਂ ਆਪਣੀ ਮਾਤਾ ਵੱਲੋਂ ਦਿੱਤੇ ਅਜਿਹੇ ਬਿਆਨ ਦਾ ਪਤਾ ਲੱਗਾ ਤਾਂ ਉਸ ਦਾ ਮਨ ਬਹੁਤ ਦੁਖੀ ਹੋਇਆ ਹੈ। ਉਸ ਨੇ ਆਖਿਆ ਕਿ ਉਸ ਨੂੰ ਯਕੀਨ ਹੈ ਕਿ ਮਾਤਾ ਜੀ ਵੱਲੋਂ ਅਣਜਾਣੇ ਵਿਚ ਅਜਿਹਾ ਬਿਆਨ ਦਿੱਤਾ ਗਿਆ ਹੈ। ਉਸ ਨੇ ਕਿਹਾ ਕਿ ਖਾਲਸਾ ਰਾਜ ਦਾ ਸੁਪਨਾ ਦੇਖਣਾ ਕੋਈ ਗੁਨਾਹ ਨਹੀਂ ਹੈ। ਇਸ ਸਬੰਧੀ ਉਸ ਦੇ ਪਿਤਾ ਤਰਸੇਮ ਸਿੰਘ ਨੇ ਦੱਸਿਆ ਕਿ ਪਰਿਵਾਰ ਨੇ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰ ਕੇ ਅੰਮ੍ਰਿਤਪਾਲ ਦੀ ਰਿਹਾਈ ਲਈ ਹੋਰ ਯਤਨ ਕਰਨ ਵਾਸਤੇ ਅਪੀਲ ਕੀਤੀ ਹੈ।

### ਜਥੇਦਾਰ ਹਰਪ੍ਰੀਤ ਸਿੰਘ ਨੇ ਮਾਪਿਆਂ ਨਾਲ ਮੁਲਾਕਾਤ ਕੀਤੀ

ਅਕਾਲ ਤਖ਼ਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਦੇਸ਼ ਵਿਚ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਉਹ ਇੱਥੇ ਦਰਬਾਰ ਸਾਹਿਬ ਸਮੂਹ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਕਥਾ ਕਰਨ ਆਏ ਸਨ। ਇਸ ਦੌਰਾਨ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਵੱਲੋਂ ਇੱਥੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ। ਅੰਮ੍ਰਿਤਪਾਲ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਦੇਸ਼ ਵਿਚ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਐੱਨ.ਐੱਸ.ਏ. ਇਕ ਸਾਲ ਲਈ ਹੈ ਪਰ ਪੰਜਾਬ ਵਿਚ ਇਸ ਦੀ ਮਿਆਦ ਦੋ ਸਾਲ ਹੈ।

## ਅੰਮ੍ਰਿਤਪਾਲ ਸਿੰਘ ਅਤੇ ਰਾਸ਼ਿਦ ਨੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ

**ਨਵੀਂ ਦਿੱਲੀ:** ਵਾਰਿਸ ਪੰਜਾਬ ਦੇ ਜਥੇਬੰਦੀ ਦਾ ਮੁਖੀ ਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਸੰਸਦ ਭਵਨ ਵਿਚ ਸਹੁੰ ਚੁਕਾਈ ਗਈ। ਇਸ ਤੋਂ ਇਲਾਵਾ ਇੰਜਨੀਅਰ ਰਸ਼ੀਦ ਨੂੰ ਵੀ ਸਹੁੰ ਚੁਕਾਈ ਗਈ ਜਿਸ ਨੂੰ ਤਿਹਾੜ ਜੇਲ੍ਹ ਤੋਂ ਦੋ ਘੰਟੇ ਦੀ ਪੈਰੋਲ ਦਿੱਤੀ ਗਈ ਸੀ। ਇਸ ਦੇ ਨਾਲ ਹੀ ਅੰਮ੍ਰਿਤਪਾਲ ਸਿੰਘ ਨੂੰ ਚਾਰ ਦਿਨਾਂ ਦੀ ਪੈਰੋਲ ਦਿੱਤੀ ਗਈ ਹੈ ਪਰ ਪਰਿਵਾਰ ਨੂੰ ਮਿਲਣ ਤੋਂ ਬਾਅਦ ਰਾਸ਼ਿਦ ਤੇ ਅੰਮ੍ਰਿਤਪਾਲ ਸਿੰਘ ਨੂੰ ਵਾਪਸ ਤਿਹਾੜ ਅਤੇ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਅੰਮ੍ਰਿਤਪਾਲ ਸਿੰਘ ਦੇ ਪਿਤਾ ਸਣੇ ਤਿੰਨ ਜਣਿਆਂ ਨੂੰ ਹੀ ਮਿਲਣ ਦੀ ਮਨਜ਼ੂਰੀ ਦਿੱਤੀ ਗਈ। ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕਣ ਤੋਂ ਬਾਅਦ ਉਸ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਇਹ ਵੀ ਪਤਾ ਲੱਗਿਆ ਹੈ ਕਿ ਅੰਮ੍ਰਿਤਪਾਲ ਦੀ ਪਤਨੀ ਇਸ ਵੇਲੇ ਆਸਾਮ ਵਿਚ ਹੀ ਹੈ। ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁੱਕ ਸਮਾਗਮ ਲਈ ਚਾਰ ਦਿਨ ਦੀ ਪੈਰੋਲ ਦਿੱਤੀ ਗਈ ਸੀ।

# ‘ਆਪ’ ਸਰਕਾਰ ਦੇ ਪਹਿਲੇ ਸਾਲ ਹੀ ਨਿਵੇਸ਼ ’ਚ ਗਿਰਾਵਟ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਵਿਚ ਲਗਾਤਾਰ ਵਿਗੜ ਰਹੀ ਆਰਥਿਕਤਾ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੇ ਅਰਥਚਾਰੇ ਅਤੇ ਉਦਯੋਗਿਕ ਮਾਹੌਲ ਨੂੰ ਤਬਾਹ ਕਰਨਾ ਬੰਦ ਕਰਨ।

ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਦੇ ਪਹਿਲੇ ਸਾਲ ਦੌਰਾਨ ਨਿਵੇਸ਼ ਵਿਚ 85 ਫ਼ੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਉਨ੍ਹਾਂ ਨੇ ਐਮ.ਐਸ.ਐਮ.ਈ. ਐਕਸਪੋਰਟ ਪ੍ਰੋਮੋਸ਼ਨ ਕੌਂਸਲ ਐਂਡ ਕਨਫੈਡਰੇਸ਼ਨ ਆਫ ਆਰਗੈਨਿਕ ਫੂਡ ਪ੍ਰੋਡਿਊਸਰਜ਼ ਐਂਡ ਮਾਰਕੀਟਿੰਗ ਏਜੰਸੀਜ਼ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਬੇ ਵਿਚ ਸਾਲ 2021-22 ਵਿਚ 23,655 ਕਰੋੜ ਰੁਪਏ ਦਾ ਨਿਵੇਸ਼ ਹੋਇਆ ਸੀ, ਜੋ 2022-23 ਵਿਚ ਘਟ ਕੇ 3492 ਕਰੋੜ ਰੁਪਏ ਰਹਿ ਗਿਆ।



ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਅਜਿਹੇ ਮਾੜੇ ਹਾਲਾਤ ਲਈ ਇਕੱਲੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅਸੀਂ ਵਾਰ-ਵਾਰ ਚਿਤਾਵਨੀਆਂ ਦੇ ਰਹੇ ਸੀ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਢਹਿ ਢੇਰੀ ਹੋ ਰਹੀ ਹੈ, ਗੈਂਗਸਟਰਵਾਦ ਅਤੇ ਰੋਜ਼ਾਨਾ ਫਿਰੌਤੀਆਂ ਤੇ ਕਤਲੇਆਮ ਕਾਰਨ ਪੰਜਾਬ ’ਚੋਂ ਸਨਅਤਕਾਰ ਹਿਜਰਤ ਕਰ ਰਹੇ ਹਨ।

ਅਜਿਹੇ ਹਾਲਾਤ ਵਿਚ ਨਿਵੇਸ਼ ਲਿਆਉਣ ਦੀ ਤਾਂ ਗੱਲ ਛੱਡੋ ਪੰਜਾਬ ’ਚੋਂ ਪਿਛਲੇ ਸਾਲ ਪੰਜਾਬੀ ਵਪਾਰੀਆਂ ਦਾ 22,000 ਕਰੋੜ ਰੁਪਏ ਦਾ ਵਪਾਰ ਉੱਤਰ ਪ੍ਰਦੇਸ਼ ਚਲਾ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਦਾਅਵਾ ਕੀਤਾ ਸੀ ਕਿ ਬੀ.ਐਮ.ਡਬਲਿਊ. ਕਾਰ ਕੰਪਨੀ ਪੰਜਾਬ ਵਿਚ ਉਤਪਾਦਨ ਪਲਾਂਟ ਲਗਾਏਗੀ, ਜਦੋਂਕਿ ਕੰਪਨੀ ਨੇ ਇਸ ਦਾਅਵੇ ਦਾ ਖੰਡਨ ਕੀਤਾ ਸੀ। ਇਹ ਬਹੁਤ ਹੀ ਨਿੰਦਣਯੋਗ ਹੈ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਵੇਲੇ ਸਥਾਪਤ ਕੀਤਾ ਗਿਆ ਸਿੰਗਲ ਵਿੰਡੋ ਇਨਵੈਸਟ ਪੰਜਾਬ ਵਿਭਾਗ ਤਕਰੀਬਨ ਠੱਪ ਪਿਆ ਹੈ ਤੇ ਸੂਬੇ ਵਿਚ ਨਿਵੇਸ਼ ਆਕਰਸ਼ਿਤ ਕਰਨ ਵਾਸਤੇ ਸੰਜੀਦਗੀ ਨਾਲ ਕੋਈ ਯਤਨ ਨਹੀਂ ਕੀਤਾ ਗਿਆ।

# ਕੈਨੇਡਾ ਵਿਚ ਪਤਨੀ ਦੀ ਹੱਤਿਆ ਦੇ ਦੋਸ਼ ਹੇਠ ਪੰਜਾਬੀ ਨੂੰ ਉਮਰ ਕੈਦ

**ਵੈਨਕੂਵਰ:** ਪੰਜਾਬੀਆਂ ਦੀ ਵੱਡੀ ਵੱਸੋਂ ਵਾਲੇ ਸ਼ਹਿਰ ਐਬਸਫੋਰਡ ਵਿਚ ਦੋ ਸਾਲ ਪਹਿਲਾਂ ਆਪਣੀ ਪਤਨੀ ਦੀ ਹੱਤਿਆ ਕਰਨ ਵਾਲੇ ਇਕ ਪੰਜਾਬੀ ਵਿਅਕਤੀ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੂੰ 13 ਸਾਲ ਤੱਕ ਪੈਰੋਲ ਵੀ ਨਹੀਂ ਮਿਲ ਸਕੇਗੀ। ਕਤਲ ਦੀ ਇਹ ਮੰਦਭਾਗੀ ਘਟਨਾ ਦੋ ਸਾਲ ਪਹਿਲਾਂ 28 ਜੁਲਾਈ ਨੂੰ ਵਾਪਰੀ ਸੀ। ਪੁਲਿਸ ਜਦੋਂ ਮੌਕੇ ’ਤੇ ਪਹੁੰਚੀ ਤਾਂ ਘਰ ਵਿਚ ਦੋ ਬੱਚਿਆਂ ਦੀ ਮਾਂ ਕਮਲਜੀਤ ਕੌਰ ਸੰਧੂ (45) ਤੜਪ ਰਹੀ ਸੀ। ਉਸ ਦੇ ਸਿਰ ਅਤੇ ਗਰਦਨ ’ਤੇ ਕੁਹਾੜੀ ਦੇ ਕਈ ਡੂੰਘੇ ਜ਼ਖ਼ਮ ਸਨ ਅਤੇ ਉਹ ਲਹੂ-ਲੁਹਾਣ ਹੋਈ ਪਈ ਸੀ। ਉਸ ਦੇ ਪਤੀ ਇੰਦਰਜੀਤ ਸਿੰਘ ਸੰਧੂ (50) ਨੂੰ ਕਿਰਾਏਦਾਰਾਂ ਨੇ ਫੜਿਆ ਹੋਇਆ ਸੀ। ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲਿਆ ਤੇ ਹਮਲੇ ਵਿਚ ਵਰਤੀ ਗਈ ਕੁਹਾੜੀ ਵੀ ਕਬਜ਼ੇ ਵਿਚ ਲੈ ਲਈ। ਬੀਸੀ ਸੁਪਰੀਮ ਕੋਰਟ ਵਿਚ ਮਾਮਲੇ ਦੀ ਸੁਣਵਾਈ ਦੌਰਾਨ ਢਾਈ ਕੁ ਮਹੀਨੇ ਪਹਿਲਾਂ ਦੋਸ਼ੀ ਨੇ ਜਸਟਿਸ ਦੇਵ ਡੇਲ ਮੂਹਰੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਜੱਜ ਨੇ ਇਸ ਸਬੰਧੀ ਫੈਸਲਾ ਸੁਣਾਉਂਦਿਆਂ ਇੰਦਰਜੀਤ ਸਿੰਘ ਸੰਧੂ ਨੂੰ ਦੋਸ਼ੀ ਕਰਾਰ ਦਿੱਤਾ ਤੇ ਉਮਰ ਕੈਦ ਦੀ ਸਜ਼ਾ ਸੁਣਾਈ। ਜੱਜ ਨੇ ਤਿੱਖੀਆਂ ਟਿੱਪਣੀਆਂ ਕਰਦਿਆਂ ਉਸ ਨੂੰ ਬੁੱਚੜ ਤੇ ਬੇਰਹਿਮ ਪਤੀ ਅਤੇ ਹਿੰਸਕ ਵਿਅਕਤੀ ਕਰਾਰ ਦਿੰਦੇ ਹੋਏ ਕਿਹਾ ਕਿ ਉਹ ਕਿਸੇ ਲਿਹਾਜ਼ ਦਾ ਹੱਕਦਾਰ ਨਹੀਂ ਹੈ। ਇਸ ਜੋੜੇ ਦੇ 23 ਤੇ 18 ਸਾਲ ਦੇ ਪੁੱਤਰ ਤੇ ਧੀ ਹਨ, ਜਿਨ੍ਹਾਂ ਨੇ ਮਾਂ ਦੇ ਕਤਲ ਤੋਂ ਬਾਅਦ ਪਿਓ ਨਾਲੋਂ ਨਾਤਾ ਤੋੜ ਲਿਆ। ਕਮਲਜੀਤ ਕੌਰ ਰੌਇਲ ਬੈਂਕ ਆਫ਼ ਕੈਨੇਡਾ ਦੀ ਮੁਲਾਜ਼ਮ ਸੀ।



# ਸੁਖਬੀਰ ਸਿੰਘ ਬਾਦਲ ਪੰਜਾਬ ਤੇ ਪੰਥ ਦੇ ਭਲੇ ਲਈ ਪ੍ਰਧਾਨਗੀ ਛੱਡੇ: ਰਵੀਇੰਦਰ ਸਿੰਘ

**ਮੁਹਾਲੀ:** ‘ਸਿੱਖ ਪੰਥ ਦੀਆਂ ਪ੍ਰਤੀਨਿਧ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦਾ ਬੜਾ ਮਾਣਮੱਤਾ ਇਤਿਹਾਸ ਹੈ ਪਰ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਕਾਰਜਕਾਲ ਦੌਰਾਨ ਸਿੱਖੀ ਸਿਧਾਂਤ, ਗੁਰੂ ਸਾਹਿਬਾਨ ਦਾ ਫ਼ਲਸਫ਼ਾ ਤਿਆਗਣ ਅਤੇ ਮੌਕਾਪ੍ਰਸਤੀ ਦੀ ਸਿਆਸਤ ਕਰਦਿਆਂ ਪਰਿਵਾਰਵਾਦ ਉਭਾਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਕੁਨਬਾ ਪਾਲਣ ਦੌਰਾਨ ਆਪਣੇ ਫ਼ਰਜ਼ੰਦ ਸੁਖਬੀਰ ਬਾਦਲ ਨੂੰ ਸੱਤਾ ਦੀ ਚਾਬੀ ਸੌਂਪੀ ਜਾ ਸਕੇ।’ ਇਹ ਪ੍ਰਗਟਾਵਾ ਅਕਾਲੀ ਦਲ (1920) ਦੇ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਨੇ ਕੀਤਾ।

ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਪੰਜਾਬ ਅਤੇ ਪੰਥ ਦੇ ਭਲੇ ਲਈ ਸੁਖਬੀਰ ਨੂੰ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ। ਅਕਾਲੀ ਦਲ ਵਿਚ ਪੈਦਾ ਹੋਏ ਵਾਦ-ਵਿਵਾਦ ’ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਸਿੱਖੀ ਸਿਧਾਂਤ ਖ਼ਤਮ ਕਰ ਦਿੱਤੇ ਹਨ। ਅਕਾਲੀ ਦਲ ਵਿਧਾਨ ਸਭ ਦੀਆਂ ਤਿੰਨ ਸੀਟਾਂ ਅਤੇ ਲੋਕ ਸਭਾ ਦੀ ਮਹਿਜ਼ ਇਕ ਸੀਟ ਤੱਕ ਸਿਮਟ ਕੇ ਰਹਿ ਗਿਆ ਹੈ। ਅਜਿਹੇ ਸਿਆਸੀ ਹਾਲਾਤ ਵਿਚ ਸੁਖਬੀਰ ਬਾਦਲ ਨੂੰ ਨੈਤਿਕਤਾ ਦੇ ਆਧਾਰ ਉਤੇ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਚਾਹੀਦਾ ਸੀ।

ਉਨ੍ਹਾਂ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿਚ ਵੀ ਸੁਖਬੀਰ ਅਤੇ ਉਸ ਦੇ ਜੋਟੀਦਾਰਾਂ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਹਮਾਇਤ ਦਾ ਐਲਾਨ ਕਰ ਕੇ ਪੰਥ ਨਾਲ ਗ਼ੱਦਾਰੀ ਕੀਤੀ ਹੈ। ਸਾਬਕਾ ਸਪੀਕਰ ਰਵੀਇੰਦਰ ਸਿੰਘ ਨੇ ਇਹ ਦੋਸ਼ ਵੀ ਲਾਇਆ ਕਿ ਬਾਦਲਾਂ ਨੇ ਆਪਣੇ ਰਾਜ ਵਿਚ ਸਭ ਪੰਥਕ ਮਸਲੇ ਵਿਸਾਰ ਦਿੱਤੇ ਅਤੇ ਪੰਜਾਬ ਨਾਲ ਸਬੰਧਤ ਕੌਮੀ ਮਸਲਿਆਂ ਤੋਂ ਮੂੰਹ ਮੋੜ ਲਿਆ।

### ਮਜੀਠੀਆ ਵੱਲੋਂ ਬਾਗੀਆਂ ਨੂੰ ਇਕਜੁੱਟ ਹੋ ਕੇ ਪਾਰਟੀ ਮਜ਼ਬੂਤ ਕਰਨ ਦੀ ਅਪੀਲ

ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਬਾਗੀ ਅਕਾਲੀਆਂ ਨੂੰ ਇਕਮੁੱਠ ਹੋ ਕੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ ਹੈ। ਇੱਥੇ ਸ੍ਰੀ ਮਜੀਠੀਆ ਨੇ ਕਿਹਾ ਕਿ ਪਾਰਟੀ ਦੇ 80-90 ਫ਼ੀਸਦੀ ਤੋਂ ਵਧ ਅਕਾਲੀ ਇਕਜੁੱਟ ਹਨ। ਕੁਝ ਮੁੱਠੀ ਭਰ ਲੋਕ ਹੀ ਵੱਖ ਹਨ, ਜਿਨ੍ਹਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਵਿਰੋਧੀ ਪਾਰਟੀਆਂ ਦੇ ਮਨਸੂਬਿਆਂ ਦਾ ਸ਼ਿਕਾਰ ਨਾ ਹੋਣ, ਜਿਨ੍ਹਾਂ ਦਾ ਮਕਸਦ ਇਸ ਖੇਤਰੀ ਪਾਰਟੀ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਸਾਰਿਆਂ ਨੂੰ ਪਾਰਟੀ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ।

# ਸੁਖਬੀਰ ਨੇ ਬਸਪਾ ਦੀ ਹਮਾਇਤ ਕਰ ਕੇ ਪੰਥ ਨੂੰ ਪਿੱਠ ਦਿਖਾਈ: ਚੰਦੂਮਾਜਰਾ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਆਗੂਆਂ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ ਅਤੇ ਹੋਰਾਂ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦਾ ਚੋਣ ਨਿਸ਼ਾਨ ‘ਤੱਕੜੀ’ ਛੱਡ ਕੇ ਬਸਪਾ ਦੇ ਚੋਣ ਨਿਸ਼ਾਨ ‘ਹਾਥੀ’ ਨੂੰ ਵੋਟਾਂ ਪਾਉਣ ਦੀ ਅਪੀਲ ਕਰਨਾ ਪੰਥ ਨੂੰ ਪਿੱਠ ਦਿਖਾਉਣ ਬਰਾਬਰ ਹੈ।

ਸਿੱਖ ਸੰਗਤ ਵੱਲੋਂ ਇਹ ਫੈਸਲਾ ਪੰਥ ਵਿਰੋਧੀ ਦੱਸਿਆ ਜਾ ਰਿਹਾ ਹੈ। ‘ਤੱਕੜੀ’ ਸਿੱਖ ਪੰਥ ਦਾ ਬਹੁਤ ਸਤਿਕਾਰਤ ਚੋਣ ਨਿਸ਼ਾਨ ਹੈ। ਇਸ ਨਾਲ ਸਿੱਖਾਂ ਦੀ ਪਛਾਣ ਜੁੜੀ ਹੋਈ ਹੈ। ਸੁਖਬੀਰ ਵੱਲੋਂ ਇਸ ਦਾ ਸਤਿਕਾਰ ਘਟਾਉਣਾ ਸਿੱਖ ਪੰਥ ਦਾ ਨਿਰਾਦਰ ਕਰਨਾ ਹੈ।

ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨ ਵਾਲੇ ਜਸਟਿਸ ਰਣਜੀਤ ਸਿੰਘ ਨੇ ਆਪਣੀ ਕਿਤਾਬ ਵਿਚ ਕਈ ਅਹਿਮ ਖੁਲਾਸੇ ਕੀਤੇ ਹਨ। ਜਸਟਿਸ ਰਣਜੀਤ ਸਿੰਘ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦਿਵਾਉਣ ਵਿਚ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਬਾਰੇ ਸਪੱਸ਼ਟ ਲਿਖਿਆ ਹੈ।



ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਕਦੇ ਵੀ ਇਸ ਨੂੰ ਆਪਣੇ ਮਨਾਂ ’ਚੋਂ ਨਹੀਂ ਕੱਢਿਆ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਫ਼ੈਸਲਿਆਂ ਦਾ ਖਮਿਆਜ਼ਾ ਹੀ ਭੁਗਤਣਾ ਪੈ ਰਿਹਾ ਹੈ। ਬੀਬੀ ਜਗੀਰ ਕੌਰ ਅਤੇ ਹੋਰਾਂ ਨੇ ਕਿਹਾ ਕਿ ਸੰਗਤ ਦੀ ਭਾਵਨਾ ਸਮਝਦਿਆਂ ਖੁਦ ਦੀ ਜ਼ਿੰਮੇਵਾਰੀ ਕਬੂਲ ਕੇ ਸਾਰੇ ਬਾਗ਼ੀ ਧੜੇ ਨੇ ਅਕਾਲ ਤਖ਼ਤ ਪਹੁੰਚ ਕੇ ਖਿਮਾ ਯਾਚਨਾ ਲਈ ਅਰਦਾਸ ਕੀਤੀ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਵਰਕਰਾਂ ਅਤੇ ਪੰਥ ਦਰਦੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਵਾਉਣ ਵਾਸਤੇ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਹ ਵੋਟਾਂ 31 ਜੁਲਾਈ ਤੱਕ ਬਣਾਈਆਂ ਜਾ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਵਾਰ ਬਰਤਾਨੀਆ ਦੀਆਂ ਸੰਸਦੀ ਚੋਣਾਂ ਵਿਚ ਪੰਜਾਬੀ ਉਮੀਦਵਾਰਾਂ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ। ਉਨ੍ਹਾਂ ਸੰਸਦੀ ਚੋਣਾਂ ਜਿੱਤੇ ਸਾਰੇ ਪੰਜਾਬੀਆਂ ਨੂੰ ਵਧਾਈ ਦਿੱਤੀ ਅਤੇ ਪੰਥਕ ਮੁੱਦੇ ਉਠਾਉਣ ਦੀ ਅਪੀਲ ਕੀਤੀ।

# ਸ਼੍ਰੋਮਣੀ ਕਮੇਟੀ ਵੱਲੋਂ 1955 ਦੇ ਹਮਲੇ ਦੀ ਯਾਦ ਵਿਚ ਸਮਾਗਮ

**ਅੰਮ੍ਰਿਤਸਰ:** ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਸਮੇਂ ਦੀ ਸਰਕਾਰ ਵੱਲੋਂ 4 ਜੁਲਾਈ 1955 ਨੂੰ ਸ੍ਰੀ ਹਰਿਮੰਦਰ ਸਾਹਿਬ ਉਤੇ ਕੀਤੇ ਗਏ ਹਮਲੇ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ।

ਇਸ ਸਬੰਧੀ ਰੱਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸੰਗਤ ਨੂੰ ਸੰਬੋਧਨ ਕਰਦਿਆਂ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਕਿਹਾ ਕਿ ਸਮੇਂ-ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ 'ਤੇ ਹਮਲੇ ਕਰ ਕੇ ਸਿੱਖ ਕੌਮ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਹਨ। ਪੰਜਾਬੀ ਸੂਬਾ ਮੋਰਚੇ ਦੌਰਾਨ ਵੀ ਸਿੱਖਾਂ ਦੀ ਆਵਾਜ਼ ਨੂੰ ਦਬਾਉਣ ਲਈ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਸੀ, ਜੋ ਸਰਕਾਰ ਦੀ ਧੱਕੇਸ਼ਾਹੀ ਦਾ ਪ੍ਰਤੱਖ ਪ੍ਰਗਟਾਵਾ ਸੀ। ਉਨ੍ਹਾਂ ਕਿਹਾ ਕਿ ਆਪਣੇ ਗੁਰਧਾਮਾਂ ਦੀ ਰਾਖੀ ਲਈ ਸ਼ਹਾਦਤਾਂ ਦੇਣ ਵਾਲੇ ਕੌਮੀ ਯੋਧਿਆਂ ਨੂੰ ਕੌਮ ਹਮੇਸ਼ਾ ਯਾਦ ਰੱਖਦੀ ਹੈ। ਇਸ ਦੌਰਾਨ ਸਜਾਏ ਗਏ ਧਾਰਮਿਕ ਦੀਵਾਨ ਸਮੇਂ ਢਾਡੀ ਜਥਿਆਂ ਨੇ ਵੀ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੁੱਖ ਲੇਖਾਕਾਰ ਮਿਲਖਾ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਜਗਤਾਰ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਮੀਤ ਮੈਨੇਜਰ ਲਾਲ ਸਿੰਘ, ਪ੍ਰਚਾਰਕ ਭਾਈ ਖਜਾਨ ਸਿੰਘ ਅਤੇ ਸੰਗਤਾਂ ਮੌਜੂਦ ਸਨ।

ਚਾਰ ਜੁਲਾਈ 1955 ਦੇ ਸਾਕੇ ਦੀ ਯਾਦ ਵਿਚ ਆਵਾਜ਼-ਏ-ਕੌਮ ਜੱਥੇਬੰਦੀ ਵਲੋਂ ਆਪਣੇ ਤੌਰ ਉਤੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਅਤੇ ਇਸ ਸਬੰਧੀ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ।

ਜੱਥੇਬੰਦੀਆਂ ਦੇ ਆਗੂਆਂ ਮਨਜੀਤ ਸਿੰਘ, ਨੋਬਲਜੀਤ ਸਿੰਘ ਬੁੱਲ੍ਹੋਵਾਲ, ਹਰਜਿੰਦਰ ਸਿੰਘ ਨਿਹੰਗ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 4 ਜੁਲਾਈ 1955 ਦੇ ਸਾਕੇ ਨੂੰ ਹਰ ਸਿੱਖ ਅਤੇ ਪੰਜਾਬੀ ਦੀਆਂ ਯਾਦਾਂ ਵਿਚ ਤਰੋ-ਤਾਜ਼ਾ ਕਰਨ ਲਈ ਇਹ ਉਪਰਾਲਾ ਕੀਤਾ ਗਿਆ ਹੈ। ਇਹ ਸਾਕਾ ਅਕਾਲੀ ਦਲ ਅਤੇ ਐਸ.ਜੀ.ਪੀ.ਸੀ. ਵੱਲੋਂ ਵੱਡੇ ਪੱਧਰ ਉਤੇ ਮਨਾਇਆ ਜਾਣਾ ਚਾਹੀਦਾ ਸੀ ਪਰ ਇਨ੍ਹਾਂ ਪੰਜਾਬ ਅਤੇ ਪੰਥ ਦੇ ਮੁੱਦਿਆਂ 'ਤੇ ਸੰਘਰਸ਼ ਕਰਨਾ ਛੱਡ ਦਿੱਤਾ ਹੈ। ਸਮਾਗਮ ਉਪਰੰਤ ਜੱਥੇਬੰਦੀ ਵੱਲੋਂ ਇਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿਚ ਉਸ ਸਮੇਂ ਹੋਏ ਜਬਰ ਤੇ ਜ਼ੁਲਮ ਦੀਆਂ ਤਸਵੀਰਾਂ ਲਗਾਈਆਂ ਗਈਆਂ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਮੌਤ

**ਮੁਕੇਰੀਆਂ:** ਨੇੜਲੇ ਕਸਬੇ ਐਮਾ ਮਾਂਗਟ ਦੇ ਮਰਚੈਂਟ ਨੇਵੀ ਵਿਚ ਨੌਕਰੀ ਕਰਦੇ ਨੌਜਵਾਨ ਦੀ ਅਮਰੀਕਾ ਦੇ ਫਲੋਰਿਡਾ ਦੇ ਮਿਆਮੀ ਸ਼ਹਿਰ ਵਿਚ ਸਮੁੰਦਰੀ ਜਹਾਜ਼ ਵਿਚ ਭੇਤ-ਭਰੀ ਹਾਲਤ ਵਿਚ ਮੌਤ ਹੋ ਗਈ। ਪਰਿਵਾਰ ਨੂੰ ਮਰਚੈਂਟ ਨੇਵੀ ਦੇ ਅਮਰੀਕਾ ਸਥਿਤ ਦਫ਼ਤਰ ਤੋਂ ਨੇ ਫੋਨ ਰਾਹੀਂ ਇਸ ਦੀ ਸੂਚਨਾ ਦਿੱਤੀ।

ਬਜ਼ੁਰਗ ਪਿਤਾ ਠਾਕੁਰ ਬਲਵਾਨ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਨਰਿੰਦਰ ਪਾਲ ਮਰਚੈਂਟ ਨੇਵੀ ਵਿਚ ਨੌਕਰੀ ਕਰਦਾ ਸੀ ਅਤੇ ਮਾਰਚ ਮਹੀਨੇ ਹੀ ਘਰ ਤੋਂ ਛੁੱਟੀ ਕੱਟ ਕੇ ਵਾਪਸ ਡਿਊਟੀ 'ਤੇ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁੱਤਰ ਦੀ ਮੌਤ ਬਾਰੇ ਉਨ੍ਹਾਂ ਨੂੰ ਅਮਰੀਕਾ ਵਿਚਲੇ ਦਫ਼ਤਰ ਤੋਂ ਆਏ ਫੋਨ ਤੋਂ ਪਤਾ ਲੱਗਿਆ ਹੈ। ਉਨ੍ਹਾਂ ਕਿਹਾ ਕਿ ਉਸ ਦੇ ਪੁੱਤਰ ਦੀ ਮੌਤ ਦੇ ਕਾਰਨਾਂ ਬਾਰੇ ਭੇਤ ਬਣਿਆ ਹੋਇਆ ਹੈ। ਉਨ੍ਹਾਂ ਨੇ ਅਮਰੀਕਾ ਤੋਂ ਆਏ ਫੋਨ 'ਤੇ ਵਾਪਸ ਕਾਲ ਕੀਤੀ ਪਰ ਕਿਸੇ ਨੇ ਫੋਨ ਨਹੀਂ ਚੁੱਕਿਆ। ਨਰਿੰਦਰ ਦਾ ਫੋਨ ਬੰਦ ਆ ਰਿਹਾ ਹੈ। ਪਰਿਵਾਰ ਨੇ ਸਰਕਾਰ ਕੋਲੋਂ ਮ੍ਰਿਤਕ ਨੌਜਵਾਨ ਦੀ ਦੇਹ ਭਾਰਤ ਲਿਆਉਣ ਤੇ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਮੰਗ ਕੀਤੀ ਹੈ।

## ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਮੌਤ

**ਦੇਵੀਗੜ੍ਹ:** ਨੇੜਲੇ ਪਿੰਡ ਬ੍ਰਹਮਪੁਰ ਦੇ ਨੌਜਵਾਨ ਦੀ ਕੈਨੇਡਾ ਦੇ ਸ਼ਹਿਰ ਸਰੀ ਵਿਚ ਇਕ ਸਵੀਮਿੰਗ ਪੂਲ 'ਚ ਨਹਾਉਂਦੇ ਸਮੇਂ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ। ਇਸ ਸਬੰਧੀ ਸਾਬਕਾ ਸਰਪੰਚ ਅੰਗਰੇਜ਼ ਸਿੰਘ ਬ੍ਰਹਮਪੁਰ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਹਰਮਨ ਸਿੰਘ ਸੰਧੂ ਪੁੱਤਰ ਸਤਨਾਮ ਸਿੰਘ ਤਕਰੀਬਨ ਦੋ ਸਾਲ ਪਹਿਲਾਂ ਪੜ੍ਹਾਈ ਕਰਨ ਲਈ ਕੈਨੇਡਾ ਦੇ ਸਰੀ ਗਿਆ ਸੀ, ਜਿਸ ਦੀ ਪਾਣੀ ਵਿਚ ਡੁੱਬਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਹਰਮਨ ਸਿੰਘ ਦੀ ਉਮਰ 21 ਸਾਲ ਸੀ।

# ਵਣ ਵਿਭਾਗ ਵੱਲੋਂ ਮੁਫਤ ਪੌਦੇ ਦੇਣ ਦੀ ਯੋਜਨਾ ਬੰਦ

**ਚੰਡੀਗੜ੍ਹ:** ਪੰਜਾਬ ਦੇ ਵਣ ਵਿਭਾਗ ਨੇ ਲੋਕਾਂ ਨੂੰ ਪੌਦੇ ਮੁਫ਼ਤ ਦੇਣ ਦੀ ਯੋਜਨਾ ਬੰਦ ਕਰ ਕੇ ਸਮਾਜ ਸੇਵੀ ਸੰਸਥਾਵਾਂ ਤੇ ਆਮ ਲੋਕਾਂ ਨੂੰ ਬੂਟੇ ਮੁੱਲ ਵੇਚਣ ਦਾ ਹੁਕਮ ਦਿੱਤਾ ਹੈ। ਵਣ ਰੇਂਜ ਅਧਿਕਾਰੀ ਕੇ.ਕੇ. ਕੱਕੜ ਨੇ ਇਹ ਯੋਜਨਾ ਬੰਦ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਰਕਾਰੀ ਦਫ਼ਤਰਾਂ, ਅਦਾਰਿਆਂ ਤੇ ਪੰਚਾਇਤਾਂ ਲਈ ਮੁਫ਼ਤ ਪੌਦੇ ਦੇਣ ਦੀ ਯੋਜਨਾ ਚਾਲੂ ਹੈ।

ਵਣ ਵਿਭਾਗ ਵੱਲੋਂ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਦੇ ਮਕਸਦ ਨਾਲ ਹਰ ਸਾਲ ਸਮਾਜਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਸਰਕਾਰੀ ਨਰਸਰੀਆਂ ਵਿਚੋਂ ਪੌਦੇ ਮੁਫ਼ਤ ਦਿੱਤੇ ਜਾਂਦੇ ਸਨ। ਜੰਗਲਾਤ ਵਿਭਾਗ ਨੇ ਸੂਬੇ ਦੇ ਵਣ ਮੰਤਰੀ ਦੇ ਹਵਾਲੇ ਨਾਲ ਫ਼ਰਮਾਨ ਜਾਰੀ ਕੀਤਾ ਹੈ। ਇਸ ਪੱਤਰ ਵਿਚ ਬੂਟਿਆਂ ਦੀ ਕੀਮਤ ਮਿਥੀ ਗਈ ਹੈ। ਪੰਜ ਫ਼ੁੱਟ ਉਚਾਈ ਵਾਲੇ ਪੌਦੇ ਦੀ ਕੀਮਤ 50 ਅਤੇ ਬਾਕੀ ਬੂਟਿਆਂ ਦੀ ਕੀਮਤ 35 ਰੁਪਏ ਹੋਵੇਗੀ।



ਪੱਤਰ ਵਿੱਚ ਕਿਹਾ ਗਿਆ ਹੈ ਕਿ ਜੇ ਇਹ ਬੂਟੇ ਲਾਭ ਲੈਣ ਵਾਲੇ ਅਦਾਰੇ ਨੂੰ ਜਾਂ ਪੰਜਾਬ ਰਾਜ ਤੋਂ ਬਾਹਰ ਵੇਚਣੇ ਹੋਣ ਤਾਂ ਇਨ੍ਹਾਂ ਪ੍ਰਵਾਨਿਤ ਰੇਟਾਂ 'ਚ ਜ਼ਮੀਨ ਦਾ ਕਿਰਾਇਆ, ਬਿਜਲੀ ਪਾਣੀ ਖਰਚਾ, ਚੰਗੀ ਕਿਸਮ ਦੇ ਕਲੋਨਲ ਦੀ ਕੀਮਤ ਅਤੇ ਸੁਪਰਵਿਜ਼ਨ ਆਦਿ ਦਾ ਖਰਚਾ ਸ਼ਾਮਲ ਕਰ ਕੇ ਮਿੱਥੇ ਰੇਟ ਤੋਂ ਵੱਧ ਰੇਟ ਉੱਤੇ ਵੇਚਣ ਦੀ ਹਦਾਇਤ ਕੀਤੀ ਗਈ ਹੈ। ਪੌਦਿਆਂ ਵਾਲੀ ਆਮਦਨ ਖਜ਼ਾਨੇ ਵਿੱਚ ਜਮ੍ਹਾਂ ਹੋਵੇਗੀ।

# ਕਿਸਾਨਾਂ ਨੂੰ ਪਸ਼ੂ ਪਾਲਣ ਦਾ ਕਿੱਤਾ ਅਪਣਾਉਣ ਦਾ ਸੱਦਾ

**ਸ੍ਰੀ ਮੁਕਤਸਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਸੂਬੇ ਵਿਚ ਵਿਸ਼ਵ ਜ਼ੂਨੋਸਿਸ ਦਿਵਸ ਮੌਕੇ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਇੱਥੋਂ ਦੇ ਡੀ.ਏ.ਵੀ. ਪਬਲਿਕ ਸਕੂਲ ਵਿਚ ਕਰਵਾਏ ਗਏ ਸਮਾਗਮ ਦੌਰਾਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਸਾਨਾਂ ਨੂੰ ਪਸ਼ੂ ਪਾਲਣ ਦਾ ਕਿੱਤਾ ਅਪਣਾਉਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਇਸ ਸਮਾਗਮ ਨੂੰ ਸੂਬਾ ਪੱਧਰ ਉਤੇ ਮਨਾਉਣ ਦਾ ਮਕਸਦ ਲੋਕਾਂ ਵਿਚ



ਪਸ਼ੂਆਂ ਤੋਂ ਮਨੁੱਖ ਅਤੇ ਮਨੁੱਖ ਤੋਂ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਇਸੇ ਲੜੀ ਤਹਿਤ ਉਨ੍ਹਾਂ ਸਿੱਖਿਆ ਵਿਭਾਗ ਨਾਲ ਤਾਲਮੇਲ ਕਰ ਕੇ ਵਿਦਿਆਰਥੀਆਂ ਤੱਕ ਇਹ ਜਾਣਕਾਰੀ ਪੁੱਜਦੀ ਕਰਨ ਲਈ ਸਕੂਲਾਂ ਵਿਚ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਵਾਉਣ ਦਾ ਪ੍ਰਬੰਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਦਿਹਾੜਾ ਹਰ ਸਾਲ ਵੱਖ-ਵੱਖ ਥਾਵਾਂ 'ਤੇ ਮਨਾਇਆ ਜਾਵੇਗਾ। ਖੁੱਡੀਆਂ ਨੇ ਕਿਹਾ ਕਿ ਪਸ਼ੂ ਪਾਲਣ ਕਿਸਾਨਾਂ ਲਈ ਪ੍ਰਮੁੱਖ ਬਦਲ ਸਾਬਤ ਹੋ ਸਕਦਾ ਹੈ। ਵਿਗਿਆਨਕ ਤਰੀਕੇ ਨਾਲ ਪਸ਼ੂ ਪਾਲਣ ਦਾ ਕਿੱਤਾ ਕਰਨ ਨਾਲ ਇਸ ਰਾਹੀਂ ਹੋਣ ਵਾਲਾ ਮੁਨਾਫਾ ਹੋਰ ਵੀ ਵਧ ਜਾਂਦਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਨੇ ਮੂੰਹਖੁਰ ਅਤੇ ਗਲਘੋਟੂ ਦੇ ਨਾਲ ਨਾਲ ਇਸ ਵਾਰ ਲੰਪੀ ਸਕਿਨ ਦੀ ਵੈਕਸੀਨ ਵੀ ਲਗਾਈ ਹੈ। ਇਸੇ ਤਰ੍ਹਾਂ ਬਜਟ ਪ੍ਰਬੰਧਨ ਰਾਹੀਂ ਕੀਤੀ ਬਚਤ ਸਦਕਾ ਮਲ੍ਹੱਪਾਂ ਦੀ ਦਵਾਈ ਖਰੀਦ ਕੇ ਪਸ਼ੂ ਪਾਲਕਾਂ ਨੂੰ ਵੰਡੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਪਸ਼ੂ ਪਾਲਣ ਦੇ ਕਿੱਤੇ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਲਈ ਸਰਕਾਰ ਹਰ ਸੰਭਵ ਮਦਦ ਕਰਦੀ ਹੈ।

ਮੁਕਤਸਰ ਸਾਹਿਬ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਇਹ ਸਮਾਗਮ ਕਰਵਾਉਣ ਲਈ ਪਸ਼ੂ ਪਾਲਣ ਮੰਤਰੀ ਦਾ ਧੰਨਵਾਦ ਕਰਦਿਆਂ ਨੌਜਵਾਨਾਂ ਨੂੰ ਕਿਰਤ ਨਾਲ ਜੁੜਨ ਅਤੇ ਆਪਣੇ ਕੰਮ ਖੁਦ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮਾਂ ਨਾਲ ਲੋਕਾਂ ਵਿਚ ਪਾਏ ਜਾਂਦੇ ਭਰਮ ਦੂਰ ਹੋਣਗੇ ਅਤੇ ਸੂਬੇ ਵਿਚ ਪਸ਼ੂ ਪਾਲਣ ਦੇ ਕਿੱਤੇ ਨੂੰ ਵੀ ਹੁਲਾਰਾ ਮਿਲੇਗਾ।

# ਨਸ਼ੇ ਦੇ ਟੀਕੇ ਕਾਰਨ 27 ਸਾਲਾ ਨੌਜਵਾਨ ਦੀ ਮੌਤ

**ਗੁਰਦਾਸਪੁਰ:** ਨਜ਼ਦੀਕ ਪੈਂਦੇ ਪਿੰਡ ਬਾਬੋਵਾਲ ਵਿਚ ਨਸ਼ੇ ਦੀ ਓਵਰਡੋਜ਼ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਅਮਿਤ ਮਸੀਹ (27) ਦੇ ਪਰਿਵਾਰਕ ਮੈਂਬਰਾਂ ਨੇ ਉਸ ਦੇ ਦੋਸਤਾਂ ਉੱਪਰ ਨਸ਼ੇ ਦਾ ਟੀਕਾ ਲਗਾਉਣ ਦੇ ਇਲਜ਼ਾਮ ਲਗਾਏ ਹਨ।

ਅਮਿਤ ਦੀ ਮਾਤਾ ਸੁਨੀਤਾ ਅਤੇ ਪਤਨੀ ਸ਼ਿਵਾਲੀ ਨੇ ਦੱਸਿਆ ਕਿ ਅਮਿਤ ਪਹਿਲਾਂ ਨਸ਼ਾ ਕਰਦਾ ਸੀ ਪਰ ਪਿਛਲੇ ਸੱਤ ਮਹੀਨੇ ਨਸ਼ਾਮੁਕਤੀ ਕੇਂਦਰ ਵਿਚ ਦਾਖਲ ਰਹਿਣ ਤੋਂ ਬਾਅਦ ਉਸ ਨੇ ਨਸ਼ਾ ਛੱਡ ਦਿੱਤਾ ਸੀ। ਉਸ ਦੇ ਦੋ ਦੋਸਤ ਉਸ ਨੂੰ ਆਪਣੇ ਨਾਲ ਲੈ ਗਏ, ਜਿਨ੍ਹਾਂ ਨੇ ਕਥਿਤ ਤੌਰ 'ਤੇ ਉਸ ਨੂੰ ਨਸ਼ੇ ਦਾ ਟੀਕਾ ਲਾ ਦਿੱਤਾ ਜਿਸ ਕਰਕੇ ਉਸ ਦੀ ਮੌਤ ਹੋ ਗਈ। ਉਸ ਦੇ ਦੋਸਤ ਉਸ ਨੂੰ ਇਕ ਈ-ਰਿਕਸ਼ਾ ਵਿਚ ਛੱਡ ਕੇ ਭੱਜ ਗਏ ਅਤੇ ਇਸ ਬਾਰੇ ਮੁਹੱਲੇ ਦੇ ਲੋਕਾਂ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ। ਜਦੋਂ ਬੇਹੋਸ਼ੀ ਦੀ ਹਾਲਤ ਵਿਚ ਅਮਿਤ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਕਿਹਾ ਕਿ ਪਿੰਡ ਵਿਚ ਸ਼ਰ੍ਹੇਆਮ ਨਸ਼ਾ ਵਿਕਦਾ ਹੈ ਪਰ ਪੁਲਿਸ ਕੋਈ ਕਾਰਵਾਈ ਨਹੀਂ ਕਰਦੀ।

ਉਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇ ਅਤੇ ਜਿਨ੍ਹਾਂ ਨੇ ਉਸ ਦੇ ਬੇਟੇ ਨੂੰ ਨਸ਼ੇ ਦਾ ਟੀਕਾ ਲਗਾਇਆ ਹੈ, ਉਨ੍ਹਾਂ ਖ਼ਿਲਾਫ਼ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸੇ ਦੌਰਾਨ ਡੀ.ਐਸ.ਪੀ. ਮੋਹਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟ ਮਾਰਟਮ ਲਈ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਜਹਾਜ਼ ਅਗਵਾ ਕਰਨ ਵਾਲੇ ਗਜਿੰਦਰ ਸਿੰਘ ਦੀ ਦੇਹਾਂਤ



**ਅੰਮ੍ਰਿਤਸਰ:** 1981 ਵਿਚ ਲਾਹੌਰ ਜਾ ਰਹੀ ਇੰਡੀਅਨ ਏਅਰਲਾਈਨਜ਼ (ਏ.ਆਈ.) ਦੀ ਉਡਾਣ ਨੂੰ ਅਗਵਾ ਕਰਨ ਵਾਲੇ ਗਜਿੰਦਰ ਸਿੰਘ ਦੀ ਪਾਕਿਸਤਾਨ ਦੇ ਇਕ ਹਸਪਤਾਲ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 74 ਸਾਲ ਦੇ ਸਨ। ਦਲ ਖਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਗਜਿੰਦਰ ਦੀ ਬੇਟੀ ਬਿਕਰਮਜੀਤ ਕੌਰ, ਜੋ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਯੂਕੇ ਵਿਚ ਰਹਿੰਦੀ ਹੈ, ਨੇ ਇਸ ਖਬਰ ਦੀ ਪੁਸ਼ਟੀ ਕੀਤੀ ਹੈ। ਗਜਿੰਦਰ ਦੀ ਪਤਨੀ ਮਨਜੀਤ ਕੌਰ ਦਾ ਜਨਵਰੀ 2019 ਵਿਚ ਜਰਮਨੀ ਵਿੱਚ ਦੇਹਾਂਤ ਹੋ ਗਿਆ ਸੀ। ਜਥੇਬੰਦੀ ਦਲ ਖ਼ਾਲਸਾ ਦੇ ਸਹਿ-ਸੰਸਥਾਪਕ ਗਜਿੰਦਰ ਨੂੰ 2002 ਵਿਚ 20 ਅਤਿ ਲੋੜੀਂਦੇ ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ। ਉਹ ਉਨ੍ਹਾਂ ਪੰਜਾਂ ਵਿਚੋਂ ਇਕ ਸੀ ਜਿਨ੍ਹਾਂ ਨੇ 29 ਸਤੰਬਰ, 1981 ਨੂੰ 111 ਯਾਤਰੀਆਂ ਅਤੇ ਚਾਲਕ ਦਲ ਦੇ ਛੇ ਮੈਂਬਰਾਂ ਦਾ ਜਹਾਜ਼ ਅਗਵਾ ਕੀਤਾ ਸੀ।

# ਅਰਸ਼ਦੀਪ ਸਿੰਘ ਦਾ ਮੁਹਾਲੀ ਹਵਾਈ ਅੱਡੇ 'ਤੇ ਸ਼ਾਨਦਾਰ ਸਵਾਗਤ

**ਮੁਹਾਲੀ:** ਟੀ-20 ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦੇ ਗੇਂਦਬਾਜ਼ ਅਰਸ਼ਦੀਪ ਸਿੰਘ ਦਾ ਮੁਹਾਲੀ ਦੇ ਹਵਾਈ ਅੱਡੇ ਉੱਤੇ ਪਹੁੰਚਣ ਉਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਐਸ.ਐਸ.ਪੀ. ਮੁਹਾਲੀ ਡਾ. ਸੰਦੀਪ ਗਰਗ ਤੋਂ ਇਲਾਵਾ ਜ਼ਿਲ੍ਹਾ ਖੇਡ ਅਫ਼ਸਰ ਹਰਭਿੰਦਰ ਸਿੰਘ ਦੀ ਅਗਵਾਈ ਹੇਠ ਖੇਡ ਪ੍ਰੇਮੀਆਂ ਨੇ ਢੋਲ-ਢਮੱਕਿਆਂ 'ਤੇ ਭੰਗੜਾ ਪਾ ਕੇ ਅਰਸ਼ਦੀਪ ਦਾ ਸਵਾਗਤ ਕੀਤਾ।

ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਰਸ਼ਦੀਪ ਨੂੰ ਗੁਲਦਸਤੇ ਭੇਟ ਕਰਕੇ ਜੀ ਆਇਆਂ ਆਖਿਆ ਗਿਆ। ਇਸ ਤੋਂ ਬਾਅਦ 200 ਤੋਂ ਵੱਧ ਕਾਰਾਂ ਦਾ ਵੱਡਾ ਕਾਫ਼ਲਾ ਅਰਸ਼ਦੀਪ ਸਿੰਘ ਨੂੰ ਖੁੱਲ੍ਹੀ ਕਾਰ ਵਿਚ ਬਿਠਾ ਕੇ ਰਵਾਨਾ ਹੋਇਆ। ਅਰਸ਼ਦੀਪ ਨੇ ਫੇਜ਼ ਗਿਆਰਾਂ ਦੇ ਗੁਰਦੁਆਰਾ ਸਿੰਘ ਸਭਾ ਅਤੇ ਸੋਹਾਣਾ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਮੱਥਾ ਟੇਕਿਆ,



ਜਿੱਥੇ ਪ੍ਰਬੰਧਕਾਂ ਨੇ ਉਸ ਨੂੰ ਸਿਰੋਪੇ ਭੇਟ ਕੀਤੇ। ਇਸ ਮਗਰੋਂ ਉਹ ਕਾਫ਼ਲੇ ਨਾਲ ਖਰੜ ਲਈ ਰਵਾਨਾ ਹੋ ਗਿਆ।

ਅਰਸ਼ਦੀਪ ਸਿੰਘ ਨੇ ਕਿਹਾ ਕਿ ਉਸ ਨੂੰ ਪੰਜਾਬ ਪਹੁੰਚ ਕੇ ਬਹੁਤ ਖੁਸ਼ੀ ਹੋਈ। ਉਨ੍ਹਾਂ ਕਿਹਾ ਕਿ ਪੂਰੀ ਟੀਮ ਨੇ ਬਿਹਤਰ ਪ੍ਰਦਰਸ਼ਨ ਕੀਤਾ ਅਤੇ ਕਰੋੜਾਂ ਦੇਸ਼ ਵਾਸੀਆਂ ਦੀਆਂ ਦੁਆਵਾਂ ਸਦਕਾ ਜਿੱਤ ਮਿਲੀ।

ਇਸ ਮੌਕੇ ਅਰਸ਼ਦੀਪ ਸਿੰਘ ਦੇ ਪਿਤਾ ਦਰਸ਼ਨ ਸਿੰਘ, ਮਾਤਾ ਬਲਜੀਤ ਕੌਰ, ਭੈਣ ਤੋਂ ਇਲਾਵਾ ਪਰਿਵਾਰਕ ਰਿਸ਼ਤੇਦਾਰ ਵੀ ਹਾਜ਼ਰ ਸਨ। ਬਟਾਲਾ ਵਿਚ ਜਨਮਿਆ, ਖਰੜ ਵਿਚ ਪਲਿਆ ਅਰਸ਼ਦੀਪ ਸਿੰਘ ਵਿਸ਼ਵ ਚੈਂਪੀਅਨ ਟੀਮ ਦੀ ਜਿੱਤ ਦਾ ਮੁੱਖ ਆਧਾਰ ਬਣਿਆ। ਅਰਸ਼ਦੀਪ ਦੇ ਕੋਚ ਜਸਵੰਤ ਰਾਏ ਨੇ ਕਿਹਾ ਕਿ ਉਸ ਨੂੰ ਅਰਸ਼ਦੀਪ ਤੋਂ ਬਹੁਤ ਉਮੀਦਾਂ ਸਨ ਤੇ ਉਹ ਉਨ੍ਹਾਂ ਉਤੇ ਖ਼ਰਾ ਉਤਰਿਆ ਹੈ। ਅਰਸ਼ਦੀਪ ਦੀ ਮਾਤਾ ਬਲਜੀਤ ਕੌਰ ਨੇ ਆਖਿਆ ਕਿ ਉਸ ਦੇ ਮੈਚ ਅਤੇ ਖੇਡ ਵੇਖ ਕੇ ਉਸ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਆ ਜਾਂਦੇ ਸਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਿਸਾਨਾਂ ਨੇ 'ਇੰਡੀਆ' ਗੱਠਜੋੜ ਦੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਨੇ ਪੰਜਾਬ ਸਣੇ 12 ਸੂਬਿਆਂ ਵਿਚ 'ਇੰਡੀਆ' ਗੱਠਜੋੜ ਦੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪੰਜਾਬ ਦੇ 13, ਚੰਡੀਗੜ੍ਹ ਦੇ 1, ਹਰਿਆਣਾ ਦੇ 5, ਰਾਜਸਥਾਨ ਦੇ 11, ਉੱਤਰ ਪ੍ਰਦੇਸ਼ ਦੇ 20, ਮੱਧ ਪ੍ਰਦੇਸ਼ ਦੇ 1 (ਰਾਜ ਸਭਾ ਮੈਂਬਰ), ਬਿਹਾਰ ਦੇ 6, ਕਰਨਾਟਕ ਦੇ 12, ਤਿਲੰਗਨਾ ਦੇ 10, ਮਹਾਰਾਸ਼ਟਰ ਦੇ 5, ਕੇਰਲ ਦੇ 19 ਅਤੇ ਤਾਮਿਲਨਾਡੂ ਦੇ 29 ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ ਗਏ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਸੰਸਦ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਗਈ ਹੈ।

ਇਸ ਮੰਗ ਪੱਤਰ ਵਿਚ ਸਾਰੀਆਂ ਫ਼ਸਲਾਂ ਦੀ ਐਮ.ਐਸ.ਪੀ. ਉਤੇ ਖਰੀਦ ਬਾਰੇ ਗਾਰੰਟੀ ਕਾਨੂੰਨ ਬਣਾਉਣ, ਮਜ਼ਦੂਰਾਂ ਲਈ ਮਗਨਰੇਗਾ ਸਕੀਮ ਤਹਿਤ ਹਰ ਸਾਲ 200 ਦਿਨ ਰੁਜ਼ਗਾਰ ਅਤੇ 700 ਰੁਪਏ ਦਿਹਾੜੀ ਕਰਨ, ਕਿਸਾਨ ਅਤੇ ਖੇਤ ਮਜ਼ਦੂਰ ਦਾ ਕਰਜ਼ਾ ਖ਼ਤਮ ਕਰਨ, ਆਦਿਵਾਸੀਆਂ ਦੇ ਹੱਕਾਂ ਦੀ ਰਾਖੀ ਲਈ ਸੰਵਿਧਾਨ ਦੀ 5ਵੀਂ ਸੂਚੀ ਲਾਗੂ ਕਰਨ, ਭਾਰਤ ਨੂੰ ਵਿਸ਼ਵ ਵਪਾਰ ਸੰਸਥਾ 'ਚੋਂ ਬਾਹਰ ਕਰਨ ਸਮੇਤ ਹੋਰ ਮੰਗਾਂ ਸ਼ਾਮਲ ਕੀਤੀਆਂ ਗਈਆਂ ਹਨ। ਉਨ੍ਹਾਂ ਸੰਸਦ ਮੈਂਬਰਾਂ ਨੂੰ 22 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਲੋਕ ਸਭਾ ਸੈਸ਼ਨ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਚੁੱਕਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਅਤਿਆਚਾਰ ਕਰਨ ਵਾਲੇ ਪੁਲਿਸ ਅਫਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਸੰਸਦ ਵਿੱਚ ਚੁੱਕੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੂਜੇ ਕਿਸਾਨ ਅੰਦੋਲਨ ਦੇ ਸ਼ੁਰੂਆਤੀ ਗੇੜ ਵਿਚ ਭਾਜਪਾ ਸਰਕਾਰ ਨੇ 'ਦਿੱਲੀ ਚਲੋ' ਮਾਰਚ ਰੋਕਣ ਲਈ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਗੋਲੀਆਂ ਚਲਾ ਕੇ ਅਤੇ ਜ਼ਹਿਰੀਲੀਆਂ ਗੈਸਾਂ ਦੀ ਵਰਤੋਂ ਕਰ ਕੇ ਕਿਸਾਨਾਂ 'ਤੇ ਤਸ਼ੱਦਦ ਕੀਤਾ ਸੀ ਜਿਸ ਕਾਰਨ 22 ਸਾਲਾ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਜਦਕਿ ਕਈ ਹੋਰ ਜ਼ਖ਼ਮੀ ਹੋ ਗਏ ਸਨ। ਕਿਸਾਨ ਆਗੂਆਂ ਨੇ ਸੰਸਦ ਮੈਂਬਰਾਂ ਤੋਂ ਸੰਸਦ ਵਿਚ ਕਿਸਾਨ ਮੰਗਾਂ ਬਾਰੇ ਇਕ ਪ੍ਰਾਈਵੇਟ ਬਿੱਲ ਲਿਆਉਣ ਦੀ ਵੀ ਮੰਗ ਕੀਤੀ।

## ਸਿਰਸਾ ਸਣੇ ਭਾਜਪਾ ਦੇ ਚਾਰ ਆਗੂਆਂ ਨੂੰ ਜਾਨੋਂ ਮਾਰਨ ਦੀ ਧਮਕੀ

**ਚੰਡੀਗੜ੍ਹ:** ਭਾਜਪਾ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ, ਸ੍ਰੀਨਿਵਾਸ, ਪਰਮਿੰਦਰ ਸਿੰਘ ਬਰਾੜ ਅਤੇ ਤਜਿੰਦਰ ਸਿੰਘ ਸਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਹ ਧਮਕੀ ਚੰਡੀਗੜ੍ਹ ਦੇ ਸੈਕਟਰ 37 ਸਥਿਤ ਪੰਜਾਬ ਭਾਜਪਾ ਦੇ ਦਫ਼ਤਰ ਵਿਚ ਚਿੱਠੀ ਰਾਹੀਂ ਦਿੱਤੀ ਗਈ ਹੈ। ਪੰਜਾਬੀ ਭਾਸ਼ਾ ਵਿਚ ਲਿਖੀ ਗਈ ਚਿੱਠੀ ਵਿਚ ਤਿੰਨਾਂ ਸਿੱਖ ਆਗੂਆਂ 'ਤੇ ਪੰਜਾਬ ਨਾਲ ਧੋਖਾ ਕਰਨ ਦੇ ਦੋਸ਼ ਲਾਏ ਗਏ ਹਨ ਅਤੇ ਸ੍ਰੀਨਿਵਾਸ ਨੂੰ ਪੰਜਾਬ ਛੱਡ ਜਾਣ ਦੀ ਚਿਤਾਵਨੀ ਦਿੱਤੀ ਗਈ ਹੈ। ਭਾਜਪਾ ਤਜਿੰਦਰ ਸਿੰਘ ਸਰਾਂ ਨੇ ਚੰਡੀਗੜ੍ਹ ਪੁਲਿਸ ਨੂੰ ਸ਼ਿਕਾਇਤ ਦੇ ਦਿੱਤੀ ਹੈ।

## ਪਾਣੀ ਦੀ ਵਾਰੀ ਪਿੱਛੇ ਫਾਇਰਿੰਗ, 4 ਮੌਤਾਂ

**ਬਟਾਲਾ:** ਨੇੜਲੇ ਪਿੰਡ ਵਿੱਠਵਾਂ ਦੇ ਦੋ ਧੜਿਆਂ ਵਿਚਾਲੇ ਪਾਣੀ ਦੀ ਖਾਲ ਨੂੰ ਲੈ ਕੇ ਹੋਈ ਗੋਲੀਬਾਰੀ ਸਬੰਧੀ ਪੁਲਿਸ ਨੇ ਚਾਰ ਮ੍ਰਿਤਕਾਂ ਸਣੇ ਕੁੱਲ ਛੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਵਿਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ ਜਦਕਿ ਅੱਠ ਹੋਰ ਜ਼ਖ਼ਮੀ ਹੋ ਗਏ ਸਨ। ਇਸ ਦੌਰਾਨ ਇਕ ਗੋਲੀ ਥਾਣਾ ਸ੍ਰੀ ਹਰਿਗੋਬਿੰਦਪੁਰ ਪੁਲਿਸ ਦੀ ਗੱਡੀ 'ਤੇ ਵੀ ਲੱਗੀ ਸੀ।

ਮ੍ਰਿਤਕਾਂ ਦੀ ਪਛਾਣ ਬਲਜੀਤ ਸਿੰਘ, ਸ਼ਮਸ਼ੇਰ ਸਿੰਘ, ਬਲਰਾਜ ਸਿੰਘ ਅਤੇ ਨਿਰਮਲ ਸਿੰਘ ਵਜੋਂ ਹੋਈ ਹੈ। ਇਸ ਦੌਰਾਨ ਗੰਭੀਰ ਜ਼ਖ਼ਮੀ ਹੋਏ ਅੰਗਰੇਜ਼ ਸਿੰਘ ਕਾਂਗਰਸ ਸਰਕਾਰ ਵੇਲੇ ਸ੍ਰੀ ਹਰਿਗੋਬਿੰਦਪੁਰ ਮਾਰਕੀਟ ਕਮੇਟੀ ਦੇ ਉਪ ਚੇਅਰਮੈਨ ਰਹਿ ਚੁੱਕੇ ਹਨ। ਉਹ 2022 ਵਿਚ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਸਨ। ਬਟਾਲਾ ਦੇ ਐਸ.ਐਸ.ਪੀ. ਅਸ਼ਵਨੀ ਨੇ ਦੱਸਿਆ ਕਿ ਉਨ੍ਹਾਂ ਚਾਰ ਮ੍ਰਿਤਕਾਂ ਸਣੇ ਕੁੱਲ ਛੇ ਜਣਿਆਂ ਖ਼ਿਲਾਫ਼ ਕਤਲ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਇਕ ਗੋਲੀ ਪੁਲਿਸ ਦੀ ਗੱਡੀ 'ਤੇ ਵੀ ਲੱਗੀ ਹੈ। ਘਟਨਾ 'ਚ 12 ਬੋਰ ਦੀ ਰਾਈਫਲ ਸਮੇਤ ਪਿਸਟਲ ਅਤੇ ਰਿਵਾਲਵਰ ਆਦਿ ਦੀ ਵਰਤੋਂ ਹੋਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਥਿਆਰਾਂ ਦੇ ਲਾਇਸੈਂਸ ਰੱਦ ਕੀਤੇ ਜਾ ਰਹੇ ਹਨ। ਪੁਲਿਸ ਨੂੰ ਮੌਕੇ 'ਤੇ 30 ਦੇ ਕਰੀਬ ਰੌਂਦ ਮਿਲੇ ਹਨ। ਜਾਣਕਾਰੀ ਅਨੁਸਾਰ ਅੰਗਰੇਜ਼ ਸਿੰਘ ਅਤੇ ਤਰਸੇਮ ਸਿੰਘ ਦਾ ਪਾਣੀ ਦੀ ਖਾਲ ਤੋਂ ਪਹਿਲਾਂ ਵੀ ਝਗੜਾ ਹੋਇਆ ਸੀ ਪਰ ਉਸ ਵੇਲੇ ਪਿੰਡ ਦੇ ਕੁਝ ਮੋਹਤਬਰਾਂ ਨੇ ਵਿਚ ਪੈ ਕੇ ਸਮਝੌਤਾ ਕਰਵਾ ਦਿੱਤਾ ਸੀ।

## ਡਰੱਗ ਮਾਮਲਾ: ਸਿਟ ਨੇ ਮਜੀਠੀਆ ਨੂੰ ਜਾਰੀ ਨੋਟਿਸ ਵਾਪਸ ਲਿਆ

**ਚੰਡੀਗੜ੍ਹ:** ਨਸ਼ਾ ਤਸਕਰੀ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ ਜਾਂਚ ਟੀਮ (ਸਿਟ) ਨੇ ਬਿਕਰਮ ਸਿੰਘ ਮਜੀਠੀਆ ਨੂੰ ਜਾਰੀ ਸੰਮਨ ਵਾਪਸ ਲਏ ਹਨ, ਜਿਸ ਕਾਰਨ ਸਾਬਕਾ ਮੰਤਰੀ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਖਲ ਪਟੀਸ਼ਨ ਬੇਅਸਰ ਹੋ ਗਈ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜੀ.ਐੱਸ. ਸੰਧਾਵਾਲੀਆ ਅਤੇ ਜਸਟਿਸ ਵਿਕਾਸ ਬਹਿਲ ਦੇ ਡਿਵੀਜ਼ਨ ਬੈਂਚ ਵੱਲੋਂ ਮਾਮਲੇ ਦੀ ਸੁਣਵਾਈ ਦੌਰਾਨ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਦਸਤਾਵੇਜ਼ ਜਾਂ ਕੋਈ ਹੋਰ ਚੀਜ਼ ਪੇਸ਼ ਕਰਨ ਲਈ ਸੰਮਨ ਦੇ ਸਬੰਧ 'ਚ ਅਪਰਾਧਕ ਪ੍ਰਕਿਰਿਆ ਦੀ ਧਾਰਾ 91 ਤਹਿਤ ਆਉਣ ਵਾਲਾ ਨੋਟਿਸ ਵਾਪਸ ਲਿਆ ਗਿਆ ਹੈ।

ਹਲਫਨਾਮੇ ਦਾ ਨੋਟਿਸ ਲੈਂਦਿਆਂ ਬੈਂਚ ਨੇ ਸਪੱਸ਼ਟ ਕੀਤਾ ਕਿ ਪਟੀਸ਼ਨ ਨੂੰ ਰੱਦ ਮੰਨਣ ਤੋਂ ਪਹਿਲਾਂ ਸਰਕਾਰ ਇਸ ਸਬੰਧੀ ਹਲਫ਼ਨਾਮਾ ਦੇਣ ਲਈ ਪਾਬੰਦ ਹੋਵੇਗੀ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਸਿਟ ਵੱਲੋਂ ਨੋਟਿਸ ਭੇਜੇ ਜਾਣ ਮਗਰੋਂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਵਕੀਲਾਂ ਰਾਹੀਂ ਇਸ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਸੀ। ਹਾਲਾਂਕਿ ਹਾਈ ਕੋਰਟ 'ਚ ਪਿਛਲੀ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਸਿਟ ਵੱਲੋਂ 7 ਜੂਨ ਜਾਰੀ ਨੋਟਿਸ ਦੇ ਹਵਾਲੇ ਪੁੱਛ-ਪੜਤਾਲ ਤੇ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣ ਨੂੰ ਲਾਜ਼ਮੀ ਦੱਸਿਆ ਸੀ। ਮਜੀਠੀਆ ਨੇ ਦਲੀਲ ਦਿੱਤੀ ਸੀ ਕਿ ਵਾਰ-ਵਾਰ ਸੰਮਨ ਭੇਜ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਹਾਈ ਕੋਰਟ ਨੇ ਉਨ੍ਹਾਂ ਨੂੰ 8 ਜੁਲਾਈ ਤੱਕ ਸਿਟ ਸਾਹਮਣੇ ਪੇਸ਼ ਹੋਣ ਤੋਂ ਰਾਹਤ ਦਿੱਤੀ ਸੀ।

## ਨਵੇਂ ਕਾਨੂੰਨ: ਘੱਟ ਗਿਣਤੀਆਂ ਫਿਰ ਨਿਸ਼ਾਨੇ 'ਤੇ

*(ਪਹਿਲੇ ਸਫੇ ਦੀ ਬਾਕੀ)*

ਦਾਖ਼ਲ ਸਰਕਾਰ ਦੇ ਹਲਫ਼ਨਾਮੇ ਮੁਤਾਬਕ 'ਰਾਜ ਧ੍ਰੋਹ' ਦੀ ਧਾਰਾ ਨੂੰ ਹਟਾ ਦਿੱਤਾ ਗਿਆ ਹੈ ਪਰ ਨਵੇਂ ਕਾਨੂੰਨਾਂ ਵਿਚ ਧਾਰਾ 152 ਵਿਚ ਇਸ ਦਾ ਦ੍ਰਿਸ਼ਟਾਂਤ ਨਜ਼ਰ ਆਉਂਦਾ ਹੈ ਜਿਸ ਤਹਿਤ ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਵਿਚ ਪਾਉਣ ਵਾਲੀਆਂ ਕਾਰਵਾਈਆਂ ਦੰਡ ਯੋਗ ਕਰਾਰ ਦਿੱਤੀਆਂ ਗਈਆਂ ਹਨ। ਸਰਕਾਰ 'ਰਾਜ ਧ੍ਰੋਹ' ਦੀ ਧਾਰਾ ਨੂੰ ਹਟਾ ਕੇ ਦੇਸ਼ ਧ੍ਰੋਹ ਦੀ ਧਾਰਾ ਨੂੰ ਕਾਨੂੰਨ ਵਿਚ ਜਗ੍ਹਾ ਦੇ ਰਹੀ ਹੈ। ਇਨ੍ਹਾਂ ਕਾਨੂੰਨਾਂ ਤਹਿਤ ਪੁਲਿਸ ਨੂੰ ਵਧੇਰੇ ਅਧਿਕਾਰ ਦਿੱਤੇ ਗਏ ਹਨ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਨੂੰਨਾਂ ਨੂੰ ਬਸਤੀਵਾਦੀ ਨਜ਼ਰੀਏ ਤੋਂ ਮੁਕਤ ਕਰਵਾਉਣ ਦਾ ਦਾਅਵਾ ਸਿਰਫ਼ ਪ੍ਰਚਾਰ ਹੈ। ਬਸਤੀਵਾਦ ਵੀ ਪੁਲਿਸ ਨੂੰ ਵੱਧ ਅਧਿਕਾਰ ਦਿੰਦਾ ਸੀ ਜਿਨ੍ਹਾਂ ਨਾਲ ਪੁਲਿਸ ਲੋਕਾਂ ਦਾ ਦਮਨ ਕਰਦੀ ਸੀ। ਨਵੇਂ ਫ਼ੌਜਦਾਰੀ ਕਾਨੂੰਨਾਂ ਵਿਚ ਪੁਲਿਸ ਨੂੰ ਵੱਧ ਅਧਿਕਾਰ ਦੇਣਾ ਵੀ ਅਜਿਹੀ ਕਾਰਵਾਈ ਹੈ।

## ਐਮ.ਐਸ.ਪੀ 'ਤੇ ਮੂੰਗੀ ਖਰੀਦਣ ਤੋਂ ਹੱਥ ਘੁੱਟਣ ਲੱਗੀ ਸਰਕਾਰ

**ਮਾਨਸਾ:** ਮਾਲਵਾ ਖੇਤਰ ਵਿਚ ਖੇਤੀ ਵਿਭਿੰਨਤਾ ਤਹਿਤ ਝੋਨੇ ਤੋਂ ਪਹਿਲਾਂ ਮੂੰਗੀ ਬੀਜਣ ਵਾਲੇ ਕਿਸਾਨਾਂ ਨੂੰ ਇਸ ਵਾਰ ਭਾਅ ਪੱਖੋਂ ਮਾਰ ਪੈਣ ਲੱਗੀ ਹੈ। ਪੰਜਾਬ ਸਰਕਾਰ ਵੱਲੋਂ ਝੋਨੇ ਦੀ ਥਾਂ ਬਾਸਮਤੀ ਲਾਉਣ ਨੂੰ ਤਰਜੀਹ ਦੇਣ ਲਈ ਕਿਸਾਨਾਂ ਨੂੰ ਵੱਡੀ ਪੱਧਰ 'ਤੇ ਮੂੰਗੀ ਬੀਜਣ ਦਾ ਸੱਦਾ ਦਿੱਤਾ ਗਿਆ ਹੈ।

ਇਸ ਖੇਤਰ ਵਿਚ 2-3 ਸਾਲਾਂ ਤੋਂ ਮੂੰਗੀ ਹੇਠ ਕਿਸਾਨਾਂ ਵੱਲੋਂ ਰਕਬੇ ਨੂੰ ਵੱਡੀ ਪੱਧਰ 'ਤੇ ਵਧਾਇਆ ਗਿਆ ਹੈ। ਪਿਛਲੇ ਸਾਲ ਬਾਸਮਤੀ ਦੇ ਭਾਅ 5 ਹਜ਼ਾਰ ਤੋਂ ਵੱਧ ਰਹਿਣ ਕਾਰਨ ਇਸ ਵਾਰ ਕਿਸਾਨਾਂ ਵੱਲੋਂ ਮੂੰਗੀ ਨੂੰ ਵੱਡੀ ਪੱਧਰ 'ਤੇ ਲਾਇਆ ਗਿਆ ਹੈ, ਪਰ ਹੁਣ ਐਮ.ਐਸ.ਪੀ. ਤੋਂ ਘੱਟ ਭਾਅ ਨੇ ਕਿਸਾਨਾਂ ਦਾ ਕਚੂੰਮਰ ਕੱਢ ਦਿੱਤਾ ਹੈ। ਮਾਲਵੇ ਦੀਆਂ ਮੰਡੀਆਂ ਵਿਚ ਅਜੇ ਤੱਕ ਸਰਕਾਰੀ ਭਾਅ 'ਤੇ ਮੂੰਗੀ ਦੀ ਕੋਈ ਖਰੀਦ ਨਾ ਹੋਣ ਦੀ ਜਾਣਕਾਰੀ ਮਿਲੀ ਹੈ।

ਦਿਲਚਸਪ ਗੱਲ ਹੈ ਕਿ ਕਿਸਾਨਾਂ ਨੂੰ ਉਂਝ ਤਾਂ ਸਾਰੇ ਮਾਲਵੇ ਵਿਚ ਮੂੰਗੀ ਵੇਚਣ ਦੀ ਤਕਲੀਫ਼ ਆ ਰਹੀ ਹੈ, ਪਰ ਜਿਹੜੇ ਮਾਨਸਾ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ 10,700 ਹਜ਼ਾਰ ਏਕੜ ਰਕਬੇ ਵਿਚ ਮੂੰਗੀ ਬੀਜਣ ਦਾ ਸਰਕਾਰੀ ਦਾਅਵਾ ਕੀਤਾ ਗਿਆ ਹੈ, ਉਥੇ ਵੀ ਸਭ ਤੋਂ ਮਾੜਾ ਹਾਲ ਹੈ।

ਕਿਸਾਨਾਂ ਨੇ ਇਹ ਵੀ ਦੱਸਿਆ ਕਿ ਮੂੰਗੀ ਨੂੰ ਪ੍ਰਾਈਵੇਟ ਵਪਾਰੀ ਖਰੀਦ ਰਹੇ ਹਨ, ਜਿਨ੍ਹਾਂ ਵੱਲੋਂ ਸਰਕਾਰੀ ਭਾਅ ਨਹੀਂ ਦਿੱਤਾ ਜਾ ਰਿਹਾ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਵਿਚ ਮੂੰਗੀ ਦੀ ਫ਼ਸਲ ਐਮ.ਐਸ.ਪੀ. ਉਤੇ ਖ਼ਰੀਦਣ 'ਚ ਨਾਕਾਮ ਰਹਿਣ 'ਤੇ 'ਆਪ' ਸਰਕਾਰ ਦੀ ਅਲੋਚਨਾ ਕੀਤੀ ਹੈ।

## ਦਰਬਾਰ ਸਾਹਿਬ ਸਮੂਹ 'ਚ ਫਿਲਮਾਂ ਦੇ ਪ੍ਰਚਾਰ 'ਤੇ ਰੋਕ

*(ਪਹਿਲੇ ਸਫੇ ਦੀ ਬਾਕੀ)*

ਨੋਟਿਸ ਲਿਆ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਸਬੰਧੀ ਫ਼ੈਸਲਾ ਲੈਂਦਿਆਂ ਫਿਲਮਾਂ ਦੇ ਪ੍ਰਚਾਰ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵੀਡੀਓਗ੍ਰਾਫੀ ਕਰਨ 'ਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ। ਇਸ ਰੋਕ ਤਹਿਤ ਆਮ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਕੁਝ ਛੋਟ ਦਿੱਤੀ ਗਈ ਹੈ ਜਿਸ ਤਹਿਤ ਉਹ ਯਾਦਗਾਰ ਵਜੋਂ ਪਰਿਕਰਮਾ ਵਿਚ ਆਪਣੀ ਤਸਵੀਰ ਤੇ ਸੈਲਫੀ ਲੈ ਸਕਦੇ ਹਨ ਪਰ ਚਲਦੇ ਹੋਏ ਵੀਡੀਓਗ੍ਰਾਫੀ ਕਰਨ ਤੋਂ ਗੁਰੇਜ਼ ਕਰਨਾ ਹੋਵੇਗਾ। ਇਸ ਸਬੰਧੀ ਮਰਿਆਦਾ ਦੇ ਪਾਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਪਰਿਕਰਮਾ ਵਿਚ ਵਾਧੂ ਟਾਸਕ ਫੋਰਸ ਲਗਾਉਣ ਅਤੇ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਗਿਆ।

## 'ਆਪ' ਆਗੂ ਪਰਦੀਪ ਛਾਬੜਾ ਦਾ ਦੇਹਾਂਤ

**ਚੰਡੀਗੜ੍ਹ:** ਆਮ ਆਦਮ ਪਾਰਟੀ ਦੇ ਆਗੂ ਅਤੇ ਚੰਡੀਗੜ੍ਹ ਦੇ ਸਾਬਕਾ ਮੇਅਰ ਪਰਦੀਪ ਛਾਬੜਾ ਦਾ ਦੇਹਾਂਤ ਹੋ ਗਿਆ। 65 ਸਾਲ ਦੇ ਛਾਬੜਾ ਪਤਨੀ, ਪੁੱਤਰ ਅਤੇ ਦੋ ਧੀਆਂ ਪਿੱਛੇ ਛੱਡ ਗਏ ਹਨ। 'ਆਪ' ਆਗੂ ਦੇ ਪੁੱਤਰ ਪੁਨੀਤ ਛਾਬੜਾ ਨੇ ਦੱਸਿਆ ਕਿ ਉਸ ਦੇ ਪਿਤਾ ਦਾ ਪੀਲੀਏ ਦਾ ਇਲਾਜ ਚੱਲ ਰਿਹਾ ਸੀ ਅਤੇ ਉਨ੍ਹਾਂ ਸਵੇਰੇ ਸਿਹਤ ਠੀਕ ਨਾ ਹੋਣ ਬਾਰੇ ਕਿਹਾ ਸੀ। ਇਸ ਦੌਰਾਨ ਉਨ੍ਹਾਂ ਨੂੰ ਪੀ.ਜੀ.ਆਈ. ਲੈ ਕੇ ਜਾਣ ਲਈ ਐਂਬੂਲੈਂਸ ਮੰਗਵਾਉਣ ਮੌਕੇ ਉਨ੍ਹਾਂ ਦਾ ਦੇਹਾਂਤ ਹੋ ਗਿਆ।

## ਜਸਟਿਸ ਨਾਗੂ ਨੇ ਚੀਫ ਜਸਟਿਸ ਵਜੋਂ ਸਹੁੰ ਚੁੱਕੀ

**ਚੰਡੀਗੜ੍ਹ:** ਪੰਜਾਬ ਰਾਜ ਭਵਨ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਜਸਟਿਸ ਸ਼ੀਲ ਨਾਗੂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਸਹੁੰ ਚੁਕਾਈ। ਜਸਟਿਸ ਨਾਗੂ ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਵਜੋਂ ਸੇਵਾ ਨਿਭਾਅ ਰਹੇ ਸਨ।

ਇਹ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਹਾਈ ਕੋਰਟ 31 ਜੱਜਾਂ ਦੀ ਘਾਟ ਅਤੇ 436,351 ਤੋਂ ਵੱਧ ਬਕਾਏ ਕੇਸਾਂ ਨਾਲ ਜੂਝ ਰਹੀ ਹੈ। ਹਾਈ ਕੋਰਟ ਵਿਚ ਇਸ ਵੇਲੇ 85 ਜੱਜਾਂ ਦੀ ਮਨਜ਼ੂਰੀ ਹੈ ਪਰ ਇਸ ਵੇਲੇ 54 ਜੱਜ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼ਿਵ ਸੈਨਾ ਆਗੂ 'ਤੇ ਹਮਲੇ ਪਿੱਛੋਂ ਸ਼ਬਦੀ ਜੰਗ ਛਿੜੀ

**ਚੰਡੀਗੜ੍ਹ:** ਲੁਧਿਆਣਾ ਵਿਚ ਸ਼ਿਵ ਸੈਨਾ (ਪੰਜਾਬ) ਦੇ ਆਗੂ ਸੰਦੀਪ ਥਾਪਰ ਉਤੇ ਤਿੰਨ ਨਿਹੰਗਾਂ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਸੂਬੇ ਵਿਚ ਸਿਆਸੀ ਜੰਗ ਛਿੜ ਗਈ ਹੈ ਅਤੇ ਵਿਰੋਧੀ ਪਾਰਟੀਆਂ ਵੱਲੋਂ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਇਸ ਮਾਮਲੇ ਉਤੇ ਮੁੱਖ ਮੰਤਰੀ ਤੋਂ ਅਸਤੀਫਾ ਮੰਗਿਆ ਜਾ ਰਿਹਾ ਹੈ। ਰਵਨੀਤ ਸਿੰਘ ਬਿੱਟੂ, ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਸੂਬਾ ਸਰਕਾਰ ਕਾਨੂੰਨ ਵਿਵਸਥਾ ਦੇ ਮੋਰਚੇ 'ਤੇ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਐਕਸ 'ਤੇ ਪੋਸਟ ਪਾ ਕੇ ਹਮਲੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚੋਂ ਪ੍ਰਸ਼ਾਸਨ ਗਾਇਬ ਹੈ। ਕਾਨੂੰਨ ਵਿਵਸਥਾ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਅਧਿਕਾਰੀ ਆਪਣਾ ਕੰਮ ਕਰਨ ਦੀ ਬਜਾਏ 'ਆਪ' ਆਗੂਆਂ ਨੂੰ ਖੁਸ਼ ਕਰਨ 'ਚ ਲੱਗੇ ਹੋਏ ਹਨ।

ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਵਿਚ ਅਪਰਾਧੀ ਬੇਖੌਫ਼ ਹੋ ਕੇ ਦਿਨ ਦਿਹਾੜੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ, ਜਦੋਂਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਚਲਾਉਣ 'ਚ ਪੂਰੀ ਤਰ੍ਹਾਂ ਫੇਲ੍ਹ ਹਨ। ਉਹ ਹਸਪਤਾਲ ਵਿਚ ਜ਼ੇਰੇ ਇਲਾਜ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਦੀ ਸਿਹਤ ਦਾ ਹਾਲ ਜਾਣਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਦੱਸ ਦਈਏ ਕਿ ਸੰਦੀਪ ਥਾਪਰ ਉਪਰ ਦਿਨ ਦਿਹਾੜੇ ਨਿਹੰਗ ਬਾਣੇ ਵਿਚ ਆਏ ਦੋ ਵਿਅਕਤੀਆਂ ਨੇ ਤਲਵਾਰਾਂ ਨਾਲ ਹਮਲਾ ਕਰ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ।



ਸ੍ਰੀ ਜਾਖੜ ਨੇ ਮੁੱਖ ਮੰਤਰੀ ਨੂੰ ਸੁਚੇਤ ਕਰਦਿਆਂ ਕਿਹਾ ਕਿ ਪੰਜਾਬ ਦੀ ਸਥਿਤੀ ਬੇਕਾਬੂ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਜਾਗ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ਕਿਸੇ ਵੀ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੁੰਦੀ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਯੋਗਤਾ ਤੇ ਸ਼ਾਸਨ ਪ੍ਰਤੀ ਲਾਪ੍ਰਵਾਹੀ ਵਾਲੇ ਰਵੱਈਏ ਕਾਰਨ ਪੰਜਾਬ ਹਿੰਸਾ ਦੇ ਰਾਹ 'ਤੇ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਸੋਚਦੀ ਹੈ ਕਿ ਉਹ ਕਾਨੂੰਨ ਵਿਵਸਥਾ ਨੂੰ ਬਹਾਲ ਕਰਨ ਵਿਚ ਅਸਮਰੱਥ ਹੈ ਤਾਂ ਉਸ ਨੂੰ ਕੇਂਦਰ ਤੋਂ ਸਹਾਇਤਾ ਦੀ ਮੰਗ ਕਰਨੀ ਚਾਹੀਦੀ ਹੈ।

ਪੰਜਾਬ ਵਿਚ ਵਿਗੜ ਰਹੀ ਕਾਨੂੰਨ ਵਿਵਸਥਾ ਨੂੰ ਲੈ ਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਅਸਤੀਫ਼ਾ ਮੰਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁੱਖ ਬੁਲਾਰੇ ਅਰਸ਼ਪ੍ਰੀਤ ਸਿੰਘ ਖਡਿਆਲ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬੇ ਵਿਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਰੋਜ਼ਾਨਾ ਕੋਈ ਨਾ ਕੋਈ ਘਟਨਾ ਵਾਪਰ ਰਹੀ ਹੈ, ਜਿਸ ਨੇ ਸੂਬੇ ਦੇ ਲੋਕਾਂ ਨੂੰ ਚਿੰਤਾ ਵਿਚ ਪਾ ਦਿੱਤਾ। ਉਨ੍ਹਾਂ ਕਿਹਾ ਕਿ ਲੁਧਿਆਣਾ ਵਿਚ ਦਿਨ-ਦਿਹਾੜੇ ਸ਼ਿਵ ਸੈਨਾ ਆਗੂ 'ਤੇ ਹੋਇਆ ਹਮਲਾ ਹੈਰਾਨ ਕਰਨ ਵਾਲਾ ਹੈ, ਜੋ ਪੂਰੇ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਿਆਨ ਕਰਦਾ ਹੈ।

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਦੇ ਮਾਮਲੇ ਨੂੰ ਲੈ ਕੇ ਲੁਧਿਆਣਾ ਪੁੱਜੇ। ਉਨ੍ਹਾਂ ਨੇ ਸਰਕਟ ਹਾਊਸ ਵਿਚ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨਾਲ ਮੁਲਾਕਾਤ ਕਰ ਕੇ ਮਾਮਲੇ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਰਾਜਪਾਲ ਨੇ ਡੀ.ਸੀ. ਅਤੇ ਪੁਲਿਸ ਕਮਿਸ਼ਨਰ ਨੂੰ ਹਦਾਇਤ ਕੀਤੀ ਕਿ ਉਹ ਇਸ ਸਾਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਤੁਰਤ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ।

ਇਸੇ ਦੌਰਾਨ, ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਕੱਟੜਪੰਥੀਆਂ ਖ਼ਿਲਾਫ਼ ਲਗਾਤਾਰ ਦਿੱਤੇ ਜਾਣ ਵਾਲੇ ਬਿਆਨਾਂ ਕਾਰਨ ਚਰਚਾ 'ਚ ਰਹਿਣ ਵਾਲੇ ਸ਼ਿਵ ਸੈਨਾ ਆਗੂ ਗੋਰਾ ਥਾਪਰ ਉਤੇ ਹਮਲੇ ਦਾ ਕਾਰਨ ਵੀ ਉਹੀ ਪੋਸਟ ਅਤੇ ਬਿਆਨ ਬਣੇ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਦਿੱਤੇ ਗਏ ਬਿਆਨਾਂ ਕਾਰਨ ਤਿੰਨੇ ਨਿਹੰਗ ਸਿੰਘ ਗੁੱਸੇ 'ਚ ਆ ਗਏ ਸਨ ਅਤੇ ਲਗਾਤਾਰ ਸੰਦੀਪ ਥਾਪਰ ਗੋਰਾ ਦੀ ਭਾਲ 'ਚ ਸਨ।

## 'ਆਪ' ਆਗੂ ਸਾਹਨੀ ਵੱਲੋਂ ਸ਼ਿਵ ਸੈਨਾ ਆਗੂ ਦੀ ਨਿੰਦਾ

**ਨਵੀਂ ਦਿੱਲੀ:** 'ਆਪ' ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਵੱਲੋਂ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਲੱਡੂ ਵੰਡਣ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਦੀ ਤਬਾਹੀ ਦਾ ਮਜ਼ਾਕ ਨਾ ਉਡਾਇਆ ਜਾਵੇ ਤੇ ਫਿਰਕੂ ਸਦਭਾਵਨਾ ਕਾਇਮ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਬਹੁਤ ਸੰਤਾਪ ਭੋਗਿਆ ਹੈ। ਉਨ੍ਹਾਂ ਐਕਸ 'ਤੇ ਲਿਖਿਆ, "ਅਸੀਂ ਕਿਸੇ ਵੀ ਵਿਅਕਤੀ ਵਿਰੁੱਧ ਹਿੰਸਾ ਦੀ ਸਖ਼ਤ ਨਿੰਦਾ ਕਰਦੇ ਹਾਂ ਪਰ ਸੰਦੀਪ ਥਾਪਰ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਉਣ ਲਈ ਕੁਝ ਸੰਜਮ ਵਰਤਣਾ ਚਾਹੀਦਾ ਸੀ। ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਲੱਡੂ ਵੰਡਣਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ। ਪਿਛਲੇ ਸਾਲ ਵੀ ਉਸ ਨੇ ਪੰਜਾਬ ਦੀ ਤਬਾਹੀ ਦਾ ਮਜ਼ਾਕ ਉਡਾਇਆ ਸੀ, ਜਦੋਂ ਸਾਰਾ ਸੂਬਾ ਹੜ੍ਹਾਂ ਦੀ ਮਾਰ ਹੇਠ ਸੀ।" ਉਨ੍ਹਾਂ ਕਿਹਾ ਕਿ ਨਫ਼ਰਤ ਫੈਲਾਉਣ ਵਾਲੇ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

## ਮਧੂਮੱਖੀਆਂ ਲੜਨ ਕਾਰਨ ਬੱਚੀ ਦੀ ਮੌਤ



**ਹੁਸ਼ਿਆਰਪੁਰ:** ਸਰਕਾਰੀ ਪ੍ਰਾਇਮਰੀ ਸਕੂਲ ਡਾਡਾ ਵਿਚ ਪਹਿਲੀ ਜਮਾਤ ਦੀ ਵਿਦਿਆਰਥਣ ਦੀ ਕਥਿਤ ਤੌਰ 'ਤੇ ਮਧੂ ਮੱਖੀਆਂ ਲੜਨ ਕਾਰਨ ਮੌਤ ਹੋ ਗਈ। ਬੱਚੀ ਦੀ ਪਛਾਣ ਨੇਹਾ (5) ਵਜੋਂ ਹੋਈ ਹੈ। ਨੇਹਾ ਦੇ ਪਰਿਵਾਰਕ ਮੈਂਬਰਾਂ ਨੇ ਸਕੂਲ ਸਟਾਫ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਜਾਣਕਾਰੀ ਅਨੁਸਾਰ ਨੇਹਾ ਜਦੋਂ ਮਿੱਡ-ਡੇਅ ਮੀਲ ਖਾਣ ਤੋਂ ਬਾਅਦ ਭਾਂਡੇ ਰੱਖਣ ਗਈ ਤਾਂ ਉਸ ਦੇ ਮਧੂ ਮੱਖੀਆਂ ਲੜ ਗਈਆਂ। ਉਹ ਇਸੇ ਹਾਲਤ ਵਿਚ ਸਕੂਲ ਬੈਠੀ ਰਹੀ। ਜਦੋਂ ਉਸ ਦੀ ਮਾਤਾ ਉਸ ਨੂੰ ਲੈਣ ਸਕੂਲ ਗਈ ਤਾਂ ਬੱਚੀ ਦੀ ਸਿਹਤ ਖ਼ਰਾਬ ਦੇਖ ਕੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਇਲਾਜ ਕਰਨ ਤੋਂ ਬਾਅਦ ਉਸ ਨੂੰ ਘਰ ਭੇਜ ਦਿੱਤਾ। ਸਵੇਰੇ ਨੇਹਾ ਦੀ ਸਿਹਤ ਮੁੜ ਖਰਾਬ ਹੋ ਗਈ ਜਿਸ ਮਗਰੋਂ ਪਰਿਵਾਰ ਉਸ ਨੂੰ ਮੁੜ ਹਸਪਤਾਲ ਲੈ ਗਿਆ। ਇਲਾਜ ਦੌਰਾਨ ਉਸ ਦੀ ਹਾਲਤ ਹੋਰ ਵਿਗੜ ਗਈ ਅਤੇ ਕੁਝ ਚਿਰ ਬਾਅਦ ਹੀ ਉਸ ਦੀ ਮੌਤ ਹੋ ਗਈ। ਇਸ ਦੌਰਾਨ ਗੁੱਸੇ ਵਿਚ ਆਏ ਬੱਚੀ ਦੇ ਪਰਿਵਾਰਕ ਮੈਂਬਰਾਂ ਨੇ ਸਕੂਲ ਪ੍ਰਬੰਧਕਾਂ ਖਿਲਾਫ਼ ਰੋਸ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਸਕੂਲ ਸਟਾਫ ਵੱਲੋਂ ਉਨ੍ਹਾਂ ਨੂੰ ਇਸ ਦੀ ਤੁਰਤ ਜਾਣਕਾਰੀ ਦੇਣੀ ਚਾਹੀਦੀ ਸੀ। ਉਨ੍ਹਾਂ ਸਬੰਧਤ ਸਟਾਫ਼ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਸੈਂਟਰ ਹੈੱਡ ਟੀਚਰ ਸੁਮਨ ਬਾਲਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਸੂਚਿਤ ਹੀ ਨਹੀਂ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਧਿਕਾਰੀ ਕਮਲਦੀਪ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਮਾਮਲੇ ਦੀ ਜਾਣਕਾਰੀ ਨਹੀਂ ਹੈ। ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਵਾਤੀ ਸ਼ੀਮਾਰ ਨੇ ਦੱਸਿਆ ਕਿ ਜਦੋਂ ਬੱਚੀ ਸਵੇਰੇ ਹਸਪਤਾਲ ਆਈ ਸੀ ਤਾਂ ਉਸ ਦੇ ਸਰੀਰ 'ਚ ਜ਼ਹਿਰ ਫ਼ੈਲ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਡਾਕਟਰਾਂ ਨੇ ਕਾਫ਼ੀ ਕੋਸ਼ਿਸ਼ ਕੀਤੀ ਪਰ ਬੱਚੀ ਦੀ ਜਾਨ ਨਹੀਂ ਬਚਾਈ ਜਾ ਸਕੀ।

## ਨਵਦੀਪ ਨੂੰ ਇਕ ਕੇਸ ਵਿਚ ਜ਼ਮਾਨਤ

**ਅੰਬਾਲਾ:** ਸਾਲ 2020 ਕਿਸਾਨ ਅੰਦੋਲਨ ਦੇ ਵਾਟਰ ਕੈਨਨ ਬੁਆਏ ਨਵਦੀਪ ਜਲਬੇੜਾ (29) ਨੂੰ 15 ਫਰਵਰੀ ਨੂੰ ਥਾਣਾ ਸਦਰ ਅੰਬਾਲਾ ਵਿਚ ਦਰਜ ਕੇਸ ਵਿਚ ਜ਼ਮਾਨਤ ਮਿਲ ਗਈ ਹੈ ਜਦਕਿ ਇਸੇ ਕੇਸ ਵਿਚ ਨਵਦੀਪ ਦੇ ਸਾਥੀ ਗੁਰਕੀਰਤ ਸਿੰਘ ਸ਼ਾਹਪੁਰ (26) ਨੂੰ 10 ਜੂਨ ਨੂੰ ਜ਼ਮਾਨਤ ਮਿਲ ਗਈ ਸੀ। ਉਸ ਸਮੇਂ ਨਵਦੀਪ ਦੀ ਜ਼ਮਾਨਤ ਅਰਜ਼ੀ ਨਾਮਨਜ਼ੂਰ ਹੋ ਗਈ ਸੀ। ਉਂਝ ਥਾਣਾ ਸਦਰ ਵਿਚ ਦਰਜ ਇਕ ਹੋਰ ਕੇਸ ਵਿਚ ਨਵਦੀਪ ਨੂੰ ਅਜੇ ਜੇਲ੍ਹ ਵਿਚ ਰਹਿਣਾ ਪਵੇਗਾ। ਸੀ.ਆਈ.ਏ-1 ਨੇ ਨਵਦੀਪ ਅਤੇ ਗੁਰਕੀਰਤ ਦੋਹਾਂ ਨੂੰ ਸ਼ਹੀਦ ਭਗਤ ਸਿੰਘ ਏਅਰਪੋਰਟ ਮੁਹਾਲੀ ਨੇੜਿਓਂ 28 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ।

ਬਚਾਅ ਪੱਖ ਦੇ ਵਕੀਲ ਰੋਹਿਤ ਜੈਨ ਨੇ ਦੱਸਿਆ ਕਿ 15 ਫਰਵਰੀ ਨੂੰ ਦਰਜ ਐਫ.ਆਈ.ਆਰ. 43 ਦੇ ਮਾਮਲੇ ਵਿਚ ਏਡੀਜੇ ਕੋਰਟ ਵਿਚ ਸੁਣਵਾਈ ਹੋਈ। ਇਸ ਕੇਸ ਵਿਚ ਧਾਰਾ 307 ਦੇ ਨਾਲ ਹੋਰ ਧਾਰਾਵਾਂ ਲਾ ਕੇ ਨਵਦੀਪ ਅਤੇ ਹੋਰ ਕਿਸਾਨ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਮਾਮਲੇ ਵਿਚ ਹੱਤਿਆ ਦੀ ਕੋਸ਼ਿਸ਼ ਦੀ ਧਾਰਾ ਨਹੀਂ ਬਣਦੀ। ਇਸ ਦਾ ਕੋਈ ਮੈਡੀਕਲ ਸਬੂਤ ਨਹੀਂ ਹੈ। ਕਥਿਤ ਘਟਨਾ ਸਥਾਨ 'ਤੇ ਪੁਲਿਸ ਨੇ ਕਈ ਕੈਮਰੇ ਅਤੇ ਡਰੋਨ ਕੈਮਰੇ ਲਾਏ ਹੋਏ ਹਨ ਜਿਨ੍ਹਾਂ ਰਾਹੀਂ ਹਰੇਕ ਸਰਗਰਮੀ ਰਿਕਾਰਡ ਕੀਤੀ ਗਈ ਹੈ। ਦੂਜੇ ਪਾਸੇ ਪੁਲਿਸ ਵੱਲੋਂ ਜ਼ਮਾਨਤ ਦਾ ਵਿਰੋਧ ਕੀਤਾ ਗਿਆ ਅਤੇ ਅਦਾਲਤ ਨੂੰ ਦੱਸਿਆ ਗਿਆ ਕਿ ਨਵਦੀਪ ਸੋਸ਼ਲ ਮੀਡੀਆ ਰਾਹੀਂ ਕਿਸਾਨਾਂ ਨੂੰ ਭੜਕਾਉਣ ਦਾ ਆਦੀ ਹੈ। ਇਸ ਲਈ ਜ਼ਮਾਨਤ ਮਨਜ਼ੂਰ ਨਾ ਕੀਤੀ ਜਾਵੇ।



## ਕਿਸਾਨੀ ਮੰਗਾਂ ਨਾ ਮੰਨ ਕੇ ਭਾਜਪਾ ਨੇ ਆਪਣਾ ਨੁਕਸਾਨ ਕੀਤਾ: ਡੱਲੇਵਾਲ

**ਚਾਉਕੇ:** ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਪਿੰਡ ਬੱਲ੍ਹੋ ਵਿਚ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨੀ ਮੰਗਾਂ ਨਾ ਮੰਨ ਕੇ ਭਾਜਪਾ ਨੇ ਚੋਣਾਂ ਵਿਚ ਆਪਣਾ ਹੀ ਨੁਕਸਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਵੱਲੋਂ ਕਿਸਾਨੀ ਮੰਗਾਂ ਮਨਵਾਉਣ ਲਈ ਦਿੱਲੀ ਜਾਣ ਲਈ ਖਨੌਰੀ ਬਾਰਡਰ 'ਤੇ ਲਾਏ ਗਏ ਮੋਰਚੇ ਦੌਰਾਨ ਪਿੰਡ ਬੱਲ੍ਹੋ ਦੇ ਨੌਜਵਾਨ ਸ਼ੁਭਕਰਨ ਸਿੰਘ ਦੀ ਹੋਈ ਮੌਤ ਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਪੂਰਨ ਬਹੁਮਤ ਹਾਸਲ ਕਰਨ ਤੋਂ ਰੋਕ ਦਿੱਤਾ।

ਉਨ੍ਹਾਂ ਕਿਹਾ ਕਿ ਜੇ ਕੇਂਦਰ ਦੀ ਭਾਜਪਾ ਸਰਕਾਰ ਪਹਿਲੇ ਅੰਦੋਲਨ 'ਚ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕਰ ਲੈਂਦੀ ਤਾਂ ਨਾ ਹੀ ਦੂਜਾ ਅੰਦੋਲਨ ਸ਼ੁਰੂ ਕਰਨ ਦੀ ਜ਼ਰੂਰਤ ਪੈਂਦੀ ਅਤੇ ਨਾ ਹੀ ਸ਼ੁਭਕਰਨ ਦੀ ਮੌਤ ਹੁੰਦੀ। ਉਨ੍ਹਾਂ ਕਿਹਾ ਕਿ ਸ਼ੁਭਕਰਨ ਦੀ ਮੌਤ ਨੂੰ ਪੰਜ ਮਹੀਨੇ ਬੀਤ ਗਏ ਹਨ ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਵੀ ਪਰਿਵਾਰ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਸਰਕਾਰ ਨੇ ਪਰਿਵਾਰ ਨੂੰ ਇਕ ਕਰੋੜ ਰੁਪਏ, ਇਕ ਜੀਅ ਨੂੰ ਸਰਕਾਰੀ ਨੌਕਰੀ ਤੇ ਸ਼ੁਭਕਰਨ ਨੂੰ ਸ਼ਹੀਦ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨ ਸ਼ੁਭਕਰਨ ਦੇ ਪਰਿਵਾਰ ਨੂੰ ਹੱਕ ਦਿਵਾ ਕੇ ਰਹੇਗੀ।



## ਵਿਦੇਸ਼ੀ ਖੋਜੀ ਜਹਾਜ਼ਾਂ ਦੀ ਆਵਾਜਾਈ ਤੋਂ ਅਗਲੇ ਸਾਲ ਪਾਬੰਦੀ ਹਟਾਏਗਾ ਸ੍ਰੀਲੰਕਾ

**ਕੋਲੰਬੋ:** ਸ੍ਰੀਲੰਕਾ ਨੇ ਦੇਸ਼ ਦੀਆਂ ਬੰਦਰਗਾਹਾਂ ਉਤੇ ਆਉਣ ਵਾਲੇ ਵਿਦੇਸ਼ੀ ਖੋਜੀ ਜਹਾਜ਼ਾਂ ਤੋਂ ਅਗਲੇ ਸਾਲ ਤੋਂ ਪਾਬੰਦੀ ਹਟਾਉਣ ਦਾ ਫ਼ੈਸਲਾ ਕੀਤਾ ਹੈ। ਜਾਪਾਨੀ ਮੀਡੀਆ ਰਿਪੋਰਟਾਂ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਚੀਨ ਦੇ ਹਾਈਟੈੱਕ ਖ਼ੁਫੀਆ ਜਹਾਜ਼ ਨੂੰ ਸ੍ਰੀਲੰਕਾਈ ਬੰਦਰਗਾਹ 'ਤੇ ਰੁਕਣ ਦੀ ਇਜ਼ਾਜਤ ਦੇਣ ਕਾਰਨ ਭਾਰਤ ਤੇ ਅਮਰੀਕਾ ਵੱਲੋਂ ਸੁਰੱਖਿਆ ਚਿੰਤਾਵਾਂ ਜਤਾਈਆਂ ਗਈਆਂ ਸਨ ਜਿਸ ਮਗਰੋਂ ਟਾਪੂਨੁਮਾ ਦੇਸ਼ ਨੇ ਵਿਦੇਸ਼ੀ ਖੋਜੀ ਜਹਾਜ਼ਾਂ ਦੀ ਆਮਦ 'ਤੇ ਪਾਬੰਦੀ ਲਗਾ ਦਿੱਤੀ ਸੀ।

ਸ੍ਰੀਲੰਕਾ ਦੇ ਵਿਦੇਸ਼ ਮੰਤਰੀ ਅਲੀ ਸਾਬਰੀ ਨੇ ਵਿਦੇਸ਼ੀ ਖੋਜੀ ਜਹਾਜ਼ਾਂ ਤੋਂ ਪਾਬੰਦੀ ਹਟਾਉਣ ਸਬੰਧੀ ਜਾਣਕਾਰੀ 'ਐਨ.ਐਚ.ਕੇ. ਵਰਲਡ ਜਾਪਾਨ' ਨੂੰ ਦਿੱਤੀ।

ਚੀਨੀ ਖੋਜੀ ਬੇੜਿਆਂ ਦੀ ਹਿੰਦ ਮਹਾਸਾਗਰ ਵਿਚ ਵਧਦੀ ਆਵਾਜਾਈ ਦੇ ਮੱਦੇਨਜ਼ਰ ਨਵੀਂ ਦਿੱਲੀ ਨੇ ਇਨ੍ਹਾਂ 'ਤੇ ਜਾਸੂਸੀ ਜਹਾਜ਼ ਹੋਣ ਦਾ ਸ਼ੱਕ ਪ੍ਰਗਟਾਇਆ ਸੀ ਅਤੇ ਕੋਲੰਬੋ ਨੂੰ ਅਪੀਲ ਕੀਤੀ ਸੀ ਕਿ ਉਹ ਅਜਿਹੇ ਜਹਾਜ਼ਾਂ ਨੂੰ ਆਪਣੀ ਬੰਦਰਗਾਹ 'ਤੇ ਰੁਕਣ ਦੀ ਇਜਾਜ਼ਤ ਨਾ ਦੇਵੇ। ਭਾਰਤ ਵੱਲੋਂ ਸੁਰੱਖਿਆ ਚਿੰਤਾਵਾਂ ਪ੍ਰਗਟਾਏ ਜਾਣ ਮਗਰੋਂ ਸ੍ਰੀਲੰਕਾ ਨੇ ਜਹਾਜ਼ਾਂ ਦੇ ਦਾਖ਼ਲੇ ਉਤੇ ਪਾਬੰਦੀ ਲਗਾ ਦਿੱਤੀ ਸੀ।

## ਭਗਵੰਤ ਦੇ ਪਰਿਵਾਰ 'ਤੇ ਲੱਗੇ ਦੋਸ਼ਾਂ ਦੀ ਅਦਾਲਤੀ ਨਿਗਰਾਨੀ ਹੇਠ ਜਾਂਚ ਹੋਵੇ: ਜਾਖੜ

### ਭਾਜਪਾ ਦੇ ਸੂਬਾਈ ਪ੍ਰਧਾਨ ਵੱਲੋਂ ਭਗਵੰਤ ਮਾਨ ਅਤੇ ਕਾਂਗਰਸ ਦੀ ਆਲੋਚਨਾ; ਸ਼ੀਤਲ ਅੰਗੁਰਾਲ ਦੀ ਸ਼ਲਾਘਾ

**ਜਲੰਧਰ:** ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ 'ਤੇ ਭ੍ਰਿਸ਼ਟਾਚਾਰ ਦੇ ਲੱਗੇ ਗੰਭੀਰ ਦੋਸ਼ਾਂ ਬਾਰੇ ਅਦਾਲਤ ਦੀ ਨਿਗਰਾਨੀ ਹੇਠ ਸਮਾਂਬੱਧ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਦੋਸ਼ ਲੱਗੇ ਹਨ, ਉਸ ਦੀ ਸਚਾਈ ਪੰਜਾਬ ਦੇ ਲੋਕਾਂ ਨੂੰ ਪਤਾ ਲੱਗਣੀ ਚਾਹੀਦੀ ਹੈ।

ਪੰਜਾਬ ਪ੍ਰੈੱਸ ਕਲੱਬ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਜਾਖੜ ਨੇ ਕਿਹਾ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਨੇ ਉਹ ਕੰਮ ਕੀਤਾ ਹੈ ਜੋ ਕਾਂਗਰਸ ਦੇ ਸਾਰੇ ਵਿਧਾਇਕ ਰਲ ਕੇ ਵੀ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਕਾਂਗਰਸੀ ਵਿਧਾਇਕ ਆਪਣੇ ਭ੍ਰਿਸ਼ਟਾਚਾਰ ਨਾਲ ਜੁੜੇ ਹੋਣ ਕਾਰਨ ਇਨ੍ਹਾਂ ਗੱਲਾਂ ਨੂੰ ਖੁੱਲ੍ਹ ਕੇ ਨਹੀਂ ਦੱਸ ਸਕੇ ਜਦਕਿ ਜਾਣਦੇ ਸਾਰੇ ਹੀ ਸਨ।

ਜਾਖੜ ਨੇ ਮੁੱਖ ਮੰਤਰੀ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਹਵਾਲਾ ਦਿੰਦਿਆਂ ਟਵੀਟ ਕੀਤਾ ਸੀ: 'ਜਿਵੇਂ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਉਤੇ ਗੰਭੀਰ ਦੋਸ਼ ਲੱਗੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਨਤਕ ਜੀਵਨ ਵਾਲੇ ਆਗੂਆਂ ਦੀਆਂ ਪਤਨੀਆਂ 'ਤੇ ਅਜਿਹੇ ਦੋਸ਼ ਨਹੀਂ ਲੱਗਣੇ ਚਾਹੀਦੇ।'

ਸ੍ਰੀ ਜਾਖੜ ਨੇ ਕਿਹਾ ਕਿ 'ਆਪ' ਦਾ ਭ੍ਰਿਸ਼ਟਾਚਾਰ ਉਪਰੋਂ ਸ਼ੁਰੂ ਹੁੰਦਾ ਹੈ ਅਤੇ ਇਸੇ ਕਰਕੇ ਅੱਜ ਉਨ੍ਹਾਂ ਦੀ ਜ਼ਿਆਦਾਤਰ ਲੀਡਰਸ਼ਿਪ ਸਲਾਖਾਂ ਪਿੱਛੇ ਹੈ। ਜਾਖੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਇਸ ਦਾ ਨੋਟਿਸ ਖੁਦ ਮੁੱਖ ਮੰਤਰੀ ਨੂੰ ਲੈਣਾ ਬਣਦਾ ਸੀ ਕਿਉਂਕਿ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਇੱਜ਼ਤ ਦਾਅ 'ਤੇ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੂਸੇਵਾਲਾ ਲਈ ਇਨਸਾਫ਼ ਦਾ ਮੁੱਦਾ ਲੋਕ ਸਭਾ ਵਿਚ ਚੁੱਕ ਕੇ ਸਿਰਫ਼ ਇਕ ਰਸਮੀ ਕਾਰਵਾਈ ਕੀਤੀ ਹੈ। ਵੜਿੰਗ ਨੂੰ ਚਾਹੀਦਾ ਹੈ ਕਿ ਉਹ ਆਪਣੇ ਗੱਠਜੋੜ ਵਿਚ ਸ਼ਾਮਲ 'ਆਪ' ਪਾਰਟੀ ਦੀ ਸਰਕਾਰ ਤੋਂ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣਾ ਯਕੀਨੀ ਬਣਾਉਣ।



# ਅਦਾਕਾਰ ਅਕਸ਼ੈ ਕੁਮਾਰ ਨੇ ਗੁਰਮੀਤ ਬਾਵਾ ਦੇ ਪਰਿਵਾਰ ਨੂੰ 25 ਲੱਖ ਭੇਜੇ

**ਅੰਮ੍ਰਿਤਸਰ:** ਪਦਮ ਭੂਸ਼ਣ ਪ੍ਰਾਪਤ ਪੰਜਾਬੀ ਲੋਕ ਗਾਇਕਾ ਮਰਹੂਮ ਗੁਰਮੀਤ ਬਾਵਾ ਦੇ ਪਰਿਵਾਰ ਦੀ ਵਿੱਤੀ ਮਦਦ ਵਾਸਤੇ ਬੌਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਅੱਗੇ ਆਏ ਹਨ। ਉਨ੍ਹਾਂ ਨੇ ਮਰਹੂਮ ਗਾਇਕਾ ਦੀ ਧੀ ਗਲੋਰੀ ਬਾਵਾ ਨੂੰ ਸਦਭਾਵਨਾ ਦੇ ਤੌਰ ਉਤੇ 25 ਲੱਖ ਰੁਪਏ ਮਾਇਕ ਮਦਦ ਵਜੋਂ ਭੇਜੇ ਹਨ ਅਤੇ ਉਸ ਨੂੰ ਆਪਣੀ ਛੋਟੀ ਭੈਣ ਆਖਿਆ ਹੈ।

ਦੱਸਣਯੋਗ ਹੈ ਕਿ ਇਸ ਪਰਿਵਾਰ ਦੇ ਵਿੱਤੀ ਸੰਕਟ ਵਿਚ ਫਸੇ ਹੋਣ ਦਾ ਮਾਮਲਾ ਕੁਝ ਦਿਨ ਪਹਿਲਾਂ ਉਸ ਵੇਲੇ ਸਾਹਮਣੇ ਆਇਆ ਸੀ, ਜਦੋਂ ਗਲੋਰੀ ਬਾਵਾ ਨੇ ਇਕ ਵੀਡੀਓ ਰਾਹੀਂ ਆਪਣਾ ਘਰ ਵੇਚਣ ਦੀ ਪੇਸ਼ਕਸ਼ ਕੀਤੀ। ਗਾਇਕਾ ਗੁਰਮੀਤ ਬਾਵਾ, ਉਨ੍ਹਾਂ ਦੇ ਪਤੀ ਕਿਰਪਾਲ ਸਿੰਘ ਬਾਵਾ ਅਤੇ ਬੇਟੀ ਲਾਚੀ ਬਾਵਾ ਤਿੰਨਾਂ ਦੀ ਮੌਤ ਹੋ ਚੁੱਕੀ ਹੈ। ਪਰਿਵਾਰ ਵਿਚ ਪਿੱਛੇ ਉਸ ਦੀ ਧੀ ਗਲੋਰੀ ਬਾਵਾ ਪਰਿਵਾਰ ਨੂੰ ਚਲਾ ਰਹੀ ਹੈ।

ਪਰਿਵਾਰ ਦੀ ਰੋਜ਼ੀ ਰੋਟੀ ਦਾ ਸਾਧਨ ਬਣੀਆਂ ਪੰਜ ਦੁਕਾਨਾਂ ਉਤੇ ਵੀ ਨਾਜਾਇਜ਼ ਕਬਜ਼ੇ ਹਨ ਅਤੇ ਲੋਕ ਗੀਤਾਂ ਦਾ ਰੁਝਾਨ ਘਟ ਜਾਣ ਕਾਰਨ ਤੇ ਕੋਈ ਕੰਮ ਨਾ ਮਿਲਣ ਕਾਰਨ ਪਰਿਵਾਰ ਦੀ ਆਮਦਨ ਨਾਂਮਾਤਰ ਹੈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਵਰਗੀ ਗੁਰਮੀਤ ਬਾਵਾ ਦੇ ਘਰ ਗਏ ਅਤੇ ਉਨ੍ਹਾਂ ਦੀ ਧੀ ਗਲੋਰੀ ਬਾਵਾ ਨੂੰ ਮਿਲੇ। ਉਨ੍ਹਾਂ ਨੇ ਆਪਣੀ ਤਨਖਾਹ ਵਿਚੋਂ ਇਕ ਲੱਖ ਰੁਪਏ ਦੀ ਮਾਇਕ ਮਦਦ ਪਰਿਵਾਰ ਨੂੰ ਪਾਲਣ ਪੋਸ਼ਣ ਲਈ ਦਿੱਤੀ।



ਇਸ ਮੌਕੇ ਉਨ੍ਹਾਂ ਰੈੱਡ ਕਰਾਸ ਅੰਮ੍ਰਿਤਸਰ ਵੱਲੋਂ ਵੀ ਇਕ ਲੱਖ ਰੁਪਏ ਦਾ ਚੈੱਕ ਪਰਿਵਾਰ ਨੂੰ ਸੌਂਪਿਆ ਗਿਆ। ਉਨ੍ਹਾਂ ਦੇ ਨਾਲ ਡੀਸੀ ਘਣਸ਼ਾਮ ਥੋਰੀ ਅਤੇ ਹੋਰ ਅਧਿਕਾਰੀ ਵੀ ਸਨ। ਜ਼ਿਕਰਯੋਗ ਹੈ ਕਿ ਲੋਕ ਗਾਇਕਾ ਗੁਰਮੀਤ ਬਾਵਾ ਦੀ ਮੌਤ 2021 ਵਿਚ ਹੋ ਗਈ ਸੀ ਅਤੇ ਸਾਲ ਬਾਅਦ ਕੇਂਦਰ ਸਰਕਾਰ ਨੇ ਉਸ ਨੂੰ 'ਪਦਮ ਭੂਸ਼ਣ' ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਲੰਮੀ ਹੇਕ ਦੀ ਮਲਿਕਾ ਵਜੋਂ ਮਸ਼ਹੂਰ ਤੇ ਹੋਰ ਕਈ ਐਵਾਰਡਾਂ ਨਾਲ ਸਨਮਾਨਿਤ ਲੋਕ ਗਾਇਕਾ ਨੂੰ ਪੰਜਾਬ ਸਰਕਾਰ ਵੱਲੋਂ ਵੀ ਸਨਮਾਨਿਆ ਜਾ ਚੁੱਕਿਆ ਹੈ। ਸਾਲ ਪਹਿਲਾਂ ਉਨ੍ਹਾਂ ਦੇ ਪਤੀ ਕਿਰਪਾਲ ਬਾਵਾ ਦੀ ਵੀ ਮੌਤ ਹੋ ਗਈ ਸੀ। ਪਰਿਵਾਰ ਵਿਚ ਹੁਣ ਉਨ੍ਹਾਂ ਦੀਆਂ ਦੋ ਧੀਆਂ ਹਨ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਗਲੋਰੀ ਬਾਵਾ ਨੇ ਸੋਸ਼ਲ ਮੀਡੀਆ ਉੱਤੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਸੀ। ਮਗਰੋਂ ਉਹ ਪੀੜਤ ਪਰਿਵਾਰ ਨੂੰ ਮਿਲਣ ਲਈ ਆਏ ਹਨ। ਇੱਥੇ ਆ ਕੇ ਇਹ ਸੁਣ ਕੇ ਮਨ ਹੋਰ ਵੀ ਬਹੁਤ ਦੁਖੀ ਹੋਇਆ ਕਿ ਪਰਿਵਾਰ ਦੀਆਂ ਪੰਜ ਦੁਕਾਨਾਂ ਜੋ ਇਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਹਨ, ਉਤੇ ਵੀ ਕੁਝ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਗਲੋਰੀ ਬਾਵਾ ਆਪਣੀ ਭੈਣ ਡੌਲੀ ਦੀ ਮੌਤ ਮਗਰੋਂ ਦੋ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੀ ਹੈ।

ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਇਮਾਨਦਾਰੀ ਨਾਲ ਦੁਕਾਨਾਂ ਦਾ ਕਿਰਾਇਆ ਦੇਣਾ ਸ਼ੁਰੂ ਕਰਨ ਜਾਂ ਦੁਕਾਨਾਂ ਖਾਲੀ ਕਰਨ, ਨਹੀਂ ਤਾਂ ਉਨ੍ਹਾਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਇਸ ਮੌਕੇ ਪੰਜਾਬ ਦੇ ਗਾਇਕਾਂ ਖਾਸ ਕਰਕੇ ਨਵੀਂ ਪੀੜ੍ਹੀ ਦੇ ਗਾਇਕਾਂ ਨੂੰ ਗੁਰਮੀਤ ਬਾਵਾ ਦੇ ਪਰਿਵਾਰ ਦੀ ਮਦਦ ਕਰਨ ਦੀ ਅਪੀਲ ਕੀਤੀ।

ਗਲੋਰੀ ਬਾਵਾ ਨੇ ਦੱਸਿਆ ਕਿ ਲੋਕ ਗੀਤਾਂ ਦਾ ਰੁਝਾਨ ਘਟ ਜਾਣ ਕਾਰਨ ਕੰਮ ਨਹੀਂ ਮਿਲ ਰਿਹਾ। ਦੁਕਾਨਾਂ ਦਾ ਕਿਰਾਇਆ ਵੀ ਨਹੀਂ ਮਿਲ ਰਿਹਾ ਅਤੇ ਵਿੱਤੀ ਸੰਕਟ ਵਧਦਾ ਜਾ ਰਿਹਾ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਗਾਇਕਾਂ ਲਈ ਪੈਨਸ਼ਨ ਸ਼ੁਰੂ ਕੀਤੀ ਜਾਵੇ।

# ਸੁਖਬੀਰ ਸਿੰਘ ਬਾਦਲ ਵੱਲੋਂ ਆਨੇ-ਬਹਾਨੇ ਅਕਾਲੀ ਵਰਕਰਾਂ ਦੇ ਘਰ ਗੇੜੇ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਏ ਸੰਕਟ ਨੂੰ ਠੱਲ੍ਹਣ ਅਤੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਸੁਖਬੀਰ ਸਿੰਘ ਬਾਦਲ ਨੇ ਆਨੇ-ਬਹਾਨੇ ਅਕਾਲੀ ਵਰਕਰਾਂ ਨਾਲ ਮੇਲ-ਜੋਲ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਚੋਣਾਂ ਤੋਂ ਪਹਿਲਾਂ 'ਪੰਜਾਬ ਬਚਾਓ ਯਾਤਰਾ' ਦੌਰਾਨ ਉਹ ਸਾਰੇ ਹਲਕਿਆਂ ਵਿਚ ਗਏ ਸਨ ਪਰ ਹੁਣ ਕੁਝ ਸੀਨੀਅਰ ਆਗੂਆਂ ਦੇ ਬਾਗੀ ਹੋਣ ਤੋਂ ਬਾਅਦ ਪੈਦਾ ਹੋਏ ਵੱਡੇ ਸੰਕਟ 'ਚੋਂ ਉਭਰਨ ਲਈ ਸੁਖਬੀਰ ਨੇ ਵਰਕਰਾਂ ਦੀ ਨਬਜ਼ ਟਟੋਲਣੀ ਸ਼ੁਰੂ ਕਰ ਦਿੱਤੀ ਹੈ।



ਸੁਖਬੀਰ ਬਾਦਲ ਮੁਹਾਲੀ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਬੈਦਵਾਨ ਨਾਲ ਪਿੰਡ ਭਾਗੋਮਾਜਰਾ 'ਚ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਸੀਨੀਅਰ ਆਗੂ ਜਸਵੀਰ ਸਿੰਘ ਜੱਸਾ ਦੇ ਘਰ ਪਹੁੰਚੇ ਅਤੇ ਉਨ੍ਹਾਂ ਦੀ ਮਾਤਾ ਕੁਲਦੀਪ ਕੌਰ ਦੀ ਦੇਹਾਂਤ ਉਤੇ ਦੁੱਖ ਪ੍ਰਗਟ ਕੀਤਾ। ਇੰਜ ਹੀ ਉਨ੍ਹਾਂ ਨੇ ਪਿੰਡ ਸੋਹਾਣਾ ਵਿਚ ਕੌਮਾਂਤਰੀ ਕਬੱਡੀ ਖਿਡਾਰੀ ਪੰਮਾ ਸੋਹਾਣਾ ਦੀ ਮੌਤ 'ਤੇ ਉਸ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸੁਖਬੀਰ ਨੇ ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਅਮਨ ਪੂਨੀਆ ਦੇ ਘਰ ਪਿੰਡ ਮਾਣਕਮਾਜਰਾ ਵਿਚ ਫੇਰੀ ਪਾਈ ਅਤੇ ਯੂਥ ਆਗੂ ਦੀ ਦਾਦੀ ਸ਼ਮਸ਼ੇਰ ਕੌਰ ਦੀ ਮੌਤ 'ਤੇ ਦੁੱਖ ਪ੍ਰਗਟਾਇਆ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਦਾ ਹਰ ਛੋਟਾ ਤੇ ਵੱਡਾ ਆਗੂ ਅਤੇ ਵਰਕਰ ਉਨ੍ਹਾਂ ਦੇ ਪਰਿਵਾਰ ਦਾ ਮੈਂਬਰ ਹੈ। ਲਿਹਾਜ਼ਾ ਆਪਣੇ ਪਰਿਵਾਰਾਂ ਦੇ ਦੁੱਖ ਸੁੱਖ ਵਿਚ ਸ਼ਰੀਕ ਹੋਣਾ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਹੀ ਮਿਹਨਤੀ ਵਰਕਰਾਂ ਦਾ ਸਨਮਾਨ ਕੀਤਾ ਹੈ। ਅਕਾਲੀ ਦਲ ਵਿਚ ਛਿੜੇ ਵਿਵਾਦ ਬਾਰੇ ਉਨ੍ਹਾਂ ਨੇ ਵਰਕਰਾਂ ਨੂੰ ਕਿਹਾ ਕਿ ਉਹ ਤੜਕੇ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ। ਪਰਿਵਾਰਾਂ ਅਤੇ ਪਾਰਟੀਆਂ ਵਿਚ ਅਜਿਹੇ ਮਸਲੇ ਚੱਲਦੇ ਰਹਿੰਦੇ ਹਨ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਪੰਜਾਬ ਦੀ ਇਕਲੌਤੀ ਖੇਤਰੀ ਪਾਰਟੀ ਹੈ, ਜਿਸ ਨੇ ਕਦੇ ਵੀ ਸੂਬੇ ਦੇ ਹਿੱਤਾਂ ਨੂੰ ਪਾਸੇ ਰੱਖ ਕੇ ਕੋਈ ਸਮਝੌਤਾ ਨਹੀਂ ਕੀਤਾ।

## ਅਕਾਲੀ ਦਲ ਦੀ ਮਾੜੀ ਹਾਲਤ ਲਈ ਸੁਖਬੀਰ ਨੂੰ ਜ਼ਿੰਮੇਵਾਰ ਠਹਿਰਾਇਆ



**ਪਾਤੜਾਂ:** ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਆਗੂਆਂ ਨੇ ਹਲਕਾ ਸ਼ੁਤਰਾਣਾ ਵਿਚ ਨਿਰਾਸ਼ ਹੋ ਕੇ ਘਰਾਂ ਵਿਚ ਬੈਠੇ ਟੌਹੜਾ ਧੜੇ ਦੇ ਵਰਕਰਾਂ ਨੂੰ ਮੁੜ ਤੋਂ ਸਰਗਰਮ ਕਰਨ ਲਈ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਚ ਮੀਟਿੰਗ ਕੀਤੀ ਹੈ। ਇਸ ਮੌਕੇ ਸਾਬਕਾ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸਾਬਕਾ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲੀ ਦਲ ਦੀ ਮਾੜੀ ਹੋਈ ਸਥਿਤੀ ਲਈ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਉਨ੍ਹਾਂ ਕਿਹਾ ਕਿ ਸਰਬ ਪ੍ਰਵਾਨਿਤ ਪ੍ਰਧਾਨ ਬਣਾਉਣ ਦੀ ਮੰਗ ਕਰਨ ਵਾਲਿਆਂ ਨੂੰ ਬਾਦਲ ਧੜੇ ਨੇ ਬਾਗੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਪ੍ਰੋ. ਚੰਦੂਮਾਜਰਾ ਅਤੇ ਪਰਮਿੰਦਰ ਢੀਂਡਸਾ ਨੇ ਕਿਹਾ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਤੇ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ. ਲਾਉਣ ਵਰਗੀਆਂ ਗਲਤੀਆਂ ਲਈ ਪ੍ਰਧਾਨ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਹੱਕੀ ਮੰਗਾਂ ਆਨੰਦਪੁਰ ਦਾ ਮਤਾ, ਪਾਣੀਆਂ ਦੇ ਮਸਲੇ, ਪੰਜਾਬੀ ਬੋਲਦੇ ਇਲਾਕੇ ਆਦਿ ਤੋਂ ਮੂੰਹ ਫੇਰ ਲੈਣ 'ਤੇ ਸੂਬਾ ਵਾਸੀਆਂ ਨੇ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਪੰਜਵੇਂ ਸਥਾਨ 'ਤੇ ਪਹੁੰਚਾ ਕੇ ਆਪਣੀ ਨਿਰਾਸ਼ਾ ਜ਼ਾਹਿਰ ਕੀਤੀ ਹੈ।

# ਕਿਸਾਨ ਅੰਦੋਲਨ ਨਾਲ ਸੰਸਦ 'ਚ ਭਾਜਪਾ ਦਾ ਚਿਹਰਾ ਨੰਗਾ ਹੋਇਆ: ਡੱਲੇਵਾਲ

**ਧਾਰੀਵਾਲ:** ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੇ ਸੀਨੀਅਰ ਆਗੂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ 13 ਫਰਵਰੀ ਨੂੰ ਕਿਸਾਨ ਅੰਦੋਲਨ 2 ਸ਼ੁਰੂ ਹੋਇਆ ਸੀ ਅਤੇ ਕੁਝ ਦਿਨਾਂ ਬਾਅਦ ਚੋਣ ਜ਼ਾਬਤਾ ਲੱਗ ਗਿਆ। ਉਸ ਸਮੇਂ ਕੁਝ ਲੋਕਾਂ ਨੇ ਕਿਹਾ ਕਿ ਹੁਣ ਬਾਰਡਰਾਂ 'ਤੇ ਬੈਠ ਕੇ ਕੁਝ ਨਹੀਂ ਬਣਨਾ ਪਰ ਅੰਦੋਲਨ ਲੜ ਰਹੇ ਦੋਨਾਂ ਫੋਰਮਾਂ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚੇ ਨੇ ਆਖਿਆ ਸੀ ਘਰੇ ਬੈਠ ਕੇ ਨਹੀਂ ਸਗੋਂ ਅੰਦੋਲਨ ਲੜ ਕੇ ਹੀ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।



ਇਹ ਕਿਸਾਨ ਅੰਦੋਲਨ 2 ਦਾ ਹੀ ਅਸਰ ਸੀ ਕਿ ਸਾਰੀਆਂ ਰਾਜਸੀ ਪਾਰਟੀਆਂ ਨੂੰ ਆਪਣੇ ਚੋਣ ਮੈਨੀਫੈਸਟੋ ਵਿਚ ਕਿਸਾਨੀ ਮੰਗਾਂ ਨੂੰ ਸ਼ਾਮਲ ਕਰਨਾ ਪਿਆ। ਅੱਜ ਬਾਰਡਰਾਂ 'ਤੇ ਲੜੇ ਜਾ ਰਹੇ ਅੰਦੋਲਨ ਦਾ ਹੀ ਨਤੀਜਾ ਹੈ ਕਿ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਅੰਦੋਲਨ ਦੀਆਂ ਮੰਗਾਂ ਐਮ.ਐਸ.ਪੀ. ਦਾ ਗਾਰੰਟੀ ਕਾਨੂੰਨ ਅਤੇ ਬਾਰਡਰਾਂ 'ਤੇ ਭਾਜਪਾ ਦੀ ਸਰਕਾਰ ਵੱਲੋਂ ਕੀਤੇ ਗਏ ਕਿਸਾਨਾਂ ਉੱਪਰ ਅੱਤਿਆਚਾਰ ਅਤੇ ਹਰਿਆਣਾ ਦੀ ਸਰਕਾਰ ਵੱਲੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰੇ 'ਤੇ ਉਸਾਰੀਆਂ ਗਈਆਂ ਕੰਧਾਂ ਦੀ ਗੱਲ ਚੁੱਕੀ ਗਈ ਹੈ। ਸੰਸਦ ਵਿਚ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਕਿਸਾਨੀ ਮੰਗਾਂ ਨੂੰ ਉਠਾਉਣ 'ਤੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਸ੍ਰੀ ਡੱਲੇਵਾਲ ਨੇ ਕਿਹਾ ਇਹ ਕਿਸਾਨੀ ਅੰਦੋਲਨ ਦੀ ਹੀ ਦੇਣ ਹੈ ਕਿ 300 ਤੋਂ ਉੱਪਰ ਵਿਰੋਧੀ ਦਲਾਂ ਦੇ ਐਮ.ਪੀਜ਼. ਵੱਲੋਂ ਪ੍ਰਾਈਵੇਟ ਬਿੱਲ ਐਮ.ਐਸ.ਪੀ. ਦਾ ਗਾਰੰਟੀ ਕਾਨੂੰਨ ਬਣਾਉਣ ਲਈ ਲੋਕ ਸਭਾ ਵਿਚ ਲੈ ਕੇ ਆਉਣ ਦੀ ਗੱਲ ਆਖੀ ਗਈ ਹੈ। ਉਨ੍ਹਾਂ ਕਿਹਾ ਕਿ ਸੱਤ ਸਮੁੰਦਰੋਂ ਪਾਰ ਬਾਹਰਲੇ ਦੇਸ਼ਾਂ ਦੀ ਸੰਸਦ ਵਿਚ ਵੀ ਕਿਸਾਨ ਅੰਦੋਲਨ 2 ਦੀਆਂ ਮੰਗਾਂ ਬਾਰੇ ਚਰਚਾ ਹੋ ਰਹੀ ਹੈ। ਪੰਜਾਬ ਅਤੇ ਭਾਰਤ ਦੇ ਕੋਨੇ ਕੋਨੇ ਤੋਂ ਪੁੱਜੇ ਕਿਸਾਨਾਂ ਵੱਲੋਂ ਸ਼ੰਭੂ, ਖਨੌਰੀ, ਡੱਬਵਾਲੀ ਅਤੇ ਰਤਨਪੁਰਾ ਦੇ ਬਾਰਡਰਾਂ ਉੱਪਰ ਅਤੇ ਇੰਗਲੈਂਡ ਦੀ ਸੰਸਦ ਵਿਚ ਉਥੋਂ ਦੇ ਐਮ.ਪੀ. ਤਨਮਨਜੀਤ ਸਿੰਘ ਢੇਸੀ ਵੱਲੋਂ ਕਿਸਾਨੀ ਮੰਗਾਂ ਚੁੱਕੀਆਂ ਗਈਆਂ ਹਨ।

## ਹਰਿਆਣਾ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਾਂਗੇ: ਚੜੂਨੀ

**ਅੰਮ੍ਰਿਤਸਰ:** ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਕਿਹਾ ਕਿ ਕਿਸਾਨਾਂ ਵੱਲੋਂ ਗਠਿਤ ਸਿਆਸੀ ਜਥੇਬੰਦੀ ਅਗਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਨੇ ਹਾਲ ਹੀ ਵਿਚ ਸੰਯੁਕਤ ਸੰਘਰਸ਼ ਪਾਰਟੀ ਦਾ ਗਠਨ ਕੀਤਾ ਹੈ। ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਸਨ। ਉਨ੍ਹਾਂ ਨੇ ਇਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਨੂੰ ਛੱਡ ਚੁੱਕੀਆਂ ਹਨ, ਜਿਸ ਕਾਰਨ ਉਨ੍ਹਾਂ ਨੇ ਚੋਣਾਂ ਲੜਨ ਲਈ ਸਿਆਸੀ ਪਾਰਟੀ ਬਣਾਈ ਹੈ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਸਿਰਫ਼ ਵੋਟਾਂ ਹਾਸਲ ਕਰਨ ਵਿਚ ਹੀ ਦਿਲਚਸਪੀ ਰੱਖਦੀਆਂ ਹਨ, ਕਿਸਾਨ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਤੋਂ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ। ਉਨ੍ਹਾਂ ਦੀ ਪਾਰਟੀ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲੇਗੀ ਅਤੇ ਹਰ ਕਿਸੇ ਨੂੰ ਇਨਸਾਫ਼ ਮਿਲਣਾ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਜਾਂ ਸਮਾਜ ਦਾ ਵਰਗ ਰਾਜਨੀਤੀ ਤੋਂ ਦੂਰ ਨਹੀਂ ਰਹਿ ਸਕਦਾ। ਇਕ ਕਿਸਾਨ ਵਜੋਂ ਉਹ ਜਾਣਦੇ ਹਨ ਕਿ ਕਿਸਾਨ ਨੇ ਖੇਤਾਂ ਵਿਚੋਂ ਨੁਕਸਾਨਦੇਹ ਨਦੀਨਾਂ ਨੂੰ ਕਿਵੇਂ ਖਤਮ ਕਰਨਾ ਹੈ।

# ਲਾਡੋਵਾਲ ਟੌਲ ਪਲਾਜ਼ਾ: ਕਿਸਾਨ ਤੇ ਹੋਰ ਸੰਗਠਨ ਮਿਲ ਕੇ ਲੜਨਗੇ ਸੰਘਰਸ਼

**ਲੁਧਿਆਣਾ:** ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਗਠਨਾਂ ਨੇ ਨੈਸ਼ਨਲ ਹਾਈਵੇਅ ਅਥਾਰਿਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਵੱਲੋਂ ਲਾਡੋਵਾਲ ਟੌਲ ਪਲਾਜ਼ਾ ਦੀਆਂ ਟੌਲ ਦਰਾਂ ਵਿਚ ਕੀਤੇ ਵਾਧੇ ਨੂੰ ਵਾਪਸ ਕਰਾਉਣ ਅਤੇ ਹੋਰ ਮੰਗਾਂ ਮਨਵਾਉਣ ਲਈ ਇਕਜੁੱਟ ਹੋ ਕੇ ਹਰ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ।

ਇੱਥੇ ਕਿਸਾਨ ਜਥੇਬੰਦੀਆਂ ਅਤੇ ਹੋਰ ਸੰਗਠਨਾਂ ਦੀ ਹੋਈ ਮੀਟਿੰਗ ਵਿਚ ਅਗਲੀ ਰਣਨੀਤੀ ਤਿਆਰ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਗਿੱਲ, ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਮਾਲਵਾ ਜ਼ੋਨ ਪ੍ਰਧਾਨ ਇੰਦਰਵੀਰ ਸਿੰਘ ਕਾਦੀਆਂ, ਕੋਰ ਕਮੇਟੀ ਮੈਂਬਰ ਬਾਬਾ ਸੁਖਵਿੰਦਰ ਸਿੰਘ ਆਲੋਵਾਲ



ਅਤੇ ਕਿਸਾਨ ਆਗੂ ਸੁਖਦੇਵ ਸਿੰਘ ਮੰਗਲੀ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਨੈਸ਼ਨਲ ਹਾਈਵੇਅ ਅਥਾਰਿਟੀ ਆਫ਼ ਇੰਡੀਆ ਵੱਲੋਂ ਕਿਸਾਨਾਂ ਖ਼ਿਲਾਫ਼ ਰਿੱਟ ਪਾਈ ਗਈ ਹੈ ਅਤੇ ਅਦਾਲਤ ਵੱਲੋਂ ਜਨਰਲ ਅਟਾਰਨੀ ਨੂੰ ਪੇਸ਼ ਹੋ ਕੇ ਜਵਾਬ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਜਥੇਬੰਦੀਆਂ ਲਾਡੋਵਾਲ ਟੌਲ ਪਲਾਜ਼ਾ ਦੇ ਸਬੰਧ ਵਿਚ ਖ਼ੁਦ ਆਪ ਆਪਣੇ ਵਕੀਲਾਂ ਰਾਹੀਂ ਪੇਸ਼ ਹੋ ਕੇ ਜਵਾਬ ਦੇਣਗੀਆਂ।

ਉਨ੍ਹਾਂ ਕਿਹਾ ਕਿ ਉਹ ਅਦਾਲਤ ਵਿਚ ਦੱਸਣਗੇ ਕਿ ਸ਼ੰਭੂ ਤੋਂ ਲੈ ਕੇ ਲਾਡੋਵਾਲ ਅਤੇ ਲਾਡੋਵਾਲ ਤੋਂ ਮਾਨਾਂਵਾਲ ਤੱਕ ਟੌਲ ਪਲਾਜ਼ਾ ਦੇ ਬਾਵਜੂਦ ਸੜਕਾਂ ਦੀ ਮਾੜੀ ਹਾਲਤ ਕਰਕੇ ਕਈ ਹਾਦਸੇ ਵਾਪਰ ਚੁੱਕੇ ਹਨ। ਜ਼ਿਕਰਯੋਗ ਹੈ ਕਿ ਕਿਸਾਨਾਂ ਦਾ ਲਾਡੋਵਾਲ ਟੌਲ ਪਲਾਜ਼ਾ 'ਤੇ ਲਗਾਤਾਰ 15 ਦਿਨ ਧਰਨਾ ਚੱਲਿਆ। ਇਸ ਦੌਰਾਨ ਕੋਈ ਵੀ ਅਧਿਕਾਰੀ ਗੱਲਬਾਤ ਕਰਨ ਲਈ ਨਹੀਂ ਆਇਆ ਜਿਸ ਕਰਕੇ ਤਾਲਾਬੰਦੀ ਕੀਤੀ ਗਈ ਹੈ।

# ਪੰਜਾਬ ਸਰਕਾਰ ਵੱਲੋਂ ਬੋਰਡਾਂ ਤੇ ਨਿਗਮਾਂ ਦੇ ਅਹੁਦੇ ਭਰਨ ਦੀ ਤਿਆਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਬੋਰਡਾਂ ਅਤੇ ਨਿਗਮਾਂ ਦੇ ਖਾਲੀ ਪਏ ਅਹੁਦੇ ਭਰਨ ਦੀ ਤਿਆਰੀ ਕਰ ਲਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਦਿਨ ਪਹਿਲਾਂ ਅਜਿਹੇ ਬੋਰਡਾਂ ਅਤੇ ਨਿਗਮਾਂ ਦੀ ਰਿਪੋਰਟ ਮੰਗੀ ਸੀ ਜਿਨ੍ਹਾਂ ਦੀ ਚੇਅਰਮੈਨੀ ਅਤੇ ਮੈਂਬਰਾਂ ਦੇ ਅਹੁਦੇ ਖਾਲੀ ਪਏ ਹਨ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਦਫ਼ਤਰ ਕੋਲ ਇਹ ਰਿਪੋਰਟ ਪੁੱਜ ਗਈ ਹੈ ਅਤੇ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਮਗਰੋਂ ਬੋਰਡਾਂ ਅਤੇ ਨਿਗਮਾਂ ਵਿਚ ਨਵੇਂ ਚੇਅਰਮੈਨ ਤੇ ਮੈਂਬਰ ਆਦਿ ਲਗਾਏ ਜਾਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਸੰਗਰੂਰ ਜ਼ਿਲ੍ਹੇ 'ਚ ਪਿਛਲੇ ਦਿਨੀਂ ਇਕ ਸਮਾਗਮ ਦੌਰਾਨ ਕਿਹਾ ਸੀ ਕਿ ਜਲਦੀ 'ਆਪ' ਵਾਲੰਟੀਅਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ।

ਬੇਸ਼ੱਕ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਅੰਦਰ ਵਾਲੰਟੀਅਰਾਂ ਨੂੰ ਅਹੁਦੇ ਦਿੱਤੇ ਗਏ ਸਨ ਤੇ ਜ਼ਿਲ੍ਹਾ ਪੱਧਰੀ ਅਦਾਰਿਆਂ ਵਿਚ 'ਆਪ' ਆਗੂਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਸਨ ਪਰ ਹਾਲੇ ਵੀ ਸੂਬਾ ਪੱਧਰੀ ਬੋਰਡਾਂ ਅਤੇ ਨਿਗਮਾਂ ਵਿਚ ਅਹੁਦੇ ਖਾਲੀ ਪਏ ਹਨ। ਸੂਤਰਾਂ ਮੁਤਾਬਕ ਆਗਾਮੀ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਅਤੇ ਪੰਚਾਇਤੀ ਤੇ ਨਗਰ ਨਿਗਮਾਂ ਦੀਆਂ ਚੋਣਾਂ ਤੋਂ ਪਹਿਲਾਂ 'ਆਪ' ਆਗੂਆਂ ਨੂੰ ਬੋਰਡਾਂ ਤੇ ਨਿਗਮਾਂ ਵਿਚ ਥਾਂ ਦਿੱਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਦੀ ਭੂਮਿਕਾ ਵਧਾਈ ਜਾ ਸਕੇ। 'ਆਪ' ਦੇ ਸੀਨੀਅਰ ਵਾਲੰਟੀਅਰਾਂ ਨੂੰ ਅਡਜਸਟ ਕੀਤੇ ਜਾਣ ਦੀ ਸੰਭਾਵਨਾ ਹੈ। ਬਹੁਤ ਸਾਰੇ ਸੂਬਾ ਪੱਧਰੀ ਕਮਿਸ਼ਨਾਂ ਦੇ ਅਹੁਦੇ ਵੀ ਖਾਲੀ ਪਏ ਹਨ। ਕਈ ਆਈ.ਏ.ਐਸ. ਅਧਿਕਾਰੀ ਵੀ ਆਉਂਦੇ ਮਹੀਨਿਆਂ ਦੌਰਾਨ ਸੇਵਾਮੁਕਤ ਹੋਣ ਵਾਲੇ ਹਨ ਜਿਨ੍ਹਾਂ ਦੀ ਅੱਖ ਇਨ੍ਹਾਂ ਕਮਿਸ਼ਨਾਂ 'ਤੇ ਲੱਗੀ ਹੋਈ ਹੈ।

ਕੁਝ ਦਿਨ ਪਹਿਲਾਂ ਹੀ ਸਰਕਾਰ ਨੇ ਨਾਮੀ ਸਾਹਿਤਕਾਰ ਜਸਵੰਤ ਸਿੰਘ ਜ਼ਫ਼ਰ ਨੂੰ ਭਾਸ਼ਾ ਵਿਭਾਗ ਦਾ ਡਾਇਰੈਕਟਰ ਲਾਇਆ ਹੈ। ਮੁੱਖ ਮੰਤਰੀ ਨੇ ਭਾਸ਼ਾ ਵਿਭਾਗ ਦੀ ਡਾਇਰੈਕਟਰੀ ਸਾਹਿਤਕਾਰਾਂ ਦੇ ਹਵਾਲੇ ਕਰ ਕੇ ਪੁਰਾਣੀ ਪਿਰਤ ਨੂੰ ਬਹਾਲ ਕਰ ਦਿੱਤਾ ਹੈ। ਭਾਸ਼ਾ ਵਿਭਾਗ ਦੇ ਸ਼ੁਰੂਆਤੀ ਦੌਰ ਵਿਚ ਇਸ ਦੇ ਡਾਇਰੈਕਟਰ ਗਿਆਨੀ ਲਾਲ ਸਿੰਘ, ਜੀਤ ਸਿੰਘ ਸੀਤਲ ਅਤੇ ਕਪੂਰ ਸਿੰਘ ਘੁੰਮਣ ਵਰਗੇ ਕਲਮ ਦੇ ਧਨੀ ਰਹੇ ਹਨ।

ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਦਾ ਉਪ ਕੁਲਪਤੀ ਲਗਾਏ ਜਾਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ। ਉਚੇਰੀ ਸਿੱਖਿਆ ਵਿਭਾਗ ਨੇ ਉਪ ਕੁਲਪਤੀ ਦੀ ਅਸਾਮੀ ਲਈ ਅਰਜ਼ੀਆਂ ਮੰਗ ਲਈਆਂ ਹਨ ਅਤੇ ਦਰਖਾਸਤਾਂ ਦੇਣ ਦੀ ਆਖਰੀ ਤਰੀਕ 22 ਜੁਲਾਈ ਰੱਖੀ ਗਈ ਹੈ। ਪੰਜਾਬੀ 'ਵਰਸਿਟੀ ਦਾ ਆਰਜ਼ੀ ਚਾਰਜ ਇਸ ਵੇਲੇ ਉਚੇਰੀ ਸਿੱਖਿਆ ਦੇ ਸਕੱਤਰ ਕਮਲ ਕਿਸ਼ੋਰ ਯਾਦਵ ਕੋਲ ਹੈ।

# ਮੂਸੇਵਾਲਾ ਨਾਲ ਗੱਡੀ ਵਿਚ ਸਵਾਰ ਨੌਜਵਾਨ ਗਵਾਹੀ ਲਈ ਨਾ ਪੁੱਜੇ





**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਇਸਤਗਾਸਾ ਪੱਖ ਵੱਲੋਂ ਸੂਚੀਬੱਧ ਕੀਤੇ ਗਏ ਦੋ ਮੁੱਖ ਗਵਾਹ ਲਗਾਤਾਰ ਦੂਜੀ ਸੁਣਵਾਈ ਲਈ ਮਾਨਸਾ ਦੀ ਹੇਠਲੀ ਅਦਾਲਤ ਵਿਚ ਬਿਆਨ ਦਰਜ ਕਰਵਾਉਣ ਲਈ ਪੇਸ਼ ਨਹੀਂ ਹੋਏ। ਜ਼ਿਕਰਯੋਗ ਹੈ ਕਿ ਕਤਲ ਦੀ ਵਾਰਦਾਤ ਦੌਰਾਨ ਗੁਰਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਗਾਇਕ ਮੂਸੇਵਾਲਾ ਨਾਲ ਗੱਡੀ 'ਚ ਸਵਾਰ ਸਨ।

ਅਦਾਲਤ ਨੇ ਗੁਰਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਨੂੰ ਤਲਬ ਕੀਤਾ ਸੀ। ਦੋਵਾਂ ਨੇ ਸਿਹਤ ਦੇ ਆਧਾਰ ਉਤੇ ਪਹਿਲਾਂ 20 ਮਈ ਦੀ ਸੁਣਵਾਈ ਤੋਂ ਛੋਟ ਮੰਗੀ ਸੀ, ਜਦੋਂਕਿ ਉਨ੍ਹਾਂ ਨੇ ਫਿਰ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਪੇਸ਼ੀ ਤੋਂ ਛੋਟ ਮੰਗੀ ਹੈ। ਦੋਵੇਂ ਮੁੱਖ ਗਵਾਹ ਪੇਸ਼ ਨਾ ਹੋਣ ਕਾਰਨ ਸੁਣਵਾਈ ਮੁਲਤਵੀ ਕਰਨ ਦੀ ਮੰਗ ਕੀਤੀ ਗਈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਅਤੇ ਇਸਤਗਾਸਾ ਪੱਖ ਦੇ ਗਵਾਹਾਂ ਨੂੰ 26 ਜੁਲਾਈ ਲਈ ਮੁੜ ਸੰਮਨ ਜਾਰੀ ਕਰ ਦਿੱਤੇ ਹਨ। ਉਸੇ ਦਿਨ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੂੰ ਵੀ ਗਵਾਹ ਵਜੋਂ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਚਾਰਜਸ਼ੀਟ ਵਿਚ ਐਸ.ਆਈ.ਟੀ. ਨੇ ਦਾਅਵਾ ਕੀਤਾ ਹੈ ਕਿ ਗੁਰਵਿੰਦਰ ਅਤੇ ਗੁਰਪ੍ਰੀਤ ਦੋਵਾਂ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਮੂਸੇਵਾਲਾ ਨੂੰ ਮਾਰਨ ਤੋਂ ਬਾਅਦ ਸ਼ੂਟਰਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਕਹਿਣ 'ਤੇ ਕਤਲ ਨੂੰ ਅੰਜਾਮ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਪੁਲਿਸ ਕੋਲ ਗੋਲੀ ਚਲਾਉਣ ਵਾਲਿਆਂ ਦੀ ਪਛਾਣ ਵੀ ਕਰਵਾ ਦਿੱਤੀ ਹੈ।

# ਗੈਰ-ਕਾਨੂੰਨੀ ਢੰਗ ਨਾਲ ਕੰਬੋਡੀਆ ਭੇਜਣ ਵਾਲੇ ਦੋ ਟਰੈਵਲ ਏਜੰਟ ਗ੍ਰਿਫ਼ਤਾਰ

**ਮੁਹਾਲੀ:** ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਗੈਰ-ਕਾਨੂੰਨੀ ਢੰਗ ਨਾਲ ਲੋਕਾਂ ਨੂੰ ਕੰਬੋਡੀਆ ਅਤੇ ਹੋਰ ਦੱਖਣ ਪੂਰਬੀ ਏਸ਼ਿਆਈ ਦੇਸ਼ਾਂ ਵਿਚ ਭੇਜਣ ਵਾਲੇ ਦੋ ਟਰੈਵਲ ਏਜੰਟਾਂ ਨੂੰ ਮਨੁੱਖੀ ਤਸਕਰੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਅਮਰਜੀਤ ਸਿੰਘ ਅਤੇ ਗੁਰਜੋਧ ਸਿੰਘ ਵਜੋਂ ਹੋਈ।

ਅਮਰਜੀਤ, ਮੁਹਾਲੀ ਸਥਿਤ ਵੀਜ਼ਾ ਪੈਲੇਸ ਇਮੀਗ੍ਰੇਸ਼ਨ ਦਾ ਮਾਲਕ ਹੈ ਜਦੋਂਕਿ ਗੁਰਜੋਧ ਉਸ ਦਾ ਸਾਥੀ ਹੈ। ਜਾਣਕਾਰੀ ਅਨੁਸਾਰ ਇਹ ਟਰੈਵਲ ਏਜੰਟ ਭੋਲੇ-ਭਾਲੇ ਲੋਕਾਂ ਨੂੰ ਡਾਟਾ ਐਂਟਰੀ ਦੀਆਂ ਨੌਕਰੀਆਂ ਦਾ ਲਾਲਚ ਦੇ ਕੇ ਪੰਜਾਬ ਤੋਂ ਕੰਬੋਡੀਆ ਭੇਜਦੇ ਸਨ ਅਤੇ ਸਿਆਮ ਰੀਪ ਪਹੁੰਚਣ 'ਤੇ ਉਨ੍ਹਾਂ ਦੇ ਪਾਸਪੋਰਟ ਲੈ ਲਏ ਜਾਂਦੇ ਸਨ। ਫਿਰ ਉਨ੍ਹਾਂ ਨੂੰ ਸਾਈਬਰ ਸਕੈਮਿੰਗ ਕਾਲ ਸੈਂਟਰਾਂ ਵਿਚ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ ਤਾਂ ਜੋ ਸਾਈਬਰ ਫਾਇਨਾਂਸ਼ੀਅਲ ਫਰਾਡ ਲਈ ਭਾਰਤੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਕੰਬੋਡੀਆ ਸਥਿਤ ਭਾਰਤੀ ਦੂਤਾਵਾਸ ਦੇ ਸੰਪਰਕ ਵਿਚ ਆਉਣ ਵਾਲੇ ਪੀੜਤ ਦੀ ਜਾਣਕਾਰੀ ਮਗਰੋਂ ਸਟੇਟ ਸਾਈਬਰ ਕ੍ਰਾਈਮ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ।

# ਕੰਗਨਾ ਨੂੰ ਥੱਪੜ ਮਾਰਨ ਵਾਲੀ ਕਾਂਸਟੇਬਲ ਦਾ ਬੰਗਲੂਰੂ ਤਬਾਦਲਾ

**ਨਵੀਂ ਦਿੱਲੀ:** ਪਿਛਲੇ ਮਹੀਨੇ ਚੰਡੀਗੜ੍ਹ ਹਵਾਈ ਅੱਡੇ ਉਤੇ ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਸੀ.ਆਈ.ਐਸ.ਐਫ. ਕਾਂਸਟੇਬਲ ਕੁਲਵਿੰਦਰ ਕੌਰ ਦਾ ਬੰਗਲੂਰੂ ਯੂਨਿਟ 'ਚ ਤਬਾਦਲਾ ਕਰ ਦਿੱਤਾ ਗਿਆ ਹੈ।





ਕੁਲਵਿੰਦਰ ਕੌਰ ਜਾਂਚ ਪੂਰੀ ਹੋਣ ਤੱਕ ਮੁਅੱਤਲ ਚੱਲ ਰਹੀ ਹੈ। ਉਸ ਨੂੰ ਘਟਨਾ ਮਗਰੋਂ 6 ਜੂਨ ਨੂੰ ਕੇਂਦਰੀ ਹਥਿਆਰਬੰਦ ਪੁਲਿਸ ਬਲ 'ਚੋਂ ਮੁਅੱਤਲ ਕਰ ਦਿੱਤਾ ਗਿਆ ਸੀ। ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਦੀ ਸ਼ਿਕਾਇਤ ਉਤੇ ਕੁਲਵਿੰਦਰ ਕੌਰ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਸੂਤਰਾਂ ਨੇ ਕਿਹਾ ਕਿ ਅਨੁਸ਼ਾਸਨੀ ਜਾਂਚ ਬਕਾਇਆ ਹੋਣ ਦਰਮਿਆਨ ਕੁਲਵਿੰਦਰ ਕੌਰ ਨੂੰ ਕਰਨਾਟਕ ਦੀ ਰਾਜਧਾਨੀ 'ਚ 10ਵੀਂ ਰਿਜ਼ਰਵ ਬਟਾਲੀਅਨ 'ਚ ਭੇਜਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਜਾਂਚ ਚੱਲ ਰਹੀ ਹੋਣ ਕਾਰਨ ਘਟਨਾ ਦੇ ਤੁਰਤ ਬਾਅਦ ਹੀ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਸੂਤਰਾਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਸੀਨੀਅਰ ਕਮਾਂਡੈਂਟ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾ ਰਹੀ ਹੈ ਅਤੇ ਕਾਂਸਟੇਬਲ, ਹਵਾਈ ਅੱਡੇ 'ਤੇ ਘਟਨਾ ਸਮੇਂ ਮੌਜੂਦ ਉਸ ਦੇ ਸਾਥੀਆਂ, ਸ਼ਿਫ਼ਟ ਇੰਚਾਰਜ ਅਤੇ ਏਅਰਲਾਈਨ ਦੇ ਕੁਝ ਅਧਿਕਾਰੀਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਾਂਚ ਨੂੰ ਹਾਲੇ ਕੁਝ ਸਮਾਂ ਲੱਗੇਗਾ ਜਿਸ ਮਗਰੋਂ ਢੁੱਕਵਾਂ ਫ਼ੈਸਲਾ ਲਿਆ ਜਾਵੇਗਾ। ਕਪੂਰਥਲਾ ਜ਼ਿਲ੍ਹੇ ਦੀ ਕੁਲਵਿੰਦਰ ਕੌਰ 2009 'ਚ ਸੀ.ਆਈ.ਐਸ.ਐਫ. 'ਚ ਭਰਤੀ ਹੋਈ ਸੀ ਅਤੇ ਉਹ 2021 ਤੋਂ ਚੰਡੀਗੜ੍ਹ ਹਵਾਈ ਅੱਡੇ 'ਤੇ ਹਥਿਆਰਬੰਦ ਸੁਰੱਖਿਆ ਬਲ ਦੇ ਐਵੀਏਸ਼ਨ ਸੁਰੱਖਿਆ ਗਰੁੱਪ ਨਾਲ ਜੁੜੀ ਹੋਈ ਸੀ। ਉਸ ਖ਼ਿਲਾਫ਼ ਹੁਣ ਤੱਕ ਕੋਈ ਵਿਜੀਲੈਂਸ ਜਾਂਚ ਨਹੀਂ ਹੋਈ ਸੀ ਅਤੇ ਨਾ ਹੀ ਉਸ ਨੂੰ ਕੋਈ ਸਜ਼ਾ ਮਿਲੀ ਹੈ। ਉਸ ਦਾ ਪਤੀ ਵੀ ਚੰਡੀਗੜ੍ਹ ਹਵਾਈ ਅੱਡੇ 'ਤੇ ਤਾਇਨਾਤ ਰਿਹਾ ਸੀ। ਕਿਸਾਨ ਅੰਦੋਲਨ ਦੌਰਾਨ ਕੰਗਨਾ ਰਣੌਤ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਤੋਂ ਕੁਲਵਿੰਦਰ ਕੌਰ ਗੁੱਸੇ 'ਚ ਸੀ।

## ਸਿੱਧੂ ਮੂਸੇਵਾਲਾ: ਟੀਨੂ ਦੀ ਮਦਦ ਕਰਨ ਵਾਲਾ ਸਾਥੀਆਂ ਸਣੇ ਕਾਬੂ

**ਲੁਧਿਆਣਾ:** ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਕਤਲਕਾਂਡ ਵਿਚ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰ ਟੀਨੂ ਨੂੰ ਪੁਲਿਸ ਹਿਰਾਸਤ ਵਿਚੋਂ ਭਜਾਉਣ ਵਿਚ ਮਦਦ ਕਰਨ ਵਾਲੇ ਮੁਲਜ਼ਮ ਨੂੰ ਉਸ ਦੇ ਦੋ ਸਾਥੀਆਂ ਸਣੇ ਸੀ.ਆਈ.ਏ. ਸਟਾਫ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਟੀਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਸਾਥੀ ਹੈ। ਤਿੰਨੇ ਮੁਲਜ਼ਮਾਂ ਨੂੰ ਸੀ.ਆਈ.ਏ. ਦੀ ਟੀਮ ਨੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿਚੋਂ 300 ਗ੍ਰਾਮ ਹੈਰੋਇਨ 1.97 ਲੱਖ ਦੀ ਡਰੱਗ ਮਨੀ ਦੇ ਨਾਲ ਮੈਗਜ਼ੀਨ ਅਤੇ 10 ਕਾਰਤੂਸ ਵੀ ਬਰਾਮਦ ਹੋਏ ਹਨ। ਪੁਲਿਸ ਨੇ ਥਾਣਾ ਜਮਾਲਪੁਰ ਦੇ ਬਾਜ਼ੀਗਰ ਬਸਤੀ ਸਥਿਤ ਪ੍ਰੀਤ ਨਗਰ ਵਾਸੀ ਈਸ਼ਰ ਸਿੰਘ, ਗਗਨ ਨਗਰ ਵਾਸੀ ਰਾਜਵੀਰ ਸਿੰਘ ਤੇ ਪਿੰਡ ਖਾਸੀ ਕਲਾਂ ਵਾਸੀ ਰਾਜਵੀਰ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਦਾ ਰਿਮਾਂਡ ਲੈ ਲਿਆ ਹੈ। ਏ.ਡੀ.ਸੀ.ਪੀ. ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਸੀ.ਆਈ.ਏ. 3 ਦੀ ਟੀਮ ਪਿੰਡ ਖਾਸੀ ਕਲਾਂ ਖੇਤਰ ਵਿਚ ਗਸ਼ਤ ਕਰ ਰਹੀ ਸੀ। ਇਸ ਦੌਰਾਨ ਮੁਲਜ਼ਮਾਂ ਬਾਰੇ ਸੂਚਨਾ ਮਿਲੀ। ਪੁਲਿਸ ਨੇ ਰਾਜਵੀਰ ਦੇ ਘਰ ਛਾਪਾ ਮਾਰ ਕੇ ਤਿੰਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਪੁੱਛਗਿੱਛ ਦੌਰਾਨ ਪਤਾ ਲੱਗਿਆ ਕਿ ਮੁਲਜ਼ਮ ਰਾਜਵੀਰ ਨੇ ਟੀਨੂ ਨੂੰ ਪੰਜਾਬ ਪੁਲਿਸ ਦੀ ਹਿਰਾਸਤ ਵਿਚੋਂ ਭਜਾਉਣ ਵਿਚ ਮਦਦ ਕੀਤੀ ਸੀ। ਮੁਲਜ਼ਮ ਟੀਨੂ ਸਿੱਧੂ ਮੂਸੇਵਾਲਾ ਕਤਲਕਾਂਡ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਉਹ ਪੁਲਿਸ ਹਿਰਾਸਤ 'ਚੋਂ ਫ਼ਰਾਰ ਹੋਇਆ ਸੀ ਤਾਂ ਜਿਸ ਗੱਡੀ 'ਚ ਮੁਲਜ਼ਮ ਗਿਆ ਸੀ, ਉਸ ਗੱਡੀ ਦਾ ਪ੍ਰਬੰਧ ਮੁਲਜ਼ਮ ਰਾਜਵੀਰ ਨੇ ਕੀਤਾ ਸੀ।

# ਪੰਜਾਬ ਸਰਕਾਰ ਨੇ ਓ.ਟੀ.ਐੱਸ. ਰਾਹੀਂ 137.66 ਕਰੋੜ ਇਕੱਠੇ ਕੀਤੇ

**ਚੰਡੀਗੜ੍ਹ:** ਪੰਜਾਬ ਦੇ ਵਪਾਰੀਆਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਬਕਾਇਆ ਖੜ੍ਹੇ ਟੈਕਸਾਂ ਦੀ ਵਸੂਲੀ ਲਈ 'ਆਪ' ਸਰਕਾਰ ਵੱਲੋਂ ਪੰਜਾਬ ਯਕਮੁਸ਼ਤ ਨਿਪਟਾਰਾ (ਸੋਧ) ਯੋਜਨਾ (ਓ.ਟੀ.ਐੱਸ.-3) ਲਿਆਂਦੀ ਗਈ। ਇਸ ਸਕੀਮ ਰਾਹੀ ਸੂਬਾ ਸਰਕਾਰ ਨੇ 137.66 ਕਰੋੜ ਰੁਪਏ ਇਕੱਠੇ ਕੀਤੇ ਹਨ।



ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਚੰਡੀਗੜ੍ਹ ਵਿਚ ਪੰਜਾਬ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ। ਸ੍ਰੀ ਚੀਮਾ ਨੇ ਕਿਹਾ ਕਿ ਦੇਸ਼ ਵਿਚ ਜੀ.ਐਸ.ਟੀ. ਲਾਗੂ ਹੋਣ ਤੋਂ ਪਹਿਲਾਂ ਪੰਜਾਬ ਦੇ ਵੱਡੀ ਗਿਣਤੀ ਵਿਚ ਵਪਾਰੀਆਂ ਵਿਰੁੱਧ ਕਰੋੜਾਂ ਰੁਪਏ ਟੈਕਸ ਦੇ ਬਕਾਇਆ ਖੜ੍ਹੇ ਹਨ, ਜਿਸ ਨੂੰ ਸਰਕਾਰ ਵੱਲੋਂ ਵਸੂਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਓ.ਟੀ.ਐਸ.-3 ਰਾਹੀਂ ਪੰਜਾਬ ਸਰਕਾਰ ਨੇ 137.66 ਕਰੋੜ ਰੁਪਏ ਇਕੱਠੇ ਕੀਤੇ ਹਨ, ਜਦੋਂਕਿ ਪਿਛਲੀਆਂ ਸਰਕਾਰਾਂ ਨੇ ਓ.ਟੀ.ਐਸ.-1 ਅਤੇ ਓ.ਟੀ.ਐੱਸ.-2 ਰਾਹੀਂ ਸਿਰਫ 13.15 ਕਰੋੜ ਇਕੱਠੇ ਕੀਤੇ ਸਨ। ਉਨ੍ਹਾਂ ਕਿਹਾ ਕਿ ਓ.ਟੀ.ਐਸ.-3 ਲਈ ਬਿਨੈ ਕਰਨ ਸਮੇਂ ਵਧੀਕ ਕਾਨੂੰਨੀ ਘੋਸ਼ਣਾ ਫਾਰਮ ਜਮ੍ਹਾਂ ਕਰਨ ਦੀ ਸਹੂਲਤ ਨੇ ਡੀਲਰਾਂ ਲਈ ਰਾਹ ਸੌਖਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਹਾਲੇ ਤੱਕ 58,756 ਡੀਲਰਾਂ ਨੇ ਓ.ਟੀ.ਐੱਸ.-3 ਦਾ ਲਾਭ ਲਿਆ ਹੈ।

# ਪਰਾਲੀ ਪ੍ਰਦੂਸ਼ਣ ਬਾਰੇ ਵਿਗਿਆਨਕ ਪੜਤਾਲ ਕਰਵਾਉਣ ਦੀ ਮੰਗ ਉਠੀ

**ਚੰਡੀਗੜ੍ਹ:** ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਤੇ ਸਾਬਕਾ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਕਿਹਾ ਕਿ 10 ਸਾਲਾਂ ਤੋਂ ਦਿੱਲੀ ਦੇ ਹਵਾ ਪ੍ਰਦੂਸ਼ਣ ਦਾ ਠੀਕਰਾ ਪੰਜਾਬ ਦੇ ਕਿਸਾਨਾਂ ਸਿਰ ਭੰਨਿਆ ਜਾ ਰਿਹਾ ਹੈ, ਜਦੋਂਕਿ ਇਸ ਲਈ ਪੰਜਾਬ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਪੁਸ਼ਟੀ ਤਾਂ ਐਨ.ਜੀ.ਟੀ. ਦੇ ਜੱਜ ਸੁਧੀਰ ਅਗਰਵਾਲ ਨੇ ਬੀਤੇ ਦਿਨੀਂ ਵੀ ਦਿੱਲੀ ਵਿਚ ਇਕ ਸਮਾਗਮ ਦੌਰਾਨ ਕੀਤੀ ਹੈ। ਉਨ੍ਹਾਂ ਕਿਹਾ ਕਿ ਜੱਜ ਅਨੁਸਾਰ ਪੰਜਾਬ ਦੀ ਹਵਾ ਦੀ ਦਿਸ਼ਾ ਦਿੱਲੀ ਵੱਲ ਬਹੁਤ ਘੱਟ ਹੁੰਦੀ ਹੈ, ਜਿਸ ਕਾਰਨ ਪੰਜਾਬ ਵਿਚ ਪਰਾਲੀ ਸਾੜਨ ਕਰ ਕੇ ਧੂੰਆਂ ਦਿੱਲੀ ਵਿਚ ਪਹੁੰਚ ਹੀ ਨਹੀਂ ਸਕਦਾ। ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਸ੍ਰੀ ਫੂਲਕਾ ਨੇ ਕਿਹਾ ਕਿ ਅੱਜ ਤੱਕ ਪੰਜਾਬ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਹੀ ਦਿੱਲੀ 'ਚ ਪ੍ਰਦੂਸ਼ਣ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ ਪਰ ਇਸ ਬਾਰੇ ਵਿਗਿਆਨਕ ਖੋਜ ਕਿਸੇ ਵੱਲੋਂ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਦਿੱਲੀ ਵਿਚਕਾਰ 250 ਤੋਂ 300 ਕਿਲੋਮੀਟਰ ਦਾ ਫਰਕ ਹੈ। ਇਸ ਲਈ ਪੰਜਾਬ ਦਾ ਧੂੰਆਂ ਕਦੇ ਵੀ ਦਿੱਲੀ ਤੱਕ ਪਹੁੰਚ ਹੀ ਨਹੀਂ ਸਕਦਾ। ਸ੍ਰੀ ਫੂਲਕਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਪਰਾਲੀ ਪ੍ਰਦੂਸ਼ਣ ਬਾਰੇ ਵਿਗਿਆਨਕ ਢੰਗ ਨਾਲ ਪੜਚੋਲ ਕਰਵਾਉਣੀ ਚਾਹੀਦੀ ਹੈ ਤਾਂ ਜੋ ਪੰਜਾਬ ਨੂੰ ਦਿੱਲੀ ਦੇ ਪ੍ਰਦੂਸ਼ਣ ਸਬੰਧੀ ਲੱਗਣ ਵਾਲੇ ਸਾਰੇ ਦੋਸ਼ਾਂ ਤੋਂ ਮੁਕਤ ਕੀਤਾ ਜਾ ਸਕੇ। ਸਾਬਕਾ ਵਿਧਾਇਕ ਫੂਲਕਾ ਨੇ ਕਿਹਾ ਕਿ ਐਸਐਸ ਜੌਹਲ ਕਮੇਟੀ ਦੀ ਰਿਪੋਰਟ ਅਨੁਸਾਰ ਸਾਲ 1986 ਦੌਰਾਨ ਪੰਜਾਬ 'ਚ ਝੋਨੇ ਹੇਠ 27 ਲੱਖ ਏਕੜ ਰਕਬਾ ਆਉਂਦਾ ਸੀ ਪਰ ਅੱਜ ਉਹ ਵਧ ਕੇ 77 ਲੱਖ ਏਕੜ 'ਤੇ ਪਹੁੰਚ ਗਿਆ ਹੈ। ਇਸੇ ਕਰ ਕੇ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖਤਮ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਨਾਲ ਪਾਣੀ ਦੀ 90 ਫ਼ੀਸਦ ਤੱਕ ਬਚਤ ਹੁੰਦੀ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿਚ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 8 ਹਜ਼ਾਰ ਰੁਪਏ ਏਕੜ ਦਿੱਤਾ ਜਾਵੇ।



# ਪਰਮਾਣੂ ਹਮਲਾ: ਰੂਸ ਨੇ ਨਾਟੋ ਮੁਲਕਾਂ ਨੂੰ ਅਗਾਊਂ ਖਬਰਦਾਰ ਕੀਤਾ



**ਮਾਸਕੋ:** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਯੂਕਰੇਨ ਖ਼ਿਲਾਫ਼ ਜਿੱਤ ਹਾਸਲ ਕਰਨ ਲਈ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ ਪਰ ਜੇ ਯੂਕਰੇਨ ਦੀ ਸਹਾਇਤਾ ਕਰ ਰਹੇ ਪੱਛਮੀ ਮੁਲਕ ਅਜਿਹਾ ਸੋਚਦੇ ਹਨ ਕਿ ਮਾਸਕੋ ਕਦੇ ਵੀ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰੇਗਾ ਤਾਂ ਇਹ ਉਨ੍ਹਾਂ ਦੀ ਗਲਤੀ ਹੈ। ਪੂਤਿਨ ਦਾ ਇਹ ਸੁਨੇਹਾ ਅਜਿਹੇ ਸਮੇਂ 'ਚ ਆਇਆ ਹੈ ਜਦੋਂ ਯੂਕਰੇਨੀ ਫ਼ੌਜ ਨੂੰ ਨਾਟੋ ਦੇ ਸਹਿਯੋਗੀ ਮੁਲਕ ਮਦਦ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਰੂਸੀ ਰਾਸ਼ਟਰਪਤੀ ਨੇ ਨਾਟੋ ਮੁਲਕਾਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਯੂਕਰੇਨ ਨੂੰ ਫ਼ੌਜੀ ਸਹਾਇਤਾ ਦੇਣ 'ਤੇ ਉਨ੍ਹਾਂ ਦਾ ਰੂਸ ਨਾਲ ਟਕਰਾਅ ਹੋ ਸਕਦਾ ਹੈ ਜਿਸ ਕਾਰਨ ਪਰਮਾਣੂ ਹਥਿਆਰ ਵਰਤੇ ਜਾ ਸਕਦੇ ਹਨ। ਮਾਸਕੋ ਨੇ ਹੁਣੇ ਜਿਹੇ ਦੱਖਣੀ ਰੂਸ 'ਚ ਸਹਿਯੋਗੀ ਬੇਲਾਰੂਸ ਨਾਲ ਮਿਲ ਕੇ ਆਪਣੇ ਪਰਮਾਣੂ ਹਥਿਆਰਾਂ ਸਬੰਧੀ ਤਿਆਰੀ ਲਈ ਮਸ਼ਕ ਕੀਤੀ ਸੀ। ਪੱਛਮੀ ਮੁਲਕ ਯੂਕਰੇਨ 'ਚ ਨਾਟੋ ਫ਼ੌਜੀਆਂ ਦੀ ਤਾਇਨਾਤੀ ਅਤੇ ਰੂਸੀ ਖ਼ਿੱਤੇ 'ਚ ਸੀਮਤ ਹਮਲਿਆਂ ਲਈ ਉਸ ਨੂੰ ਲੰਬੀ ਦੂਰੀ ਦੇ ਹਥਿਆਰਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਬਾਰੇ ਵਿਚਾਰ ਕਰ ਰਹੇ ਹਨ। ਪੂਤਿਨ ਨੇ ਕਿਹਾ ਕਿ ਲਗਾਤਾਰ ਤਣਾਅ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ ਅਤੇ ਯੂਰਪ ਦੇ ਛੋਟੇ ਮੁਲਕਾਂ ਨੂੰ ਜਾਣੂ ਹੋਣਾ ਚਾਹੀਦਾ ਹੈ ਕਿ ਉਹ ਕਿਸ ਨਾਲ ਲੋਹਾ ਲੈ ਰਹੇ ਹਨ। ਪੂਤਿਨ ਨੇ ਕਿਹਾ ਕਿ ਜੇ ਰੂਸ ਨੇ ਹਮਲਾ ਕੀਤਾ ਤਾਂ ਯੂਰਪੀ ਮੁਲਕਾਂ ਨੂੰ ਬਚਾਉਣ ਲਈ ਅਮਰੀਕਾ ਅੱਗੇ ਨਹੀਂ ਆਵੇਗਾ।

## ਉੱਤਰੀ ਯੂਕਰੇਨ 'ਚ ਬਿਜਲੀ ਪਾਣੀ ਸਪਲਾਈ ਠੱਪ

**ਕੀਵ:** ਰੂਸ ਵੱਲੋਂ ਬੀਤੀ ਰਾਤ ਕੀਤੇ ਗਏ ਹਮਲਿਆਂ ਕਾਰਨ ਉੱਤਰੀ ਯੂਕਰੇਨ 'ਚ ਇਕ ਲੱਖ ਤੋਂ ਜ਼ਿਆਦਾ ਘਰਾਂ 'ਚ ਬਿਜਲੀ ਅਤੇ ਪਾਣੀ ਦੀ ਸਪਲਾਈ ਠੱਪ ਹੋ ਗਈ। ਰੂਸੀ ਸਰਹੱਦ ਨਾਲ ਲਗਦੇ ਉੱਤਰੀ ਸੂਮੀ ਖ਼ਿੱਤੇ 'ਚ ਪਾਵਰ ਸਟੇਸ਼ਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਜਿਸ ਕਾਰਨ ਉਥੇ ਹਨੇਰਾ ਛਾ ਗਿਆ। ਬਾਅਦ 'ਚ ਯੂਕਰੇਨ ਜਨ ਪ੍ਰਸਾਰਣ ਕੇਂਦਰ ਨੇ ਜਾਣਕਾਰੀ ਦਿੱਤੀ ਕਿ ਰੂਸੀ ਡਰੋਨਾਂ ਵੱਲੋਂ ਪਾਵਰ ਲਾਈਨਾਂ ਨੂੰ ਨਿਸ਼ਾਨਾ ਬਣਾਉਣ ਕਾਰਨ ਪਾਣੀ ਸਪਲਾਈ ਵੀ ਠੱਪ ਹੋ ਗਈ ਹੈ। ਰੂਸੀ ਏਜੰਸੀ ਆਰ.ਆਈ.ਏ. ਨੇ ਕ੍ਰੈਮਲਿਨ ਪੱਖੀ ਆਗੂ ਦੇ ਹਵਾਲੇ ਨਾਲ ਕਿਹਾ ਕਿ ਮਾਸਕੋ ਦੀ ਫ਼ੌਜ ਨੇ ਸ਼ਹਿਰ 'ਚ ਹਥਿਆਰ ਬਣਾਉਣ ਵਾਲੇ ਇਕ ਪਲਾਂਟ 'ਤੇ ਹਮਲਾ ਕੀਤਾ। ਪੂਰਬ 'ਚ ਦੋਨੇਤਸਕ ਖ਼ਿੱਤੇ 'ਚ ਰੂਸੀ ਗੋਲਾਬਾਰੀ ਕਾਰਨ 11 ਵਿਅਕਤੀ ਮਾਰੇ ਗਏ ਜਦਕਿ 43 ਹੋਰ ਜ਼ਖ਼ਮੀ ਹੋ ਗਏ। ਇਸੇ ਤਰ੍ਹਾਂ ਪੋਕਰੋਵਸਕ ਦੇ ਸੇਲੀਡੋਵ ਕਸਬੇ 'ਚ ਹਮਲੇ ਦੌਰਾਨ ਪੰਜ ਵਿਅਕਤੀ ਮਾਰੇ ਗਏ।

# ਗੋਲੀਬੰਦੀ ਤੇ ਬੰਦੀਆਂ ਦੀ ਘਰ ਵਾਪਸੀ ਲਈ ਇਜ਼ਰਾਈਲ 'ਚ ਵਿਖਾਵਾ




**ਤਲ ਅਵੀਵ:** ਗਾਜ਼ਾ 'ਚ ਜੰਗ ਸ਼ੁਰੂ ਹੋਣ ਦੇ 9 ਮਹੀਨੇ ਬੀਤਣ ਮਗਰੋਂ ਇਜ਼ਰਾਇਲੀਆਂ ਨੇ ਗੋਲੀਬੰਦੀ ਅਤੇ ਹਮਾਸ ਵੱਲੋਂ ਬੰਦੀ ਬਣਾਏ ਗਏ ਵਿਅਕਤੀਆਂ ਦੀ ਘਰ ਵਾਪਸੀ ਲਈ ਮੁਲਕ 'ਚ ਕਈ ਥਾਵਾਂ 'ਤੇ ਰਾਹ ਰੋਕ ਕੇ ਜ਼ੋਰਦਾਰ ਪ੍ਰਦਰਸ਼ਨ ਕੀਤੇ। ਉਨ੍ਹਾਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਅਸਤੀਫ਼ਾ ਵੀ ਮੰਗਿਆ।

ਇਹ ਪ੍ਰਦਰਸ਼ਨ ਉਸ ਸਮੇਂ ਹੋਏ ਹਨ ਜਦੋਂ ਹਮਾਸ ਨਾਲ ਵਾਰਤਾ ਦੀਆਂ ਨਵੀਆਂ ਕੋਸ਼ਿਸ਼ਾਂ ਸਿਰੇ ਚੜ੍ਹਦੀਆਂ ਨਜ਼ਰ ਆ ਰਹੀਆਂ ਹਨ। ਪ੍ਰਦਰਸ਼ਨਕਾਰੀਆਂ ਨੇ ਸਵੇਰੇ 6.29 ਵਜੇ ਤੋਂ ਹੀ ਰਾਹ ਰੋਕਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਸੰਸਦ ਮੈਂਬਰਾਂ ਦੇ ਘਰਾਂ ਬਾਹਰ ਵੀ ਪ੍ਰਦਰਸ਼ਨ ਕੀਤੇ। ਗਾਜ਼ਾ ਨਾਲ ਲਗਦੀ ਸਰਹੱਦ ਨੇੜੇ ਇਜ਼ਰਾਇਲੀਆਂ ਨੇ ਜੰਗ ਦੌਰਾਨ ਮਾਰੇ ਗਏ ਲੋਕਾਂ ਅਤੇ ਬੰਦੀਆਂ ਦੀ ਯਾਦ 'ਚ 1,500 ਕਾਲੇ ਅਤੇ ਪੀਲੇ ਗ਼ੁਬਾਰੇ ਛੱਡੇ। ਇਕ ਪ੍ਰਦਰਸ਼ਨਕਾਰੀ ਨੇ ਕਿਹਾ ਕਿ ਅੱਜ ਜੰਗ ਨੂੰ 9 ਮਹੀਨੇ ਹੋ ਗਏ ਹਨ ਪਰ ਸਾਡੀ ਸਰਕਾਰ 'ਚੋਂ ਕਿਸੇ ਨੇ ਵੀ ਇਸ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਪਿਛਲੇ ਸਾਲ ਨਵੰਬਰ 'ਚ ਇਜ਼ਰਾਈਲ ਅਤੇ ਹਮਾਸ ਵਿਚਕਾਰ ਸਮਝੌਤੇ ਤਹਿਤ 100 ਤੋਂ ਵਧ ਬੰਦੀਆਂ ਨੂੰ ਰਿਹਾਅ ਕੀਤਾ ਗਿਆ ਸੀ ਅਤੇ ਕਰੀਬ 120 ਵਿਅਕਤੀ ਅਜੇ ਵੀ ਹਮਾਸ ਦੇ ਕਬਜ਼ੇ ਹੇਠ ਹਨ। ਇਜ਼ਰਾਈਲ ਪਹਿਲਾਂ ਹੀ ਆਖ ਚੁੱਕਿਆ ਹੈ ਕਿ 40 ਤੋਂ ਵਧ ਬੰਦੀ ਮਾਰੇ ਜਾ ਚੁੱਕੇ ਹਨ ਅਤੇ ਜੇ ਜੰਗ ਇਸੇ ਤਰ੍ਹਾਂ ਜਾਰੀ ਰਹੀ ਤਾਂ ਇਹ ਗਿਣਤੀ ਹੋਰ ਵਧ ਸਕਦੀ ਹੈ। ਅਲ-ਅਕਸਾ ਸ਼ਹਾਦਤ ਹਸਪਤਾਲ ਮੁਤਾਬਕ ਜ਼ਵਾਇਦਾ 'ਚ ਇਕ ਘਰ 'ਤੇ ਹਮਲੇ ਦੌਰਾਨ ਛੇ ਫ਼ਲਸਤੀਨੀ ਮਾਰੇ ਗਏ। ਇਸੇ ਤਰ੍ਹਾਂ ਗਾਜ਼ਾ ਸ਼ਹਿਰ ਦੇ ਪੱਛਮ 'ਚ ਇਕ ਘਰ 'ਤੇ ਹਵਾਈ ਹਮਲੇ 'ਚ ਤਿੰਨ ਵਿਅਕਤੀ ਮਾਰੇ ਗਏ।

# ਉਦਾਰਵਾਦੀ ਪੇਜ਼ੇਸ਼ਕੀਅਨ ਇਰਾਨ ਦੇ ਨਵੇਂ ਰਾਸ਼ਟਰਪਤੀ



**ਦੁਬਈ:** ਸੁਧਾਰਵਾਦੀ ਆਗੂ ਮਸੂਦ ਪੇਜ਼ੇਸ਼ਕੀਅਨ ਆਪਣੇ ਵਿਰੋਧੀ ਕੱਟੜਵਾਦੀ ਆਗੂ ਸਈਦ ਜਲੀਲੀ ਨੂੰ ਹਰਾ ਕੇ ਇਰਾਨ ਦੇ ਨਵੇਂ ਰਾਸ਼ਟਰਪਤੀ ਬਣ ਗਏ ਹਨ। ਪੇਜ਼ੇਸ਼ਕੀਅਨ ਨੇ ਆਰਥਿਕ ਪਾਬੰਦੀਆਂ ਦੇ ਵਿਚਕਾਰ ਇਰਾਨ ਦੇ ਪੱਛਮੀ ਮੁਲਕਾਂ ਨਾਲ ਸਬੰਧਾਂ ਨੂੰ ਸੁਧਾਰਨ ਅਤੇ ਦੇਸ਼ ਦੇ ਲਾਜ਼ਮੀ ਹਿਜਾਬ ਕਾਨੂੰਨ ਵਿਚ ਢਿੱਲ ਦੇਣ ਦਾ ਵਾਅਦਾ ਕੀਤਾ ਹੈ। ਪੇਸ਼ੇ ਵਜੋਂ ਦਿਲ ਦੇ ਰੋਗਾਂ ਦੇ ਸਰਜਨ ਪੇਜ਼ੇਸ਼ਕੀਅਨ ਨੇ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਇਰਾਨ ਦੀ ਸ਼ੀਆ ਸ਼ਾਸਨ ਪ੍ਰਣਾਲੀ ਵਿਚ ਕੋਈ ਬੁਨਿਆਦੀ ਤਬਦੀਲੀਆਂ ਨਾ ਕਰਨ ਦਾ ਵਾਅਦਾ ਕੀਤਾ ਸੀ ਅਤੇ ਕਿਹਾ ਸੀ ਕਿ ਉਹ ਦੇਸ਼ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਮੇਨੇਈ ਦੇ ਸਾਰੇ ਫ਼ੈਸਲਿਆਂ ਨੂੰ ਮੰਨੇਗਾ।

ਮਈ 'ਚ ਇਬਰਾਹਿਮ ਰਈਸੀ ਦੇ ਹੈਲੀਕਾਪਟਰ ਹਾਦਸੇ 'ਚ ਮਾਰੇ ਜਾਣ ਕਾਰਨ ਰਾਸ਼ਟਰਪਤੀ ਚੋਣ ਕਰਾਉਣੀ ਪਈ ਹੈ। ਪੇਜ਼ੇਸ਼ਕੀਅਨ ਅਤੇ ਜਲੀਲੀ ਵਿਚਕਾਰ ਸਿੱਧੇ ਮੁਕਾਬਲੇ ਲਈ ਵੋਟਾਂ ਪਈਆਂ ਸਨ। ਪੇਜ਼ੇਸ਼ਕੀਅਨ ਨੂੰ 1.63 ਕਰੋੜ ਵੋਟਾਂ ਨਾਲ ਜੇਤੂ ਐਲਾਨਿਆ ਗਿਆ ਜਦੋਂ ਕਿ ਜਲੀਲੀ ਨੂੰ 1.35 ਕਰੋੜ ਵੋਟਾਂ ਮਿਲੀਆਂ। ਇਰਾਨ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਕੁੱਲ ਤਿੰਨ ਕਰੋੜ ਲੋਕਾਂ ਨੇ ਆਪਣੀ ਵੋਟ ਦੀ ਵਰਤੋਂ ਕੀਤੀ ਸੀ। ਜਿਵੇਂ ਹੀ ਪੇਜ਼ੇਸ਼ਕੀਅਨ ਨੇ ਜਲੀਲੀ 'ਤੇ ਆਪਣੀ ਲੀਡ ਬਣਾਈ ਤਾਂ ਉਸ ਦੇ ਸਮਰਥਕ ਜਸ਼ਨ ਮਨਾਉਣ ਲਈ ਤਹਿਰਾਨ ਅਤੇ ਹੋਰ ਸ਼ਹਿਰਾਂ ਵਿਚ ਸੜਕਾਂ 'ਤੇ ਆ ਗਏ। ਇਹ ਚੋਣਾਂ ਅਜਿਹੇ ਸਮੇਂ 'ਚ ਹੋਈਆਂ ਹਨ ਜਦੋਂ ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਕਾਰਨ ਪੱਛਮੀ ਏਸ਼ੀਆ 'ਚ ਤਣਾਅ ਦਾ ਮਾਹੌਲ ਹੈ ਅਤੇ ਇਰਾਨ ਵੱਲੋਂ ਪਰਮਾਣੂ ਹਥਿਆਰ ਬਣਾਉਣ ਦੀਆਂ ਕੋਸ਼ਿਸ਼ਾਂ ਦਰਮਿਆਨ ਉਸ ਦੇ ਪੱਛਮੀ ਮੁਲਕਾਂ ਨਾਲ ਸਬੰਧ ਵਿਗੜੇ ਹੋਏ ਹਨ। ਪੇਜ਼ੇਸ਼ਕੀਅਨ ਨੇ 'ਐਕਸ' 'ਤੇ ਪਾਈ ਪੋਸਟ 'ਚ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਉਨ੍ਹਾਂ ਕਿਹਾ ਕਿ ਅੱਗੇ ਦਾ ਮੁਸ਼ਕਲ ਰਾਹ ਲੋਕਾਂ ਦੇ ਸਹਿਯੋਗ, ਸਮਰਥਨ ਅਤੇ ਵਿਸ਼ਵਾਸ 'ਤੇ ਨਿਰਭਰ ਕਰੇਗਾ। ਉਨ੍ਹਾਂ ਅਹਿਦ ਲਿਆ ਕਿ ਉਹ ਇਰਾਨ ਦੇ ਲੋਕਾਂ ਨੂੰ ਇਕੱਲੇ ਨਹੀਂ ਛੱਡਣਗੇ।

# ਵਿਕਰਮਸਿੰਘੇ ਆਜ਼ਾਦ ਉਮੀਦਵਾਰ ਵਜੋਂ ਰਾਸ਼ਟਰਪਤੀ ਦੀ ਚੋਣ ਲੜਨਗੇ



**ਕੋਲੰਬੋ:** ਸ੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਆਜ਼ਾਦ ਉਮੀਦਵਾਰ ਵਜੋਂ ਰਾਸ਼ਟਰਪਤੀ ਚੋਣ ਲੜਨਗੇ। ਉਨ੍ਹਾਂ ਦੇ ਇਕ ਸਹਿਯੋਗੀ ਨੇ ਮੀਡੀਆ ਵਿਚ ਇਹ ਦਾਅਵਾ ਕੀਤਾ ਹੈ। 'ਨਿਊਜ਼ ਫਸਟ' ਦੀ ਰਿਪੋਰਟ ਮੁਤਾਬਕ, ਯੂਨਾਈਟਿਡ ਨੈਸ਼ਨਲ ਪਾਰਟੀ ਦੇ ਉਪ ਚੇਅਰਮੈਨ ਰੁਵਾਨ ਵਿਜਵਰਦਨੇ ਨੇ ਪੁਸ਼ਟੀ ਕੀਤੀ ਹੈ ਕਿ ਰਾਸ਼ਟਰਪਤੀ ਚੋਣ ਯਕੀਨਨ ਕਰਵਾਈ ਜਾਵੇਗੀ ਅਤੇ ਵਿਕਰਮਸਿੰਘੇ (75) ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਨਿਊਜ਼ ਪੋਰਟਲ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ, ''ਸਿਰਫ਼ ਇਕ ਆਗੂ ਕੋਲ ਸ੍ਰੀਲੰਕਾ ਦਾ ਆਰਥਿਕ ਸੰਕਟ ਦੂਰ ਕਰਨ ਦਾ ਗਿਆਨ ਹੈ। ਉਹ ਹੈ ਰਾਨਿਲ ਵਿਕਰਮਸਿੰਘੇ। ਉਨ੍ਹਾਂ ਆਪਣੇ ਅਮਲਾਂ ਰਾਹੀਂ ਇਸ ਨੂੰ ਸਾਬਤ ਕੀਤਾ ਹੈ।'' ਉਧਰ, ਚੋਣ ਕਮਿਸ਼ਨ ਦੇ ਚੇਅਰਮੈਨ ਆਰ.ਐਮ.ਏ.ਐਲ. ਰਤਨਾਇਕੇ ਨੇ ਕਿਹਾ ਕਿ ਚੋਣ ਸੰਸਥਾ ਨੂੰ ਚੋਣਾਂ ਸਬੰਧੀ ਤਰੀਕਾਂ ਐਲਾਨਣ ਦਾ ਕਾਨੂੰਨੀ ਅਧਿਕਾਰ 17 ਜੁਲਾਈ ਤੋਂ ਬਾਅਦ ਮਿਲੇਗਾ। ਰਤਨਾਇਕੇ ਨੇ ਕਿਹਾ ਕਿ ਕਮਿਸ਼ਨ ਵੱਲੋਂ ਇਸ ਮਹੀਨੇ ਦੇ ਅਖ਼ੀਰ ਵਿਚ ਅਗਲੇ ਰਾਸ਼ਟਰਪਤੀ ਦੀ ਚੋਣ ਮਿਤੀ ਦਾ ਐਲਾਨ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਮਈ ਮਹੀਨੇ ਕਿਹਾ ਸੀ ਕਿ ਰਾਸ਼ਟਰਪਤੀ ਚੋਣਾਂ 17 ਸਤੰਬਰ ਤੋਂ 16 ਅਕਤੂਬਰ ਦਰਮਿਆਨ ਕਰਵਾਈਆਂ ਜਾਣਗੀਆਂ।

ਰਤਨਾਇਕੇ ਨੇ ਕਿਹਾ ਕਿ ਕਮਿਸ਼ਨ ਇਸ ਸਮੇਂ 2024 ਚੋਣ ਰਜਿਸਟਰ ਨੂੰ ਅੰਤਿਮ ਛੋਹਾਂ ਦੇਣ ਦੀ ਪ੍ਰਕਿਰਿਆ ਵਿਚ ਹੈ, ਜੋ ਚੋਣਾਂ ਦਾ ਆਧਾਰ ਹੋਵੇਗਾ। ਅਧਿਕਾਰੀਆਂ ਨੇ ਕਿਹਾ ਕਿ ਸੋਧੀ ਹੋਈ ਵੋਟਰ ਸੂਚੀ ਮੁਤਾਬਕ ਇਕ ਕਰੋੜ 70 ਲੱਖ ਤੋਂ ਵੱਧ ਲੋਕ ਵੋਟ ਪਾਉਣ ਦੇ ਯੋਗ ਹੋਣਗੇ।

# ਹਜੂਮੀ ਹਿੰਸਾ ਤੇ ਨਫਰਤੀ ਅਪਰਾਧਾਂ ਖਿਲਾਫ ਕਾਨੂੰਨ ਦੀ ਮੰਗ ਨੇ ਜ਼ੋਰ ਫੜਿਆ



**ਨਵੀਂ ਦਿੱਲੀ:** ਆਲ ਇੰਡੀਆ ਕਿਸਾਨ ਸਭਾ ਨੇ ਹਜੂਮੀ ਹਿੰਸਾ ਅਤੇ ਨਫ਼ਰਤੀ ਅਪਰਾਧਾਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਪਿਛਲੇ ਮਹੀਨੇ ਛੱਤੀਸਗੜ੍ਹ 'ਚ ਭੀੜ ਵੱਲੋਂ ਪਸ਼ੂਆਂ ਨੂੰ ਲਿਜਾ ਰਹੇ ਤਿੰਨ ਵਿਅਕਤੀਆਂ ਦੀ ਹੱਤਿਆ ਕੀਤੀ ਗਈ ਸੀ। ਕਿਸਾਨ ਸਭਾ ਨੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

ਆਲ ਇੰਡੀਆ ਕਿਸਾਨ ਸਭਾ ਅਤੇ ਆਲ ਇੰਡੀਆ ਐਗਰੀਕਲਚਰਲ ਵਰਕਰਜ਼ ਯੂਨੀਅਨ ਦੇ ਇਕ ਵਫ਼ਦ ਨੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਦਿਆਂ ਇਕ ਬਿਆਨ 'ਚ ਕਿਹਾ ਕਿ ਇਹ 'ਯੋਜਨਾਬੱਧ ਢੰਗ ਨਾਲ ਕੀਤੀਆਂ ਗਈ ਹੱਤਿਆਵਾਂ' ਸਨ। ਵਫ਼ਦ ਨੇ ਉੱਤਰ ਪ੍ਰਦੇਸ਼ ਦੇ ਬਨਾਤ ਕਸਬੇ 'ਚ ਤਹਿਸੀਮ ਕੁਰੈਸ਼ੀ ਅਤੇ ਲਖਨੌਤੀ ਪਿੰਡ ਦੇ ਚਾਂਦ ਮੀਆਂ ਤੇ ਸੱਦਾਮ ਕੁਰੈਸ਼ੀ ਦੇ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਕ-ਇਕ ਲੱਖ ਰੁਪਏ ਦਾ ਚੈੱਕ ਸੌਂਪਿਆ। ਪਸ਼ੂ ਟਰਾਂਸਪੋਰਟਰਾਂ ਦੀ ਛੱਤੀਸਗੜ੍ਹ ਦੇ ਮਹਾਸਮੁੰਦ-ਰਾਏਪੁਰ ਹੱਦ 'ਤੇ ਮਹਾਨਦੀ ਪੁਲ ਨੇੜੇ 7 ਜੂਨ ਨੂੰ ਹੱਤਿਆ ਕਰ ਦਿੱਤੀ ਗਈ ਸੀ। ਕਿਸਾਨਾਂ ਦੀ ਜਥੇਬੰਦੀ ਨੇ ਕਿਹਾ ਕਿ ਚੋਣਾਂ ਤੋਂ ਬਾਅਦ ਦੇਸ਼ ਭਰ 'ਚ ਮੁਸਲਮਾਨਾਂ ਖ਼ਿਲਾਫ਼ ਵਧੇ ਨਫ਼ਰਤੀ ਅਪਰਾਧਾਂ ਦੇ ਮਾਮਲਿਆਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਜਥੇਬੰਦੀ ਨੇ ਆਪਣੀਆਂ ਸਾਰੀਆਂ ਇਕਾਈਆਂ ਨੂੰ 24 ਜੁਲਾਈ ਨੂੰ ਰੋਸ ਦਿਵਸ ਮਨਾਉਣ ਦਾ ਸੱਦਾ ਦਿੱਤਾ ਹੈ। ਆਲ ਇੰਡੀਆ ਕਿਸਾਨ ਸਭਾ ਨੇ ਕਿਹਾ, "ਇਹ ਯੋਜਨਾਬੱਧ ਹੱਤਿਆਵਾਂ ਉਸ ਸਮੇਂ ਹੋਈਆਂ ਜਦੋਂ ਤਿੰਨ ਦਿਨ ਪਹਿਲਾਂ 4 ਜੂਨ ਨੂੰ ਭਾਜਪਾ-ਐੱਨ.ਡੀ.ਏ. ਸਰਕਾਰ ਤੀਜੀ ਵਾਰ ਸੱਤਾ 'ਚ ਆਈ ਸੀ। ਇਸ ਮਗਰੋਂ ਸੰਘ ਪਰਿਵਾਰ ਦੇ ਅਪਰਾਧੀਆਂ ਨੇ ਕਈ ਸੂਬਿਆਂ 'ਚ ਮੁਸਲਮਾਨਾਂ 'ਤੇ ਹਮਲੇ ਕੀਤੇ ਸਨ।" ਵਫ਼ਦ 'ਚ ਰਾਜ ਸਭਾ ਮੈਂਬਰ ਅਤੇ ਐਗਰੀਕਲਚਰਲ ਵਰਕਰਜ਼ ਯੂਨੀਅਨ ਦੇ ਖ਼ਜ਼ਾਨਚੀ ਵੀ. ਸ਼ਿਵਦਾਸਨ, ਕਿਸਾਨ ਸਭਾ ਦੇ ਪ੍ਰਧਾਨ ਅਸ਼ੋਕ ਧਾਵਲੇ ਅਤੇ ਜਨਰਲ ਸਕੱਤਰ ਵਿਜੂ ਕ੍ਰਿਸ਼ਨਨ ਆਦਿ ਸ਼ਾਮਲ ਸਨ। ਉਨ੍ਹਾਂ ਨਾਲ ਉੱਤਰ ਪ੍ਰਦੇਸ਼ ਤੋਂ ਆਲ ਇੰਡੀਆ ਕਿਸਾਨ ਸਭਾ ਦੇ ਆਗੂ ਵੀ ਮੌਜੂਦ ਸਨ। ਬਿਆਨ 'ਚ ਕਿਹਾ ਗਿਆ ਕਿ ਅਜੇ ਤੱਕ ਕੋਈ ਵੀ ਸਰਕਾਰੀ ਅਧਿਕਾਰੀ ਤਹਿਸੀਮ ਕੁਰੈਸ਼ੀ ਦੇ ਪਰਿਵਾਰ ਨੂੰ ਮਿਲਣ ਲਈ ਨਹੀਂ ਆਇਆ ਜਦਕਿ ਸਬ-ਡਿਵੀਜ਼ਨਲ ਮੈਜਿਸਟਰੇਟ ਨੇ ਲਖਨੌਤੀ ਪਿੰਡ 'ਚ ਦੋਵੇਂ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਨੂੰ ਛੱਤੀਸਗੜ੍ਹ ਜਾਂ ਯੂਪੀ ਸਰਕਾਰਾਂ ਨੇ ਕੋਈ ਮੁਆਵਜ਼ਾ ਜਾਂ ਇਲਾਜ ਦਾ ਖ਼ਰਚਾ ਨਹੀਂ ਦਿੱਤਾ ਜਿਥੇ ਕਿ ਭਾਜਪਾ ਸਰਕਾਰਾਂ ਹਨ। ਆਲ ਇੰਡੀਆ ਕਿਸਾਨ ਸਭਾ ਨੇ ਮੰਗ ਕੀਤੀ ਕਿ ਛੱਤੀਸਗੜ੍ਹ ਸਰਕਾਰ ਹਰੇਕ ਪੀੜਤ ਦੇ ਵਾਰਸਾਂ ਨੂੰ ਇਕ-ਇਕ ਕਰੋੜ ਰੁਪਏ ਅਤੇ ਪੱਕੀ ਸਰਕਾਰੀ ਨੌਕਰੀ ਦੇਵੇ। ਉਨ੍ਹਾਂ ਦੋਸ਼ ਲਾਇਆ ਕਿ ਟਰੱਕ 'ਚ ਇਕ ਵੀ ਗਾਂ ਨਹੀਂ ਸੀ ਅਤੇ 11-12 ਲੋਕਾਂ ਦੇ ਗਰੋਹ ਨੇ ਉਸ ਦਾ ਪਿੱਛਾ ਕਰਕੇ ਰੋਕ ਲਿਆ ਅਤੇ ਵਰਕਰਾਂ 'ਤੇ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਇਹ ਮਿੱਥ ਕੇ ਕੀਤੀ ਗਈ ਹੱਤਿਆ ਅਤੇ ਨਫ਼ਰਤੀ ਅਪਰਾਧ ਦਾ ਮਾਮਲਾ ਹੈ। ਉਨ੍ਹਾਂ ਛੱਤੀਸਗੜ੍ਹ ਪੁਲਿਸ 'ਤੇ ਪੱਖਪਾਤੀ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਫੜੇ ਗਏ ਵਿਅਕਤੀਆਂ ਖ਼ਿਲਾਫ਼ ਧਾਰਾ 302 ਨਹੀਂ ਲਾਈ ਗਈ ਕਿਉਂਕਿ ਗ੍ਰਿਫ਼ਤਾਰ ਕੀਤੇ ਗਏ ਚਾਰ ਵਿਅਕਤੀਆਂ 'ਚ ਭਾਰਤੀ ਜਨਤਾ ਯੁਵਾ ਮੋਰਚੇ ਦਾ ਜ਼ਿਲ੍ਹਾ ਪ੍ਰਚਾਰ ਮੁਖੀ ਵੀ ਸ਼ਾਮਲ ਹੈ। ਆਲ ਇੰਡੀਆ ਕਿਸਾਨ ਸਭਾ ਨੇ ਇਸ ਮਾਮਲੇ ਦੀ ਨਿਆਇਕ ਜਾਂਚ ਦੀ ਮੰਗ ਕੀਤੀ ਹੈ।

# ਬਰਤਾਨਵੀ ਵਜ਼ਾਰਤ 'ਚ ਭਾਰਤੀ ਮੂਲ ਦੀ ਲਿਜ਼ਾ ਨੰਦੀ ਸਣੇ 11 ਔਰਤਾਂ ਸ਼ਾਮਲ

**ਲੰਡਨ:** ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੀ ਨਵੀਂ ਕੈਬਨਿਟ ਦਾ ਗਠਨ ਕੀਤਾ ਹੈ, ਜਿਸ 'ਚ ਐਂਜਲਾ ਰੇਨਰ ਨੂੰ ਉਪ ਪ੍ਰਧਾਨ ਮੰਤਰੀ ਅਤੇ ਰਿਚੇਲ ਰੀਵਜ਼ ਨੂੰ ਖਜ਼ਾਨਾ ਮੰਤਰੀ ਨਿਯੁਕਤ ਕੀਤਾ ਗਿਆ।

ਸਟਾਰਮਰ ਦੀ 25 ਮੈਂਬਰੀ ਕੈਬਨਿਟ ਵਿਚ ਭਾਰਤੀ ਮੂਲ ਦੀ ਲਿਜ਼ਾ ਨੰਦੀ ਸਣੇ ਰਿਕਾਰਡ 11 ਔਰਤਾਂ ਸ਼ਾਮਲ ਹਨ। ਉੱਤਰ ਪੱਛਮੀ ਇੰਗਲੈਂਡ ਦੇ ਵਿਗਨ ਸੰਸਦੀ ਹਲਕੇ ਤੋਂ ਜੇਤੂ ਰਹੀ ਲਿਜ਼ਾ ਨੰਦੀ (44) ਨੂੰ ਸਭਿਆਚਾਰ, ਮੀਡੀਆ ਤੇ ਖੇਡ ਮੰਤਰੀ ਬਣਾਇਆ ਗਿਆ ਹੈ। ਰਿਚੇਲ ਰੀਵਜ਼ ਦੇਸ਼ ਦੀ ਪਹਿਲੀ ਮਹਿਲਾ ਵਿੱਤ ਮੰਤਰੀ ਹਨ ਜਦਕਿ ਜਦਕਿ ਰੇਨਰ ਉਪ ਪ੍ਰਧਾਨ ਮੰਤਰੀ ਬਣਨ ਵਾਲੀ ਦੂਜੀ ਮਹਿਲਾ ਹਨ।

ਇਸ ਦੌਰਾਨ ਯੁਵੈਟੇ ਕੂਪਰ ਨੂੰ ਗ੍ਰਹਿ ਮੰਤਰੀ, ਡੇਵਿਡ ਲੈਮੀ ਨੂੰ ਵਿਦੇਸ਼ ਮੰਤਰੀ ਅਤੇ ਜੌਹਨ ਹੀਲੀ ਨੂੰ ਰੱਖਿਆ ਮੰਤਰੀ ਨਿਯੁਕਤ ਕੀਤਾ ਗਿਆ ਹੈ। ਹੋਰ ਨਿਯੁਕਤੀਆਂ ਤਹਿਤ ਸ਼ਬਾਨਾ ਮਹਿਮੂਦ ਨੂੰ ਨਿਆਂ ਮੰਤਰੀ, ਵੈਸ ਸਟਰੀਟਿੰਗ ਨੂੰ ਸਿਹਤ ਮੰਤਰੀ, ਬ੍ਰਿਗੇਟ ਫਿਲਪਸਨ ਨੂੰ ਸਿੱਖਿਆ ਮੰਤਰੀ ਅਤੇ ਐਡ ਮਿਲੀਬੈਂਡ ਨੂੰ ਊਰਜਾ ਮੰਤਰੀ ਬਣਾਇਆ ਗਿਆ ਹੈ।



ਇਸੇ ਦੌਰਾਨ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਕੀਤੀ ਕਿਉਂਕਿ ਉਨ੍ਹਾਂ ਦੀ ਨਵੀਂ ਸਰਕਾਰ ਕਈ ਗੰਭੀਰ ਘਰੇਲੂ ਸਮੱਸਿਆਵਾਂ ਦੂਰ ਕਰਨ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਸਟਾਰਮਰ ਨੇ 10 ਡਾਊਨਿੰਗ ਸਟਰੀਟ 'ਚ ਨਵੇਂ ਮੰਤਰੀਆਂ ਦਾ ਸਵਾਗਤ ਕੀਤਾ। ਉਨ੍ਹਾਂ ਆਖਿਆ, "ਸਾਡੇ ਕੋਲ ਕਰਨ ਲਈ ਬਹੁਤ ਸਾਰਾ ਕੰਮ ਹੈ, ਇਸ ਲਈ ਹੁਣ ਅਸੀਂ ਆਪਣਾ ਕੰਮ ਸ਼ੁਰੂ ਕਰਨਾ ਹੈ।" ਉਨ੍ਹਾਂ ਸਾਹਮਣੇ ਮੰਦੇ ਅਰਥਚਾਰੇ ਨੂੰ ਹੁਲਾਰਾ ਦੇਣਾ, ਸਿਹਤ ਸੰਭਾਲ ਪ੍ਰਣਾਲੀ 'ਚ ਸੁਧਾਰ ਅਤੇ ਸਰਕਾਰ ਦਾ ਭਰੋਸਾ ਬਹਾਲ ਕਰਨਾ ਆਦਿ ਸਮੱਸਿਆਵਾਂ ਹਨ। ਲੰਘੇ ਦਿਨੀਂ ਡਾਊਨਿੰਗ ਸਟਰੀਟ ਤੋਂ ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਭਾਸ਼ਨ 'ਚ ਕੀਰ ਸਟਾਰਮਰ ਨੇ ਬਰਤਾਨੀਆ ਦੀਆਂ ਸਰਹੱਦਾਂ ਸੁਰੱਖਿਅਤ ਬਣਾਉਣ ਅਤੇ ਦੇਸ਼ ਦੇ ਸਿਹਤ ਢਾਂਚੇ ਨੂੰ ਮੁੜ ਲੀਹ 'ਤੇ ਲਿਆਉਣ ਦਾ ਅਹਿਦ ਕੀਤਾ ਸੀ। ਹਾਲਾਂਕਿ ਸਟਾਰਮਰ ਨੇ 10 ਡਾਊਨਿੰਗ ਸਟਰੀਟ 'ਚ ਆਪਣੀ ਨਵੀਂ ਅਧਿਕਾਰਤ ਰਿਹਾਇਸ਼ ਦੇ ਬਾਹਰ ਸਮਰਥਕਾਂ ਦੀ ਹਾਜ਼ਰੀ 'ਚ ਕਿਹਾ, "ਕਿਸੇ ਦੇਸ਼ ਨੂੰ ਬਦਲਣਾ ਕੋਈ 'ਸਵਿੱਚ ਦਬਾਉਣ' ਵਾਂਗ ਨਹੀਂ ਹੈ। ਇਸ ਵਿਚ ਕੁਝ ਸਮਾਂ ਲੱਗੇਗਾ। ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਦਲਾਅ ਦਾ ਕੰਮ ਸ਼ੁਰੂ ਹੋ ਗਿਆ ਹੈ।" ਇਸ ਦੌਰਾਨ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਵੀ ਆਪਣਾ ਕੰਮਕਾਜ ਸ਼ੁਰੂ ਕਰ ਦਿੱਤਾ ਹੈ। ਦੂਜੇ ਪਾਸੇ ਸਿਹਤ ਮੰਤਰੀ ਵੈਸ ਸਟਰੀਟਿੰਗ ਨੇ ਕਿਹਾ ਕਿ ਉਹ ਹੜਤਾਲ 'ਤੇ ਚੱਲ ਰਹੇ ਐਨ.ਐਚ.ਐਸ. ਡਾਕਟਰਾਂ ਨਾਲ ਨਵੇਂ ਸਿਰਿਓਂ ਗੱਲਬਾਤ ਸ਼ੁਰੂ ਕਰਨਗੇ।

## ਸੰਧਵਾਂ ਵੱਲੋਂ ਚੋਣਾਂ ਜਿੱਤਣ ਵਾਲੇ ਪੰਜਾਬੀਆਂ ਨੂੰ ਵਧਾਈ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਰਤਾਨੀਆ ਦੀਆਂ ਆਮ ਚੋਣਾਂ ਵਿਚ ਜਿੱਤ ਦਰਜ ਕਰਨ ਵਾਲੇ 10 ਪੰਜਾਬੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ ਹਾਊਸ ਆਫ ਕਾਮਨਜ਼ ਵਿਚ ਸਿੱਖਾਂ ਅਤੇ ਪੰਜਾਬੀਆਂ ਦੀ ਆਵਾਜ਼ ਬੁਲੰਦ ਹੋਵੇਗੀ। ਸੰਧਵਾਂ ਨੇ ਕਿਹਾ ਕਿ ਨਤੀਜਿਆਂ ਵਿਚ ਲੇਬਰ ਪਾਰਟੀ ਵੱਲੋਂ ਦਰਜ ਕੀਤੀ ਗਈ ਹੂੰਝਾਫੇਰ ਜਿੱਤ ਨਾਲ ਬਰਤਾਨੀਆ ਦੀ ਸੰਸਦ ਵਿਚ ਪੰਜਾਬੀਆਂ ਖਾਸ ਕਰ ਸਿੱਖਾਂ ਨੂੰ ਅਹਿਮ ਨੁਮਾਇੰਦਗੀ ਹਾਸਲ ਹੋਈ ਹੈ। ਉਨ੍ਹਾਂ ਕਿਹਾ ਕਿ ਸਿੱਖ ਆਗੂਆਂ ਦੀ ਇਹ ਜਿੱਤ ਮਾਣ ਕਰਨ ਵਾਲੀ ਅਤੇ ਵੱਕਾਰੀ ਜਿੱਤ ਹੈ। ਉਨ੍ਹਾਂ ਕਿਹਾ ਕਿ ਬਰਤਾਨਵੀ ਸੰਸਦ ਲਈ ਪਹਿਲੀ ਵਾਰ 10 ਸਿੱਖ ਤੇ ਪੰਜਾਬੀ ਮੈਂਬਰਾਂ ਦਾ ਚੁਣਿਆ ਜਾਣਾ ਇਕ ਮਿਸਾਲ ਹੈ।

## ਬੱਬਰ ਖਾਲਸਾ ਇੰਟਰਨੈਸ਼ਨਲ ਦਾ ਮੈਂਬਰ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਕਾਊਂਟਰ ਇੰਟੈਲੀਜੈਂਸ ਜਲੰਧਰ ਦੀ ਟੀਮ ਨੇ ਇਕ ਖੁਫ਼ੀਆ ਕਾਰਵਾਈ ਦੌਰਾਨ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਸਿਮਰਨਜੀਤ ਸਿੰਘ ਬਬਲੂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਬਬਲੂ ਸਾਬਕਾ ਖਾੜਕੂ ਰਤਨਦੀਪ ਸਿੰਘ ਉਤੇ 3 ਅਪਰੈਲ ਨੂੰ ਕੀਤੀ ਗੋਲੀਬਾਰੀ ਵਿਚ ਸ਼ਾਮਲ ਸੀ। ਮੌਕੇ ਤੋਂ ਆਧੁਨਿਕ ਹਥਿਆਰਾਂ ਸਮੇਤ ਗੋਲਾ ਬਾਰੂਦ ਵੀ ਬਰਾਮਦ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਕੇਰਲ ਦਾ ਸਿਹਤ ਵਰਕਰ ਬਰਤਾਨੀਆ ਵਿਚ ਸੰਸਦ ਮੈਂਬਰ ਬਣਿਆ

**ਲੰਡਨ:** ਕੌਮੀ ਸਿਹਤ ਸੇਵਾ (ਐਨ.ਐਚ.ਐਸ) ਵਿਚ ਮਾਨਸਿਕ ਸਿਹਤ ਬਾਰੇ ਨਰਸ ਸੋਜਨ ਜੋਸਫ, ਜੋ 22 ਸਾਲ ਪਹਿਲਾਂ ਕੇਰਲ ਤੋਂ ਬਰਤਾਨੀਆ ਚਲਾ ਗਿਆ ਸੀ, ਮੁਲਕ ਦੀਆਂ ਆਮ ਚੋਣਾਂ 'ਚ ਹਾਊਸ ਆਫ ਕਾਮਨਜ਼ ਲਈ ਲੇਬਰ ਪਾਰਟੀ ਵੱਲੋਂ ਚੁਣੇ ਗਏ ਨਵੇਂ ਸੰਸਦ ਮੈਂਬਰਾਂ 'ਚੋਂ ਇਕ ਹੈ। 49 ਸਾਲਾ ਜੋਸਫ ਆਪਣੇ ਚੋਣ ਹਲਕੇ 'ਚ ਵਧੇਰੇ ਮਾਨਸਿਕ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੇ ਅਹਿਦ ਨਾਲ ਘਰ-ਘਰ ਜਾ ਕੇ ਵੋਟਰਾਂ ਨਾਲ ਜੁੜੇ ਅਤੇ ਦੱਖਣ-ਪੂਰਬੀ ਇੰਗਲੈਂਡ ਦੇ ਕੇਂਟ 'ਚ ਕੰਜ਼ਰਵੇਟਿਵਾਂ ਦੇ ਗੜ੍ਹ ਐਸ਼ਫੋਰਡ 'ਚ ਸੰਨ੍ਹ ਲਾਉਣ 'ਚ ਕਾਮਯਾਬ ਰਹੇ। ਦਿੱਗਜ ਟੋਰੀ ਆਗੂ ਤੇ ਸਾਬਕਾ ਮੰਤਰੀ ਡੈਮੀਅਨ ਗਰੀਨ ਨੂੰ ਹਰਾ ਕੇ ਜੋਸਫ ਨੇ ਉਸ ਸੀਟ 'ਤੇ ਸੱਜੇਪੱਖੀ ਉਮੀਦਵਾਰਾਂ ਦੀ ਪਰਵਾਸ ਵਿਰੋਧੀ ਬਿਆਨਬਾਜ਼ੀ ਨੂੰ ਵੀ ਝਟਕਾ ਦਿੱਤਾ ਜਿੱਥੇ ਟੋਰੀਜ਼ ਮਗਰੋਂ ਕੱਟੜਪੰਥੀ ਪਾਰਟੀ ਰਿਫਾਮਜ਼ ਯੂਕੇ ਤੀਜੇ ਸਥਾਨ 'ਤੇ ਰਹੀ। ਜੋਸਫ ਨੇ ਚੋਣ ਜਿੱਤਣ ਮਗਰੋਂ ਆਪਣੇ ਭਾਸ਼ਣ 'ਚ ਕਿਹਾ, 'ਤੁਸੀਂ ਮੇਰੇ ਉਤੇ ਜੋ ਭਰੋਸਾ ਪ੍ਰਗਟਾਇਆ ਹੈ, ਮੈਂ ਉਸ ਲਈ ਸ਼ੁਕਰਗੁਜ਼ਾਰ ਹਾਂ ਅਤੇ ਮੈਂ ਆਪਣੀਆਂ ਜ਼ਿੰਮੇਵਾਰੀਆਂ ਵੀ ਪੂਰੀ ਤਰ੍ਹਾਂ ਸਮਝਦਾ ਹਾਂ। ਮੈਂ ਐਸ਼ਫੋਰਡ, ਹਾਅਕਿੰਗ ਤੇ ਇੱਥੋਂ ਦੇ ਪਿੰਡਾਂ ਲਈ ਸਖ਼ਤ ਮਿਹਨਤ ਕਰਾਂਗਾ।' ਉਸ ਨੇ ਕਿਹਾ, 'ਮੈਨੂੰ ਐਸ਼ਫੋਰਡ ਤੇ ਵਿਲਜ਼ਬੋਰੋ ਨੂੰ ਆਪਣਾ ਘਰ ਕਹਿਣ 'ਚ ਬਹੁਤ ਮਾਣ ਮਹਿਸੂਸ ਹੁੰਦਾ ਹੈ। ਮੈਂ ਪਿਛਲੇ ਕੁਝ ਸਾਲਾਂ 'ਚ ਫੰਡ ਜੁਟਾਉਣ ਵਾਲੀਆਂ ਗਤੀਵਿਧੀਆਂ ਵਿਚ ਹਿੱਸਾ ਲਿਆ ਹੈ ਜਿਨ੍ਹਾਂ 'ਚ ਵੱਖ-ਵੱਖ ਚੈਰਿਟੀ ਫੰਡਾਂ ਲਈ ਮੈਰਾਥਨ ਦੌੜ ਅਤੇ ਸਥਾਨਕ ਹਸਪਤਾਲ ਦੇ ਚੈਰਿਟੀ ਫੰਡਾਂ ਲਈ ਡਰੈਗਨ ਬੋਟ ਰੇਸ ਸ਼ਾਮਲ ਹੈ।' ਜੋਸਫ ਨੇ ਸਕੂਲੀ ਪੜ੍ਹਾਈ ਕੋਟਾਇਮ ਤੋਂ ਅਤੇ ਨਰਸਿੰਗ ਦੀ ਪੜ੍ਹਾਈ ਬੰਗਲੂਰੂ ਦੇ ਬੀਆਰ ਅੰਬੇਡਕਰ ਮੈਡੀਕਲ ਕਾਲਜ ਤੋਂ ਪੂਰੀ ਕੀਤੀ।



# ਬਰਤਾਨਵੀ ਚੋਣਾਂ 'ਚ ਪੰਜਾਬੀਆਂ ਦੀ ਜਿੱਤ ਮਾਣ ਵਾਲੀ ਗੱਲ: ਧਾਮੀ

**ਅੰਮ੍ਰਿਤਸਰ:** ਬਰਤਾਨੀਆ ਵਿਚ ਹੋਈਆਂ ਸੰਸਦੀ ਚੋਣਾਂ 'ਚ ਜਿੱਤ ਹਾਸਲ ਕਰਨ ਵਾਲੇ ਸਿੱਖ ਅਤੇ ਪੰਜਾਬੀ ਸੰਸਦ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਧਾਈ ਦਿੰਦਿਆਂ ਕਿਹਾ ਕਿ ਇਹ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਲਈ ਬੜੇ ਮਾਣ ਵਾਲੀ ਗੱਲ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਆਪਣੀ ਮਿਹਨਤ ਨਾਲ ਪੂਰੀ ਦੁਨੀਆਂ ਵਿਚ ਨਾਮਣਾ ਖੱਟਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਨਵੇਂ ਚੁਣੇ ਸੰਸਦ ਮੈਂਬਰ ਜ਼ਰੂਰ ਚਾਰਾਜੋਈ ਕਰਨਗੇ। ਇਸ ਤਰ੍ਹਾਂ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਜੇਤੂ ਮੈਂਬਰਾਂ ਨੂੰ ਵਧਾਈ ਦਿੱਤੀ ਹੈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬਰਤਾਨੀਆ ਦੀਆਂ ਸੰਸਦੀ ਚੋਣਾਂ ਵਿਚ ਪਹਿਲੀ ਵਾਰ ਚਾਰ ਦਸਤਾਰਧਾਰੀ



ਸਿੱਖਾਂ ਅਤੇ ਸਿੱਖ ਪਰਿਵਾਰਾਂ ਨਾਲ ਸਬੰਧਤ ਪੰਜ ਬੀਬੀਆਂ ਦੇ ਸੰਸਦ ਮੈਂਬਰ ਬਣਨ ਨੂੰ ਸਿੱਖ ਕੌਮ ਲਈ ਮਾਣਮੱਤੀ ਪ੍ਰਾਪਤੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਬਰਤਾਨੀਆ ਵਿਚ ਪਹਿਲਾਂ ਵੀ ਸਿੱਖ ਸਿਵਲ, ਪ੍ਰਸ਼ਾਸਨਿਕ ਤੇ ਰਾਜਨੀਤਕ ਖੇਤਰ ਵਿਚ ਚੰਗਾ ਪ੍ਰਭਾਵ ਬਣਾ ਚੁੱਕੇ ਹਨ।

## ਦੋ ਮਹੀਨੇ ਪਹਿਲਾਂ ਕੈਨੇਡਾ ਗਈ ਮੁਟਿਆਰ ਦੀ ਮੌਤ

**ਮਾਨਸਾ:** ਨੇੜਲੇ ਪਿੰਡ ਬਰ੍ਹੇ ਦੀ ਦੋ ਮਹੀਨੇ ਪਹਿਲਾਂ ਕੈਨੇਡਾ ਗਈ ਲੜਕੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਭਾਰਤ ਲਿਆਂਦਾ ਜਾਵੇ। ਜਾਣਕਾਰੀ ਅਨੁਸਾਰ ਪਿੰਡ ਬਰ੍ਹੇ ਦੇ ਕਿਸਾਨ ਮਿੱਠੂ ਸਿੰਘ ਨੇ ਜ਼ਮੀਨ ਵੇਚ ਕੇ ਆਪਣੀ ਧੀ ਬੇਅੰਤ ਕੌਰ (25) ਨੂੰ 31 ਮਾਰਚ ਨੂੰ ਕੈਨੇਡਾ ਭੇਜਿਆ ਸੀ ਜਿੱਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕਿਸਾਨ ਮਿੱਠੂ ਸਿੰਘ ਦਾ ਕਹਿਣਾ ਹੈ ਕਿ ਉਹ 2 ਏਕੜ ਜ਼ਮੀਨ ਦਾ ਮਾਲਕ ਸੀ। ਇਕ ਏਕੜ ਜ਼ਮੀਨ ਵੇਚ ਕੇ ਉਸ ਨੇ ਆਪਣੀ ਧੀ ਨੂੰ ਕੈਨੇਡਾ ਭੇਜਿਆ ਸੀ। ਉਸ ਦਾ ਕਹਿਣਾ ਹੈ ਕਿ ਧੀ ਦੀ ਲਾਸ਼ ਨੂੰ ਭਾਰਤ ਲਿਆਉਣ ਲਈ ਕਰੀਬ 25 ਲੱਖ ਰੁਪਏ ਖਰਚ ਆਉਣਗੇ ਪਰ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

# ਔਰਤਾਂ ਲਈ ਮਾਹਵਾਰੀ ਛੁੱਟੀ ਬਾਰੇ ਨੀਤੀ ਤਿਆਰ ਕਰੇ ਸਰਕਾਰ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਸੂਬਿਆਂ ਅਤੇ ਹੋਰ ਹਿੱਤਧਾਰਕਾਂ ਨਾਲ ਮਸ਼ਵਰਾ ਕਰ ਕੇ ਮਹਿਲਾ ਮੁਲਾਜ਼ਮਾਂ ਲਈ ਮਾਹਵਾਰੀ ਛੁੱਟੀ ਉਤੇ ਇਕ ਮਾਡਲ ਨੀਤੀ ਤਿਆਰ ਕਰੇ। ਚੀਫ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਇਹ ਮੁੱਦਾ ਨੀਤੀ ਨਾਲ ਸਬੰਧਤ ਹੈ ਅਤੇ ਅਦਾਲਤਾਂ ਦੇ ਵਿਚਾਰ ਕਰਨ ਵਾਸਤੇ ਨਹੀਂ ਹੈ।

ਬੈਂਚ ਨੇ ਕਿਹਾ ਕਿ ਇਸ ਤੋਂ ਇਲਾਵਾ, ਮਹਿਲਾਵਾਂ ਨੂੰ ਅਜਿਹੀ ਛੁੱਟੀ ਦੇਣ ਦੇ ਸਬੰਧ ਵਿਚ ਅਦਾਲਤ ਦਾ ਫੈਸਲਾ ਵਿਰੋਧੀ ਅਤੇ 'ਨੁਕਸਾਨਦਾਇਕ' ਸਾਬਤ ਹੋ ਸਕਦਾ ਹੈ ਕਿਉਂਕਿ ਰੁਜ਼ਗਾਰਦਾਤਾ ਉਨ੍ਹਾਂ ਨੂੰ ਕੰਮ 'ਤੇ ਰੱਖਣ ਤੋਂ ਪਰਹੇਜ਼ ਕਰ ਸਕਦੇ ਹਨ। ਬੈਂਚ ਨੇ ਪਟੀਸ਼ਨਰ ਨੂੰ ਸਵਾਲ ਕੀਤਾ ਕਿ ਇਸ ਤਰ੍ਹਾਂ ਦੀ ਛੁੱਟੀ ਵਧੇਰੇ ਔਰਤਾਂ ਨੂੰ ਕਾਰਜ ਬਲ ਦਾ ਹਿੱਸਾ ਬਣਨ ਲਈ ਕਿਵੇਂ ਉਤਸ਼ਾਹਿਤ ਕਰੇਗੀ। ਬੈਂਚ ਨੇ ਕਿਹਾ ਕਿ ਇਸ ਤਰ੍ਹਾਂ ਦੀ ਛੁੱਟੀ ਜ਼ਰੂਰੀ ਕਰਨ ਨਾਲ ਔਰਤਾਂ ਕਾਰਜ ਬਲ (ਵਰਕ ਫੋਰਸ) ਤੋਂ ਦੂਰ ਹੋ ਜਾਣਗੀਆਂ। ਅਸੀਂ ਅਜਿਹਾ ਨਹੀਂ ਚਾਹੁੰਦੇ।"



# ਢੇਸੀ ਦੇ ਮੁੜ ਸੰਸਦ ਮੈਂਬਰ ਬਣਨ 'ਤੇ ਰਾਏਪੁਰ ਵਾਸੀਆਂ ਨੇ ਜਸ਼ਨ ਮਨਾਏ

**ਜਲੰਧਰ:** ਇੰਗਲੈਂਡ ਵਿਚ ਹੋਈਆਂ ਆਮ ਚੋਣਾਂ ਵਿਚ ਜੇਤੂ ਪੰਜਾਬੀ ਮੂਲ ਦੇ 12 ਉਮੀਦਵਾਰਾਂ ਦੇ ਪਰਿਵਾਰਕ ਮੈਂਬਰਾਂ ਨੇ ਜਿੱਤ ਦੇ ਜਸ਼ਨ ਮਨਾਏ। ਜਲੰਧਰ ਨਾਲ ਸਬੰਧਤ ਰਹੇ ਚਾਰ ਉਮੀਦਵਾਰਾਂ ਨੇ ਵੀ ਚੋਣ ਜਿੱਤੀ ਹੈ। ਬਹੁਤੇ ਆਗੂ ਲੇਬਰ ਪਾਰਟੀ ਨਾਲ ਸਬੰਧਤ ਹਨ। ਸਭ ਤੋਂ ਵੱਧ ਚਰਚਿਤ ਚਿਹਰਾ ਤਨਮਨਜੀਤ ਸਿੰਘ ਢੇਸੀ ਦਾ ਰਿਹਾ ਜਿਨ੍ਹਾਂ ਨੇ ਲਗਾਤਾਰ ਤੀਜੀ ਵਾਰ ਪਾਰਲੀਮੈਂਟ ਦੀ ਚੋਣ ਜਿੱਤੀ ਹੈ ਤੇ ਉਨ੍ਹਾਂ ਨੂੰ ਇੰਗਲੈਂਡ ਦੀ ਪਾਰਲੀਮੈਂਟ ਵਿਚ ਪਹਿਲੇ ਦਸਤਾਰਧਾਰੀ ਸੰਸਦ ਮੈਂਬਰ ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਸਲੋਅ ਤੋਂ ਚੋਣ ਜਿੱਤੀ ਹੈ।



ਤਨਮਨਜੀਤ ਸਿੰਘ ਢੇਸੀ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਰਾਸੂਲਪੁਰ ਦੇ ਰਹਿਣ ਵਾਲੇ ਹਨ। ਉਨ੍ਹਾਂ ਦੀ ਜਿੱਤ ਦੀ ਖ਼ਬਰ ਜਿਉਂ ਹੀ ਪਿੰਡ ਪਹੁੰਚੀ ਤਾਂ ਉਨ੍ਹਾਂ ਦੇ ਘਰ ਵਿਆਹ ਵਰਗਾ ਮਾਹੌਲ ਬਣ ਗਿਆ। ਪਿੰਡ ਵਿਚ ਰਹਿ ਰਹੇ ਉਨ੍ਹਾਂ ਦੇ ਤਾਏ ਅਮਰੀਕ ਸਿੰਘ ਢੇਸੀ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ। ਤਨਮਨਜੀਤ ਸਿੰਘ ਦੇ ਪਿਤਾ ਜਸਪਾਲ ਸਿੰਘ ਢੇਸੀ ਤੇ ਚਾਚਾ ਪਰਮਜੀਤ ਸਿੰਘ ਰਾਏਪੁਰ ਨੇ ਇੰਗਲੈਂਡ ਵਿਚ ਮੂਲ ਦੇ ਉਮੀਦਵਾਰਾਂ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਪਰਮਜੀਤ ਸਿੰਘ ਰਾਏਪੁਰ ਨੇ ਕਿਹਾ ਕਿ ਤਨਮਨਜੀਤ ਸਿੰਘ ਪਹਿਲਾਂ ਗ੍ਰੈਵਸ਼ੈਮ ਸ਼ਹਿਰ ਦੇ ਪਹਿਲੇ ਪੱਗੜੀਧਾਰੀ ਮੇਅਰ ਬਣੇ ਸਨ। ਇਸ ਤੋਂ ਬਾਅਦ ਲੇਬਰ ਪਾਰਟੀ ਨੇ ਉਨ੍ਹਾਂ ਨੂੰ ਐਮ.ਪੀ. ਦੀ ਚੋਣ ਲਈ ਉਮੀਦਵਾਰ ਬਣਾਇਆ ਸੀ ਤੇ ਉਹ ਲਗਾਤਾਰ ਤੀਜੀ ਵਾਰ ਜਿੱਤੇ ਹਨ।

ਬਰਮਿੰਘਮ-ਐਡਸਬੈਸਟਨ ਤੋਂ ਲੇਬਰ ਪਾਰਟੀ ਦੀ ਪ੍ਰੀਤ ਕੌਰ ਗਿੱਲ ਵੀ ਤੀਜੀ ਵਾਰ ਚੋਣ ਜਿੱਤ ਗਈ ਹੈ। ਉਨ੍ਹਾਂ ਨੂੰ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਦਾ ਪਿਛੋਕੜ ਜਲੰਧਰ ਦੇ ਜਮਸ਼ੇਰ ਖ਼ਾਸ ਕਬਸੇ ਨਾਲ ਦੱਸਿਆ ਜਾਂਦਾ ਹੈ। ਪਰਮਜੀਤ ਸਿੰਘ ਰਾਏਪੁਰ ਜੋ ਐਸ.ਜੀ.ਪੀ.ਸੀ. ਮੈਂਬਰ ਵੀ ਹਨ, ਉਨ੍ਹਾਂ ਇੰਗਲੈਂਡ ਤੋਂ ਗੱਲਬਾਤ ਕਰਦਿਆਂ ਕਿਹਾ ਕਿ ਇੱਥੇ ਦੀਆਂ ਆਮ ਚੋਣਾਂ ਅਤੇ ਭਾਰਤ ਦੀਆਂ ਆਮ ਚੋਣਾਂ ਵਿਚ ਜ਼ਮੀਨ ਅਸਮਾਨ ਜਿੰਨਾ ਫਰਕ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਅੰਦੋਲਨ ਕਾਰਨ ਤਨਮਨਜੀਤ ਸਿੰਘ ਜਦੋਂ ਵੀ ਪੰਜਾਬ ਆਉਂਦੇ ਹਨ ਤਾਂ ਕੱਟੜਪੰਥੀ ਹਿੰਦੂ ਉਨ੍ਹਾਂ ਦਾ ਵਿਰੋਧ ਕਰਦੇ ਹਨ।

## ਬਾਦਲ ਨੇ ਸਿੱਖ ਸੰਸਦ ਮੈਂਬਰਾਂ ਨੂੰ ਦਿੱਤੀ ਵਧਾਈ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਯੂਕੇ ਵਿਚ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਲਈ ਚੁਣੇ ਗਏ ਸਿੱਖ ਮੈਂਬਰਾਨ ਪਾਰਲੀਮੈਂਟ (ਐਮ.ਪੀਜ਼.) ਨੂੰ ਵਧਾਈ ਦਿੱਤੀ ਹੈ ਅਤੇ ਅਪੀਲ ਕੀਤੀ ਕਿ ਉਹ ਸਿੱਖੀ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਸਾਂਝੇ ਤੌਰ 'ਤੇ ਕੰਮ ਕਰਨ ਤਾਂ ਜੋ ਸਿੱਖ ਕੌਮ ਖ਼ਿਲਾਫ਼ ਨਫ਼ਰਤੀ ਅਪਰਾਧ ਰੋਕੇ ਜਾ ਸਕਣ। ਉਨ੍ਹਾਂ ਕਿਹਾ ਸਿੱਖ ਭਾਈਚਾਰਾ ਇੰਗਲੈਂਡ ਦਾ ਚੌਥਾ ਸਭ ਤੋਂ ਵੱਡਾ ਧਾਰਮਿਕ ਸਮੂਹ ਹੈ। ਉਨ੍ਹਾਂ ਕਿਹਾ ਕਿ ਇਹ ਦੁਨੀਆਂ ਭਰ ਵਿਚ ਵਸਦੀ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਕਿ ਕੌਮ ਦੇ 10 ਮੈਂਬਰ ਐਮ.ਪੀ. ਚੁਣੇ ਗਏ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 13 ਜੁਲਾਈ, 2024

# ਪੰਜਾਬ ਦੇ ਹਾਲਾਤ

*ਪੰਜਾਬ ਦੇ ਆਰਥਿਕ ਹਾਲਾਤ ਬਾਰੇ ਚਰਚਾ ਹੁਣ ਵੱਡੇ ਪੱਧਰ 'ਤੇ ਹੋਣ ਲੱਗੀ ਹੈ। ਪੰਜਾਬ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ। ਇਸ ਦੇ ਨਾਲ ਹੀ ਜੀ.ਐੱਸ.ਟੀ. ਪ੍ਰਣਾਲੀ ਲਾਗੂ ਹੋਣ ਤੋਂ ਬਾਅਦ ਮਾਲੀਆ ਘਟਿਆ ਹੈ। ਕੇਂਦਰ ਸਰਕਾਰ ਨੇ ਜੀ.ਐੱਸ.ਟੀ. ਲਾਗੂ ਕਰਨ ਵੇਲੇ ਇਸ ਕਾਰਨ ਪੈਣ ਵਾਲੇ ਘਾਟੇ ਦੀ ਭਰਪਾਈ ਦਾ ਵਾਅਦਾ ਕੀਤਾ ਪਰ ਪੰਜ ਸਾਲ ਦਾ ਉਹ ਸਮਾਂ ਹੁਣ ਪੂਰਾ ਹੋ ਚੁੱਕਾ ਹੈ। ਬਹੁਤੇ ਟੈਕਸ ਕੇਂਦਰ ਕੋਲ ਜਾਣ ਕਰਕੇ ਸੂਬਿਆਂ ਨੂੰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕੇਂਦਰ ਕੋਲੋਂ ਆਪਣੇ ਹੀ ਫੰਡ ਲੈਣ ਲਈ ਤਰੱਦਦ ਕਰਨਾ ਪੈ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰ ਨੇ ਵੱਖ-ਵੱਖ ਮੱਦਾਂ ਤਹਿਤ ਪੰਜਾਬ ਦੇ 10000 ਕਰੋੜ ਰੁਪਏ ਦੇ ਫੰਡ ਰੋਕੇ ਹੋਏ ਹਨ। ਇਨ੍ਹਾਂ ਵਿਚ 6767 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਵਿਕਾਸ ਫੰਡ ਦੇ ਹਨ ਜੋ ਪੰਜਾਬ ਸਰਕਾਰ ਵੱਲੋਂ ਕੇਂਦਰੀ ਪੂਲ ਲਈ ਖੇਤੀ ਜਿਣਸਾਂ ਦੀ ਖਰੀਦ ਸਮੇਂ ਲਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਰਾਸ਼ਟਰੀ ਸਿਹਤ ਮਿਸ਼ਨ ਦੇ 650 ਕਰੋੜ ਰੁਪਏ, ਸਮੱਗਰ ਸਿੱਖਿਆ ਪ੍ਰੋਗਰਾਮ ਦੇ 515.55 ਕਰੋੜ ਰੁਪਏ ਅਤੇ ਵਿਸ਼ੇਸ਼ ਪੂੰਜੀ ਸਹਾਇਤਾ ਲਈ 1600 ਕਰੋੜ ਰੁਪਏ ਦੇ ਫੰਡ ਸ਼ਾਮਿਲ ਹਨ। ਯਾਦ ਰਹੇ ਕਿ ਕੇਂਦਰ ਵਲੋਂ ਸੂਬਿਆਂ ਨੂੰ ਫੰਡ ਦੇਣ ਵਿਚ ਪੱਖਪਾਤ ਦਾ ਮੁੱਦਾ ਕਈ ਹੋਰ ਸੂਬਿਆਂ, ਖ਼ਾਸਕਰ ਦੱਖਣ ਦੇ ਸੂਬਿਆਂ ਵੱਲੋਂ ਲਗਾਤਾਰ ਉਠਾਇਆ ਜਾ ਰਿਹਾ ਹੈ। ਹੁਣ ਪੰਜਾਬ ਨੂੰ ਇਸ ਮਾਮਲੇ ਵਿਚ ਪਹਿਲਕਦਮੀ ਕਰਨੀ ਚਾਹੀਦੀ ਹੈ। ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਇਕਸੁਰ ਹੋ ਕੇ ਸੂਬੇ ਦੇ ਹਿੱਤਾਂ ਦੀ ਆਵਾਜ਼ ਸੰਸਦ ਅਤੇ ਹੋਰਨਾਂ ਮੰਚਾਂ 'ਤੇ ਉਠਾਉਣੀ ਚਾਹੀਦੀ ਹੈ। ਇਸ ਦਿਸ਼ਾ ਵਿਚ ਸਾਜ਼ਗਾਰ ਮਾਹੌਲ ਪੈਦਾ ਕਰਨ ਲਈ ਆਮ ਆਦਮੀ ਪਾਰਟੀ ਜਿਸ ਦੀ ਪੰਜਾਬ ਵਿਚ ਸਰਕਾਰ ਹੈ, ਨੂੰ ਪਹਿਲ ਕਰਨੀ ਚਾਹੀਦੀ ਹੈ।*

*ਪਿਛਲੇ ਲੰਮੇ ਸਮੇਂ ਦੌਰਾਨ ਦਰਪੇਸ਼ ਔਕੜਾਂ ਕਰ ਕੇ ਪੰਜਾਬ ਪਹਿਲਾਂ ਹੀ ਕਈ ਸੂਬਿਆਂ ਤੋਂ ਬਹੁਤ ਪਛੜ ਗਿਆ ਹੈ। ਖਾੜਕੂਵਾਦ ਵਾਲੇ ਦੌਰ ਵੇਲੇ ਸੂਬੇ ਨੂੰ ਤਕੜਾ ਵਿੱਤੀ ਝਟਕਾ ਲੱਗਿਆ ਸੀ ਜਿਸ ਦੀ ਭਰਪਾਈ ਅੱਜ ਤੱਕ ਨਹੀਂ ਹੋ ਸਕੀ। ਸੂਬਾ ਸਨਅਤੀਕਰਨ ਵਾਲੀ ਲੀਹ 'ਤੇ ਵੀ ਪੈ ਨਹੀਂ ਸਕਿਆ। ਹੋਰ ਤਾਂ ਹੋਰ, ਪੰਜਾਬ ਦੀਆਂ ਕਈ ਛੋਟੀਆਂ ਸਨਅਤਾਂ ਲਾਗਲੇ ਪਹਾੜੀ ਸੂਬਿਆਂ ਵਿਚ ਤਬਦੀਲ ਹੋ ਗਈਆਂ ਕਿਉਂਕਿ ਕੇਂਦਰ ਸਰਕਾਰ ਨੇ ਪਹਾੜੀ ਰਾਜਾਂ ਨੂੰ ਕੁਝ ਸਨਅਤੀ ਛੋਟਾਂ ਦਿੱਤੀਆਂ ਹੋਈਆਂ ਹਨ। ਕੁਝ ਮਾਹਿਰ ਇਹ ਨੁਕਤਾ ਵੀ ਉਭਾਰ ਰਹੇ ਕਿ ਮੁਫ਼ਤ ਸਹੂਲਤਾਂ ਨੇ ਵੀ ਪੰਜਾਬ ਦੀ ਆਰਥਿਕਤਾ ਨੂੰ ਝਟਕਾ ਦਿੱਤਾ ਹੈ। ਇਹ ਸਹੂਲਤਾਂ ਵੱਖ-ਵੱਖ ਪਾਰਟੀਆਂ ਨੇ ਸੱਤਾ ਹਾਸਲ ਕਰਨ ਦੇ ਲਾਲਚ ਵਿਚ ਦਿੱਤੀਆਂ ਹਨ। 1996 ਵਿਚ ਕਾਂਗਰਸ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਰੀ ਮਹੀਨਿਆਂ ਵਿਚ ਛੋਟੀ ਕਿਸਾਨੀ ਨੂੰ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ 'ਤੇ ਬਿਜਲੀ ਦਿੱਤੀ ਸੀ। 1997 ਵਿਚ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਸਾਰੇ ਕਿਸਾਨਾਂ ਲਈ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿਚ ਕਾਂਗਰਸ ਸਰਕਾਰ ਆਉਣ 'ਤੇ 2003 ਵਿਚ ਇਹ ਸਹੂਲਤ ਬੰਦ ਕਰ ਦਿੱਤੀ ਗਈ ਪਰ 2006 ਵਿਚ ਇਹ ਮੁੜ ਲਾਗੂ ਕਰ ਦਿੱਤੀ। 2007 ਵਿਚ ਇੱਕ ਵਾਰ ਫਿਰ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਇਹ ਸਹੂਲਤ ਬਰਕਰਾਰ ਰੱਖੀ ਗਈ ਅਤੇ ਨਾਲ ਹੀ ਹੋਰ ਵਰਗਾਂ ਜਿਵੇਂ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ, ਸਨਅਤਾਂ ਦੇ ਕੁਝ ਵਰਗਾਂ ਆਦਿ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ। 2017 ਵਿਚ ਕਾਂਗਰਸ ਸਰਕਾਰ ਬਣਨ 'ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ। 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਨਹੀਂ ਰੱਖੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿਚ 300 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ। ਸੂਬੇ ਵਿਚ ਛੇ ਕਿਸਮਾਂ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ।*

*ਆਮ ਕਿਹਾ ਜਾਂਦਾ ਹੈ ਕਿ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਦਿੰਦੀਆਂ ਹਨ ਪਰ ਰਿਕਾਰਡ ਦੱਸਦਾ ਹੈ ਕਿ ਇਸ ਦੇ ਬਾਵਜੂਦ ਪਾਰਟੀਆਂ ਹਾਰਦੀਆਂ ਰਹੀਆਂ ਹਨ। ਇਹ ਸਬਸਿਡੀ ਸ਼ੁਰੂ ਕਰਨ ਵਾਲੀ ਕਾਂਗਰਸ 1997 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਅਗਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਹੋਰਨਾਂ ਵਰਗਾਂ ਤੱਕ ਵਧਾਇਆ ਪਰ ਉਹ ਵੀ 2002 ਵਾਲੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤੋਂ ਬਾਅਦ ਕਾਂਗਰਸ ਵੀ 2007 ਵਿਚ ਵਿਧਾਨ ਸਭਾ ਚੋਣਾਂ ਹਾਰ ਗਈ। 2007 ਤੋਂ 2017 ਦੀ ਅਕਾਲੀ-ਭਾਜਪਾ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਹੋਰ ਵਰਗਾਂ ਨੂੰ ਵੀ ਦਿੱਤੀਆਂ ਪਰ ਅਕਾਲੀ-ਭਾਜਪਾ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। 2017 ਦੀ ਕਾਂਗਰਸ ਦੀ ਸਰਕਾਰ ਨੇ ਬਿਜਲੀ ਸਬਸਿਡੀਆਂ ਨੂੰ ਉਵੇਂ ਹੀ ਜਾਰੀ ਰੱਖਿਆ ਪਰ ਉਹ ਵੀ 2022 ਦੀਆਂ ਚੋਣਾਂ ਹਾਰ ਗਈ। 2022 ਵਿਚ ਬਣੀ ਮੌਜੂਦਾ ਸਰਕਾਰ ਨੇ ਸੂਬੇ ਵਿਚ 300 ਯੂਨਿਟਾਂ ਪ੍ਰਤੀ ਮਹੀਨਾ ਘਰੇਲੂ ਬਿਜਲੀ ਮੁਫ਼ਤ ਕਰ ਦਿੱਤੀ ਤੇ ਹੁਣੇ ਆਏ ਲੋਕ ਸਭਾ ਚੋਣ ਨਤੀਜੇ ਸਭ ਦੇ ਸਾਹਮਣੇ ਹਨ। ਜ਼ਾਹਿਰ ਹੈ ਕਿ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦਾ ਚੋਣਾਂ ਜਿੱਤਣ ਨਾਲ ਕੋਈ ਬਹੁਤਾ ਸਿੱਧਾ ਸਬੰਧ ਨਹੀਂ। ਹੁਣ ਮਸਲਾ ਇਹ ਹੈ ਕਿ ਇਹ ਸਹੂਲਤਾਂ ਖਤਮ ਕਰਨ ਦਾ ਜੇਰਾ ਕਿਸੇ ਵੀ ਪਾਰਟੀ ਕੋਲ ਨਹੀਂ। ਸਭ ਧਿਰਾਂ ਨੂੰ ਲਗਦਾ ਹੈ ਕਿ ਜੇ ਸਹੂਲਤਾਂ ਵਾਪਸ ਲੈ ਲਈਆਂ ਤਾਂ ਉਹ ਹਾਰ ਜਾਣਗੀਆਂ। ਇਉਂ ਇਨ੍ਹਾਂ ਧਿਰਾਂ ਨੂੰ ਸਿਰਫ ਆਪਣਾ ਫਿਕਰ ਹੈ। ਸੰਕਟ ਵਿਚੋਂ ਲੰਘ ਰਹੇ ਪੰਜਾਬ ਨੂੰ ਸੰਕਟ ਵਿਚੋਂ ਕਿਵੇਂ ਕੱਢਣਾ ਹੈ, ਇਹ ਕਿਸੇ ਵੀ ਪਾਰਟੀ ਦਾ ਏਜੰਡਾ ਨਹੀਂ। ਇਹੀ ਪੰਜਾਬ ਅਤੇ ਪੰਜਾਬੀਆਂ ਦੀ ਤਰਾਸਦੀ ਹੋ ਨਿੱਬੜੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤਮਾਸ਼ਾ ਜਲੰਧਰ ਦਾ

*ਰੁੜ੍ਹਦੇ ਥਾ.ਲੀ ਦੇ ਬੈਂਗਣਾ ਵਾਂਗ ਫਿਰਦੇ ਮਾਲਕ ਸ਼ਾਮ ਨੂੰ ਸੁਬ੍ਹਾ ਕੋਈ ਹੋਰ ਹੁੰਦਾ।*
*ਗ.ਲ ਪੁਆਉਂਦੇ ਨੇ ਪਟਕਾ ਉਸ ਪਾਰਟੀ ਦਾ ਜਿਹੜੇ ਦਲ ਦਾ ਸਮਝਦੇ 'ਜ਼ੋਰ' ਹੁੰਦਾ।*
*ਵੋਟਾਂ ਮੰਗਣ 'ਸਰਕਾਰ' ਹੈ ਤੁਰੀ ਰਹਿੰਦੀ ਖਿਝਿਆ ਪਿਆ ਪੰਜਾਬ ਹੁਣ 'ਬੋਰ' ਹੁੰਦਾ।*
*ਜਿੱਤਣ ਵਾ.ਲੇ ਦਾ ਰਿਹਾ ਯਕੀਨ ਕੋਈ ਨਾ ਪੈ ਹੀ ਜਾਂਦਾ ਜਿਉਂ ਚੋਰਾਂ 'ਤੇ ਮੋਰ ਹੁੰਦਾ।*
*ਉਮੀਦਵਾਰ ਨੂੰ 'ਚੋਣ-ਨਿਸ਼ਾਨ' ਦੇ ਕੇ ਵਾਪਸ ਲੈਣ ਦਾ ਕਰਿਆ ਐਲਾਨ ਯਾਰੋ।*
*ਸਿਆਸਤਦਾਨਾਂ ਤਮਾਸ਼ਾ ਬਣਾਇ ਦਿੱਤਾ ਦੇਖੋ ਜਲੰਧਰ ਦਾ ਚੋਣ-ਮੈਦਾਨ ਯਾਰੋ !*

# ਜ਼ਿਮਨੀ ਚੋਣ: ਲੋਕ ਮੁੱਦੇ ਬਨਾਮ ਸਿਆਸੀ ਪਾਰਟੀਆਂ

**ਜਲੰਧਰ (ਪੱਛਮੀ) ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨੇ ਪੰਜਾਬ ਦੀ ਸਿਆਸਤ ਦੀ ਹਕੀਕਤ ਸਾਹਮਣੇ ਲੈ ਆਂਦੀ ਹੈ। ਮਸਲਾ ਇਹ ਨਹੀਂ ਕਿ ਉੱਥੇ ਕੌਣ ਜਿੱਤਿਆ ਅਤੇ ਕੌਣ-ਕੌਣ ਹਾਰਿਆ ਹੈ, ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਸਿਆਸੀ ਪਾਰਟੀਆਂ ਨੇ ਚੋਣ ਜਿੱਤਣ ਲਈ ਕੀ-ਕੀ ਹੱਥਕੰਡੇ ਅਪਣਾਏ।**

ਜਲੰਧਰ (ਪੱਛਮੀ) ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਸਾਰੀਆਂ ਸਿਆਸੀ ਧਿਰਾਂ ਦਾ ਵਾਹਵਾ ਜ਼ੋਰ ਲੱਗਿਆ ਰਿਹਾ ਹੈ ਪਰ ਵਿਚੋਂ ਵਿਚਾਰਨ ਵਾਲਾ ਅਹਿਮ ਮਸਲਾ ਇਹ ਹੈ ਕਿ ਇਹ ਚੋਣ ਪ੍ਰਕਿਰਿਆ ਕਿਸ ਤਰ੍ਹਾਂ ਦੀ ਰਹੀ, ਚੋਣ ਜਿੱਤਣ ਲਈ ਪਾਰਟੀਆਂ ਨੇ ਕਿਸ ਤਰ੍ਹਾਂ ਦੇ ਢੰਗ-ਤਰੀਕੇ ਅਖਤਿਆਰ ਕੀਤੇ।

ਵੈਸੇ ਤਾਂ ਰਾਜਨੀਤਕ ਪਾਰਟੀਆਂ ਦੀ ਸਿਆਸੀ ਮੌਕਾਪ੍ਰਸਤੀ ਤਾਂ ਟਿਕਟਾਂ ਦੀ ਵੰਡ ਸਮੇਂ ਹੀ ਜੱਗ-ਜ਼ਾਹਿਰ ਹੋ ਗਈ ਸੀ ਜਦ ਢਾਈ ਸਾਲ ਪਹਿਲਾਂ ਹੋਈ 2022 ਦੀ ਵਿਧਾਨ ਸਭਾ ਚੋਣ ਦਾ ਜੇਤੂ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ ਭਾਜਪਾ ਨੇ ਉਮੀਦਵਾਰ ਐਲਾਨਿਆ ਸੀ ਅਤੇ ਢਾਈ ਸਾਲ ਪਹਿਲਾਂ ਉਸੇ ਚੋਣ ਦੌਰਾਨ ਭਾਜਪਾ ਦੀ ਟਿਕਟ ਉੱਪਰ ਚੋਣ ਲੜਿਆ ਮਹਿੰਦਰ ਭਗਤ 'ਆਪ' ਨੇ ਉਮੀਦਵਾਰ ਐਲਨਿਆ ਸੀ। ਉਸੇ 2022 ਦੀ ਵਿਧਾਨ ਸਭਾ ਚੋਣ ਵਿਚ ਦੂਜੇ ਨੰਬਰ 'ਤੇ ਰਿਹਾ ਕਾਂਗਰਸੀ ਉਮੀਦਵਾਰ ਸੁਸ਼ੀਲ ਰਿੰਕੂ 2023 ਵਿਚ ਹੋਈ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ 'ਆਪ' ਵੱਲੋਂ ਸੰਸਦ ਮੈਂਬਰ ਬਣਿਆ ਸੀ ਤੇ ਹੁਣ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

2024 ਦੌਰਾਨ ਉਹ ਭਾਜਪਾ ਆਗੂ ਹੈ; ਮਤਲਬ ਸਾਫ ਹੈ ਕਿ ਢਾਈ ਸਾਲ ਪਹਿਲਾਂ ਇਹ ਪਾਰਟੀਆਂ ਜਿਸ ਉਮੀਦਵਾਰ ਖਿਲਾਫ ਚੋਣ ਪ੍ਰਚਾਰ ਕਰ ਰਹੀਆਂ ਸਨ, ਅੱਜ ਉਸ ਉਮੀਦਵਾਰ ਦੇ ਪੱਖ ਵਿਚ ਮੁਹਿੰਮ ਚਲਾ ਰਹੀਆਂ ਹਨ। ਭਾਜਪਾ ਤੇ 'ਆਪ' ਵਾਂਗ ਇਸ ਚੋਣ ਪਿੜ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਧੜੇ ਦਾ ਵੀ ਵੱਡਾ ਸਿਆਸੀ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ ਜੋ ਪਾਰਟੀ ਦੀ ਅੰਦਰੂਨੀ ਧੜੇਬੰਦੀ ਦੇ ਚੱਲਦਿਆਂ ਤੱਕੜੀ ਚੋਣ ਨਿਸ਼ਾਨ ਉੱਪਰ ਚੋਣ ਲੜ ਰਹੀ ਪਾਰਟੀ ਉਮੀਦਵਾਰ ਸੁਰਜੀਤ ਕੌਰ ਨੂੰ ਵੋਟਾਂ ਪਵਾਉਣ ਦੀ ਬਜਾਇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦੀ ਅਪੀਲ ਕਰ ਰਿਹਾ ਹੈ।

ਜਿਸ ਤਰ੍ਹਾਂ ਰਾਜਨੀਤਕ ਪਾਰਟੀਆਂ ਨੇ ਹਰ ਜਾਇਜ਼, ਨਜਾਇਜ਼ ਢੰਗ ਅਪਣਾਇਆ, ਉਹ ਸੂਬੇ ਦੀਆਂ ਸਾਰੀਆਂ ਮੁੱਖ ਧਾਰਾ ਪਾਰਟੀਆਂ ਦੇ ਸਿਆਸੀ ਨਿਘਾਰ ਦੀ ਨਿਸ਼ਾਨੀ ਹੈ। ਇਸ ਚੋਣ ਦੌਰਾਨ ਹੋਈਆਂ ਦਲ ਬਦਲੀਆਂ ਅਤੇ ਨਿੱਜੀ ਤੋਹਮਤਬਾਜ਼ੀਆਂ ਨੇ ਆਮ ਲੋਕਾਂ ਦੇ ਮੁੱਦੇ ਗਾਇਬ ਕਰ ਦਿੱਤੇ ਹਨ। ਚੋਣਾਂ ਲੜ ਰਹੀਆਂ ਸਾਰੀਆਂ ਹੀ ਪਾਰਟੀਆਂ ਦੇ ਆਗੂਆਂ ਦੇ ਬਿਆਨਾਂ ਵਿਚੋਂ ਸਿਆਸੀ ਨੈਤਿਕਤਾ ਮਨਫੀ ਨਜ਼ਰ ਆ ਰਹੀ ਹੈ ਤੇ ਮੌਕਾਪ੍ਰਸਤੀ ਭਾਰੂ ਹੈ। ਚੋਣ ਲੜ ਰਹੀ ਕਿਸੇ ਵੀ ਪਾਰਟੀ ਨੇ ਚੋਣਾਂ ਦੌਰਾਨ ਸੂਬੇ ਵਿਚ ਫੈਲੀ ਬੇਰਜ਼ੁਗਾਰੀ, ਨਸ਼ਿਆਂ ਉੱਪਰ ਠੋਸ ਰੂਪ ਵਿਚ ਗੱਲ ਨਹੀਂ ਕੀਤੀ। ਕਿਸਾਨਾਂ, ਮਜ਼ਦੂਰਾਂ ਦੇ ਮਸਲੇ ਚੋਣ ਪਿੜ ਵਿਚ ਕਿਸੇ ਵੀ ਰਾਜਨੀਤਕ ਧਿਰ ਦੀ ਜ਼ੁਬਾਨ ਉੱਪਰ ਨਜ਼ਰ ਨਹੀਂ ਆ ਰਹੇ ਹਨ।

'ਆਪ' ਆਗੂ ਕਿਹਾ ਕਰਦੇ ਸਨ ਕਿ ਜੇ ਸਰਕਾਰ ਨੇ ਕੰਮ ਕੀਤੇ ਹੋਣ ਤਾਂ ਲੋਕਾਂ ਤੋਂ ਵੋਟ ਮੰਗਣ ਦੀ ਲੋੜ ਨਹੀਂ ਹੈ ਬਲਕਿ ਲੋਕ ਖੁਦ ਵੋਟਾਂ ਪਾਉਂਦੇ ਹਨ ਪਰ ਹੁਣ ਸਥਿਤੀ ਇਹ ਹੈ ਕਿ ਲੱਗਭੱਗ ਅੱਧਿਓਂ ਵੱਧ ਕਾਰਜਕਾਲ ਪੂਰਾ ਕਰ ਕੇ ਵੀ ਸੂਬੇ ਦਾ ਮੁੱਖ ਮੰਤਰੀ ਵਿਧਾਨ ਸਭਾ ਜ਼ਿਮਨੀ ਚੋਣ ਜਿੱਤਣ ਲਈ ਸੂਬੇ ਦੀ ਰਾਜਧਾਨੀ ਵਿਚਲਾ ਮੁੱਖ ਦਫਤਰ ਛੱਡ ਕੇ ਕੁਝ ਦਿਨਾਂ ਲਈ ਜਲੰਧਰ ਵਿਚ ਘਰ ਕਿਰਾਏ ਉੱਪਰ ਲੈ ਕੇ ਰਹਿਣ ਲੱਗ ਗਿਆ ਹੈ। ਜੇਕਰ ਸਰਕਾਰ ਨੇ ਪਿਛਲੇ ਢਾਈ ਸਾਲਾਂ ਵਿਚ ਸੱਚਮੁੱਚ ਲੋਕਾਂ ਲਈ ਕੁਝ ਕੀਤਾ ਹੁੰਦਾ ਤਾਂ ਅੱਜ ਇਹ ਨੌਬਤ ਨਾ ਆਉਂਦੀ ਕਿ ਮੁੱਖ ਮੰਤਰੀ ਨੂੰ ਸਾਰੇ ਜ਼ਰੂਰੀ ਕੰਮ ਛੱਡ ਕੇ ਮੁਹੱਲਾ ਪੱਧਰ ਤੱਕ ਵੋਟਾਂ ਮੰਗਣ ਲਈ ਜਾਣਾ ਪੈਂਦਾ। ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਜੇਕਰ ਮੁੱਖ ਮੰਤਰੀ ਕਿਤੇ ਰਹੇਗਾ ਤਾਂ ਉਸ ਨਾਲ ਦਰਜਨਾਂ ਗੰਨਮੈਨ, ਡਰਾਈਵਰ, ਅਫਸਰ ਵੀ ਰਹਿਣਗੇ। ਸੋ, ਅਫਸਰਾਂ ਦਾ ਆਪਣੇ ਮੁੱਖ ਦਫਤਰ ਛੱਡ ਕੇ ਮੁੱਖ ਮੰਤਰੀ ਕੋਲ ਗੇੜੇ ਮਾਰਨਾ ਸਿਰਫ ਖਜ਼ਾਨੇ ਦਾ ਬੋਝ ਹੀ ਨਹੀਂ ਵਧਾ ਰਿਹਾ ਬਲਕਿ ਲੋਕਾਂ ਦੀ ਖੱਜਲ-ਖੁਆਰੀ ਵੀ ਵਧਾ ਰਿਹਾ ਹੈ।

ਭਾਜਪਾ, ਅਕਾਲੀ ਦਲ, ਕਾਂਗਰਸ



ਵਰਗੀਆਂ ਪਾਰਟੀਆਂ ਦੇ ਆਗੂਆਂ 'ਤੇ ਗੰਭੀਰ ਕਿਸਮ ਦੇ ਇਲਜ਼ਾਮ ਲਾਉਂਦੇ ਆ ਰਹੇ 'ਆਪ' ਆਗੂਆਂ ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਅਜਿਹੀ ਕਿਹੜੀ 'ਵਾਸ਼ਿੰਗ ਮਸ਼ੀਨ' ਹੈ ਜਿਸ ਵਿਚੋਂ ਲੰਘਾ ਕੇ ਰਵਾਇਤੀ ਪਾਰਟੀਆਂ ਦੇ ਆਗੂ 'ਕੱਟੜ ਇਮਾਨਦਾਰ' ਬਣ ਜਾਂਦੇ ਹਨ। ਆਮ ਆਦਮੀ ਪਾਰਟੀ ਨਾਅਰਾ ਦਿੰਦੀ ਹੁੰਦੀ ਸੀ ਕਿ 'ਅਸੀਂ ਰਾਜਨੀਤੀ ਕਰਨ ਨਹੀਂ, ਰਾਜਨੀਤੀ ਬਦਲਣ ਆਏ ਹਾਂ' ਪਰ ਇਹ ਕਿਹੜਾ 'ਬਦਲਾਅ' ਹੈ ਜਿਹੜਾ ਭਾਜਪਾ ਆਗੂਆਂ ਨੂੰ ਟਿਕਟਾਂ ਵੰਡ ਕੇ 'ਆਮ ਆਦਮੀ' ਬਣਾ ਦਿੰਦਾ ਹੈ।

ਇਸ ਸਿਆਸੀ ਨਾਟਕ ਵਿਚ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਮਾਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਤਿੰਨ-ਚਾਰ ਦਿਨ ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਦਾਅਵਾ ਕਰਦਾ ਰਿਹਾ ਕਿ ਉਸ ਕੋਲ ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰਾਂ ਦੇ ਪੈਸਿਆਂ ਦੇ ਲੈਣ-ਦੇਣ ਬਾਬਤ ਗੱਲ ਕਰਨ ਦਾ ਆਡੀਓ ਸਬੂਤ ਹੈ ਤੇ ਉਹ ਇਨ੍ਹਾਂ ਸਬੂਤਾਂ ਨੂੰ ਪੰਜ ਜੁਲਾਈ ਨੂੰ ਜਨਤਕ ਕਰੇਗਾ। ਮੁੱਖ ਮੰਤਰੀ ਵੱਲੋਂ ਸਬੂਤ ਜਨਤਕ ਕਰਨ ਦੀ ਚੁਣੌਤੀ ਦੇਣ 'ਤੇ ਸ਼ੀਤਲ ਅੰਗੁਰਾਲ ਨੇ ਸਬੂਤ ਦੇਣ ਦਾ ਵਾਅਵਾ ਕਰ ਕੇ ਜਲੰਧਰ ਦੇ ਬਾਬੂ ਜਗਜੀਵਨ ਰਾਮ ਚੌਕ ਵਿਚ ਆਪਣੇ ਸਮਰਥਕਾਂ ਅਤੇ ਪੱਤਰਕਾਰਾਂ ਦਾ ਵੱਡਾ ਇਕੱਠ ਕੀਤਾ। ਇਕੱਠ ਵਿਚ ਸਬੂਤ ਦਿਖਾਉਣ ਦੀ ਥਾਂ ਸਬੂਤ ਪੈੱਨ ਡਰਾਈਵ ਵਿਚ ਹੋਣ ਦਾ ਦਾਅਵਾ ਕਰ ਕੇ ਸ਼ੀਤਲ ਅੰਗੁਰਾਲ ਨੇ ਪੂਰਾ ਡਰਾਮਾ ਰਚਿਆ। ਇਕ ਘੰਟੇ ਤੋਂ ਲੰਮੇ ਚੱਲੇ ਇਸ ਡਰਾਮੇ ਦੌਰਾਨ ਸ਼ੀਤਲ ਅੰਗੁਰਾਲ ਭਾਵੁਕ ਹੋ ਕੇ ਰੋਣ ਵੀ ਲੱਗ ਗਿਆ ਪਰ ਇਸ ਦੇ ਬਾਵਜੂਦ ਉਸ ਨੇ ਪੈੱਨ ਡਰਾਈਵ ਵਾਲੇ ਭੇਤ ਨਾ ਖੋਲ੍ਹੇ। ਸ਼ੀਤਲ ਅੰਗੁਰਾਲ ਨੇ ਕਿਹਾ ਕਿ ਇਹ ਪੈੱਨ ਡਰਾਈਵ ਮੁੱਖ ਮੰਤਰੀ ਤੱਕ ਪਹੁੰਚਾਈ ਜਾਵੇਗੀ। ਕੁਝ ਮਹੀਨੇ ਪਹਿਲਾਂ ਮੀਡੀਆ ਸੱਦ ਕੇ ਇਸੇ ਤਰ੍ਹਾਂ ਦੀ ਪੈੱਨ ਡਰਾਈਵ ਦਿਖਾਉਂਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਸੀ ਕਿ ਉਹ ਪੈੱਨ ਡਰਾਈਵ ਮੁੱਖ ਮੰਤਰੀ ਤੱਕ ਪਹੁੰਚਦੀ ਕਰਨਗੇ। ਲੋਕਾਂ ਸਾਹਮਣੇ ਨਾ ਤਾਂ ਮਜੀਠੀਆ ਵਾਲੀ ਪੈੱਨ ਡਰਾਈਵ ਦਾ ਸੱਚ ਜ਼ਾਹਿਰ ਹੋਇਆ ਹੈ ਤੇ ਨਾ ਹੀ ਅਜੇ ਤੱਕ ਅੰਗੁਰਾਲ ਵਾਲੀ ਦਾ ਸੱਚ ਸਾਹਮਣੇ ਆਇਆ ਹੈ।

ਇਹ ਖਦਸ਼ਾ ਪ੍ਰਗਟ ਕਰਨਾ ਬੇਬੁਨਿਆਦ ਨਹੀਂ ਕਿ ਅਜਿਹੇ ਕਥਿਤ ਸਬੂਤ ਲੋਕਾਂ ਸਾਹਮਣੇ ਜਨਤਕ ਨਾ ਕਰ ਕੇ ਮੁੱਖ ਮੰਤਰੀ ਨਾਲ ਕੋਈ ਸਿਆਸੀ ਸੌਦੇਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ। ਜੇ ਮੁੱਖ ਮੰਤਰੀ ਦੇ ਪਰਿਵਾਰ ਖਿਲਾਫ ਸੱਚਮੁਚ ਹੀ ਕੋਈ ਠੋਸ ਸਬੂਤ ਹੈ ਤਾਂ ਇਹ ਜਨਤਕ ਕਰਨਾ ਅੰਗੁਰਾਲ ਦਾ ਨੈਤਿਕ ਫਰਜ਼ ਬਣਦਾ ਹੈ।

ਅੰਗੁਰਾਲ ਦੀ ਪ੍ਰੈੱਸ ਕਾਨਫਰੰਸ ਤੋਂ ਕੁੱਝ ਦਿਨ ਬਾਅਦ ਆਪ' ਆਗੂ ਪਵਨ ਕੁਮਾਰ ਟੀਨੂੰ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਾਂਗਰਸ ਦੀ ਉਮੀਦਵਾਰ ਸੁਰਿੰਦਰ ਕੌਰ ਦੇ ਪੁੱਤਰ 'ਤੇ ਜ਼ਮੀਨ ਘੁਟਾਲੇ ਦਾ ਦੋਸ਼ ਲਾਉਂਦਿਆਂ ਪੰਜਾਬ ਸਰਕਾਰ ਤੋਂ ਮਾਮਲੇ ਦੀ ਵਿਜੀਲੈਂਸ ਜਾਂਚ ਕਰਵਾਉਣ ਦੀ ਮੰਗ ਕੀਤੀ। ਹੁਣ ਇਸ ਤਰ੍ਹਾਂ ਦੀਆਂ ਪ੍ਰੈੱਸ ਕਾਨਫਰੰਸਾਂ ਕਰਕੇ ਜਾਂਚ ਦੀ ਮੰਗ ਵਿਰੋਧੀ ਧਿਰਾਂ ਕਰਨ ਤਾਂ ਗੱਲ ਸਮਝ ਆਉਂਦੀ ਹੈ ਲੇਕਿਨ ਜਦ 'ਸੱਤਾ' ਧਿਰ ਇਸ ਤਰ੍ਹਾਂ ਦੀ ਮੰਗ ਕਰੇ ਤਾਂ ਇਹ ਸਿਰਫ ਡਰਾਮੇਬਾਜੀ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਜੋ ਆਪ ਸੱਤਾ ਵਿਚ ਹੋਣ ਉਹਨਾਂ ਨੂੰ ਮੰਗ ਕਰਨ ਦੀ ਕੀ ਲੋੜ ਹੈ ਉਹ ਤਾਂ ਜਾਂਚ ਕਰਨ ਦੇ ਹੁਕਮ ਦੇ ਸਕਦੇ ਹਨ।

ਵੈਸੇ ਕੁਝ ਦਿਨਾਂ ਲਈ ਜਲੰਧਰ ਰਹਿ ਰਹੇ ਮੁੱਖ ਮੰਤਰੀ ਨੂੰ ਆਪਣੇ ਗੁਆਂਢੀ ਲਤੀਫਪੁਰਾ ਇਲਾਕੇ ਵਿਚ ਦਹਾਕਿਆਂ ਤੋਂ ਵਸੇ ਉਹਨਾਂ ਬੇਘਰ ਹੋਏ ਲੋਕਾਂ ਵੱਲ ਵੀ ਗੇੜਾ ਮਾਰ ਲੈਣਾ ਚਾਹੀਦਾ ਹੈ ਜਿਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਉਜਾੜ ਦਿੱਤਾ ਗਿਆ ਅਤੇ ਮੁੜ-ਵਸੇਬੇ ਦੇ ਉਹਨਾਂ ਦੇ ਹੱਕੀ ਸੰਘਰਸ਼ ਨੂੰ ਕੁਚਲਣ ਲਈ ਹਰ ਹਰਬਾ ਵਰਤਿਆ ਗਿਆ। ਜਲੰਧਰ ਵਿਚ ਹੋ ਰਹੀਆਂ ਦਲ ਬਦਲੀਆਂ ਨੇ ਤਾਂ 'ਆਯਾ ਰਾਮ ਗਯਾ ਰਾਮ' ਦੇ ਕਿੱਸੇ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਹਰਿਆਣਾ ਦੀ ਪਹਿਲੀ ਵਿਧਾਨ ਸਭਾ ਲਈ 1967 ਵਿਚ ਹੋਈਆਂ ਚੋਣਾਂ ਦੌਰਾਨ ਜਿੱਤੇ ਗਯਾ ਲਾਲ ਨੇ ਇਕ ਦਿਨ ਵਿਚ ਦੋ ਪਾਰਟੀਆਂ ਬਦਲੀਆਂ ਸਨ ਤੇ ਉਸ ਨੇ ਵਿਧਾਨ ਸਭਾ ਦੀ ਇਕੋ ਟਰਮ ਦੌਰਾਨ ਬਦਲ-ਬਦਲ ਕਈ ਪਾਰਟੀਆਂ ਦਾ ਪੱਲਾ ਫੜਿਆ ਸੀ ਜਿਸ ਕਾਰਨ 'ਆਯਾ ਰਾਮ, ਗਯਾ ਰਾਮ' ਦੀ ਕਹਾਵਤ ਮਸ਼ਹੂਰ ਹੋਈ ਸੀ ਪਰ ਹਕੀਕਤ ਇਹ ਹੈ ਕਿ ਉਹ ਚੋਣ ਜਿੱਤਿਆ ਆਜ਼ਾਦ ਵਿਧਾਇਕ ਸੀ ਲੇਕਿਨ ਹੁਣ ਜਦ ਉਹੀ ਕੰਮ ਕੁੱਝ ਪਾਰਟੀਆਂ/ਸੰਸਥਾਵਾਂ ਕਰ ਰਹੀਆਂ ਹਨ ਤਾਂ ਇਹ ਰੁਝਾਨ ਜ਼ਿਆਦਾ ਖਤਰਨਾਕ ਹੈ।

ਇਸ ਚੋਣ ਦੌਰਾਨ ਅਕਾਲੀ ਉਮੀਦਵਾਰ ਸੁਰਜੀਤ ਕੌਰ ਇਸ ਕਰ ਕੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਇਕ ਦਿਨ ਦੁਪਹਿਰ ਦੇ ਸਮੇਂ ਉਹ 'ਆਪ' ਵਿਚ ਸ਼ਾਮਲ ਹੋ ਗਈ ਸੀ; ਸੂਰਜ ਢਲਦਿਆਂ ਹੀ ਉਹ ਅਕਾਲੀ ਦਲ ਵਿਚ ਵਾਪਸੀ ਕਰ ਗਏ ਸਨ। ਸਾਨੂੰ ਮੁੱਖ ਧਾਰਾ ਮੀਡੀਆ ਵੱਲੋਂ ਸਿਰਜੇ ਬਿਰਤਾਂਤ ਅਨੁਸਾਰ ਬੀਬੀ ਸੁਰਜੀਤ ਕੌਰ ਨੂੰ ਸਵਾਲ ਕਰਨ ਤੋਂ ਪਹਿਲਾਂ 'ਸੱਤਾ' ਧਿਰ ਨੂੰ ਸਵਾਲ ਪੁੱਛਣਾ ਬਣਦਾ ਹੈ ਕਿ ਇਕ ਚੱਲ ਰਹੀ ਚੋਣ ਪ੍ਰਕਿਰਿਆ ਦੌਰਾਨ ਜੇਕਰ ਸੱਤਾਧਾਰੀ ਪਾਰਟੀ ਇਸੇ ਤਰ੍ਹਾਂ ਵਿਰੋਧੀ ਉਮੀਦਵਾਰਾਂ ਨੂੰ ਕਿਸੇ ਢੰਗ ਨਾਲ ਆਪਣੇ ਵਿਚ ਸ਼ਾਮਲ ਕਰਨ ਲੱਗ ਜਾਵੇਗੀ ਤਾਂ ਇਸ ਚੋਣ ਪ੍ਰਕਿਰਿਆ/ਜਮਹੂਰੀਅਤ/ਲੋਕਤੰਤਰ ਵਰਗੇ ਸ਼ਬਦਾਂ ਦੇ ਕੀ ਮਾਇਨੇ ਰਹਿ ਜਾਣਗੇ। ਦੂਸਰਾ ਜਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਹਲੀ-ਕਾਹਲੀ ਬੀਬੀ ਸੁਰਜੀਤ ਕੌਰ ਨੂੰ 'ਆਪ' ਜੁਆਇਨ ਕਰਵਾਈ, ਇਸੇ ਤਰ੍ਹਾਂ ਹੀ ਭਾਜਪਾ ਕਰਦੀ ਆ ਰਹੀ ਹੈ, ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਗਵੰਤ ਮਾਨ ਵਿਚ ਕੀ ਫਰਕ ਰਹਿ ਗਿਆ?

ਹਕੀਕਤ ਇਹ ਹੈ ਕਿ ਜਦੋਂ ਅਸੀਂ ਜਲੰਧਰ ਵਿਚ ਹੋ ਰਹੀਆਂ ਦਲ ਬਦਲੀਆਂ, ਹਲਕੇ ਪੱਧਰ ਦੀ ਬਿਆਨਬਾਜ਼ੀ ਨੂੰ ਗਹੁ ਨਾਲ ਤੱਕਦੇ ਹਾਂ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ 'ਬਿਗ ਬੌਸ' ਵਰਗਾ ਹਲਕੇ ਪੱਧਰ ਦਾ ਕਮੇਡੀ ਭਰਪੂਰ ਟੀ.ਵੀ. ਸੀਰੀਅਲ ਚੱਲ ਰਿਹਾ ਹੋਵੇ; ਭਾਵ, ਇਸ ਚੋਣ ਪ੍ਰਕਿਰਿਆ ਵਿਚ ਸੰਜੀਦਗੀ ਨਾਮ ਦੀ ਕੋਈ ਚੀਜ਼ ਨਹੀਂ ਹੈ। ਆਮ ਲੋਕਾਂ ਦੇ ਬੁਨਿਆਦੀ ਮੁੱਦਿਆਂ ਤੋਂ ਸੱਖਣੀ ਇਸ ਚੋਣ ਪ੍ਰਕਿਰਿਆ ਵਿਚ ਸਿਰਫ ਫੋਕੇ ਨਾਅਰੇ ਹੀ ਗੂੰਜ ਰਹੇ ਹਨ।

# ਅਵਾਮ ਲਈ ਪਬਲਿਕ ਸੁਰੱਖਿਆ ਕਾਨੂੰਨਾਂ ਦੇ ਮਾਇਨੇ

**ਮੋਦੀ ਸਰਕਾਰ ਨੇ ਮੁਲਕ ਅੰਦਰ ਨਵੇਂ ਕਾਨੂੰਨ ਲਾਗੂ ਕਰ ਦਿੱਤੇ ਹਨ ਜੋ ਪਹਿਲੇ ਕਾਨੂੰਨਾਂ ਨਾਲੋਂ ਵੀ ਸਖਤ ਹਨ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਜੰਮੂ ਕਸ਼ਮੀਰ ਦੇ ਹਵਾਲੇ ਨਾਲ ਸਖਤ ਕਾਨੂੰਨਾਂ ਅਤੇ ਸਰਕਾਰਾਂ ਦੀ ਪਹੁੰਚ ਬਾਰੇ ਵਿਸਥਾਰ ਸਹਿਤ ਖੁਲਾਸਾ ਆਪਣੇ ਇਸ ਲੇਖ ਵਿਚ ਕੀਤਾ ਹੈ ਕਿ ਕਿਸ ਤਰ੍ਹਾਂ ਅਵਾਮ ਨੂੰ ਕੇਸ-ਦਰ-ਕੇਸ ਪਾ ਕੇ ਜੇਲ੍ਹਾਂ ਅੰਦਰ ਡੱਕ ਦਿੱਤਾ ਜਾਂਦਾ ਹੈ।**

ਪਹਿਲੀ ਜੁਲਾਈ ਨੂੰ ਫ਼ੌਜਦਾਰੀ ਨਿਆਂ ਪ੍ਰਕਿਰਿਆ ਢਾਂਚੇ ਨੂੰ ਨਵੇਂ ਨਾਵਾਂ ਹੇਠ ਹੋਰ ਵੀ ਕਰੂਰ ਰੂਪ ਦਿੱਤੇ ਜਾਣ ਬਾਰੇ ਜਾਗਰੂਕ ਹਲਕਿਆਂ ਵੱਲੋਂ ਦਿਖਾਈ ਫ਼ਿਕਰਮੰਦੀ ਬੇਬੁਨਿਆਦ ਨਹੀਂ। ਬਸਤੀਵਾਦੀ ਵਿਰਾਸਤ ਤਿਆਗਣ ਦੇ ਨਾਂ ਹੇਠ ਆਰ.ਐੱਸ.ਐੱਸ.-ਭਾਜਪਾ ਸਰਕਾਰ ਵੱਲੋਂ ਕੀਤੀ ਇਸ ਕਾਨੂੰਨੀ ਰੱਦੋਬਦਲ ਨੇ ਬਸਤੀਵਾਦੀ ਵਿਰਾਸਤ ਨੂੰ ਸਿਰਫ਼ ਬਰਕਰਾਰ ਹੀ ਨਹੀਂ ਰੱਖਿਆ ਸਗੋਂ ਹੋਰ ਜ਼ਾਲਮ ਰੂਪ ਦੇ ਦਿੱਤਾ ਹੈ। ਬਸਤੀਵਾਦੀ ਗ਼ਲਬਾ ਬਣਾਈ ਰੱਖਣ ਲਈ ਈਜ਼ਾਦ ਕੀਤੇ ਇਸ ਕਾਨੂੰਨੀ ਢਾਂਚੇ ਹੇਠ ਪਹਿਲਾਂ ਭਾਰਤੀ ਲੋਕ ਬਸਤੀਵਾਦੀ ਰਾਜ ਅਧੀਨ ਪਿਸਦੇ ਰਹੇ। ਫਿਰ ਉਸੇ ਕਾਨੂੰਨੀ ਢਾਂਚੇ ਨੂੰ ਆਜ਼ਾਦ ਭਾਰਤ ਦੇ ਸੰਵਿਧਾਨ ਦੀ ਆੜ ਹੇਠ ਦੇਸੀ ਹੁਕਮਰਾਨ ਜਮਾਤ ਨੇ ਜਾਰੀ ਵੀ ਰੱਖਿਆ ਅਤੇ ਉਸ ਨੂੰ ਹੋਰ ਵੀ ਬੇਕਿਰਕ ਬਣਾਉਣ ਲਈ ਨਵੇਂ-ਨਵੇਂ ਕਾਨੂੰਨ ਵੀ ਬਣਾਉਂਦੇ/ਸੋਧਦੇ ਰਹੇ ਹਨ।

ਕਾਲੇ ਕਾਨੂੰਨਾਂ ਦੇ ਵਿਰੋਧ ਦੇ ਮਹੱਤਵ ਨੂੰ ਸਮਝਣ ਲਈ ਸਟੇਟ ਮਸ਼ੀਨਰੀ ਵੱਲੋਂ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕੀਤੇ ਜਾਣ ਦਾ ਵਿਹਾਰਕ ਪੱਖ ਦੇਖਣਾ ਪਰਖਣਾ ਜ਼ਰੂਰੀ ਹੈ। ਪਿਛਲੇ ਸਾਢੇ ਸੱਤ ਦਹਾਕਿਆਂ


**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

'ਚ ਅਜਿਹੇ ਕਾਨੂੰਨਾਂ ਦੇ ਕਹਿਰ ਦੀ ਭਿਆਨਕਤਾ ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤੱਕ ਦੇਖੀ ਜਾ ਸਕਦੀ ਹੈ। 'ਕੌਮੀ ਸੁਰੱਖਿਆ', 'ਪਬਲਿਕ ਸੇਫਟੀ' ਦੇ ਨਾਂ ਹੇਠ ਬਣਾਏ ਕਾਨੂੰਨ ਸਭ ਤੋਂ ਵੱਡਾ ਖ਼ਤਰਾ ਪਬਲਿਕ ਦੀ ਸੁਰੱਖਿਆ ਲਈ ਹਨ।

ਇਨ੍ਹਾਂ ਵਿਚੋਂ ਇਕ ਕਾਨੂੰਨ ਕੌਮੀ ਸੁਰੱਖਿਆ ਐਕਟ 1980 (ਐੱਨ.ਐੱਸ.ਏ.) ਹੈ ਜੋ ਹਕੂਮਤ ਦੇ ਹੱਥ ਵਿਚ ਰਾਜਨੀਤਕ ਵਿਰੋਧੀਆਂ ਨੂੰ ਦਬਾਉਣ ਦਾ ਵੱਡਾ ਹਥਿਆਰ ਹੈ। ਜੰਮੂ ਕਸ਼ਮੀਰ ਦੇ ਉਸ ਸਮੇਂ ਵਿਸ਼ੇਸ਼ ਦਰਜੇ ਤਹਿਤ ਬਣਾਇਆ ਪਬਲਿਕ ਸੇਫਟੀ ਐਕਟ (ਪੀ.ਐੱਸ.ਏ.)-1978 ਹੈ ਜੋ ਕੌਮੀ ਸੁਰੱਖਿਆ ਐਕਟ ਨਾਲ ਮਿਲਦਾ-ਜੁਲਦਾ ਹੈ। ਪੀ.ਐੱਸ.ਏ. ਤਹਿਤ ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਦੋ ਸਾਲ ਜੇਲ੍ਹ ਵਿਚ ਨਜ਼ਰਬੰਦ ਰੱਖੇ ਜਾਣ ਦੀ ਵਿਵਸਥਾ ਹੈ। ਇਸ ਕਾਨੂੰਨ ਦੀ ਵਰਤੋਂ ਦੀ ਵੱਡੀ ਮਿਸਾਲ ਐਡਵੋਕੇਟ ਜ਼ਾਹਿਦ ਅਲੀ ਦਾ ਕੇਸ ਹੈ ਜਿਸ ਦੀ ਨਜ਼ਰਬੰਦੀ ਨੂੰ ਜੰਮੂ ਕਸ਼ਮੀਰ ਹਾਈ ਕੋਰਟ ਨੇ ਗ਼ੈਰ-ਕਾਨੂੰਨੀ ਹੀ ਕਰਾਰ ਨਹੀਂ ਦਿੱਤਾ ਸਗੋਂ ਸਟੇਟ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਆਦੇਸ਼ ਵੀ ਦਿੱਤਾ ਹੈ। ਇਸ ਸਖ਼ਤ ਆਦੇਸ਼ ਦਾ ਕਾਰਨ ਉਸ ਦੀ ਵਾਰ-ਵਾਰ ਨਜ਼ਰਬੰਦੀ ਹੈ। ਹਾਈਕੋਰਟ ਉਸ ਦੀ ਨਜ਼ਰਬੰਦੀ ਖ਼ਤਮ ਕਰ ਦਿੰਦੀ ਅਤੇ ਪੁਲਿਸ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਕੇ ਨਵੀਂ ਨਜ਼ਰਬੰਦੀ ਥੋਪ ਦਿੰਦੀ। ਫਰਵਰੀ 2019 ਤੋਂ ਲੈ ਕੇ ਮਾਰਚ 2024 ਤੱਕ ਜ਼ਾਹਿਦ ਅਲੀ ਨੂੰ ਕੁਲ ਮਿਲਾ ਕੇ 1080 ਦਿਨ ਤੋਂ ਵੱਧ ਸਮਾਂ ਇਹਤਿਹਾਤੀ ਨਜ਼ਰਬੰਦੀ 'ਚ ਗੁਜ਼ਾਰਨਾ ਪਿਆ। ਇਸ ਨੂੰ ਦੇਖਦਿਆਂ ਹੀ ਜੰਮੂ ਕਸ਼ਮੀਰ ਹਾਈਕੋਰਟ ਨੇ ਟਿੱਪਣੀ ਕੀਤੀ: "ਪਟੀਸ਼ਨ ਕਰਤਾ ਦੀ ਇਹਤਿਹਾਤੀ ਨਜ਼ਰਬੰਦੀ ਬਦਨੀਅਤ ਨਾਲ ਅਤੇ ਗ਼ੈਰ-ਕਾਨੂੰਨੀ ਹੈ, ਮੁੱਢੋਂ ਹੀ ਅਤੇ ਅੰਦਰੋਂ ਵੀ।"

ਐਡਵੋਕੇਟ ਜ਼ਾਹਿਦ ਅਲੀ (67) ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਦਾ ਸਾਬਕਾ ਬੁਲਾਰਾ ਹੈ। ਇਸ ਜਥੇਬੰਦੀ ਉੱਪਰ ਪਹਿਲੀ ਵਾਰ ਪਾਬੰਦੀ ਇੰਦਰਾ ਗਾਂਧੀ ਸਰਕਾਰ ਨੇ 1975 'ਚ ਐਮਰਜੈਂਸੀ ਸਮੇਂ ਲਗਾਈ ਸੀ। ਦੂਜੀ ਵਾਰ ਪਾਬੰਦੀ ਜੰਮੂ ਕਸ਼ਮੀਰ ਦੇ ਤਤਕਾਲੀ ਗਵਰਨਰ ਜਗਮੋਹਨ ਨੇ 1990 'ਚ ਲਗਾਈ ਜੋ 1995 ਤੱਕ ਜਾਰੀ ਰਹੀ। ਤੀਜੀ ਵਾਰ ਪਾਬੰਦੀ ਆਰ.ਐੱਸ.ਐੱਸ.-ਭਾਜਪਾ ਸਰਕਾਰ ਵੱਲੋਂ 'ਮੋਦੀ ਦੀ ਦਹਿਸ਼ਤਵਾਦ ਅਤੇ ਵੱਖਵਾਦ ਵਿਰੁੱਧ ਜ਼ੀਰੋ ਸ਼ਹਿਣਸ਼ੀਲਤਾ ਦੀ ਨੀਤੀ ਤਹਿਤ' ਫਰਵਰੀ 2019 'ਚ ਇਹ ਕਹਿ ਕੇ ਲਗਾਈ ਕਿ ਜਮਾਤ-ਏ-ਇਸਲਾਮੀ ਦਾ "ਦਹਿਸ਼ਤਵਾਦੀ ਜਥੇਬੰਦੀਆਂ ਨਾਲ ਨੇੜਲਾ ਸੰਪਰਕ ਹੈ ਅਤੇ ਇਹ ਜੰਮੂ ਕਸ਼ਮੀਰ ਤੇ ਹੋਰ ਥਾਵਾਂ ਉੱਪਰ ਅੱਤਵਾਦ ਅਤੇ ਖਾੜਕੂਵਾਦ ਦੀ ਲਗਾਤਾਰ ਹਮਾਇਤ ਕਰ ਰਹੀ ਹੈ।" ਮਿਆਦ ਖ਼ਤਮ ਹੋਣ 'ਤੇ ਫਰਵਰੀ 2024 'ਚ ਅਗਲੇ ਪੰਜ ਸਾਲ ਲਈ ਪਾਬੰਦੀ ਇਹ ਕਹਿ ਕੇ ਮੁੜ ਲਗਾ ਦਿੱਤੀ ਕਿ ਇਹ ਜਥੇਬੰਦੀ "ਰਾਸ਼ਟਰ ਦੀ ਸੁਰੱਖਿਆ, ਅਖੰਡਤਾ ਅਤੇ ਪ੍ਰਭੂਸੱਤਾ ਵਿਰੁੱਧ ਸਰਗਰਮੀਆਂ ਜਾਰੀ ਰੱਖ ਰਹੀ ਹੈ।" ਤਾਨਾਸ਼ਾਹ ਹਕੂਮਤ ਦੇ ਬੋਲ ਹੀ ਕਾਨੂੰਨ ਹਨ, ਉਨ੍ਹਾਂ ਲਈ ਪਾਬੰਦੀ ਦੀ ਵਾਜਬੀਅਤ ਨੂੰ ਸਾਬਤ ਕਰਨ ਦੀ ਕੋਈ ਜਵਾਬਦੇਹੀ ਨਹੀਂ। ਗ਼ੈਰ-ਕਾਨੂੰਨੀ ਕਰਾਰ ਦੇ ਕੇ ਪਾਬੰਦੀ ਲਗਾਉਣ ਦੀ ਨੀਤੀ ਅਜਿਹਾ ਤਾਨਾਸ਼ਾਹ ਤਰੀਕਾ ਹੈ ਜੋ ਕਿਸੇ ਵੀ ਵਿਅਕਤੀ ਦੀ ਝੂਠੇ ਤੇ ਮਨਘੜਤ ਕੇਸ 'ਚ ਗ੍ਰਿਫ਼ਤਾਰੀ ਅਤੇ ਜੇਲ੍ਹਬੰਦੀ ਵਾਜਬ ਦਰਸਾਉਣ ਦਾ ਕਾਰਗਰ ਹਥਿਆਰ ਹੈ।

ਵਿਦਿਆਰਥੀ ਜੀਵਨ 'ਚ ਜ਼ਾਹਿਦ ਅਲੀ ਜਮਾਤ-ਏ-ਇਸਲਾਮੀ ਦੇ ਵਿਦਿਆਰਥੀ ਵਿੰਗ ਦੇ ਪ੍ਰਧਾਨ ਰਿਹਾ ਅਤੇ ਬਾਅਦ 'ਚ ਇਸ ਦਾ ਬੁਲਾਰਾ ਬਣਿਆ। 1987 'ਚ ਉਸ ਨੇ ਪੁਲਵਾਮਾ ਦੇ ਪੰਪੋਰ ਵਿਧਾਨ ਸਭਾ ਹਲਕੇ ਤੋਂ ਮੁਸਲਿਮ ਯੂਨਾਈਟਿਡ ਫਰੰਟ ਦੇ ਉਮੀਦਵਾਰ ਵਜੋਂ ਚੋਣ ਲੜੀ ਅਤੇ 6803 ਵੋਟਾਂ ਦੇ ਫ਼ਰਕ ਨਾਲ ਹਾਰ ਗਏ। ਦੋਸ਼ ਇਹ ਲੱਗੇ ਕਿ ਨੈਸ਼ਨਲ ਕਾਨਫਰੰਸ ਨੇ ਹੇਰਾਫੇਰੀ ਨਾਲ ਚੋਣ ਜਿੱਤੀ ਹੈ।






*ਜ਼ਾਹਿਦ ਅਲੀ ਅਤੇ (ਸੱਜੇ) ਆਸਿਫ ਸੁਲਤਾਨ।*

ਭਾਰਤੀ ਸਟੇਟ ਦੀ ਕਸ਼ਮੀਰ ਮਸਲੇ ਬਾਰੇ ਨੀਤੀ ਉੱਪਰ ਸਵਾਲ ਕਰਨ ਅਤੇ ਫ਼ੌਜੀ ਰਾਜ ਦਾ ਵਿਰੋਧ ਕਰਨ ਵਾਲਾ ਹਰ ਵਿਅਕਤੀ ਸਥਾਪਤੀ ਅਨੁਸਾਰ ਰਾਸ਼ਟਰ ਦੀ 'ਪ੍ਰਭੂਸੱਤਾ ਲਈ ਖ਼ਤਰਾ' ਹੈ। ਇਸ ਮੱਤ ਅਨੁਸਾਰ, ਪੁਲਿਸਤੰਤਰ ਦੀਆਂ ਨਜ਼ਰਾਂ 'ਚ ਜ਼ਾਹਿਦ ਅਲੀ ਟਕਰਾਅਗ੍ਰਸਤ ਘਾਟੀ ਵਿਚ ਗੜਬੜ ਅਤੇ ਅਸਥਿਰਤਾ ਫੈਲਾਉਣ ਦੀ ਤਾਕ 'ਚ ਰਹਿਣ ਵਾਲਾ ਆਦਮੀ ਹੈ। ਖਾੜਕੂਵਾਦ ਦੇ ਉਭਾਰ ਦੇ ਦਹਾਕੇ 'ਚ ਉਸ ਨੂੰ ਗ੍ਰਿਫ਼ਤਾਰ ਕਰ ਕੇ 1990 ਤੋਂ ਲੈ ਕੇ 1992 ਤੱਕ ਅਤੇ ਫਿਰ 1995 ਤੋਂ ਲੈ ਕੇ 1996 ਤੱਕ ਜੇਲ੍ਹ ਵਿਚ ਰੱਖਿਆ। 2016 'ਚ ਦੰਦ-ਕਥਾ ਬਣੇ ਖਾੜਕੂ ਬੁਰਹਾਨ ਵਾਨੀ ਦੇ ਕਤਲ ਵਿਰੁੱਧ ਉੱਠੀ ਵਿਆਪਕ ਜਨਤਕ ਵਿਰੋਧ ਲਹਿਰ (ਮਨੁੱਖੀ ਅਧਿਕਾਰ ਸੰਸਥਾ 'ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ' ਅਨੁਸਾਰ ਇਸ ਵਿਚ 145 ਨਾਗਰਿਕਾਂ, 138 ਖਾੜਕੂਆਂ ਸਮੇਤ 386 ਲੋਕ ਮਾਰੇ ਗਏ) ਸਮੇਂ ਜ਼ਾਹਿਦ ਅਲੀ ਨੂੰ ਨਜ਼ਰਬੰਦ ਕੀਤਾ ਗਿਆ। 4 ਅਗਸਤ 2017 ਨੂੰ ਉਸ ਨੂੰ ਰਣਬੀਰ ਪੀਨਲ ਕੋਡ ਤਹਿਤ ਦੰਗਾ ਭੜਕਾਉਣ ਅਤੇ ਯੂ.ਏ.ਪੀ.ਏ. ਤਹਿਤ ਗ਼ੈਰ ਕਾਨੂੰਨੀ ਸਰਗਰਮੀਆਂ ਲਈ ਗ੍ਰਿਫ਼ਤਾਰ ਕਰ ਲਿਆ। ਫਰਵਰੀ 2019 'ਚ ਜਮਾਤ-ਏ-ਇਸਲਾਮੀ ਉੱਪਰ ਪਾਬੰਦੀ ਲਗਾਏ ਜਾਣ ਤੋਂ ਛੇ ਦਿਨ ਪਹਿਲਾਂ ਹੋਰ ਮੈਂਬਰਾਂ ਸਮੇਤ ਉਸ ਨੂੰ 22 ਫਰਵਰੀ ਦੀ ਰਾਤ ਨੂੰ ਇਹਤਿਹਾਤੀ ਹਿਰਾਸਤ 'ਚ ਲੈ ਲਿਆ। ਜੇਲ੍ਹ 'ਚ ਹੋਣ ਸਮੇਂ 5 ਮਾਰਚ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਗਾਂਦਰਬਲ ਨੇ ਉਸ ਨੂੰ ਪੀ.ਐੱਸ.ਏ. ਤਹਿਤ ਨਜ਼ਰਬੰਦ ਕਰਨ ਦੇ ਹੁਕਮ ਦੇ ਦਿੱਤੇ ਕਿ ਉਸ ਦੀਆਂ ਸਰਗਰਮੀਆਂ ਰਾਜ ਦੀ ਸੁਰੱਖਿਆ ਲਈ ਹਾਨੀਕਾਰਕ ਹਨ ਜਿਨ੍ਹਾਂ ਨੂੰ ਰੋਕਣਾ ਜ਼ਰੂਰੀ ਹੈ।

11 ਜੂਨ 2019 ਨੂੰ ਜੰਮੂ ਕਸ਼ਮੀਰ ਹਾਈ ਕੋਰਟ ਦੇ ਜਸਟਿਸ ਰਾਸ਼ਿਦ ਅਲੀ ਡਾਰ ਨੇ ਨਜ਼ਰਬੰਦੀ ਰੱਦ ਕਰਦਿਆਂ ਆਪਣੇ ਫ਼ੈਸਲੇ 'ਚ ਲਿਖਿਆ, "ਜ਼ਿਲ੍ਹਾ ਮੈਜਿਸਟ੍ਰੇਟ ਆਪਣਾ ਦਿਮਾਗ ਵਰਤਣ 'ਚ ਅਸਫਲ ਰਿਹਾ ਹੈ; ਦਰਅਸਲ, ਇਹ ਹੁਕਮ ਸਪਾਂਸਰਿੰਗ ਏਜੰਸੀ ਦੀਆਂ ਹਦਾਇਤਾਂ 'ਤੇ ਪਾਸ ਕੀਤਾ ਗਿਆ। ਜਾਪਦਾ ਹੈ ਕਿ ਇਸ ਦਾ ਆਧਾਰ ਪੁਲਿਸ ਡੋਜ਼ੀਅਰ ਦਾ ਟੈਂਪਲੇਟ ਹੈ।... ਵਿਵਾਦਪੂਰਨ ਹੁਕਮ ਮਸ਼ੀਨੀ ਤਰੀਕੇ ਨਾਲ ਅਤੇ ਬਿਨਾਂ ਦਿਮਾਗ ਵਰਤੇ ਪਾਸ ਕੀਤਾ ਗਿਆ, ਇਸ ਲਈ ਇਹ ਰੱਦ ਕਰਨ ਯੋਗ ਹੈ।"

ਫਿਰ ਵੀ ਉਸ ਨੂੰ ਰਿਹਾਅ ਨਹੀਂ ਕੀਤਾ ਅਤੇ ਰਿਹਾਈ ਦੇ ਹੁਕਮ ਤੋਂ ਅੱਠ ਦਿਨ ਬਾਅਦ ਪੁਲਵਾਮਾ ਜ਼ਿਲ੍ਹਾ ਮੈਜਿਸਟ੍ਰੇਟ ਨੇ 19 ਜੁਲਾਈ 2019 ਨੂੰ ਉਸ ਵਿਰੁੱਧ ਇਹਤਿਹਾਤੀ ਨਜ਼ਰਬੰਦੀ ਦਾ ਅਗਲਾ ਹੁਕਮ ਜਾਰੀ ਕਰ ਦਿੱਤਾ। ਜੰਮੂ ਕਸ਼ਮੀਰ ਹਾਈਕੋਰਟ ਨੇ 3 ਮਾਰਚ 2020 ਨੂੰ ਇਹ ਨਜ਼ਰਬੰਦੀ ਰੱਦ ਕਰ ਦਿੱਤੀ ਕਿ ਪਿਛਲੀ ਨਜ਼ਰਬੰਦੀ ਦੇ ਹੁਕਮ ਵਾਲੇ ਤੱਥ ਅਤੇ ਸਰਗਰਮੀਆਂ ਨੂੰ ਹੀ ਆਧਾਰ ਬਣਾਇਆ ਗਿਆ ਹੈ, ਉਸ ਦੀ ਕੋਈ ਨਵੀਂ ਸਰਗਰਮੀ ਨਹੀਂ ਦਰਸਾਈ ਗਈ। ਜਸਟਿਸ ਤਾਸ਼ੀ ਰਾਬਸਟਨ ਨੇ ਕਿਹਾ, "ਪ੍ਰਕਿਰਿਆ ਦੀਆਂ ਸ਼ਰਤਾਂ ਜੋ ਕਿ ਬੰਦੀ ਲਈ ਉਪਲਬਧ ਇੱਕੋ-ਇੱਕ ਸੁਰੱਖਿਆ ਉਪਾਅ ਹੈ, ਦਾ ਉਤਰਦਾਈ ਧਿਰ ਨੇ ਹੂਬਹੂ ਪਾਲਣ ਨਹੀਂ ਕੀਤਾ ਹੈ।"

ਉਹ ਤਿੰਨ ਮਹੀਨੇ ਹੀ ਜੇਲ੍ਹ ਤੋਂ ਬਾਹਰ ਰਿਹਾ ਸੀ ਜਦੋਂ 29 ਜੂਨ 2020 ਨੂੰ ਪੁਲਵਾਮਾ ਜ਼ਿਲ੍ਹਾ ਮੈਜਿਸਟ੍ਰੇਟ ਨੇ ਇਕ ਵਾਰ ਫਿਰ ਉਸ ਵਿਰੁੱਧ ਨਜ਼ਰਬੰਦੀ ਦੇ ਹੁਕਮ ਦੇ ਦਿੱਤੇ। ਇਹ 16 ਮਹੀਨੇ 'ਚ ਤੀਜਾ ਹੁਕਮ ਸੀ। ਉਹ ਹਾਈ ਕੋਰਟ ਵੱਲੋਂ ਉਸ ਦੀ ਨਜ਼ਰਬੰਦੀ ਦੇ ਹੁਕਮ ਰੱਦ ਕਰਨ ਤੱਕ ਕੋਟ ਭਲਵਾਲ ਜੇਲ੍ਹ ਵਿਚ ਅੱਠ ਮਹੀਨੇ ਨਜ਼ਰਬੰਦ ਰਿਹਾ। 24 ਫਰਵਰੀ 2021 ਨੂੰ ਅਦਾਲਤ ਨੇ ਨਜ਼ਰਬੰਦੀ ਇਸ ਆਧਾਰ 'ਤੇ ਰੱਦ ਕਰ ਦਿੱਤੀ ਕਿ "ਬੰਦੀ ਵੱਲੋਂ ਕੋਈ ਨਵੀਂ ਸਰਗਰਮੀ ਨਹੀਂ ਜਿਸ ਲਈ ਨਜ਼ਰਬੰਦੀ ਦਾ ਹੁਕਮ ਦੇਣਾ ਜ਼ਰੂਰੀ ਹੋਵੇ।" ਜਸਟਿਸ ਸੰਜੀਵ ਕੁਮਾਰ ਨੇ ਅੱਗੇ ਕਿਹਾ ਕਿ ਜਮਾਤ-ਏ-ਇਸਲਾਮੀ ਉੱਪਰ ਪਾਬੰਦੀ ਜਿਸ ਨਾਲ ਬੰਦੀ ਕਥਿਤ ਰੂਪ 'ਚ ਸਬੰਧਿਤ ਹੈ, ਨਵੀਂ ਨਜ਼ਰਬੰਦੀ ਨੂੰ ਵਾਜਬ ਨਹੀਂ ਬਣਾ ਦਿੰਦੀ, ਨਾ ਹੀ ਬਤੌਰ ਵਕੀਲ ਖਾੜਕੂਆਂ ਦੇ ਕੇਸਾਂ ਦੀ ਪੈਰਵੀ ਕਰਨ ਸਮੇਤ ਅਲੀ ਦੀਆਂ ਸਰਗਰਮੀਆਂ ਨਜ਼ਰਬੰਦੀ ਲਈ ਆਧਾਰ ਵਜੋਂ ਪੇਸ਼ ਕੀਤੀਆਂ ਗਈਆਂ ਸਨ। ਜੱਜ ਨੇ ਲਿਖਿਆ, "ਇਕ ਵਕੀਲ ਵੱਲੋਂ ਪੇਸ਼ੇਵਰ ਫਰਜ਼ ਨਿਭਾਏ ਜਾਣਾ ਕਿਸੇ ਵਿਅਕਤੀ ਨੂੰ ਇਹਤਿਹਾਤੀ ਹਿਰਾਸਤ 'ਚ ਰੱਖਣ ਲਈ ਆਧਾਰ ਨਹੀਂ ਹੋ ਸਕਦਾ।"

ਜ਼ਾਹਿਦ ਅਲੀ 18 ਮਹੀਨੇ ਜੇਲ੍ਹ ਤੋਂ ਬਾਹਰ ਰਿਹਾ, ਫਿਰ ਸਤੰਬਰ 2022 'ਚ ਉਸ ਨੂੰ ਪੁਲਵਾਮਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਨਜ਼ਰਬੰਦੀ ਹੁਕਮਾਂ ਤਹਿਤ ਚੌਥੀ ਵਾਰ ਫੜ ਕੇ ਮੁੜ ਨਜ਼ਰਬੰਦ ਕਰ ਦਿੱਤਾ। ਇਸ ਵਾਰ ਉਹ 3 ਅਪਰੈਲ 2024 ਨੂੰ ਨਜ਼ਰਬੰਦੀ ਦਾ ਹੁਕਮ ਰੱਦ ਕੀਤੇ ਜਾਣ ਤੱਕ ਕਠੂਆ ਜੇਲ੍ਹ (ਜੰਮੂ) ਵਿਚ ਬੰਦ ਰਿਹਾ। ਉਸ ਨੂੰ 2 ਮਈ 2024 ਨੂੰ ਰਿਹਾਅ ਕੀਤਾ ਗਿਆ।

ਜਸਟਿਸ ਰਾਹੁਲ ਭਾਰਤੀ ਨੇ ਜੰਮੂ ਕਸ਼ਮੀਰ ਸਰਕਾਰ ਅਤੇ ਪੁਲਵਾਮਾ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਪੰਜ ਲੱਖ ਰੁਪਏ ਜੁਰਮਾਨਾ ਕਰਦਿਆਂ ਇਹ ਟਿੱਪਣੀ ਕੀਤੀ: "ਇਹ ਤੱਥ ਕਿ ਡੋਜ਼ੀਅਰ ਅਤੇ ਨਜ਼ਰਬੰਦੀ ਦੇ ਆਦੇਸ਼ ਇੱਕੋ ਤਰੀਕ, ਯਾਨੀ 14/09/2022 ਦੇ ਹਨ, ਇਸ ਤੱਥ ਦਾ ਸਬੂਤ ਹੈ ਕਿ ਪਟੀਸ਼ਨ ਕਰਤਾ ਦੀ ਇਹਤਿਹਾਤੀ ਨਜ਼ਰਬੰਦੀ ਪਹਿਲਾਂ ਹੀ ਮਨ 'ਚ ਧਾਰੀ ਮਾਨਸਿਕਤਾ ਦਾ ਨਤੀਜਾ ਸੀ ਅਤੇ ਉਹ ਸੀ ਕਿ ਕਿਸੇ ਵੀ ਤਰ੍ਹਾਂ ਪਟੀਸ਼ਨਕਰਤਾ ਨੂੰ ਫ਼ੌਜਦਾਰੀ ਮਾਮਲਿਆਂ 'ਚ ਦੋਸ਼ੀ ਠਹਿਰਾਏ ਬਿਨਾਂ ਹੀ ਜੇਲ੍ਹ ਦੀਆਂ ਸੀਖ਼ਾਂ ਨਾਲ ਬੰਨ੍ਹ ਕੇ ਰੱਖਣਾ ਹੈ।" (2 ਅਪਰੈਲ ਨੂੰ ਇਸੇ ਜੱਜ ਨੇ 22 ਸਾਲ ਦੇ ਵਿਦਿਆਰਥੀ ਆਫਤਾਬ ਹੁਸੈਨ ਦੀ ਨਜ਼ਰਬੰਦੀ ਨੂੰ 'ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਕ' ਕਰਾਰ ਦਿੰਦਿਆਂ ਸਟੇਟ ਨੂੰ ਪੀੜਤ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ)।

ਬਦਲਾਖ਼ੋਰ ਸਟੇਟ ਨੇ ਉਸ ਨੂੰ ਮੁੜ ਜੇਲ੍ਹ ਵਿਚ ਡੱਕਣ ਲਈ ਨਵਾਂ ਕੇਸ ਬਣਾ ਕੇ ਰਿਹਾਈ ਤੋਂ 14 ਦਿਨਾਂ ਦੇ ਅੰਦਰ ਅਤੇ ਘਰ ਪਹੁੰਚਣ ਤੋਂ ਕੁਝ ਘੰਟੇ ਬਾਅਦ ਹੀ ਮੁੜ ਫੜ ਲਿਆ। 16 ਮਈ 2024 ਨੂੰ ਉਸ ਨੂੰ ਜੇਲ੍ਹ ਵਿਚ ਦੰਗਾ ਹੋਣ ਦੇ ਕੇਸ 'ਚ ਗ੍ਰਿਫ਼ਤਾਰ ਕਰ ਲਿਆ। ਉਸ ਵੱਲੋਂ ਰੈਣਾਵਾੜੀ ਥਾਣੇ ਅਤੇ ਕੇਂਦਰੀ ਜੇਲ੍ਹ ਸ੍ਰੀਨਗਰ ਵਿਚ ਗੁਜ਼ਾਰੇ 49 ਦਿਨ ਸ਼ਾਮਲ ਕਰ ਕੇ ਫਰਵਰੀ 2019 ਤੋਂ ਲੈ ਕੇ ਜੇਲ੍ਹ ਵਿਚ ਗੁਜ਼ਾਰੇ ਉਸ ਦੇ ਦਿਨਾਂ ਦੀ ਗਿਣਤੀ 1160 ਹੋ ਗਈ ਹੈ।

19 ਮਈ ਨੂੰ ਇਕ ਬਿਆਨ 'ਚ ਪੁਲਿਸ ਨੇ ਕਿਹਾ ਕਿ ਜ਼ਾਹਿਦ ਅਲੀ ਰੈਣਾਵਾੜੀ ਥਾਣੇ ਦੀ ਐੱਫ.ਆਈ.ਆਰ. 19/2019 ਵਿਚ ਯੂ.ਏ.ਪੀ.ਏ. ਅਤੇ ਆਰ.ਪੀ.ਸੀ. (ਰਣਬੀਰ ਪੀਨਲ ਕੋਡ) ਦੀਆਂ ਗਿਆਰਾਂ ਧਾਰਾਵਾਂ (ਦੰਗਾ ਕਰਨਾ, ਮਨੁੱਖੀ ਜ਼ਿੰਦਗੀ ਤੇ ਦੂਜਿਆਂ ਦੀ ਵਿਅਕਤੀਗਤ ਸੁਰੱਖਿਆ ਨੂੰ ਖ਼ਤਰੇ 'ਚ ਪਾਉਣਾ, ਇਰਾਦਾ ਕਤਲ ਤੇ ਫ਼ੌਜਦਾਰੀ ਸਾਜ਼ਿਸ਼) ਤਹਿਤ ਦੋਸ਼ੀ ਸੀ: "ਇਹ ਦੋਸ਼ੀ 2019 'ਚ ਸ੍ਰੀਨਗਰ ਕੇਂਦਰੀ ਜੇਲ੍ਹ ਵਿਚ ਅੱਗਜ਼ਨੀ, ਦੰਗਾ, ਜੇਲ੍ਹ ਤੋੜਨ ਦਾ ਯਤਨ, ਦੇਸ਼ ਵਿਰੋਧੀ ਨਾਅਰੇ ਲਾਉਣ ਅਤੇ ਪਥਰਾਓ ਕਰਨ ਨਾਲ ਜੁੜੇ ਅਪਰਾਧਾਂ ਦੀ ਸਾਜ਼ਿਸ਼ ਅਤੇ ਇਨ੍ਹਾਂ ਨੂੰ ਅੰਜਾਮ ਦੇਣ 'ਚ ਸ਼ਾਮਲ ਸੀ।"

ਆਪਣਾ ਪੱਖ ਪੇਸ਼ ਕਰਦਿਆਂ ਜ਼ਾਹਿਦ ਅਲੀ ਨੇ ਫੇਸਬੁੱਕ ਪੋਸਟ ਵਿਚ ਕਿਹਾ, "ਪੰਜ ਸਾਲਾਂ ਦੌਰਾਨ ਹਾਈ ਕੋਰਟ ਨੇ ਮੈਨੂੰ ਤਿੰਨ ਵਾਰ ਰਿਹਾਅ ਕੀਤਾ, ਪੁਲਿਸ ਨੇ ਮੈਨੂੰ ਜਾਂ ਮੇਰੇ ਪਰਿਵਾਰ ਨੂੰ ਇਸ ਖ਼ਾਸ ਕੇਸ 'ਚ ਮੇਰੀ ਸ਼ਮੂਲੀਅਤ ਬਾਰੇ ਕਦੇ ਸੂਚਿਤ ਨਹੀਂ ਕੀਤਾ, ਜੋ ਫਰਜ਼ੀ ਹੈ ਕਿਉਂਕਿ ਮੇਰੀ ਇਸ ਘਟਨਾ ਵਿਚ ਕੋਈ ਭੂਮਿਕਾ ਨਹੀਂ ਸੀ। ਮੈਂ ਜੇਲ੍ਹ ਵਿਚ ਆਪਣੀ ਬੈਰਕ ਤੋਂ ਬਾਹਰ ਵੀ ਨਹੀਂ ਨਿਕਲਿਆ; ਨਾ ਹੀ ਮੇਰਾ ਉਸ ਘਟਨਾ ਨਾਲ ਕੋਈ ਸਰੋਕਾਰ ਸੀ। ਮੈਂ ਬੇਕਸੂਰ ਹਾਂ ਅਤੇ ਮੇਰੀ ਨਜ਼ਰਬੰਦੀ ਨੂੰ ਲੰਮੇ ਸਮੇਂ ਤੱਕ ਲਮਕਾਉਣ ਲਈ ਜਾਣ-ਬੁੱਝ ਕੇ ਇਸ ਕੇਸ 'ਚ ਫਸਾਇਆ ਗਿਆ ਹੈ।" ਉਸ ਨੇ 17 ਮਈ 2024 ਨੂੰ ਸ੍ਰੀਨਗਰ ਜ਼ਿਲ੍ਹਾ ਅਦਾਲਤ ਵਿਚ ਜ਼ਮਾਨਤ ਅਰਜ਼ੀ ਦਿੱਤੀ ਜਿਸ ਦੀਆਂ ਚਾਰ ਸੁਣਵਾਈਆਂ ਹੋ ਚੁੱਕੀਆਂ ਹਨ। ਅਗਲੀ ਸੁਣਵਾਈ 13 ਜੁਲਾਈ ਨੂੰ ਹੈ।

ਵਾਰ-ਵਾਰ ਗ੍ਰਿਫ਼ਤਾਰੀ ਅਤੇ ਜੇਲ੍ਹਬੰਦੀ ਕਾਰਨ ਮੁਸੀਬਤਾਂ ਝੱਲ ਰਹੇ ਪਰਿਵਾਰ ਦੇ ਮਾਨਸਿਕ, ਆਰਥਿਕ ਅਤੇ ਹੋਰ ਸੰਤਾਪ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਸ ਦੀ ਬਿਰਧ ਮਾਂ, ਉਸ ਦੇ ਬੱਚਿਆਂ ਸਮੇਤ ਪਰਿਵਾਰ ਦੇ ਜੀਅ ਘੋਰ ਪ੍ਰੇਸ਼ਾਨੀ ਅਤੇ ਸੰਕਟ ਵਿਚੋਂ ਗੁਜ਼ਰ ਰਹੇ ਹਨ। ਪਹਿਲੀ ਜੇਲ੍ਹਬੰਦੀ ਸਮੇਂ ਹੀ ਉਸ ਨੂੰ ਮਿਲਣ ਲਈ ਤਰਸਦਿਆਂ ਉਸ ਦੇ ਬੁੱਢੇ ਬਾਪ ਨੇ ਪ੍ਰਾਣ ਤਿਆਗ ਦਿੱਤੇ ਸਨ।

ਇਹ ਇਕੱਲੀ ਜ਼ਾਹਿਦ ਅਲੀ ਦੀ ਕਹਾਣੀ ਨਾ ਹੋ ਕੇ ਕਸ਼ਮੀਰ ਘਾਟੀ ਦੇ ਬੇਸ਼ੁਮਾਰ ਪਰਿਵਾਰਾਂ ਦੀ ਕਹਾਣੀ ਹੈ। ਇਸ ਕਹਾਣੀ ਵਿਚੋਂ ਭਾਰਤ ਦੇ ਬੇਸ਼ੁਮਾਰ ਲੋਕਾਂ ਦੀਆਂ ਕਹਾਣੀਆਂ ਦੇ ਨਕਸ਼ ਵੀ ਸਹਿਜੇ ਹੀ ਪਛਾਣੇ ਜਾ ਸਕਦੇ ਹਨ। 2015 'ਚ ਇਕ ਆਰਟੀਆਈ ਦੇ ਜਵਾਬ 'ਚ ਪਤਾ ਲੱਗਿਆ ਸੀ ਕਿ 1988 ਤੋਂ ਲੈ ਕੇ ਨਜ਼ਰਬੰਦੀ ਕਾਨੂੰਨ ਤਹਿਤ 16329 ਵਿਅਕਤੀਆਂ ਨੂੰ ਨਜ਼ਰਬੰਦ ਕੀਤਾ ਗਿਆ ਜਿਨ੍ਹਾਂ ਵਿਚੋਂ 95% ਦੇ ਕਰੀਬ ਕਸ਼ਮੀਰੀ ਸਨ। 'ਜੇ. ਐਂਡ ਕੇ. ਆਰ.ਟੀ.ਆਰ. ਮੂਵਮੈਂਟ' ਵੱਲੋਂ ਪਿਛਲੇ ਸਾਲ ਪਾਈ ਇਕ ਹੋਰ ਆਰ.ਟੀ.ਆਈ. ਨਾਲ ਇਹ ਸਾਹਮਣੇ ਆਇਆ ਸੀ ਕਿ ਅਗਸਤ 2019 ਅਤੇ ਜੁਲਾਈ 2023 ਦੇ ਅਰਸੇ ਦਰਮਿਆਨ ਪੀ.ਐੱਸ.ਏ. ਤਹਿਤ ਨਜ਼ਰਬੰਦੀ ਦੇ ਹੁਕਮਾਂ ਵਿਰੁੱਧ 1570 ਪਟੀਸ਼ਨਾਂ ਪਾਈਆਂ ਗਈਆਂ ਸਨ ਜਿਨ੍ਹਾਂ ਵਿਚੋਂ 900 ਹੁਕਮ ਹਾਈਕੋਰਟ ਵੱਲੋਂ ਰੱਦ ਕਰ ਦਿੱਤੇ ਗਏ। (ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਅਨੁਸਾਰ ਅਗਸਤ 2019 'ਚ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਤੋਂ ਬਾਅਦ ਉੱਥੇ ਯੂ.ਏ.ਪੀ.ਏ. ਤਹਿਤ 2300 ਤੋਂ ਵੱਧ ਲੋਕ ਗ੍ਰਿਫ਼ਤਾਰ ਕੀਤੇ ਗਏ ਅਤੇ ਪੀ.ਐੱਸ.ਏ. ਤਹਿਤ 1000 ਦੇ ਕਰੀਬ ਨੂੰ ਨਜ਼ਰਬੰਦ ਕੀਤਾ ਗਿਆ।

ਕਸ਼ਮੀਰ ਵਿਚ ਪਿਛਲੇ ਸਾਲਾਂ 'ਚ ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਦੀ ਦਹਿਸ਼ਤਵਾਦ ਦੇ ਇਲਜ਼ਾਮਾਂ ਤਹਿਤ ਸਾਲਾਂਬੱਧੀ ਜੇਲ੍ਹਬੰਦੀ ਤੋਂ ਦੁਨੀਆ ਬਾਖ਼ੂਬੀ ਜਾਣੂ ਹੈ। ਸੁਤੰਤਰ ਨਿਊਜ਼ ਪੋਰਟਲ 'ਦਿ ਕਸ਼ਮੀਰ ਵਾਲਾ' ਦੇ ਸੰਪਾਦਕ ਫਾਹਦ ਸ਼ਾਹ ਨੂੰ ਚਾਰ ਕੇਸਾਂ 'ਚ ਜੇਲ੍ਹਬੰਦੀ ਅਤੇ ਫੋਟੋ ਜਰਨਲਿਸਟ ਸਜਾਦ ਗੁੱਲ ਦੀ ਪੀ.ਐੱਸ.ਏ. ਤਹਿਤ ਨਜ਼ਰਬੰਦੀ ਇਸ ਦੀਆਂ ਮਿਸਾਲਾਂ ਹਨ। ਹੋਰ ਵੀ ਕਰੂਰ ਕੇਸ ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਦਾ ਹੈ ਜਿਸ ਨੂੰ ਦਹਿਸ਼ਤਵਾਦ ਦੇ ਝੂਠੇ ਇਲਜ਼ਾਮਾਂ ਅਤੇ ਨਜਾਇਜ਼ ਨਜ਼ਰਬੰਦੀ ਤਹਿਤ ਸਾਢੇ ਪੰਜ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ। ਉਸ ਦਾ ਗੁਨਾਹ ਇਹ ਸੀ ਕਿ ਉਸ ਨੇ ਬੁਰਹਾਨ ਵਾਨੀ ਬਾਰੇ ਕਸ਼ਮੀਰ ਨੈਰੇਟਰ ਵਿਚ ਲੇਖ ਲਿਖਿਆ ਸੀ। ਉਸ ਨੂੰ 'ਦਹਿਸ਼ਤਗਰਦੀ ਦੀ ਲਾਜਿਸਟਿਕ ਮਦਦ ਕਰਨ' ਦੇ ਦੋਸ਼ 'ਚ ਗ੍ਰਿਫ਼ਤਾਰ ਕਰ ਲਿਆ। ਜਦੋਂ ਉਹ ਜੰਮੂ ਕਸ਼ਮੀਰ ਅਤੇ ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਸੰਤਾਪ ਝੱਲ ਕੇ 29 ਫਰਵਰੀ 2024 ਨੂੰ 2010 ਦਿਨ ਬਾਅਦ ਪਹਿਲੀ ਵਾਰ ਘਰ ਪਹੁੰਚਿਆ ਹੀ ਸੀ ਕਿ ਪੁਲਿਸ ਨੇ ਉਸ ਨੂੰ ਯੂ.ਏ.ਪੀ.ਏ. ਦੇ 'ਪੰਜ ਸਾਲ ਪੁਰਾਣੇ' ਇਕ ਹੋਰ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। "ਅੱਬਾ ਕਿੱਥੇ ਹੈ", ਪੁੱਛੇ ਜਾਣ 'ਤੇ ਉਸ ਦੀ ਮਾਸੂਮ ਬੱਚੀ ਨੂੰ ਕਿਹਾ ਗਿਆ ਕਿ ਉਹ 'ਕੁਰਆਨ ਪੜ੍ਹਨ ਗਿਆ ਹੈ।'

ਅਜਿਹੀ ਲਾਕਾਨੂੰਨੀ ਨਜ਼ਰਬੰਦੀ ਅਤੇ ਜੇਲ੍ਹਬੰਦੀ ਨੂੰ ਲਮਕਾ ਕੇ ਹੋਰ ਕਰੂਰ ਬਣਾਉਣ ਦਾ ਇਕ ਹੋਰ ਪਾਸਾਰ ਕਸ਼ਮੀਰੀ ਬੰਦੀਆਂ ਨੂੰ ਮੁਲਕ ਦੀਆਂ ਹੋਰ ਜੇਲ੍ਹਾਂ 'ਚ ਲਿਜਾ ਕੇ ਡੱਕ ਦੇਣਾ ਹੈ। ਜ਼ਿਆਦਾਤਰ ਪਰਿਵਾਰਾਂ ਲਈ ਦੂਰ-ਦਰਾਜ਼ ਸੂਬਿਆਂ 'ਚ ਜਾ ਕੇ ਕਾਨੂੰਨੀ ਪੈਰਵਾਈ ਕਰਨੀ ਵੀ ਸੰਭਵ ਨਹੀਂ ਹੁੰਦੀ। ਅਗਸਤ 2018 ਵਿਚ ਜੰਮੂ ਕਸ਼ਮੀਰ ਨੇ ਪੀ.ਐੱਸ.ਏ. ਵਿਚ ਸੋਧ ਕਰ ਕੇ ਨਜ਼ਰਬੰਦਾਂ ਨੂੰ ਭਾਰਤ ਦੇ ਰਾਜਾਂ ਦੀਆਂ ਜੇਲ੍ਹਾਂ 'ਚ ਰੱਖਣ ਨੂੰ ਕਾਨੂੰਨੀ ਰੂਪ ਦੇ ਲਿਆ ਸੀ। 2019 'ਚ ਰਾਜ ਸਭਾ ਵਿਚ ਸਰਕਾਰ ਦੇ ਜਵਾਬ ਵਿਚ ਦੱਸਿਆ ਗਿਆ ਕਿ 234 ਕਸ਼ਮੀਰੀ ਯੂ.ਪੀ. ਅਤੇ 27 ਹਰਿਆਣਾ ਦੀਆਂ ਜੇਲ੍ਹਾਂ ਵਿਚ ਬੰਦ ਸਨ। ਨਤੀਜਾ ਹੈ ਕਿ ਉੱਚ ਅਦਾਲਤ ਵੱਲੋਂ ਨਜ਼ਰਬੰਦੀ ਰੱਦ ਕੀਤੇ ਜਾਣ ਤੋਂ ਬਾਅਦ ਵੀ ਜੰਮੂ ਕਸ਼ਮੀਰ ਸਟੇਟ ਵੱਲੋਂ ਕਲੀਅਰੈਂਸ ਵਗੈਰਾ ਦੀਆਂ ਰਸਮਾਂ ਪੂਰੀਆਂ ਕਰਦਿਆਂ ਮਹੀਨੇ ਬੀਤ ਜਾਂਦੇ ਹਨ ਅਤੇ ਨਜ਼ਰਬੰਦੀ ਹੋਰ ਲੰਮੀ ਹੋ ਜਾਂਦੀ ਹੈ ਜਿਵੇਂ ਅਸੀਂ ਪਿੱਛੇ ਜਿਹੇ ਪੱਤਰਕਾਰ ਆਸਿਫ਼ ਸੁਲਤਾਨ ਦੇ ਕੇਸ ਵਿਚ ਦੇਖ ਚੁੱਕੇ ਹਾਂ। ਜੰਮੂ ਕਸ਼ਮੀਰ ਹਾਈਕੋਰਟ ਦੇ ਵਕੀਲਾਂ ਅਨੁਸਾਰ ਅਦਾਲਤ ਦੇ ਹੁਕਮ ਤੋਂ ਬਾਅਦ ਵੀ ਪੀ.ਐੱਸ.ਏ. ਦੇ ਨਜ਼ਰਬੰਦਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਆਉਣ ਲਈ 30 ਤੋਂ 90 ਦਿਨ ਲੱਗ ਜਾਂਦੇ ਹਨ।

ਖੋਜੀ ਪੱਤਰਕਾਰਾਂ ਅਤੇ ਹੋਰ ਆਲੋਚਕ ਆਵਾਜ਼ਾਂ 'ਚ ਖ਼ੌਫ਼ ਪੈਦਾ ਕਰਨ ਦੀ ਮਨਸ਼ਾ ਨਾਲ ਪਾਏ ਜਾ ਰਹੇ ਅਜਿਹੇ ਝੂਠੇ ਕੇਸਾਂ ਕਾਰਨ ਹੁਣ ਆਲਮ ਇਹ ਹੈ ਕਿ ਕਸ਼ਮੀਰੀ ਪੱਤਰਕਾਰ ਅਜਿਹੀਆਂ ਕਹਾਣੀਆਂ ਵੀ ਆਪਣਾ ਨਾਮ ਨਾ ਛਾਪੇ ਜਾਣ ਦੀ ਸ਼ਰਤ 'ਤੇ ਲਿਖਦੇ/ਬਿਆਨ ਕਰਦੇ ਹਨ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੇ ਆਲਮੀ ਪ੍ਰੈੱਸ ਫਰੀਡਮ ਸੂਚਕ ਅੰਕ ਨਾਂ ਦੇ ਸਾਲਾਨਾ ਲੇਖੇ ਜੋਖੇ ਅਨੁਸਾਰ ਫ਼ੌਜੀ ਤਾਨਾਸ਼ਾਹੀ ਵਾਲਾ ਪਾਕਿਸਤਾਨ 152ਵੇਂ ਅਤੇ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਵਾਲਾ ਭਾਰਤ ਉਸ ਤੋਂ ਵੀ ਸੱਤ ਸਥਾਨ ਥੱਲੇ 159ਵੇਂ ਸਥਾਨ 'ਤੇ ਹੈ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ।

# ਗਿੱਲੀਆਂ ਅੱਖਾਂ ਨਾਲ ਸ਼ਬਦਾਂ ਵਿਚੋਂ ਵੇਖਿਆ ਪੰਥ ਪ੍ਰਸਤ ਦਾ ਪਰਿਵਾਰਕ ਵਿਛੋੜਾ

ਸ. ਗੁਜਿੰਦਰ ਸਿੰਘ ਹੁਣਾਂ ਦੀ ਚਾਰ ਕੁ ਮਹੀਨੇ ਪਹਿਲਾਂ ਦੀ ਇਹ ਲਿਖਤ ਪੜ੍ਹਿਓ। ਸਬਰ, ਸਿਦਕ, ਸੰਘਰਸ਼, ਤਿਆਗ, ਜਲਾਵਤਨੀ ਕੀ ਹੁੰਦੀ ਐ, 'ਕੱਲਾ-'ਕੱਲਾ ਸ਼ਬਦ ਮਹਿਸੂਸ ਕਰਿਓ।

..............

ਉਹ ਵੀ ਤੇਰੀ ਧੀ ਸੀ ਜੋ ਧੱਕੇ ਖਾਂਦੀ ਰਹੀ

ਕੁੱਝ ਦਿਨ ਪਹਿਲਾਂ ਮੈਂ ਆਪਣੀ ਜੀਵਨ ਸਾਥਣ ਅਤੇ ਬੇਟੀ ਦੀ ਗੁਰਦਵਾਰਾ ਡੇਹਰਾ ਸਾਹਿਬ ਵਿਚਲੀ ਤਸਵੀਰ ਸਾਂਝੀ ਕੀਤੀ ਸੀ, ਤਾਂ ਕਈ

**ਰਾਮੂੰਵਾਲੀਆ ਬਲਦੀਪ ਸਿੰਘ**

ਦੋਸਤਾਂ ਨੇ ਪਰਿਵਾਰ ਬਾਰੇ ਹੋਰ ਵਧੇਰੇ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਸੀ।

ਇਸੇ ਸਿਲਸਿਲੇ ਵਿਚ ਅੱਜ ਇਹ ਪੋਸਟ ਲਿਖ ਰਿਹਾ ਹਾਂ।

ਲਾਹੌਰ, ਗੁਰਦਵਾਰਾ ਡੇਹਰਾ ਸਾਹਿਬ ਰਹਿੰਦੇ, ਮੇਰੀ ਜੀਵਨ ਸਾਥਣ ਨੂੰ ਦਿਲ ਦੀ ਪ੍ਰਾਬਲਮ ਹੋ ਗਈ ਸੀ। ਲਾਹੌਰ ਵਿਚ ਦਿਲ ਦੇ ਮਰੀਜ਼ਾਂ ਦਾ ਇੱਕ ਹਸਪਤਾਲ ਹੈ, ਪੰਜਾਬ ਕਾਰਡਿਆਲੋਜੀ, ਜਿਸ ਵਿਚ ਉਹ ਚੈਕ-ਅਪ ਤੇ ਇਲਾਜ ਲਈ ਜਾਂਦੀ ਰਹੀ। ਡਾਕਟਰ ਅਪਰੇਸ਼ਨ ਕਰਵਾਉਣ ਲਈ ਕਹਿ ਰਹੇ ਸਨ।

ਕੁੱਝ ਹਮਸਫਰ ਜੋ ਉਸ ਵੇਲੇ ਲਾਹੌਰ ਹੀ, ਜੇਲ੍ਹ ਤੋਂ ਬਾਹਰ ਰਹਿ ਰਹੇ ਸਨ, ਉਨ੍ਹਾਂ ਮੇਰੀ ਸਿੰਘਣੀ ਨੂੰ ਸਲਾਹ ਦਿੱਤੀ ਕਿ ਤੁਸੀਂ ਇੱਥੇ ਅਪਰੇਸ਼ਨ ਨਾ ਕਰਵਾਓ, ਬਲਕਿ ਬਾਹਰ ਚਲੇ ਜਾਓ, ਤੇ ਉਥੇ ਜਾ ਕੇ ਇਲਾਜ ਕਰਵਾ ਲੈਣਾ। ਕਾਫੀ ਵਿਚਾਰ ਵਟਾਂਦਰੇ ਤੋਂ ਬਾਅਦ ਅਖੀਰ ਫੈਸਲਾ ਹੋਇਆ ਕਿ ਉਨ੍ਹਾਂ ਨੂੰ ਅਮਰੀਕਾ ਭੇਜ ਦਿੱਤਾ ਜਾਵੇ। ਅਖੀਰ ਭਾਈ ਦਲਜੀਤ ਸਿੰਘ ਬਿੱਟੂ ਹੁਰਾਂ ਨੇ ਆਪਣੀ ਜਥੇਬੰਦੀ ਦੇ ਸਿੰਘਾਂ ਨੂੰ ਕਹਿ ਕੇ ਉਨ੍ਹਾਂ ਨੂੰ ਅਮਰੀਕਾ ਭੇਜਣ ਦਾ ਇੰਤਜ਼ਾਮ ਕਰਵਾ ਦਿੱਤਾ। ਇਸ ਫੈਸਲੇ ਤੋਂ ਅਮਲ ਤੱਕ ਬਹੁਤ ਸਾਰੀਆਂ ਪਰੇਸ਼ਾਨੀਆਂ ਪੇਸ਼ ਆਈਆਂ, ਜਿਨ੍ਹਾਂ ਦਾ ਮੈਂ ਇੱਥੇ ਜ਼ਿਕਰ ਨਹੀਂ ਕਰਾਂਗਾ। ਬਸ ਇੰਨਾ ਹੀ ਜ਼ਿਕਰ ਕਰਾਂਗਾ, ਕਿ ਇੱਕ ਦਿਨ ਜੇਲ੍ਹ ਮੁਲਾਕਾਤ ਆਈ ਨੇ ਦਸਿਆ ਕਿ ਕੱਲ ਮੇਰੀ ਫਲਾਈਟ ਹੈ।...ਇਸ ਤੋਂ ਕਾਫੀ ਦੇਰ ਬਾਅਦ ਇੱਕ ਚਿੱਠੀ ਰਾਹੀਂ ਪਤਾ ਲੱਗਾ ਕਿ ਮਾਂ-ਧੀ ਅਮਰੀਕਾ ਪਹੁੰਚ ਗਈਆਂ ਹਨ।

ਅਮਰੀਕਾ ਪਹੁੰਚਣ ਬਾਅਦ ਸਾਡੇ ਇੱਕ ਪੁਰਾਣੇ ਸਾਥੀ ਪ੍ਰਿਤਪਾਲ ਸਿੰਘ ਖਾਲਸਾ, ਗੁਰਦਾਸਪੁਰ ਵਾਲਿਆਂ ਨੇ, ਜੋ ਨਿਊ ਜਰਸੀ ਰਹਿੰਦੇ ਸਨ, ਨੇ ਕੁੱਝ ਹੋਰ ਸਿੰਘਾਂ ਦੇ ਸਹਿਯੋਗ ਨਾਲ ਰਹਿਣ-ਸਹਿਣ ਦਾ ਕੁੱਝ ਇੰਤਜ਼ਾਮ ਕੀਤਾ।

ਪੰਜ-ਛੇ ਮਹੀਨੇ ਅਮਰੀਕਾ ਰਹਿਣ ਬਾਅਦ ਜਦੋਂ ਇਹ ਪਤਾ ਲੱਗਾ ਕਿ ਅਮਰੀਕਾ ਇਲਾਜ ਬਹੁਤ ਮਹਿੰਗਾ ਹੈ, ਤੇ ਕੈਨੇਡਾ ਮੈਡੀਕਲ ਫਰੀ ਹੈ, ਕੁੱਝ ਦੋਸਤਾਂ ਦੇ ਮਸ਼ਵਰੇ ਨਾਲ, ਉਹ ਇੱਕ ਦੋਸਤ ਦੇ ਟਰੱਕ ਵਿਚ ਬੈਠ ਕੇ ਹੀ ਕਨੇਡਾ ਪਹੁੰਚ ਗਈਆਂ।

ਕਨੇਡਾ ਪਹੁੰਚ ਕੇ ਪਨਾਹ ਦਾ ਕੇਸ ਕੀਤਾ, ਬੱਚੀ ਦੀ ਪੜ੍ਹਾਈ, ਤੇ ਆਪਣਾ ਇਲਾਜ ਸ਼ੁਰੂ ਕਰਵਾਇਆ। ਕਨੇਡਾ ਵਿਚ ਪਨਾਹ ਦੀ ਦਰਖਾਸਤ ਦੇਣ ਬਾਅਦ ਸਰਕਾਰ ਲੋੜੀਂਦਾ ਖਰਚਾ ਵੀ ਦਿੰਦੀ ਸੀ। ਉਹ ਸ਼ੁਰੂ ਤੋਂ ਹੀ ਕਿਸੇ ਉਤੇ ਬੋਝ ਬਣਨੋਂ ਬਚਣਾ ਚਾਹੁੰਦੀ ਸੀ, ਸੋ ਕਨੇਡਾ ਪਹੁੰਚ ਕੇ ਉਸ ਦੀ ਇਹ ਇੱਛਾ ਪੂਰੀ ਹੋ ਗਈ। ਮੈਨੂੰ ਇਹ ਸਾਰਾ ਕੁੱਝ ਜੇਲ੍ਹ ਪਹੁੰਚੀਆਂ ਚਿੱਠੀਆਂ ਰਾਹੀਂ ਕਾਫੀ ਸਮੇਂ ਬਾਅਦ ਪਤਾ ਲੱਗਾ ਸੀ।

ਕਨੇਡਾ ਵਿਚ ਪਨਾਹ ਦਾ ਕੇਸ ਤਿੰਨ ਕੁ ਸਾਲ ਚੱਲਣ ਬਾਅਦ ਆਖਰ ਉਸ ਨੂੰ ਇੱਕ 'ਵੱਡੇ ਅਤਿਵਾਦੀ ਦੀ ਮਦਦਗਾਰ ਪਤਨੀ' ਗਰਦਾਨ ਕੇ ਡਿਪੋਰਟ ਕਰਨ ਦਾ ਫੈਸਲਾ ਹੋ ਗਿਆ। ਮੈਂ ਇਸ ਵੇਲੇ ਤੱਕ ਕੋਟ ਲਖਪੱਤ ਜੇਲ੍ਹ ਤੋਂ ਰਿਹਾਅ ਹੋ ਚੁੱਕਾ ਸਾਂ।

ਇਸ ਤੋਂ ਬਾਅਦ ਹਮਦਰਦੀ ਰੱਖਣ ਵਾਲੇ ਸਿੰਘਾਂ ਨੇ ਉਨ੍ਹਾਂ ਨੂੰ ਮੁੜ ਅਮਰੀਕਾ ਭੇਜਣ, ਤੇ ਉਥੇ ਪਨਾਹ ਦਾ ਕੇਸ ਦਰਜ ਕਰਵਾਣ ਲਈ, ਅਮਰੀਕਾ ਭੇਜ ਦਿੱਤਾ। ਮਾਂ-ਧੀ ਦੇ ਅਮਰੀਕਾ ਪਹੁੰਚਣ ਦੀ ਕਹਾਣੀ ਕਾਫੀ ਲੰਮੀ ਹੈ, ਪਰ ਮੈਂ ਉਹ ਨਹੀਂ ਲਿਖਣੀ ਚਾਹਾਂਗਾ। ਇੰਨਾ ਹੀ ਕਾਫੀ ਹੈ, ਕਿ ਵਾਪਿਸ ਅਮਰੀਕਾ ਪਹੁੰਚ ਗਈਆਂ, ਤੇ ਕਈ ਮਹੀਨੇ ਦੀ ਭਟਕਣ ਬਾਅਦ ਕੈਲੀਫੋਨੀਆ ਵਿਚ ਪਨਾਹ ਦੀ ਦਰਖਾਸਤ ਦਰਜ ਕਰਵਾਈ। ਬੇਟੀ ਦੀ ਪੜ੍ਹਾਈ ਦਾ ਸਿਲਸਿਲਾ ਇੱਕ ਵਾਰ ਫਿਰ ਟੁੱਟਣ ਬਾਅਦ ਜੁੜਿਆ ਤੇ ਜ਼ਿੰਦਗੀ ਸ਼ੁਰੂ ਹੋਈ। ਇੱਥੇ ਵੀ ਕੁੱਝ ਹਮਦਰਦ ਤੇ ਪਿਆਰ ਕਰਨ ਵਾਲੇ ਸਿੰਘਾਂ ਨੇ ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ। ਚਾਰ ਪੰਜ ਸਾਲ ਬਾਅਦ ਜਦੋਂ ਬੇਟੀ ਨੇ ਸਕੂਲ ਗਰੈਜੂਏਸ਼ਨ ਹਾਈ ਗਰੇਡ ਨਾਲ ਕਰ ਲਈ, ਤੇ ਅਗਲੀ ਡਾਕਟਰੀ ਦੀ ਪੜ੍ਹਾਈ ਲਈ ਵਜ਼ੀਫਾ ਵੀ ਮਨਜ਼ੂਰ



*ਇਹ ਤਸਵੀਰ ਸ. ਗਜਿੰਦਰ ਸਿੰਘ ਅਤੇ ਉਨ੍ਹਾਂ ਦੀ ਸਿੰਘਣੀ ਦੀ ਸ਼ਾਇਦ 1999 ਦੀ ਹੈ, ਜਦੋਂ ਉਹ ਅਮਰੀਕਾ ਤੋਂ ਡਿਪੋਰਟ ਹੋ ਕੇ ਉਨ੍ਹਾਂ ਕੋਲ ਆਏ ਸਨ ਅਤੇ ਗੁਰਦਵਾਰਾ ਪੰਜਾ ਸਾਹਿਬ ਦੇ ਦਰਸ਼ਨ ਕਰਨ ਗਏ ਸਨ।*

ਹੋ ਗਿਆ ਸੀ, ਤਾਂ ਮੇਰੀ ਸਿੰਘਣੀ ਨੂੰ ਕੋਰਟ ਵੱਲੋਂ ਡਿਪੋਰਟ ਕਰਨ ਦਾ ਫੈਸਲਾ ਸੁਣਾ ਦਿੱਤਾ ਗਿਆ।

ਦੋਸਤਾਂ ਮਿੱਤਰਾਂ ਦੇ ਮਸ਼ਵਰੇ ਤੇ ਲੰਮੀ ਸੋਚ ਵਿਚਾਰ ਬਾਅਦ ਫੈਸਲਾ ਹੋਇਆ ਕਿ ਉਨ੍ਹਾਂ ਨੂੰ ਮੇਰੇ ਕੋਲ ਭੇਜ ਦਿੱਤਾ ਜਾਵੇ, ਤੇ ਬੇਟੀ ਨੂੰ ਪੜ੍ਹਾਈ ਦੀ ਬੁਨਿਆਦ ਉਤੇ ਅਮਰੀਕਾ ਹੀ ਰਹਿਣ ਦਿੱਤਾ ਜਾਵੇ, ਜਿਸ ਦੀ ਇਜਾਜ਼ਤ ਦੀ ਯਕੀਨ ਦਹਾਨੀ ਵਕੀਲ ਸੇਖੋਂ ਸਾਹਿਬ ਨੇ ਕਰਵਾਈ ਸੀ।

ਅਖੀਰ ਇੱਕ ਦਿਨ ਉਹ ਬੇਟੀ ਬਿਕਰਮ ਨੂੰ ਅਮਰੀਕਾ ਇੱਕ ਹਮਦਰਦ ਦੋਸਤ ਜਸਜੀਤ ਸਿੰਘ ਤੇ ਉਨ੍ਹਾਂ ਦੀ ਮਿਸਿਜ਼ ਦੀ ਨਿਗਰਾਨੀ ਵਿਚ ਛੱਡ ਕੇ ਮੇਰੇ ਜਲਾਵਤਨ ਟਿਕਾਣੇ ਉਤੇ ਮੇਰੇ ਕੋਲ ਪਹੁੰਚ ਗਈ। ਬੇਟੀ ਬਿਕਰਮ ਆਪਣੀ ਮਾਂ ਦੀ ਡਿਪੋਰਟੇਸ਼ਨ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਨਾ ਰੱਖ ਸਕੀ, ਤੇ ਉਸ ਨੂੰ ਜ਼ਿੰਦਗੀ ਚੱਲਦੀ ਰਖਣ ਲਈ ਨੌਕਰੀ ਕਰਨੀ ਪੈ ਗਈ। ਬੇਟੀ ਨੂੰ ਅੱਛੀ ਪੜ੍ਹਾਈ ਕਰਾਉਣ ਦਾ ਮੇਰਾ ਸੁਪਨਾ ਇੰਝ ਬਿਖਰ ਕੇ ਰਹਿ ਗਿਆ।

ਜੀਵਨ ਸਾਥਣ ਦਾ ਮੇਰੇ ਕੋਲ ਆਉਣਾ ਯਕੀਨਨ ਵੱਡੀ ਖੁਸ਼ੀ ਦੀ ਗੱਲ ਸੀ, ਪਰ ਮੇਰੇ ਕੋਲ ਰਹਿੰਦੇ ਵੀ ਬਿਮਾਰੀਆਂ ਨੇ ਉਸ ਦਾ ਖਹਿੜਾ ਨਾ ਛਡਿਆ। ਛੇ/ਸੱਤ ਮਹੀਨੇ ਕੱਠੇ ਰਹਿਣ ਬਾਅਦ ਜਦੋਂ ਇਹ ਮਹਿਸੂਸ ਹੋਇਆ ਕਿ ਉਸ ਦਾ ਆਪਣੀਆਂ ਬਿਮਾਰੀਆਂ ਨਾਲ ਹੋਰ ਇੱਥੇ ਰਹਿਣਾ ਲਗਾਤਾਰ ਤਕਲੀਫ-ਦੇਹ ਬਣਦਾ ਜਾ ਰਿਹਾ ਹੈ, ਤਾਂ ਜਰਮਨ ਵਾਲੇ ਕੁੱਝ ਦੋਸਤਾਂ ਨੇ ਉਨ੍ਹਾਂ ਵੱਲ ਭੇਜ ਦੇਣ ਦਾ ਮਸ਼ਵਰਾ ਦਿੱਤਾ। ਦੋਸਤਾਂ ਦੀ ਰਾਏ ਮੁਤਾਬਕ ਜਰਮਨ ਭੇਜਣ ਦਾ ਇੰਤਜ਼ਾਮ ਕੀਤਾ। ਕਾਫੀ ਰਿਸਕੀ ਸਫਰ ਤੈਅ ਕਰ ਕੇ ਉਹ ਜਰਮਨ ਪਹੁੰਚਣ ਵਿਚ ਕਾਮਯਾਬ ਹੋ ਗਈ। ਜਰਮਨ ਵਿਚ ਪਨਾਹ ਦਾ ਕੇਸ ਦਰਜ ਹੋਇਆ, ਫਿਰ ਇੱਥੇ ਵੀ ਇਨਕਾਰ ਹੋਇਆ, ਪਰ ਇਲਾਜ-ਮੁਲਾਹਜ਼ੇ ਪੱਖੋਂ ਜਰਮਨ ਬਹੁਤ ਵਧੀਆ ਮੁਲਕ ਸਾਬਤ ਹੋਇਆ। ਇਸ ਮੁਲਕ ਨੇ ਅੱਛੀ ਮੈਡੀਕਲ ਟਰੀਟਮੈਂਟ ਦਿੱਤੀ, ਤੇ ਅਖੀਰ ਡਾਕਟਰਾਂ ਦੀ ਹਮਾਇਤ ਨਾਲ ਹੀ ਉਨ੍ਹਾਂ ਨੂੰ ਉਥੇ ਮੈਡੀਕਲ ਗਰਾਊਂਡ ਉਤੇ ਰਹਿਣ ਦੀ ਇਜਾਜ਼ਤ ਮਿਲੀ ਤੇ ਇੱਕ ਟਰੈਵਲ ਡਾਕੂਮੈਂਟ ਵੀ ਮਿਲਿਆ। ਪੰਜ ਸਾਲ ਪਹਿਲਾਂ ਜਰਮਨ ਤੋਂ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਉਸ ਨੇ ਮੇਰੇ ਕੋਲ ਤਿੰਨ/ਚਾਰ ਚੱਕਰ ਵੀ ਲਾਏ। ਸਿੰਘਣੀ ਦੇ ਜਰਮਨ ਵਿਚ ਰਹਿੰਦੇ ਹੀ, ਬੇਟੀ ਬਿਕਰਮਜੀਤ ਕੌਰ ਦਾ ਯੂਕੇ ਦੇ ਸਰਦਾਰ ਮੰਗਲ ਸਿੰਘ ਦੇ ਬੇਟੇ ਗੁਰਪ੍ਰੀਤ ਸਿੰਘ ਨਾਲ ਰਿਸ਼ਤਾ ਤੈਅ ਹੋਇਆ, ਤੇ ਅਮਰੀਕਾ ਤੋਂ ਸਿੱਧੀ ਯੂਕੇ ਪਹੁੰਚੀ।

ਨਜ਼ਦੀਕੀ ਦੋਸਤਾਂ ਸਰਦਾਰ ਕੇਸਰ ਸਿੰਘ ਮੰਡ ਅਤੇ ਮਨਮੋਹਨ ਨੇ ਰਲ-ਮਿਲ ਕੇ ਬਿਕਰਮ ਦਾ ਆਨੰਦ ਕਾਰਜ ਕਰਵਾਇਆ ਤੇ ਹੁਣ ਉਹ ਆਪਣੇ ਪਤੀ ਅਤੇ ਦੋ ਬਚਿਆਂ ਨਾਲ ਰਾਜ਼ੀ ਖੁਸ਼ੀ ਰਹਿ ਰਹੀ ਹੈ। ਉਸ ਦੇ ਆਨੰਦ ਕਾਰਜ ਉਤੇ ਨਾ ਮੈਂ ਜਾ ਸਕਿਆ ਸਾਂ, ਤੇ ਨਾ ਉਸ ਦੀ ਮਾਂ ਨੂੰ ਇਜਾਜ਼ਤ ਮਿਲੀ ਸੀ।

ਜਰਮਨ ਰਹਿਣ ਦੌਰਾਨ ਉਸ ਦਾ ਖਿਆਲ, ਉਸ ਦੀ ਦੇਖਭਾਲ ਬਹੁਤਾ ਬੇਟੀ ਜਸਪਾਲ ਕੌਰ ਨੇ ਕੀਤੀ। ਮੇਰੀ ਜੀਵਨ ਸਾਥਣ ਦੁਨੀਆਂ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਨਕਲੀ ਪਾਸਪੋਰਟਾਂ ਉਤੇ ਧੱਕੇ ਖਾਂਦੀ ਰਹੀ, ਪਰ ਕਿਤੇ ਉਸ ਦੇ ਪੈਰ ਨਾ ਲੱਗੇ, ਕਿਤੇ ਉਹ ਟਿਕ ਨਾ ਸਕੀ, ਤੇ ਅਖੀਰ 23 ਜਨਵਰੀ 2019 ਨੂੰ ਆਪਣੇ ਸਾਰੇ ਦੁੱਖ ਤਕਲੀਫਾਂ ਨੂੰ ਸਮੇਟ ਕੇ ਇਸ ਦੁਨੀਆਂ ਤੋਂ ਵਿਦਾ ਹੋ ਗਈ।

ਪੰਜ ਸਾਲ ਪਹਿਲਾਂ ਜਦੋਂ ਮੇਰੀ ਸਿੰਘਣੀ ਦਾ ਅਕਾਲ ਚਲਾਣਾ ਹੋਇਆ, ਮੈਂ ਆਪਣੇ ਜਲਾਵਤਨ ਟਿਕਾਣੇ ਉਤੇ ਸਾਂ, ਤੇ ਉਸ ਦੇ ਆਖਰੀ ਸਫਰ ਦੀਆਂ ਬਸ ਤਸਵੀਰਾਂ ਹੀ ਦੇਖ ਸਕਿਆ ਸਾਂ।

***-ਗਜਿੰਦਰ ਸਿੰਘ, ਦਲ ਖਾਲਸਾ।***
***4.3.2024***

# ਗਜਿੰਦਰ ਸਿੰਘ ਦੇ ਚਲਾਣੇ ਨਾ.ਲ ਵੱਡਾ ਘਾਟਾ

ਖ਼ਾਲਿਸਤਾਨ ਦੇ ਸੰਘਰਸ਼ ਦੀ ਮਹਾਨ ਸ਼ਖ਼ਸੀਅਤ ਭਾਈ ਗਜਿੰਦਰ ਸਿੰਘ ਅਕਾਲ ਚਲਾਣਾ ਕਰ ਗਏ ਹਨ। ਭਾਈ ਗਜਿੰਦਰ ਸਿੰਘ ਦੇ ਚਲਾਣੇ ਨਾ.ਲ ਬਹੁਤ ਵੱਡਾ ਘਾਟਾ ਪਿਆ ਹੈ। ਭਾਈ ਸਾਹਿਬ ਅੱਧੀ ਸਦੀ ਤੋਂ ਲੰਮੇ ਸਮੇਂ ਦੇ ਪੰਥਕ ਸੰਘਰਸ਼ਾਂ ਦੇ ਉਤਰਾਅ-ਚੜ੍ਹਾਅ ਆਪਣੀ ਦੇਹ ਵਿਚ ਸਮੋਈ ਬੈਠੇ ਸਨ। ਇਤਿਹਾਸ ਦੇ ਅਜਿਹੇ ਜੀਵੰਤ ਅਨੁਭਵਾਂ ਦਾ ਅਚਾਨਕ ਅਲੋਪ ਹੋ ਜਾਣਾ ਪੰਥ ਦੀ ਸਾਂਝੀ ਸਿਮ੍ਰਿਤੀ ਲਈ ਵੱਡਾ ਘਾਟਾ ਹੈ।

ਆਖ਼ਰ ਕੌਣ ਸੀ ਭਾਈ ਗਜਿੰਦਰ ਸਿੰਘ? ਭਾਈ ਗਜਿੰਦਰ ਸਿੰਘ ਪੰਥ ਸੀ, ਘੱਲੂਘਾਰਿਆਂ ਤੇ ਜੁਗਗਰਦੀਆਂ, ਬਿਰਤਾਂਤਕ ਹਿੰਸਾ ਤੇ ਆਰਥਿਕ ਲੁੱਟ, ਅਤੇ ਅਣਕੀਤੇ ਗੁਨਾਹਾਂ ਦੇ ਬੋਝ ਹੇਠਾਂ ਦਰੜ ਕੇ ਖ਼ਤਮ ਕੀਤਾ ਜਾ ਰਿਹਾ ਪੰਥ ਜਿਹੜਾ ਸਭ ਕੁਝ ਦੇ ਬਾਵਜੂਦ ਜਿਉਂਦਾ ਸੀ। 1960ਵਿਆਂ ਤੱਕ, ਜਦੋਂ ਭਾਈ ਗਜਿੰਦਰ ਸਿੰਘ ਸਿਆਸੀ ਤੌਰ 'ਤੇ ਚੇਤੰਨ ਹੋਏ, ਪੰਥ ਬਹੁਤ ਸਾਰੀਆਂ ਦੁਸ਼ਵਾਰੀਆਂ ਝੱਲ ਚੁੱਕਾ ਸੀ। ਪੰਥ ਦੇ ਆਗੂ ਕਹਾਉਣ ਵਾ.ਲੇ ਜਾਂ ਬੇਸਮਝ ਸਨ ਜਾਂ ਬੇਈਮਾਨ। ਇੱਕ ਪਾਸੇ ਸਿੱਖਾਂ ਦੀ ਦਸ਼ਾ ਸੀ ਕਿ ਰਾਹ ਕੋਈ ਦਿਸਦਾ ਨਹੀਂ ਸੀ ਪਰ ਤਬਾਹੀ ਸਿਰ 'ਤੇ ਚੜ੍ਹੀ ਆ ਰਹੀ ਸੀ। ਦੂਜੇ ਪਾਸੇ ਸਿੱਖਾਂ ਦੇ ਆਗੂ ਬੇਵਸਾਂ ਵਾਂਗ ਕੌਮ ਨੂੰ ਦੁਸ਼ਵਾਰੀਆਂ ਦੇ ਮੂੰਹ ਧੱਕੀ ਜਾ ਰਹੇ ਸਨ। ਇਹ ਸਥਿਤੀ ਹਰ ਗ਼ੈਰਤਮੰਦ ਸਿੱਖ ਨੂੰ ਬਦਜ਼ਨ ਕਰਨ ਵਾ.ਲੀ ਸੀ। ਜਿਉਂਦੀ ਜ਼ਮੀਰ ਵਾ.ਲੇ ਸਿੱਖ ਇਸ ਬਾਰੇ ਕੁਛ ਕਰਨਾ ਚਾਹੁੰਦੇ ਸਨ। ਇਸ ਭਾਵਨਾ ਵਿਚੋਂ ਭਾਈ ਦਰਸ਼ਨ ਸਿੰਘ ਫੇਰੂਮਾਨ ਨੇ ਆਪਣੀ ਮਹਾਨ ਸ਼ਹਾਦਤ ਦਿੱਤੀ। ਫੇਰੂਮਾਨ ਸਾਹਿਬ ਨੇ ਸਿਰਫ਼ ਸ਼ਹਾਦਤ ਦੇਣ ਲਈ ਮਰਨ ਵਰਤ ਰੱਖਿਆ। ਉਨ੍ਹਾਂ ਦੀ ਕੋਈ ਮੰਗ ਨਹੀਂ ਸੀ। ਫੇਰੂਮਾਨ ਸਾਹਿਬ ਨੇ ਮਹਿਸੂਸ ਕੀਤਾ ਕਿ ਪੰਥ ਦੇ ਆਗੂਆਂ ਨੇ ਆਪਣੇ ਮਰਨ ਵਰਤ ਤੋੜ ਕੇ ਸਿੱਖਾਂ ਦਾ ਇਹ ਅਕਸ ਬਣਾ ਦਿੱਤਾ ਹੈ ਕਿ ਉਨ੍ਹਾਂ ਵਿਚ ਹੁਣ ਪਹਿਲਾਂ ਵਾ.ਲੀ ਗੱਲ ਨਹੀਂ ਰਹੀ। ਭਾਈ ਫੇਰੂਮਾਨ ਨੇ ਕਿਹਾ ਕਿ ਉਹ ਸ਼ਹੀਦੀ ਪਾ ਕੇ ਇਹ ਸਾਬਤ ਕਰਨਗੇ ਕਿ ਸਿੱਖਾਂ ਵਿਚ ਉਹ ਪਹਿਲੀ ਬੁਲੰਦੀ ਅੱਜ ਵੀ ਬਰਕਰਾਰ ਹੈ। ਅਠ੍ਹਾਰਾਂ ਵਰ੍ਹਿਆਂ ਦੇ ਗਜਿੰਦਰ ਸਿੰਘ ਨੂੰ ਇਸ ਗੱਲ ਨੇ ਝੰਜੋੜਿਆ। ਗਜਿੰਦਰ ਸਿੰਘ ਨੇ ਫ਼ੈਸਲਾ ਕੀਤਾ ਕਿ ਇਹ ਪੰਥ ਸਾਡਾ ਹੈ ਤੇ ਅਸੀਂ ਖ਼ੁਦ ਇਸ ਦੀ ਵਾਗਡੋਰ ਸੰਭਾਲਣੀ। ਜਦੋਂ ਕਿਸੇ ਕੌਮ ਦੇ ਅਠ੍ਹਾਰਾਂ-ਅਠ੍ਹਾਰਾਂ ਸਾਲਾਂ ਦੇ ਮੁੰਡੇ ਜੁਆਨੀ ਦੇ ਸ਼ੋਹਦੇ ਚਾਅਵਾਂ ਤੋਂ ਉੱਪਰ ਉੱਠ ਕੇ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਮੋਢਿਆਂ 'ਤੇ ਲੈ ਲੈਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਕੌਮ ਜਿਉਂਦੀ ਤਾਂ ਹੈ ਪਰ ਉਸ ਦਾ ਵਾਲੀਵਾਰਸ ਕੋਈ ਨਹੀਂ।

# ਸੇਵਕ ਕੀ ਓੜਕਿ ਨਿਬਹੀ ਪ੍ਰੀਤ

ਸਾਡਾ ਅਤੇ ਤੁਹਾਡਾ ਗਜਿੰਦਰ ਸਿੰਘ ਚਲਾ ਗਿਆ ਹੈ। ਕੀ ਉਹ ਚਲਾ ਗਿਆ ਹੈ? ਨਹੀਂ, ਜਾਣ ਵਾਲਾ ਆਪਣੀ ਯਾਦ ਛੱਡ ਗਿਆ ਹੈ- ਖਾਲਿਸਤਾਨ ਦੀ ਯਾਦ ਜਿਸ ਲਈ ਉਹ ਤੁਰਿਆ, ਜਿਸ ਲਈ ਉਹ ਜੂਝਿਆ, ਜਿਸ ਲਈ ਉਹ ਆਖਰੀ ਸਾਹਾਂ ਤੱਕ ਜੀਵਿਆ- ਆਪਣੀ ਕਵਿਤਾ ਵਿਚ ਵੀ ਅਤੇ ਆਪਣੇ ਅਮਲਾਂ ਵਿਚ ਵੀ।



ਆਪਣੀ ਗੁਫਤਾਰ ਵਿਚ ਵੀ ਖਾਲਿਸਤਾਨ ਅਤੇ ਆਪਣੀ ਰਫਤਾਰ ਵਿਚ ਵੀ ਖਾਲਿਸਤਾਨ।

**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ:+91-99150-91063**

ਉਦੋਂ ਵੀ ਮੰਜ਼ਿਲ ਖਾਲਿਸਤਾਨ ਸੀ ਜਦੋਂ ਵਾਲ ਸਿਆਹ ਕਾਲੇ ਸਨ ਤੇ ਉਦੋਂ ਵੀ ਮੰਜ਼ਲ ਖਾਲਿਸਤਾਨ ਹੀ ਸੀ ਜਦੋਂ ਵਾਲ ਚਿੱਟੇ ਹੋ ਗਏ ਸਨ।

ਉਦੋਂ ਵੀ ਗੱਲ ਖਾਲਿਸਤਾਨ ਦੀ ਸੀ ਜਦੋਂ 14 ਸਾਲ ਜੇਲ੍ਹ ਵਿਚ ਬੰਦ ਰਹੇ ਤੇ ਉਦੋਂ ਵੀ ਬੁੱਲਾਂ 'ਤੇ ਖਾਲਿਸਤਾਨ ਸੀ ਜਦੋਂ ਜੇਲ੍ਹ ਤੋਂ ਬਾਹਰ ਆਏ।

ਦੁੱਖ ਵਿਚ ਵੀ ਖਾਲਿਸਤਾਨ ਤੇ ਸੁੱਖ ਵਿਚ ਵੀ ਖਾਲਿਸਤਾਨ।

ਉਦੋਂ ਵੀ ਮੰਜ਼ਿਲ ਖਾਲਿਸਤਾਨ ਹੀ ਸੀ ਜਦੋਂ ਸਾਰਾ ਪਰਿਵਾਰ ਵਿਛੜ ਗਿਆ ਸੀ-ਧੀ ਕਿਤੇ ਤੇ ਜੀਵਨ ਸਾਥਣ ਕਿਤੇ। ਉਦੋਂ ਵੀ ਮੰਜ਼ਿਲ ਖਾਲਿਸਤਾਨ ਹੀ ਸੀ ਜਦੋਂ ਜੀਵਨ ਸਾਥਣ ਦਾ ਮਿਲਾਪ ਹੋਇਆ।

ਆਓ ਅੱਜ ਖਾਲਸਾ ਪੰਥ ਰਲ ਕੇ ਵੀ, ਇਕੱਲੇ ਇਕੱਲੇ ਵੀ ਤੇ ਪਰਿਵਾਰ ਵਿਚ ਵੀ ਇਹ ਸ਼ਬਦ ਗਾਈਏ:

ਸੇਵਕ ਕੀ ਓੜਕਿ ਨਿਬਹੀ ਪ੍ਰੀਤ। ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ।

ਖਾਲਿਸਤਾਨ ਉਸ ਦੀ ਪ੍ਰੀਤ ਸੀ। ਖਾਲਿਸਤਾਨ ਉਸ ਦਾ ਇਸ਼ਕ ਸੀ। ਖਾਲਿਸਤਾਨ ਸਚਮੁੱਚ ਉਸ ਦਾ ਜਨੂੰਨ ਸੀ। ਖਾਲਿਸਤਾਨ ਉਸਦੀ ਦੀਵਾਨਗੀ ਸੀ। ਖਾਲਿਸਤਾਨ ਉਸਦੀ ਮੰਜ਼ਿਲ ਸੀ। ਖਾਲਿਸਤਾਨ ਉਸਦਾ ਮਾਰਗ ਸੀ। ਖਾਲਿਸਤਾਨ ਉਸਦਾ ਸਫ਼ਰ ਸੀ।

ਆਪਣੀ ਜੱਦੋ-ਜਹਿਦ ਦੌਰਾਨ ਕੰਡਿਆਲਿਆਂ ਰਾਹਾਂ ਉੱਤੇ ਸਫਰ ਕਰਦਿਆਂ ਉਹ ਇੱਕ ਪਲ ਲਈ ਵੀ ਆਪਣੀ ਮੰਜ਼ਿਲ ਤੋਂ ਨਾ ਕਦੇ ਡੋਲਿਆ, ਨਾ ਕਦੇ ਭਟਕਿਆ, ਨਾ ਦੁਚਿੱਤੀ ਵਿਚ ਪਿਆ ਤੇ ਨਾ ਕਦੇ ਸ਼ਬਦਾਂ ਨੂੰ ਘੁਮਾ ਕੇ ਇਧਰ-ਉਧਰ ਕੀਤਾ। ਉਹ ਅੰਤ ਤੱਕ ਨਿਰਮਲ ਪਾਣੀਆਂ ਨਿਰਮਲ ਰਹਿ ਕੇ ਇਸ ਸੰਸਾਰ ਤੋਂ ਵਿਦਾ ਹੋਇਆ। ਮੈਂ ਛੇਤੀ ਹੀ ਉਸ ਬਾਰੇ ਲਿਖਾਂਗਾ, ਜਿਵੇਂ ਮੈਂ ਉਸ ਨੂੰ ਚੰਡੀਗੜ੍ਹ ਦੀਆਂ ਸੜਕਾਂ 'ਤੇ ਵੇਖਿਆ ਤੇ ਜਿਵੇਂ ਉਸ ਦੇ ਧੁਰ ਅੰਦਰ ਤੱਕ ਜਾਣ ਅਤੇ ਸਮਝਣ ਦੀ ਕੋਸ਼ਿਸ਼ ਕੀਤੀ।

ਉਹ ਘੜੀ ਦੂਰ ਨਹੀਂ ਜਦੋਂ ਖਾਲਸਾ ਪੰਥ ਸਿੱਲ੍ਹੀਆਂ ਅੱਖਾਂ ਨਾਲ ਉਸ ਨੂੰ ਇਵੇਂ ਯਾਦ ਕਰੇਗਾ, ਜਿਵੇਂ ਕਦੇ ਰੂਸ ਦੇ ਸ਼ਾਇਰ ਪੁਸ਼ਕਿਨ ਨੇ ਦੂਰ ਦੁਰਾਡੇ ਬਰਫੀਲੀਆਂ ਵਾਦੀਆਂ ਵਿਚ ਕੈਦ ਭੁਗਤ ਰਹੇ ਦਸੰਬਰ ਦੇ ਜਲਾਵਤਨ ਇਨਕਲਾਬੀਆਂ ਨੂੰ ਆਪਣੀ ਸ਼ਰਧਾਂਜਲੀ ਵਿਚ ਯਾਦ ਕੀਤਾ ਸੀ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਸ. ਗਜਿੰਦਰ ਸਿੰਘ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ:** ਖਾਲਿਸਤਾਨੀ ਜਥੇਬੰਦੀ ਦਲ ਖਾਲਸਾ ਦੇ ਆਗੂ ਸ. ਗਜਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਨਾਲ ਸਿੱਖ ਕੌਮ ਨੂੰ ਬਹੁਤ ਘਾਟਾ ਪਿਆ ਹੈ। ਸ. ਗਜਿੰਦਰ ਸਿੰਘ ਇਸ ਸਮੇਂ ਪਾਕਿਸਤਾਨ ਵਿਚ ਜਲਾਵਤਨੀ ਕੱਟ ਰਹੇ ਸਨ। ਉਨ੍ਹਾਂ ਦੀ ਉਮਰ 74 ਸਾਲ ਦੇ ਕਰੀਬ ਸੀ। ਕੁਝ ਸਮੇਂ ਤੋਂ ਉਹ ਸਿਹਤ ਪੱਖੋਂ ਬਿਮਾਰ ਚੱਲ ਰਹੇ ਸਨ। 80 ਦੇ ਦਹਾਕੇ ਵਿਚ ਰੋਸ ਵਜੋਂ ਉਨ੍ਹਾਂ ਵਲੋਂ ਆਪਣੇ ਸਾਥੀਆਂ ਸਮੇਤ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕਰ ਕੇ ਪਾਕਿਸਤਨ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਤਹਿਤ ਉਨ੍ਹਾਂ ਨੇ 14 ਸਾਲ ਜੇਲ੍ਹ ਕੱਟੀ ਤੇ ਬਾਹਰ ਆ ਕੇ ਪਾਕਿਸਤਾਨ ਵਿਚ ਰਹਿਣ ਨੂੰ ਤਰਜੀਹ ਦਿੱਤੀ। ਉੱਥੋਂ ਹੀ ਉਹ ਆਪਣੇ ਤਰੀਕੇ ਨਾਲ ਖਾਲਿਸਤਾਨ ਦੀ ਲਹਿਰ ਨੂੰ ਅੱਗੇ ਚਲਾਉਂਦੇ ਗਏ ਤੇ ਅੱਜ ਭਾਰਤੀ ਪੰਜਾਬ ਵਿਚ ਉਨ੍ਹਾਂ ਦੀ ਜਥੇਬੰਦੀ ਦਲ ਖਾਲਸਾ ਜੱਦੋ-



ਜਹਿਦ ਕਰ ਰਹੀ ਹੈ। ਉਨ੍ਹਾਂ ਕੌਮੀ ਸੰਘਰਸ਼ ਦੀ ਲੜਾਈ ਨੂੰ ਆਖ਼ਰੀ ਸਵਾਸਾਂ ਤੱਕ ਨਿਭਾਇਆ। ਕੌਮ ਉਨ੍ਹਾਂ ਵਲੋਂ ਕੌਮੀ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਹਮੇਸ਼ਾਂ ਯਾਦ ਰੱਖੇਗੀ। ਉਹ ਆਪਣੇ ਪਰਿਵਾਰ ਤੋਂ ਵੀ ਅਲੱਗ ਰਹੇ। ਉਨ੍ਹਾਂ ਦੀ ਪਤਨੀ ਵੀ ਕੁਝ ਸਮਾਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਨ। ਇਸ ਸਮੇਂ ਉਨ੍ਹਾਂ ਦੀ ਬੇਟੀ ਜਰਮਨ ਵਿਚ ਰਹਿ ਰਹੀ ਹੈ। ਉਹ ਕੁਝ ਦਿਨ ਪਹਿਲਾਂ ਹੀ ਸ. ਗਜਿੰਦਰ ਸਿੰਘ ਕੋਲ ਪਹੁੰਚੀ ਸੀ ਤੇ ਉਨ੍ਹਾਂ ਦੇ ਆਖਰੀ ਸਮੇਂ ਉਨ੍ਹਾਂ ਦੇ ਕੋਲ ਹੀ ਸੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਸਮੁੱਚੀ ਜਥੇਬੰਦੀ ਇਸ ਸੰਘਰਸ਼ੀ ਯੋਧੇ ਦੀ ਕੁਰਬਾਨੀ ਨੂੰ ਯਾਦ ਕਰਦੀ ਰਹੇਗੀ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪਰਿਵਾਰਕ ਮੈਂਬਰਾਂ ਤੇ ਕੌਮ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

***-ਮੱਖਣ ਸਿੰਘ ਕਲੇਰ***

SATURDAY
13 JULY 2024
7 AM ONWARDS

SRS NISHKAM KAR-SEVA
SINCE-2008

GURDWARA
SAHIB
PALATINE

# ਗਰਮੀਆਂ ਦੀ ਕਾਰਸੇਵਾ

ਨਿਮਰਤਾ ਸਹਿਤ ਬੇਨਤੀ ਹੈ ਕਿ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਗਰਮ ਰੁਤ ਦੀ ਕਾਰਸੇਵਾ ਮਿਤੀ ੧੩ ਜੁਲਾਈ ਦਿਨ ਸਨਿੱਚਰਵਾਰ ਨੂੰ ਸਵੇਰ ੭ ਵਜੇ ਤੋਂ ਸ਼ਾਮ ਤਕ ਹੋ ਰਹੀ ਹੈ।
ਸ਼ਿਕਾਗੋਲੈਂਡ ਦੀ ਸਮੂਹ ਸੰਗਤ ਨੂੰ ਪਰਿਵਾਰ ਸਮੇਤ ਤਨ ਮਨ ਤੇ ਧੰਨ ਨਾਲ ਕਾਰਸੇਵਾ ਵਿਚ ਯੋਗਦਾਨ ਪਾਉਣ ਦੀ ਬੇਨਤੀ ਹੈ ਜੀ।
ਬੇਨਤੀ ਕਰਤਾ: ਗੁਰਦੁਆਰਾ ਸਾਹਿਬ ਦੇ ਸਮੂਹ ਕਾਰਸੇਵਕ।

# Summer Kar-Seva – 2024

Humble request all to join Gurudwara Sahib Kar-Seva held on 13 July, Saturday from 7 am to evenings. Please join along with the families, nears and dears. Thanks all & Waheguru bless us all for servings Gurudwara Sahib and Society's.

**Requested by: SRS Kar-Sevaks**

# 'ਖਾੜਕੂ ਲਹਿਰਾਂ ਦੇ ਅੰਗ-ਸੰਗ' ਉਪਰ ਗੈਰ ਜਜ਼ਬਾਤੀ ਪੰਛੀ ਝਾਤ

ਸ. ਅਜਮੇਰ ਸਿੰਘ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਲੁਧਿਆਣੇ ਆਇਆ ਪਰ ਇਨਕਲਾਬ ਦੇ ਆਦਰਸ਼ਵਾਦ ਨੇ ਪੈਰ ਚੁੱਕ ਦਿੱਤੇ। ਨੌਜੁਆਨਾਂ ਨਾਲ ਅਕਸਰ ਐਸਾ ਹੋ ਜਾਂਦਾ ਹੈ। ਸਮਾਜ ਵਿਚੋਂ ਬੇਇਨਸਾਫੀ ਅਤੇ ਨਾ ਬਰਾਬਰੀ ਦੂਰ ਕਰਨ ਲਈ ਲੜਨ ਦੀ ਗੱਲ ਨੌਜੁਆਨਾਂ ਨੂੰ ਚੰਗੀ ਲਗਦੀ ਹੈ। ਉਨ੍ਹਾਂ ਨੂੰ ਉਚੇ ਆਦਰਸ਼ਾਂ ਦੀ ਗੱਲ ਕਰਨ ਵਾਲੇ ਵਿਅਕਤੀ ਨਾਇਕਾਂ ਵਾਂਗ ਲਗਦੇ ਹਨ ਅਤੇ ਆਦਰਸ਼ਾਂ ਦੀ ਪ੍ਰਾਪਤੀ ਲਈ ਚੱਲ ਰਹੀਆਂ ਲਹਿਰਾਂ ਉਨ੍ਹਾਂ ਨੂੰ ਚੁੰਬਕ ਵਾਂਗ ਖਿੱਚਦੀਆਂ ਹਨ। ਜਦ ਉਹ ਕਿਸੇ ਲਹਿਰ ਦੇ ਜ਼ਰਾ ਕੁ ਤਜਰਬੇਕਾਰ ਕਾਰਕੁਨ ਦੀਆਂ ਗੱਲਾਂ ਸੁਣ ਕੇ ਅਤੇ ਵੱਡੇ ਲੇਖਕਾਂ ਅਤੇ ਦੋ-ਚਾਰ ਕਿਤਾਬਾਂ ਦੇ ਨਾਂ ਲੈ ਕੇ ਗੱਲ ਕਰਦੇ ਹਨ ਤਾਂ ਗੱਲਬਾਤ ਵਿਚ ਉਨ੍ਹਾਂ ਦੀ ਪੂਰੀ ਚੜ੍ਹਾਈ ਹੋ ਜਾਂਦੀ ਹੈ, ਕਿਉਂਕਿ ਆਮ ਵਿਦਿਆਰਥੀਆਂ ਨੂੰ ਸਿਲੇਬਸ ਤੋਂ ਬਾਹਰਲੀਆਂ ਕਿਤਾਬਾਂ ਅਤੇ ਵਿਦਵਾਨਾਂ ਦਾ ਬਹੁਤਾ ਪਤਾ ਨਹੀਂ ਹੁੰਦਾ। ਐਸੇ ਨੌਜੁਆਨਾਂ 'ਤੇ ਆਦਰਸ਼ਵਾਦ ਦਾ ਐਸਾ ਅਸਰ ਹੁੰਦਾ ਹੈ ਕਿ ਉਨ੍ਹਾਂ ਨੂੰ ਬਾਕੀ ਲੋਕ, 'ਗਿਆਨ ਵਿਹੂਣੀ ਅੰਧੀ ਰੱਯਤ' ਜਾਪਦੇ ਹਨ। ਉਨ੍ਹਾਂ ਦਾ ਮਨ ਆਪਣੇ ਨਵੇਂ ਗਿਆਨ ਨਾਲ ਲੋਕਾਂ ਨੂੰ ਜਾਗਰੂਕ ਕਰ ਕੇ ਯੁੱਗ ਪਲਟਾਉਣ ਲਈ ਲਾਮਬੰਦ ਕਰਨ ਵਾਸਤੇ ਕਾਹਲਾ ਪੈਂਦਾ ਹੈ। ਉਹ ਆਪਣੇ ਆਪ ਨੂੰ ਲੋਕ ਭਲਾਈ ਲਈ ਕੁਰਬਾਨੀ ਕਰਨ ਵਾਲੇ ਇਤਿਹਾਸਕ ਵਿਅਕਤੀਆਂ ਵਾਂਗ ਹੀ ਕੁਰਬਾਨੀ ਦੇ ਰਾਹ ਪਏ ਸਮਝਦੇ ਹਨ। ਪੜ੍ਹਾਈ ਤਾਂ ਉਨ੍ਹਾਂ ਨੂੰ ਬੇਕਾਰ ਦੀ ਗੱਲ ਜਾਪਦੀ ਹੈ। ਉਨ੍ਹਾਂ ਦਾ ਮਨ ਲਹਿਰ ਦੀਆਂ ਤਰੰਗਾਂ ਨਾਲ ਉਡੂੰ-ਉਡੂੰ ਕਰਦਾ ਹੈ। ਉਹ ਕੁਝ ਵੱਡਾ ਕਰ ਗੁਜ਼ਰਨ ਦੇ ਦਾਈਏ ਬੰਨ੍ਹਣ ਦੀ ਉਧੇੜ-ਬੁਣ ਦੇ ਸੰਸਾਰ ਵਿਚ ਵਿਚਰਨ ਲਗਦੇ ਹਨ। ਆਦਰਸ਼ਵਾਦ ਦੇ ਨਸ਼ੇ ਕਾਰਨ ਦੁਨਿਆਵੀ ਕੰਮ ਵਿਚ ਵੀ ਚਿੱਤ ਲੱਗਣੋਂ ਹਟ ਜਾਂਦਾ ਹੈ। 'ਵਾਰਿਸ ਸ਼ਾਹ ਜਿਨ੍ਹਾਂ ਨੂੰ ਇਸ਼ਕ ਲੱਗੇ, ਦੀਨ ਦੁਨੀ ਦੇ ਕੰਮ ਥੋਂ ਜਾ ਰਿਹਾ।' ਕਈ ਵਾਰ ਨਿਰਾਸ਼ ਹੋ ਕੇ ਖਿਝਦੇ ਵੀ ਹਨ ਕਿ ਇਹ ਮੂਰਖ ਜਨਤਾ ਜੁੱਤੀਆਂ ਕਿਉਂ ਖਾਈ ਜਾ ਰਹੀ ਹੈ, ਸਿਸਟਮ ਦੇ ਖ਼ਿਲਾਫ ਉਠਦੀ ਕਿਉਂ ਨਹੀ? ਕਈ ਵਾਰ ਉਨ੍ਹਾਂ ਨੂੰ ਇਹ ਲਗਦਾ ਹੈ ਇਨਕਲਾਬ ਤਾਂ ਬੱਸ ਆਇਆ ਹੀ ਪਿਆ ਹੈ ਬੱਸ ਆਖਰੀ ਹੱਲਾ ਮਾਰਨ ਦੀ ਕਸਰ ਹੈ। ਇਹ ਉਸ ਵਰਤਾਰੇ ਦੀ ਸੰਖੇਪ ਤਸਵੀਰ ਹੈ ਜੋ ਸਮੇਂ ਸਮੇਂ ਚਲਦੀਆਂ ਸਮਾਜਿਕ, ਰਾਜਨੀਤਕ ਜਾਂ ਸੁਧਾਰਕ ਲਹਿਰਾਂ ਕਾਰਨ ਨੌਜੁਆਨਾਂ ਦੇ ਕੱਚੇ ਮਨਾਂ 'ਤੇ ਵਾਪਰਦਾ ਹੈ। ਕਈ ਇਨ੍ਹਾਂ ਵਹਿਣਾਂ ਵਿਚ ਵਹਿ ਜਾਂਦੇ ਹਨ ਅਤੇ ਕਈ ਇਨ੍ਹਾਂ ਨੂੰ ਆਪਣੇ-ਆਪ 'ਤੇ ਹਾਵੀ ਨਹੀਂ ਹੋਣ ਦਿੰਦੇ। ਗਲਤ-ਸਹੀ ਦੇ ਨਿਰਣੇ ਵਿਚ ਪਏ ਬਗੈਰ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਲਹਿਰਾਂ ਦਾ ਅਸਰ ਹਰ ਕਿਸੇ ਦੀ ਸ਼ਖਸੀਅਤ 'ਤੇ ਪੈਂਦਾ ਹੈ, ਬਚਦਾ ਕੋਈ ਵਿਰਲਾ ਹੀ ਹੈ। 'ਵਾਰਿਸ ਸ਼ਾਹ ਜਾਂ ਨੈਣਾਂ ਦਾ ਦਾਓ ਲੱਗੇ, ਬਚੇ ਕੋਈ ਨਾ ਜੂਏ ਦੀ ਹਾਰ ਵਿਚੋਂ।'

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 647-685-5997

ਸ. ਅਜਮੇਰ ਸਿੰਘ ਹੁਰਾਂ ਨੂੰ ਸਮੇਂ ਦੀ ਨਕਸਲਬਾੜੀ ਲਹਿਰ ਨੇ ਕੀਲ ਲਿਆ। ਇਨਕਲਾਬ ਦਾ ਉਚਾ ਅਤੇ ਸੁੱਚਾ ਆਦਰਸ਼ ਮਨ ਨੂੰ ਪੋਹ ਗਿਆ। 'ਹੌਲੀ ਹੌਲੀ ਬਣ ਗਿਆ ਲੋਕਾਂ ਦਾ ਗਮ, ਮਿੱਤਰਾਂ ਦਾ ਗਮ।', ਵਰਤਾਰਾ ਵਾਪਰ ਗਿਆ। ਕਈ ਹੋਰਾਂ ਵਾਂਗ ਅਜਮੇਰ ਸਿੰਘ (ਉਸ ਸਮੇਂ ਨਾਮ ਹੋਰ ਸੀ) ਵੀ ਪੜ੍ਹਾਈ ਛੱਡ ਕੇ ਇਨਕਲਾਬ ਦਾ ਰਾਹੀ ਬਣ ਗਿਆ। ਪਰ ਇਨਕਲਾਬ ਕੀ ਹੈ? ਇਸਦੀ ਤਸਵੀਰ ਸਪੱਸ਼ਟ ਨਹੀਂ ਸੀ। ਮੌਜੂਦਾ ਨਿਜ਼ਾਮ ਉਲਟਾ ਕੇ ਨਵਾਂ ਸਿਰਜਣ ਦਾ ਆਦਰਸ਼ਵਾਦ ਰੋਮਾਂਚਿਕ ਅਤੇ ਉਤਸ਼ਾਹੀ ਸੀ। ਮੌਜੂਦਾ ਨਿਜ਼ਾਮ ਵਿਚ ਖਾਮੀਆਂ ਹਨ ਅਤੇ ਨਵੇਂ ਵਿਚ ਨਵਾਂ ਕੀ ਹੋਏਗਾ, ਇਸ ਬਾਰੇ ਬਹੁਤਾ ਜਾਣ ਕੇ ਸਮਾਂ ਵਿਅਰਥ ਗੁਆਉਣ ਦੀ ਬਜਾਇ ਨਿਜ਼ਾਮ ਉਲਟਾਉਣ ਦੇ ਕੰਮ ਲੱਗਣਾ ਜ਼ਰੂਰੀ ਸੀ। ਉਸਾਰੀ ਤੋਂ ਪਹਿਲਾਂ ਢਾਹੁਣਾ ਜ਼ਰੂਰੀ ਹੁੰਦਾ ਹੈ, ਇਸ ਲਈ ਢਾਹੁਣ ਦੇ ਕੰਮ ਲੱਗ ਪਏ। ਸਰਕਾਰੀ ਬੱਸਾਂ ਨੂੰ 'ਦੁਸ਼ਮਣ' ਦੀਆਂ ਬੱਸਾਂ ਜਾਣ ਕੇ ਭੰਨਣ ਲੱਗੇ। ਸ਼ਾਂਤਮਈ ਚਲਦੇ ਕਾਲਜ ਇਨਕਲਾਬੀਆਂ ਦੀਆਂ ਅੱਖਾਂ ਵਿਚ ਰੜਕਦੇ ਸਨ, ਆਪ ਪੜ੍ਹਾਈ ਛੱਡ ਦਿੱਤੀ, ਕਾਲਜਾਂ ਵਿਚ ਹੜਤਾਲਾਂ ਕਰਾਉਣ ਦਾ ਸ਼ੁਗਲ ਇਨਕਲਾਬ ਦੇ ਮੁਢਲੇ ਕਾਰਜਾਂ ਵਿਚੋਂ ਅਹਿਮ ਕਾਰਜ ਬਣ ਗਿਆ। ਖਾਲਸਾ ਕਾਲਜਾਂ ਵਿਚ ਤਾਂ ਅਨੁਸ਼ਾਸਨ ਢਿੱਲਾ ਹੀ ਹੁੰਦਾ ਹੈ ਡੀ ਏ ਵੀ ਕਾਲਜਾਂ ਦਾ ਅਨੁਸ਼ਾਸਨ ਇਨਕਲਾਬੀਆਂ ਵਾਸਤੇ ਅਸਹਿਣਯੋਗ ਸੀ। ਸੋ, ਉਥੇ ਹੜਤਾਲਾਂ ਕਰਾਉਣੀਆਂ ਵੱਡਾ ਟੀਚਾ ਸਰ ਕਰਨ ਵਰਗੀ ਗੱਲ ਬਣ ਗਿਆ। ਕਾਲਜਾਂ ਵਿਚ ਹੋਣ ਵਾਲੀ ਗੜਬੜ ਇਨ੍ਹਾਂ ਵਾਸਤੇ ਇਨਕਲਾਬ ਦੀ ਆਹਟ ਸੀ। ਲੁਧਿਆਣੇ ਤੋਂ ਬਾਹਰ ਚੰਡੀਗੜ੍ਹ ਜਾ ਕੇ ਬੱਸ ਭੰਨਣੀ, ਸ਼ਰੀਫ ਪ੍ਰਿੰਸੀਪਲ ਦੇ ਗਲ ਪੈਣਾ, ਉਸਦਾ ਘਰ ਭੰਨਣਾ, ਹਥਿਆਰਬੰਦ ਘੋਲ ਦੀ ਤਿਆਰੀ ਵਾਸਤੇ ਹੱਥ ਸਿੱਧੇ ਕਰਨ ਵਰਗਾ ਸ਼ੁਗਲ ਸੀ। ਇਹ ਸਭ ਕੁੱਝ ਕਰਕੇ ਬਚ ਕੇ ਨਿਕਲ ਜਾਣ ਦੀ ਮਾਅਰਕੇਬਾਜ਼ੀ ਕਰਨ ਵਾਲਿਆਂ ਦੇ ਪੈਰ ਕਿਵੇਂ ਨਾ ਚੁੱਕੇ ਜਾਂਦੇ? 'ਲਿਖਦੇ ਪੈਂਚ ਸੀ ਸਾਰੀਆਂ ਪੜਤਲਾਂ ਦੇ, ਸਾਡੀ ਅੱਜ ਹੈ ਵੱਡੀ ਚਲੰਤ ਮੀਆਂ।'


ਇਨਕਲਾਬ ਦੇ ਰਾਹੋਂ ਰੋਕਣ ਲਈ ਕਾਲਜ ਦੇ ਪ੍ਰਿੰਸੀਪਲ ਨੇ ਵੀ ਵਿਤੋਂ ਵੱਧ ਜ਼ੋਰ ਲਾਇਆ, ਆਪ ਨਾਲ ਜਾ ਕੇ ਕਚਹਿਰੀਓਂ ਜ਼ਮਾਨਤਾਂ ਕਰਾਈਆਂ ਤਾਂ ਜੋ ਹੋਣਹਾਰ ਬੱਚਿਆਂ ਦੀ ਪੜ੍ਹਾਈ ਦਾ ਹਰਜਾ ਨਾ ਹੋਏ। ਲੜਾਈ-ਝਗੜਿਆਂ ਤੋਂ ਬਚਣ ਲਈ ਸਮਝਾਉਣ 'ਤੇ ਜ਼ੋਰ ਲਾਇਆ। ਪਰ ਸਮਝੇ ਕੌਣ, ਗੱਲ, 'ਤੂੰ ਜੋ ਸਮਝਾਉਣਾ ਚਾਹੁੰਦੀ, ਮੇਰੇ ਜ਼ਰਾ ਸਮਝ ਨਾ ਆਉਂਦੀ।', ਵਾਲੀ ਹੋਈ ਪਈ ਸੀ। ਸਿੱਧੀ ਇੰਦਰਾ ਗਾਂਧੀ ਨਾਲ ਜਾ ਟੱਕਰ ਲਈ। ਉਸਦੇ ਸਾਹਮਣੇ ਜਾ ਕੇ ਨਾਹਰੇ ਬੁਲੰਦ ਕੀਤੇ। ਪੁਲੀਸ ਨੇ ਫੜ ਲਏ। ਜਦ ਥਾਣੇਦਾਰ ਨੂੰ ਪਤਾ ਲੱਗਾ ਕਿ ਇਹ ਵਿਦਿਆਰਥੀ ਹਨ ਤਾਂ ਉਸਨੇ ਕੋਰਟ-ਕਚਹਿਰੀਆਂ ਦੀ ਖੁਆਰੀ ਤੋਂ ਬਚਾਉਣ ਲਈ ਇਨ੍ਹਾਂ ਨੂੰ ਮਾਸੂਮ ਬੱਚੇ ਜਾਣ ਕੇ ਖਿਸਕ ਜਾਣ ਦਾ ਮੌਕਾ ਦੇ ਦਿੱਤਾ। ਪ੍ਰਿੰਸੀਪਲ ਵਾਂਗ ਥਾਣੇਦਾਰ ਵੀ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਕੈਰੀਅਰ ਖਰਾਬ ਹੋ ਜਾਣ ਤੋਂ ਚਿੰਤਤ ਸੀ। ਪਰ, 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਾ ਬਹਿੰਦੇ।' ਅਜਮੇਰ ਸਿੰਘ ਹੁਰੀਂ ਇਨ੍ਹਾਂ ਗੱਲਾਂ ਨੂੰ ਕੀ ਜਾਣਦੇ ਸਨ। ਉਨ੍ਹਾਂ ਵਾਸਤੇ ਇਨਕਲਾਬ ਦੀ ਰੋਮਾਂਚਿਕ ਸੁਪਨਸਾਜ਼ੀ ਵਿਚੋਂ ਛੁੱਟਣਾ ਅਸੰਭਵ ਸੀ। 'ਹਾਥੀ ਚੋਰ, ਗਵਾਰ ਤਾਂ ਛੁੱਟ ਜਾਂਦੇ, ਵਾਰਿਸ ਕੌਣ ਜੋ ਇਸ਼ਕ ਥੀਂ ਛੁੱਟ ਜਾਏ।'

ਇੱਥੇ ਮੈਨੂੰ ਸਿਰਦਾਰ ਕਪੂਰ ਸਿੰਘ ਦੀ ਕਹੀ ਗੱਲ ਯਾਦ ਆਉਂਦੀ ਹੈ ਕਿ ਸੰਤ ਸਿੰਘ ਸੇਖੋਂ ਜ਼ਹੀਨ ਆਦਮੀ ਸੀ ਪਰ ਉਸਨੇ ਸਿੱਖ ਨੌਜੁਆਨਾਂ ਨੂੰ ਇਨਕਲਾਬ ਦੀ ਲਤ ਲਾ ਕੇ ਬਹੁਤ ਵੱਡਾ ਨੁਕਸਾਨ ਕੀਤਾ। ਸ. ਅਜਮੇਰ ਸਿੰਘ ਸਿਰਦਾਰ ਸਾਹਿਬ ਦੇ ਕਥਨ ਦੀ ਜ਼ਿੰਦਾ ਮਿਸਾਲ ਹੈ। ਪੰਜਾਬ ਦੇ ਨੌਜੁਆਨਾਂ ਵਿਚੋਂ ਇਨਕਲਾਬ ਦੀ ਸਮਝ ਤਾਂ ਕਿਸੇ ਵਿਰਲੇ ਨੂੰ ਹੋਏਗੀ, ਬਹੁਤਿਆਂ ਨੂੰ ਤਾਂ ਇਹ ਕੇਵਲ ਫਿਟਕ ਵਾਂਗ ਹੀ ਲੱਗਿਆ ਸੀ। 'ਨਵੀਂ ਫਿਟਕ ਲੱਗੀ, ਭੰਗ ਪੀਣ ਲੱਗਾ, ਵਾਰਿਸ ਸ਼ਾਹ ਇਹ ਬਹਿਬਤਾਂ ਮਾੜੀਆਂ ਨੇ।' 1947 'ਚ ਅੰਗਰੇਜ਼ਾਂ ਦੇ ਇਥੋਂ ਚਲੇ ਜਾਣ ਤੋਂ ਬਾਅਦ ਭਾਰਤ ਨੂੰ ਜਾਗੀਰਦਾਰਾਂ ਅਤੇ ਦੱਲੇ ਸਰਦਾਰਾਂ ਦੀ



ਚਾਰੂ ਮਜੂਮਦਾਰ।

ਹੱਥਠੋਕਾ ਸਟੇਟ ਕਹੀ ਜਾਂਦੇ ਸਨ ਅਤੇ ਇਹ ਲੱਭਣ ਦੀ ਅਜਿਹੇ ਇਨਕਲਾਬੀ ਚਿੰਤਕਾਂ ਨੇ ਵੀ ਜ਼ਹਿਮਤ ਕਦੀ ਉਠਾਈ ਹੀ ਨਹੀਂ ਸੀ ਕਿ 70ਵਿਆਂ ਦੇ ਪੰਜਾਬ ਵਿਚ ਚੀਨ ਵਾਲੀਆਂ ਹਾਲਤਾਂ ਕਿਧਰੇ ਹੈ ਹੀ ਨਹੀਂ ਸਨ। ਅਜਮੇਰ ਸਿੰਘ ਜਿਹੜੇ ਸਿਸਟਮ ਨੂੰ ਨੇਸਤੋ-ਨਬੂਦ ਕਰਨਾ ਚਾਹੁੰਦੇ ਸਨ, ਉਸ ਸਿਸਟਮ ਨੇ ਇਨ੍ਹਾਂ ਲਈ ਸਕੂਲ ਖੋਲ੍ਹਿਆ, ਇੰਜਨੀਅਰਿੰਗ ਕਾਲਜ ਬਣਾਇਆ ਅਤੇ ਪੜ੍ਹਨ ਦਾ ਮੌਕਾ ਦਿੱਤਾ। ਅਧਿਆਪਕ ਅਤੇ ਪ੍ਰਿੰਸੀਪਲ ਵਿਦਿਆਰਥੀਆਂ ਦਾ ਖਿਆਲ ਰੱਖਣ ਵਾਲੇ ਸਨ ਜੋ ਵਿਦਿਆਰਥੀਆਂ ਦਾ ਬਚਾਅ ਕਰਨ ਲਈ ਆਪ ਜ਼ਮਾਨਤਾਂ ਕਰਵਾਉਣ ਜਾਂਦੇ ਰਹੇ। ਜਦ ਇਹ ਇਨਕਲਾਬੀ ਲੋਕ ਕਾਨੂੰਨ ਤੋੜਦੇ ਤਾਂ ਇਸੇ ਸਿਸਟਮ ਵਿਚਲੇ ਪੁਲੀਸ ਅਧਿਕਾਰੀ ਵਿਦਿਆਰਥੀਆਂ ਨੂੰ ਬੱਚੇ ਜਾਣ ਕੇ ਕਾਨੂੰਨੀ ਝੰਜਟਾਂ ਤੋਂ ਬਚਾਉਣ ਲਈ ਵੱਡੇ ਅਧਿਕਾਰੀਆਂ ਨੂੰ ਦੱਸੇ ਬਗੈਰ ਹੀ ਇਨ੍ਹਾਂ ਨੂੰ ਖਿਸਕ ਜਾਣ ਲਈ ਕਹਿ ਕੇ ਮਾਮਲਾ ਰਫਾ-ਦਫਾ ਕਰ ਦਿੰਦੇ। 'ਜੈਸੇ ਬਾਲਿਕ ਭਾਇ ਸੁਭਾਇ, ਬਹੁ ਅਪਰਾਧ ਕਮਾਵੈ, ਕਰਿ




ਉਪਦੇਸ ਝਿੜਕੈ ਬਹੁਭਾਤੀ ਬਹੁੜ ਪਿਤਾ ਗਲ਼ ਲਾਵੈ।'

ਯਾਦ ਰਹੇ ਮਾਮਲਾ ਪ੍ਰਧਾਨ ਮੰਤਰੀ ਦੇ ਸਮਾਗਮ ਵਿਚ ਖਲਲ ਪਾਉਣ ਦੀ ਮਾਅਰਕੇਬਾਜ਼ੀ ਦਾ ਸੀ। ਭਲਾ ਐਸੇ ਸਿਸਟਮ ਨੂੰ ਉਲਟਾਉਣ ਲਈ ਜੁੱਟ ਜਾਣ ਦੀ ਕੀ ਤੁਕ ਸੀ? ਇਸ ਸਿਸਟਮ ਨੂੰ ਉਲਟਾ ਕੇ ਜਿਹੜਾ ਨਵਾਂ ਸਿਸਟਮ ਸਿਰਜਣਾ ਸੀ ਕੀ ਉਹ ਇਸ ਨਾਲੋਂ ਵੱਧ ਉਦਾਰ ਅਤੇ ਨਰਮ ਹੋਣਾ ਸੀ? ਪਰ ਇਸ ਦੀ ਪਰਵਾਹ ਕਿਸ ਨੂੰ ਸੀ, 'ਇਹ ਰੱਜ ਕੇ ਖਾਣ ਦੀਆਂ ਮਸਤੀਆਂ ਸਨ।' ਜਦ ਇਨਕਲਾਬ ਦਾ ਕੱਚਾ ਭੂਤ ਸਿਰ ਨੂੰ ਚੜ੍ਹਿਆ ਹੋਏ ਤਾਂ ਅਧਿਆਪਕਾਂ ਦੀ ਸੁਹਿਰਦ ਸਲਾਹ ਅਤੇ ਪੁਲੀਸ ਅਧਿਕਾਰੀਆਂ ਵੱਲੋਂ ਦਿਖਾਈ ਸੂਝ-ਬੂਝ ਵਾਲੀ ਹਮਦਰਦੀ ਨੂੰ ਅਜਮੇਰ ਸਿੰਘ ਵਰਗੇ ਕੀ ਜਾਣਦੇ ਹਨ। 'ਰੱਜੇ ਜੱਟ ਨਾ ਜਾਣਦੇ ਕਿਸੇ ਤਾਂਈ, ਤੁਸੀਂ ਆਪਣੀ ਕਦਰ ਪਛਾਣਿਆ ਜੇ।'

ਫਿਰ ਅਜਮੇਰ ਸਿੰਘ ਹੁਰੀਂ ਗ੍ਰਿਫਤਾਰ ਹੋਏ, ਪੁਲੀਸ ਹਿਰਾਸਤ ਵਿਚੋਂ ਛੁਡਾ ਲਏ ਗਏ। ਛੁਡਾਉਣ ਸਮੇਂ ਪੁਲੀਸ ਕਾਂਸਟੇਬਲ ਮਾਰ ਦਿੱਤਾ ਗਿਆ। ਫਿਰ ਰੂਪੋਸ਼ ਹੋ ਕੇ ਇਨਕਲਾਬ ਦਾ ਕਾਰਜ, ਅਸਲ ਵਿਚ, ਰੂਸੀ ਇਨਕਲਾਬ, ਚੀਨੀ ਇਨਕਲਾਬ, ਲੈਨਿਨਵਾਦ, ਮਾਓਵਾਦ, ਮਾਰਕਸਵਾਦ ਆਦਿ ਦਾ ਪਾਠ ਸ਼ੁਰੂ ਹੋ ਗਿਆ। ਸਾਲਾਂਬੱਧੀ ਜਾਬ੍ਹਾਂ ਦੇ ਭੇੜ ਦੇ ਬਾਵਜੂਦ ਇਨਕਲਾਬ ਦਾ ਬਾਨਣੂੰ ਨਾ ਬੱਝਾ। ਕੁੱਝ ਬੱਝਣ ਦੀ ਥਾਂ ਖਿਲਾਰਾ ਹੋਰ ਖਿੱਲਰ ਗਿਆ। ਭਿੰਡਰਾਂਵਾਲੇ ਦੇ ਵਰਤਾਰੇ ਨੇ ਕਈ ਸਮਝਾਂ, ਕਈ ਬਿਰਤਾਂਤ ਅਤੇ ਕਈ ਸੰਗਠਨ ਹਿਲਾ ਦਿੱਤੇ। ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਅਜਮੇਰ ਸਿੰਘ ਹੁਰਾਂ ਨੂੰ ਲੱਗਾ ਕਿ ਇਨਕਲਾਬ ਦੇ ਰਾਹ ਤਾਂ ਐਵੇਂ ਘੱਟਾ ਹੀ ਛਾਣਦੇ ਰਹੇ। ਇਧਰੋਂ ਮੋਹ ਭੰਗ ਹੋਇਆ ਪਰ ਸਿੱਖੀ ਸਿਸਟਮ ਦੀ ਅਜੇ ਸਮਝ ਨਹੀਂ ਸੀ। ਵੈਸੇ ਗੱਲ ਤਾਂ, 'ਚਾਲੈ ਥੇ ਹਰਿ ਮਿਲਨ ਕਉ, ਬੀਚੈ ਅਟਕਿਓ ਚੀਤ', ਵਾਲੀ ਹੋਈ ਸੀ ਪਰ ਫਿਰ ਵੀ ਕਾਹਲੇ ਕਦਮੀਂ ਸਿੱਖ ਲਹਿਰ ਦੇ ਅੰਗ-ਸੰਗ ਹੋ ਗਏ, ਜਿੱਥੇ ਬੌਧਿਕ ਮੈਦਾਨ ਤਕਰੀਬਨ ਖਾਲੀ ਸੀ। ਸਿੱਖ ਲਹਿਰ ਵਿਚ ਬੌਧਿਕ ਜ਼ਮੀਨ ਖਾਲੀ ਹੋਣ ਕਾਰਨ ਅਜਮੇਰ ਸਿੰਘ ਦੀਆਂ ਫੈਲਸੂਫੀਆਂ ਨੇ ਆਪਣੀ ਥਾਂ ਬਣਾ ਲਈ। ਜਿਸ ਅਜਮੇਰ ਸਿੰਘ ਨੂੰ ਕਦੇ ਲਗਦਾ ਸੀ ਕਿ ਇਨਕਲਾਬ ਤਾਂ ਬੱਸ ਆਇਆ ਕਿ ਆਇਆ, ਉਸੇ ਨੂੰ ਹੁਣ ਲਗਦਾ ਸੀ ਕਿ ਖਾਲਿਸਤਾਨ ਤਾਂ ਬਣਿਆ ਕਿ ਬਣਿਆ। ਇਸੇ ਕਰਕੇ ਉਨ੍ਹਾਂ ਪਹਿਲਾਂ ਜੂਨ 1991 ਦੀਆਂ ਚੋਣਾਂ ਦਾ ਬਾਈਕਾਟ ਕਰਵਾਉਣ ਲਈ 'ਬਰ੍ਹਾਮਣ ਦੀਆਂ ਵੋਟ ਸੰਦੂਕੜੀਆਂ ਨੂੰ ਵਾਪਸ ਦਿੱਲੀ ਦਫਾ ਕਰੋ' ਸਿਰਲੇਖ ਹੇਠ ਪੰਥਕ ਕਮੇਟੀ ਦੇ ਨਾਂ ਹੇਠ ਗਸ਼ਤੀ ਪੱਤਰ ਲਿਖ ਕੇ ਉਨ੍ਹਾਂ ਚੋਣਾਂ ਦਾ ਬਾਈਕਾਟ ਕਰਵਾਉਣ ਲਈ ਪੂਰਾ ਜ਼ੋਰ ਲਗਾਇਆ, ਪਰ ਪ੍ਰਕਾਸ਼ ਸਿੰਘ ਬਾਦਲ, ਸਿਮਰਨਜੀਤ ਸਿੰਘ ਮਾਨ ਅਤੇ ਖਾੜਕੂ ਆਗੂ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਥਾਪੜੇ ਹੇਠ ਭਾਈ ਮਨਜੀਤ ਸਿੰਘ ਵਾਲੇ ਧੜੇ ਚੋਣ ਮੈਦਾਨ ਵਿਚ ਡਟੇ ਰਹੇ। 20-25 ਉਮੀਦਵਾਰ ਖਾੜਕੂ ਨੌਜਵਾਨਾਂ ਹੱਥੋਂ ਮਾਰੇ ਗਏ। ਰੇਲ ਗੱਡੀਆਂ ਵਿਚ ਸੈਂਕੜੇ ਮੁਸਾਫਰਾਂ ਦੀਆਂ ਹੱਤਿਆਵਾਂ ਦੀਆਂ ਵਾਰਦਾਤਾਂ ਹੋਈਆਂ ਤੇ ਨਤੀਜੇ ਵਜੋਂ ਉਹ ਚੋਣਾਂ ਸਿਰੇ ਨਾ ਚੜ੍ਹੀਆਂ। ਇਸ ਪਿਛੋਂ ਉਨ੍ਹਾਂ ਨੇ ਤੇ ਉਨ੍ਹਾਂ ਦੀ ਸੋਚ ਵਰਗੀਆਂ ਹੋਰ ਧਿਰਾਂ ਨੇ ਫਰਵਰੀ 1992 ਦੀਆਂ ਚੋਣਾਂ ਦਾ ਬਾਈਕਾਟ ਕਰਵਾ ਕੇ ਹੀ ਸਾਹ ਲਿਆ। ਇਹ ਵੱਖਰੀ ਗੱਲ ਹੈ



ਕਿ ਸ. ਅਜਮੇਰ ਸਿੰਘ ਦੀ ਸਾਰੀ ਮੁਸ਼ਕਤ ਦੇ ਸਿੱਟੇ ਵਜੋਂ ਸ. ਬੇਅੰਤ ਸਿੰਘ ਅਤੇ ਕੇ.ਪੀ.ਐਸ. ਗਿੱਲ ਵਰਗੇ 'ਜਮਦੂਤ' ਨਿਕਲ ਕੇ ਬਾਹਰ ਆ ਗਏ ਤੇ ਉਨ੍ਹਾਂ ਨੇ ਪੁਲੀਸ ਬਲਾਂ ਦੀਆਂ ਵਾਗਾਂ ਖੁਲ੍ਹੀਆਂ ਛਡ ਦਿਤੀਆਂ। ਇਨ੍ਹਾਂ ਦੀ ਸਿਧਾਂਤਕ ਮਾਅਰਕੇਬਾਜ਼ੀ ਦੇ ਸਿੱਟੇ ਵਜੋਂ ਪੰਜਾਬ ਦੇ ਹਜ਼ਾਰਾਂ ਅਣਭੋਲ ਲੋਕਾਂ ਦਾ ਜੋ ਬੁਰਾ ਹਾਲ ਹੋਇਆ, ਉਸ ਦੀ ਇਖਲਾਕੀ ਜ਼ਿੰਮੇਵਾਰੀ ਸਿੱਖ ਚਿੰਤਕ ਆਪਣੇ ਇਸ ਸੱਚੋ-ਸੱਚ ਲਿਖੇ ਇਕਬਾਲਨਾਮੇ ਅੰਦਰ ਵੀ ਕਿਤੇ ਕਬੂਲੀ ਨਹੀਂ ਹੈ।

ਨਤੀਜੇ ਵਜੋਂ, ਲਹਿਰ ਰਾਜਸੀ ਸ਼ਕਤੀ ਦੇ ਮੈਦਾਨੋਂ ਬਾਹਰ ਧੱਕੀ ਗਈ, ਖਿੰਡ ਗਈ ਅਤੇ ਖਤਮ ਹੋ ਗਈ। ਇਨਕਲਾਬ ਦੀ ਲਹਿਰ ਤੋਂ ਬਾਹਰ ਆਉਣ 'ਤੇ ਅਜਮੇਰ ਸਿੰਘ ਨੇ ਕਾਮਰੇਡ ਸੋਚ ਅਤੇ ਕਾਮਰੇਡਾਂ ਨੂੰ ਸਿੱਖੀ ਵਿਰੋਧੀ, ਸਿੱਖ ਵਿਰੋਧੀ, ਤੰਗ ਨਜ਼ਰ ਵਾਲੇ, ਅਸਹਿਣਸ਼ੀਲ ਆਦਿ ਕਹਿ ਕੇ ਚੰਗਾ ਭੰਡਿਆ। 'ਜੱਟੀ ਬੋਲ ਕੇ ਦੁੱਧ ਦੀ ਕਸਰ ਕੱਢੀ, ਸੱਭੋ ਅੜਤਣੇ ਪੜਤਣੇ ਪਾੜ ਸੁੱਟੇ। ਪੁਣੇ ਦਾਦ ਪਰਦਾਦੜੇ ਜੋਗੀ ਦੇ, ਟੰਗਣੇ ਤੇ ਸਾਕ ਸਭ ਚਾੜ੍ਹ ਸੁੱਟੇ' ਸਿੱਖਾਂ ਨੂੰ ਅਜਮੇਰ ਸਿੰਘ ਦਾ ਇਹ ਅੰਦਾਜ਼ ਬਹੁਤ ਪਸੰਦ ਆਇਆ। ਜਿਸਦਾ ਸਿੱਧਾ ਭਾਵ ਇਹ ਹੈ ਕਿ ਚੰਗਾ ਹੋਇਆ ਕਿਤੇ ਇਨਕਲਾਬ ਆ ਹੀ ਨਹੀਂ ਗਿਆ। ਜੇ ਕਿਤੇ ਇਨਕਲਾਬ ਆ ਜਾਂਦਾ ਤਾਂ ਕਾਮਰੇਡਾਂ ਨੇ ਲੋਕਾਂ ਨਾਲ ਜੱਗੋਂ ਤੇਹਰਵੀਂ ਕਰਨੀ ਸੀ, ਕਿਉਂਕਿ ਇਨ੍ਹਾਂ ਵਿਚ ਕਿਸੇ ਹੋਰ ਵਿਚਾਰ ਨੂੰ ਸਹਿਣ ਦਾ ਮਾਦਾ ਹੀ ਨਹੀਂ ਹੈ। ਸਿੱਖ ਲਹਿਰ ਦੇ ਪਤਨ ਤੋਂ ਬਾਅਦ ਅਜਮੇਰ ਸਿੰਘ ਨੇ ਧੜੱਲੇਦਾਰ ਤਰਕ ਪੇਸ਼ ਕੀਤਾ ਕਿ ਚੰਗਾ ਹੋਇਆ ਆਪਾਂ ਬਾਈਕਾਟ ਕਰ ਕੇ ਸੱਤਾ ਵਿਚ ਆਉਣੋਂ ਬਚ ਗਏ। ਸਰਕਾਰ ਬਣਾ ਲੈਣ 'ਤੇ ਸਾਡੇ ਬੰਦਿਆਂ ਦਾ ਜੋ ਹਲਕਾ ਕਿਰਦਾਰ ਸਾਹਮਣੇ ਆਉਣਾ ਸੀ, ਉਸਨੇ ਤਾਂ ਸਾਨੂੰ ਕਿਤੇ ਖਲੋਣ ਜੋਗਾ ਨਹੀਂ ਸੀ ਛੱਡਣਾ। ਅਜੇ ਸਾਡੇ ਬੰਦਿਆਂ ਦਾ ਕਿਰਦਾਰ ਇਤਨਾ ਉੱਚਾ ਨਹੀਂ ਹੈ ਕਿ ਉਹ ਸਿਆਸੀ ਤਾਕਤ ਹਾਸਲ ਕਰਨ ਤੋਂ ਬਾਅਦ ਵੀ ਕਿਰਦਾਰ ਦੀ ਬੁਲੰਦੀ ਬਹਾਲ ਰੱਖ ਸਕਣ। ਵੈਸੇ, ਸਿੱਖ ਲਹਿਰ ਵਿਚਲੇ ਕਈ ਕਾਰਕੁਨ ਸੱਤਾ ਵਿਚ ਨਾ ਹੋਣ ਦੇ ਬਾਵਜੂਦ ਵੀ ਅਜਮੇਰ ਸਿੰਘ ਲਈ 'ਡਿਸਗਸਟਿੰਗ' ਬਣ ਗਏ।

ਜਿਸ ਸਿਸਟਮ ਨੂੰ ਉਲਟਾਉਣ ਲਈ ਅਜਮੇਰ ਸਿੰਘ ਹੁਰੀਂ ਲੱਕ ਬੰਨ੍ਹ ਕੇ ਪਹਿਲਾਂ ਇਨਕਲਾਬੀ ਲਹਿਰ ਅਤੇ ਫਿਰ ਸਿੱਖ ਲਹਿਰ ਦੇ ਅੰਗ-ਸੰਗ ਹੋਏ ਸਨ, ਲਹਿਰਾਂ ਦੇ ਅਸਫਲ ਹੋ ਜਾਣ ਤੋਂ ਬਾਅਦ, ਉਸੇ ਸਿਸਟਮ ਨੇ ਜਿਵੇਂ ਉਨ੍ਹਾਂ ਦੇ ਸਾਰੇ ਕੇਸ ਵਾਪਸ ਲੈ ਕੇ ਰੂਪੋਸ਼ੀ ਖਤਮ ਕਰਵਾਈ, ਉਹ ਕਹਾਣੀ ਵੀ ਵਿਲੱਖਣ ਹੈ। ਰੂਪੋਸ਼ੀ ਦੌਰਾਨ ਬਹੁਤ ਸਾਰੇ ਲੇਖਕ, ਅਖ਼ਬਾਰ ਨਵੀਸ ਅਤੇ ਬੁੱਧੀਜੀਵੀ ਆਪ ਨਾਲ ਮੇਲ-ਜੋਲ ਵੀ ਰੱਖਦੇ ਰਹੇ, ਆਪਦੇ ਲੇਖ ਵੀ ਛਪਦੇ ਰਹੇ, ਆਪ ਪਰਚਾ ਵੀ ਕੱਢਦੇ ਰਹੇ, ਆਪ ਇੱਕ ਲਹਿਰ ਤੋਂ ਬਾਅਦ ਦੂਸਰੀ ਦੇ ਸਿਧਾਂਤਕਾਰ ਜਾਂ ਸਲਾਹਕਾਰ ਵੀ ਬਣ ਗਏ, ਪਰ ਪੁਲੀਸ ਨੂੰ ਭਿਣਕ ਨਹੀਂ ਲੱਗੀ। ਅਖ਼ਬਾਰ ਦਾ ਮੁੱਖ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਨਿੱਜੀ ਰਸੂਖ਼ ਵਰਤ ਕੇ ਆਪ ਦੀ ਰੂਪੋਸ਼ੀ ਖਤਮ ਕਰਵਾਉਣ ਲਈ ਪੁਲੀਸ ਮੁਖੀ ਪੀ ਸੀ ਡੋਗਰੇ ਨਾਲ ਗੱਲ ਤੋਰਦਾ ਹੈ। ਪੁਲੀਸ ਮੁਖੀ ਨਾਮ ਅਤੇ ਥਾਣੇ ਦਾ ਪਤਾ ਕਰ ਕੇ ਕੇਸਾਂ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ, ਪੇਸ਼ ਹੋ ਕੇ ਛੇ ਕੁ ਮਹੀਨੇ ਵਿਚ ਮਾਮਲਾ ਰਫਾ-ਦਫਾ ਕਰਵਾ ਦੇਣ ਦੀ ਗੱਲ ਕਰਦਾ ਹੈ। ਪੁਲੀਸ ਮੁਖੀ ਪੇਸ਼ ਹੋਣ ਦੀ ਛੋਟ ਦੇ ਸਕਣ ਤੋਂ ਅਸਮਰੱਥ ਹੈ, ਕਿਉਂਕਿ ਕੇਸਾਂ ਵਿਚ ਕਤਲ ਦਾ ਸੰਗੀਨ ਕੇਸ ਵੀ ਸ਼ਾਮਿਲ ਹੈ। ਸ. ਅਜਮੇਰ ਸਿੰਘ ਪੇਸ਼ ਹੋਣ ਨੂੰ ਰਾਜ਼ੀ ਨਹੀਂ ਹੁੰਦੇ ਅਤੇ ਗੱਲ ਉਥੇ ਹੀ ਠੱਪ ਹੋ ਜਾਂਦੀ ਹੈ। ਜਿਸ ਸਿਸਟਮ ਨੂੰ ਉਲਟਾਉਣ ਦਾ ਬੀੜਾ ਚੁੱਕਿਆ ਸੀ, ਉਸੇ ਦਾ ਪੁਲੀਸ ਮੁਖੀ ਕੇਸ ਰਫਾ-ਦਫਾ ਕਰਨ ਲਈ ਕੋਈ ਰਾਹ ਕੱਢਣ ਦਾ ਯਤਨ ਕਰਨ ਵਾਸਤੇ ਰਾਜ਼ੀ ਹੋ ਜਾਵੇ, ਕੀ ਐਸੇ ਸਿਸਟਮ ਨੂੰ ਉਲਟਾਉਣਾ ਲਾਭਕਾਰੀ ਸੀ? ਪੁਲੀਸ ਮੁਖੀ ਤੋਂ ਬਾਅਦ ਅਜਮੇਰ ਸਿੰਘ ਦੀ ਰੂਪੋਸ਼ੀ ਖਤਮ ਕਰਵਾਉਣ ਲਈ ਪੰਜਾਬ ਦੀ ਅਕਾਲੀ ਸਰਕਾਰ ਦੇ ਉਸ ਵੇਲੇ ਦੇ ਗ੍ਰਹਿ ਮੰਤਰੀ ਕੈਪਟਨ ਕੰਵਲਜੀਤ ਸਿੰਘ ਤਤਪਰ ਹੋਏ ਪਰ ਆਖਰ ਵਿਚ ਹਿੰਦੂ ਕਾਨੂੰਨ ਮੰਤਰੀ ਨੇ ਪੇਸ਼ ਹੋਏ ਬਗੈਰ ਮਾਮਲਾ ਖਤਮ ਕਰਨ ਵਿਚ ਅੜਿੱਕਾ ਡਾਹ ਦਿੱਤਾ। ਹੁਣ ਦੁਬਾਰਾ ਫਿਰ ਉਹੋ ਫਾਈਲ ਤਿਆਰ ਕੀਤੀ ਗਈ, ਅਕਾਲੀ ਮੰਤਰੀ ਵੱਲੋਂ ਸਖ਼ਤ ਪੈਰਵਾਈ ਕੀਤੀ ਗਈ, ਨਤੀਜੇ ਵਜੋਂ ਹਿੰਦੂ ਮੰਤਰੀ ਨੂੰ ਹਾਂ ਕਰਨੀ ਪਈ ਅਤੇ ਰੂਪੋਸ਼ੀ ਖਤਮ। ਵਾਹੁ! ਚੰਗਾ ਹੋਇਆ ਕਿਤੇ ਸਿਸਟਮ ਉਲਟਾ ਹੀ ਨਹੀਂ ਸੀ ਬੈਠੇ, ਉਲਟੇ ਹੋਏ ਸਿਸਟਮ ਵਿਚ ਸਿਸਟਮ ਉਲਟਾਉਣ ਵਾਲਿਆਂ ਨਾਲ ਐਸੀ ਨਰਮੀ ਕਿਸੇ ਨੇ ਨਹੀਂ ਸੀ ਵਰਤਣੀ।

ਜਿਸ ਸਿਸਟਮ ਨੂੰ ਉਲਟਾਉਣ ਲਈ ਕਿਸੇ ਸਮੇਂ ਤਤਪਰ ਹੋਏ, ਉਸੇ ਸਿਸਟਮ ਨੇ ਹੀ ਜਿਵੇਂ ਪਾਸਪੋਰਟ ਬਣਾ ਦਿੱਤਾ, ਉਹ ਵੀ ਘੱਟ ਰੌਚਕ ਨਹੀਂ। ਪਾਸਪੋਰਟ ਅਜਮੇਰ ਸਿੰਘ ਦਾ ਬਣ ਰਿਹਾ ਹੈ, ਜਿਸਦਾ ਪਹਿਲਾ ਨਾਂ ਗੋਬਿੰਦਰ ਸਿੰਘ ਸੀ, ਗਵਾਹੀ ਦੇਣ ਵਾਲਾ ਸਰਪੰਚ ਤਸਦੀਕ ਰਣਜੀਤ ਸਿੰਘ ਦੀ ਕਰਦਾ ਹੈ, ਜਿਸਨੂੰ ਪਹਿਲੇ ਦੋ ਨਾਵਾਂ ਅਤੇ ਉਨ੍ਹਾਂ ਅੰਗ-ਸੰਗ ਰਹੀਆਂ ਲਹਿਰਾਂ ਦਾ ਕੋਈ ਇਲਮ ਨਹੀਂ ਹੈ। ਸਿਸਟਮ ਦਾ ਖੁਫੀਆ ਤੰਤਰ ਰਣਜੀਤ ਸਿੰਘ ਦੇ ਚੰਗੇ ਵਿਵਹਾਰ ਦੀ ਰਿਪੋਰਟ ਪ੍ਰਾਪਤ ਕਰ ਕੇ ਅਜਮੇਰ ਸਿੰਘ ਦਾ ਪਾਸਪੋਰਟ ਬਣਾ ਦਿੰਦਾ ਹੈ। ਭਲਾ ਐਸੇ ਸਿਸਟਮ ਨੂੰ ਉਲਟਾਉਣ ਦੀ ਸੋਚਣ ਦੀ ਕੀ ਲੋੜ ਸੀ, ਜਿੱਥੇ ਜੁਗਤ ਨਾਲ ਸਾਰੇ ਕੰਮ ਹੋਈ ਜਾਂਦੇ ਹੋਣ। ਵਾਰਿਸ ਸ਼ਾਹ ਨੇ 247 ਸਾਲ ਪਹਿਲਾਂ ਹੀ ਕਹਿ ਦਿੱਤਾ ਸੀ, 'ਸੁਲ੍ਹਾ ਕੀਤੀਆਂ ਫਤਿਹ ਜੇ ਹੱਥ ਆਵੇ, ਕਮਰ ਜੰਗ ਤੇ ਮੂਲ ਨਾਂ ਕੱਸੀਏ ਜੀ।'

ਗੱਲ ਇੱਥੇ ਹੀ ਨਹੀਂ ਮੁੱਕੀ, ਅਜਮੇਰ ਸਿੰਘ ਜੀ ਨਵੇਂ ਪਾਸਪੋਰਟ 'ਤੇ ਵਿਦੇਸ਼ਾਂ ਦਾ ਚੱਕਰ ਲਾ ਕੇ ਵਾਪਸ ਭਾਰਤ ਮੁੜ ਗਏ। ਮੁੜਨ ਤੋਂ ਕੁੱਝ ਸਮਾਂ ਬਾਅਦ ਚੰਡੀਗੜ੍ਹ ਪੁਲੀਸ ਨੇ ਕਿਸੇ ਦੀ ਚੁੱਕ ਵਿਚ ਆ ਕੇ ਆਪ ਨੂੰ ਪੁਰਾਣੇ ਕੇਸਾਂ ਵਿਚ ਗ੍ਰਿਫਤਾਰ ਕਰ ਕੇ ਫਟਾ-ਫਟ ਕੇਸ ਦਰਜ ਕਰ ਲਿਆ। ਕਿਉਂਕਿ ਪੁਲੀਸ ਦੇ ਘਾਗ ਅਫ਼ਸਰ ਤੇ ਕਾਨੂੰਨਦਾਨ ਵੀ ਇਹ ਸਮਝਦੇ ਸਨ ਕਿ ਸਰਕਾਰ ਕਤਲ ਵਰਗੇ ਕੇਸ ਪੇਸ਼ੀ ਬਗੈਰ ਵਾਪਿਸ ਨਹੀਂ ਲੈ ਸਕਦੀ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਅਜਮੇਰ ਸਿੰਘ ਦੇ ਸਾਰੇ ਕੇਸ ਸਰਕਾਰ ਨੇ ਬਿਨਾਂ ਪੇਸ਼ੀ ਦੇ ਹੀ ਖਾਰਜ ਕਰ ਦਿੱਤੇ ਹਨ ਤਾਂ ਪੁਲੀਸ ਅਫਸਰਾਂ ਦੇ ਹੱਥਾਂ ਦੇ ਤੋਤੇ ਉੱਡ ਗਏ। ਜਿਥੇ ਉਹ 30 ਸਾਲਾਂ ਦੇ ਭਗੌੜੇ ਨੂੰ ਫੜਨ ਦਾ ਸਿਹਰਾ ਲੈਣ ਦੀ ਸੋਚਦੇ ਸਨ, ਉਥੇ ਹੁਣ ਉਨ੍ਹਾਂ 'ਤੇ ਨਾਜਾਇਜ਼ ਗ੍ਰਿਫਤਾਰੀ ਦਾ ਉਲਟਾ ਕੇਸ ਬਣ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਸੀ। ਹੁਣ ਜਿਸ ਸਿਸਟਮ ਨੂੰ ਅਜਮੇਰ ਸਿੰਘ ਨੇ ਕਦੇ ਉਲਟਾਉਣ ਦਾ ਧਾਰ ਲਿਆ ਸੀ, ਉਹੋ ਸਿਸਟਮ ਅਜਮੇਰ ਸਿੰਘ ਦੇ ਹੱਕ ਵਿਚ ਖੜੋਤਾ, ਸਿਸਟਮ ਦੀ ਪੁਲੀਸ ਨੂੰ ਨਿਯਮਾਂ ਵਿਚ ਕੁਤਾਹੀ ਕਰਨ ਦਾ ਦੋਸ਼ੀ ਬਣਾਈ ਬੈਠਾ ਸੀ। ਇਸ ਘੜੀ ਉਨ੍ਹਾਂ ਪੁਲੀਸ ਵਾਲਿਆਂ ਲਈ ਤਾਂ ਸਿਸਟਮ ਸੱਚਮੁੱਚ ਹੀ ਉਲਟ ਗਿਆ ਸੀ, ਜਿਸ ਇਨਕਲਾਬ ਨੂੰ ਰੋਕਣ ਲਈ ਉਹ ਸਰਕਾਰ ਦੀ ਨੌਕਰੀ ਕਰ ਰਹੇ ਸਨ, ਉਨ੍ਹਾਂ ਦੇ ਭਾਅ ਦਾ ਉਹ ਇਨਕਲਾਬ ਵਾਪਰ ਹੀ ਗਿਆ ਸੀ। ਕੇਸ ਬਣਨ ਤੋਂ ਡਰੇ ਪੁਲਸੀਏ ਤਾਂ ਸਿਸਟਮ ਬਾਰੇ ਕਹਿ ਰਹੇ ਹੋਣਗੇ, 'ਅੰਧ ਰਾਜਾ ਬੇਦਾਦ ਨਗਰੀ, ਝੂਠਾ ਦੇ ਦਿਲਾਸੜਾ ਮਾਰਿਆ ਈ।'

*(ਬਾਕੀ ਸਫਾ 19 ਤੇ)*

# ਪੰਜਾਬੀ ਭਾਸ਼ਾ: ਕੱਲ੍ਹ, ਅੱਜ ਤੇ ਕੱਲ੍ਹ

***ਭਾਸ਼ਾ ਜੀਵਨ ਦਾ ਸਾਰ ਹੁੰਦੀ ਹੈ। ਇਸ ਨੇ ਮਨੁੱਖ ਜਾਤੀ ਦੇ ਵਿਕਾਸ ਅੰਦਰ ਪੜਾਅ-ਦਰ-ਪੜਾਅ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਸੰਸਾਰ ਭਰ ਦੇ ਮਾਹਿਰ ਭਾਸ਼ਾ ਦੀ ਇਸ ਤਾਕਤ ਦੀ ਮਹਿਮਾ ਗਾਉਂਦੇ ਹਨ ਪਰ ਪੰਜਾਬੀ ਇਸ ਪੱਖੋਂ ਅਵੇਸਲੇ ਹੀ ਨਜ਼ਰ ਆਉਂਦੇ ਹਨ। ਉਘੇ ਲਿਖਾਰੀ ਹਰਜਿੰਦਰ ਕੰਗ ਨੇ ਭਾਸ਼ਾ ਬਾਰੇ ਹਕੀਕਤਾਂ ਬਿਆਨ ਕਰਦਿਆਂ ਪੰਜਾਬੀਆਂ ਨੂੰ ਝੰਜੋੜਨ ਦਾ ਯਤਨ ਕੀਤਾ ਹੈ।***

ਕਹਾਵਤ ਹੈ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਪੰਜਾਬੀ ਜਦੋਂ ਦੇ ਜੰਮੇ ਨੇ, ਪੰਜਾਬੀ ਭਾਸ਼ਾ ਨੂੰ ਬਚਾਉਣ ਦੀ ਮੁਹਿੰਮ ਛਿੜੀ ਹੋਈ ਹੈ। ਭਾਸ਼ਾ ਨੂੰ ਫੈਲਾਉਣ ਦੀ ਹਾਲਤ ਤੱਕ ਪੁੱਜ ਨਹੀਂ ਹੋਇਆ, ਹਰ ਦੌਰ 'ਚ ਬਚਾਉਣ ਦੀ ਜੱਦੋ-ਜਹਿਦ ਹੁੰਦੀ ਰਹੀ ਹੈ। ਬਾਬਾ ਫਰੀਦ ਤੋਂ ਪੰਜਾਬੀ ਭਾਸ਼ਾ ਦਾ ਮੁੱਢ ਮੰਨਿਆ ਜਾਂਦਾ ਹੈ, ਭਾਵੇਂ ਇਸ ਤੋਂ ਕਈ ਸਦੀਆਂ ਪਹਿਲਾਂ ਪੰਜਾਬੀ ਦੇ ਅੱਖਰ ਤੇ ਲਿਪੀ ਦੀ ਹੋਂਦ ਦੇ ਹਵਾਲੇ ਦੱਸੇ ਜਾਂਦੇ ਨੇ। ਗੁਰਮੁਖੀ ਲਿਪੀ ਭਾਰਤ ਦੀ ਪ੍ਰਾਚੀਨ ਲਿਪੀ ਬ੍ਰਹਮੀ ਵਿਚੋਂ ਵਿਕਸਿਤ ਹੋਈ। ਸ਼ਾਰਦਾ, ਟਾਕਰੀ ਤੇ ਲੰਡੇ ਲਿਪੀਆਂ ਨਾਲ ਗੁਰਮੁਖੀ ਦੇ ਚਿੰਨ੍ਹ ਵੀ ਆਪਸ ਵਿਚ ਮਿਲਦੇ ਜੁਲਦੇ ਨੇ ਤੇ ਅੱਖਰ ਵੀ ਲਗਭਗ ਬਰਾਬਰ ਨੇ। ਸ਼ਾਰਦਾ ਤੇ ਟਾਕਰੀ ਦੇ 37, ਲੰਡੇ ਦੇ 30 ਤੇ ਗੁਰਮੁਖੀ ਦੇ 35। ਗੁਰਮੁਖੀ ਦੇ 7 ਅੱਖਰ ੲ, ਕ, ਗ, ਟ, ਠ, ਥ, ਬ ਅਜਿਹੇ ਹਨ ਜੋ



**ਹਰਜਿੰਦਰ ਕੰਗ**
**ਫੋਨ: +1-559-917-4890**

ਸਿੰਧੂ ਘਾਟੀ ਨਾਲ ਮੇਲ ਖਾਂਦੇ ਹਨ। ਇਨ੍ਹਾਂ ਅੱਖਰਾਂ ਦਾ ਇਤਿਹਾਸ ਤਿੰਨ ਚਾਰ ਹਜ਼ਾਰ ਸਾਲ ਪੁਰਾਣਾ ਹੈ। ਹਰਦਵਾਰ, ਕਾਂਗੜਾ, ਪਹੇਵਾ ਆਦਿ ਦੇ ਪਾਂਡਿਆਂ ਦੀਆਂ ਵਹੀਆਂ ਜੋ ਗੁਰੂ ਸਾਹਿਬਾਨ ਤੋਂ ਚੋਖਾ ਚਿਰ ਪਹਿਲਾਂ ਦੀਆਂ ਹਨ, ਵਿਚ ਗੁਰਮੁਖੀ ਵਰਗੀ ਲਿਖਤ ਮਿਲਦੀ ਹੈ। ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਦੇ ਮਕਬਰੇ 'ਚੋਂ 15ਵੀਂ ਸਦੀ ਦੇ ਉੱਕਰੇ ਅੱਖਰ ਮਿਲੇ ਹਨ ਜੋ ਗੁਰਮੁਖੀ ਅੱਖਰਾਂ ਵਰਗੇ ਹਨ। ਡਾ. ਤਰਲੋਚਨ ਸਿੰਘ ਬੇਦੀ ਨੇ ਪੰਜਾਬੀ ਵਾਰਤਕ ਦੀ ਇਕ ਹੱਥ ਲਿਖਤ ਲੱਭੀ ਹੈ- 'ਏਕਾਦਸ਼ੀ ਮਹਾਤਮ' ਜੋ 13ਵੀਂ-14ਵੀਂ ਸਦੀ ਦੀ ਹੈ ਜਿਸ ਵਿਚ ਲਿਪੀ ਤੇ ਅੱਖਰ ਬਿਲਕੁਲ ਗੁਰਮੁਖੀ ਦੇ ਹੀ ਜਾਪਦੇ ਹਨ। ਸੋ, ਗੁਰਮੁਖੀ ਪ੍ਰਾਚੀਨ ਲਿਪੀ ਵੀ ਹੈ ਤੇ ਸੰਸਾਰ ਦੀਆਂ ਵਿਕਸਿਤ ਲਿਪੀਆਂ ਵਿਚੋਂ ਪ੍ਰਮੁਖ ਵਿਕਸਿਤ ਲਿਪੀ ਵੀ ਹੈ।

ਪੰਜਾਬੀ ਦਾ ਵਿਕਾਸ ਉਸ ਤਰ੍ਹਾਂ ਨਹੀਂ ਹੋਇਆ ਜਿਸ ਤਰ੍ਹਾਂ ਅੰਗਰੇਜ਼ੀ ਅਤੇ ਕੁਝ ਹੋਰ ਵਿਕਸਿਤ ਭਾਸ਼ਾਵਾਂ ਦਾ ਹੋਇਆ। 17ਵੀਂ ਸਦੀ ਦੇ ਅੰਤ ਜਿਹੇ 'ਚ ਬ੍ਰਿਟਿਸ਼ ਰਾਜ ਫੈਲਣ ਨਾਲ ਆਧੁਨਿਕ ਅੰਗਰੇਜ਼ੀ ਮਜ਼ਬੂਤੀ ਨਾਲ ਜੜ੍ਹਾਂ ਲਾਉਂਦੀ ਅਤੇ ਫੈਲਦੀ ਹੈ। ਸੰਪਰਕ, ਵਿੱਦਿਆ ਤੇ ਵਪਾਰ ਦੀ ਭਾਸ਼ਾ ਬਣ ਜਾਣ ਕਾਰਨ 20ਵੀਂ ਸਦੀ ਦੇ ਦੂਜੇ ਅੱਧ ਤੱਕ ਦੁਨੀਆ ਦੀ ਭਾਸ਼ਾ ਦਾ ਦਰਜਾ ਹਾਸਿਲ ਕਰ ਲੈਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਗੋਰਿਆਂ ਨੇ ਦੁਨੀਆ 'ਤੇ ਰਾਜ ਕੀਤਾ; ਉਹ ਜਿੱਥੇ-ਜਿੱਥੇ ਗਏ, ਆਪਣੀ ਭਾਸ਼ਾ, ਸਾਹਿਤ, ਸੰਸਕ੍ਰਿਤੀ ਤੇ ਜੀਵਨ-ਸ਼ੈਲੀ ਦੀ ਛਾਪ ਛੱਡੀ। ਇਸ ਦੇ ਉਲਟ, ਪੰਜਾਬ ਵਿਚ ਜਿਹੜਾ ਵੀ ਸ਼ਾਸਕ ਆਇਆ, ਉਸਨੇ ਆਪਣੀ ਛਾਪ ਪੰਜਾਬ 'ਤੇ ਛੱਡੀ। ਮੁਗਲਾਂ ਨੇ ਆਪਣੀ ਭਾਸ਼ਾ, ਸਭਿਆਚਾਰ, ਆਧਾਰ ਸੰਰਚਨਾ (ਇੰਫਰਾਸਟਰੱਕਚਰ) ਆਪਣੇ ਰੰਗ-ਢੰਗ ਦਾ ਸਥਾਪਿਤ ਕੀਤਾ। ਮਹਿਮੂਦ ਗਜ਼ਨਵੀ ਨੇ 1003 ਈਸਵੀ ਵਿਚ ਫ਼ਾਰਸੀ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ। ਸੰਨ ਹਿਜਰੀ ਵੀ ਪ੍ਰਚਲਿਤ ਕਰ ਦਿੱਤਾ। 1832 ਈਸਵੀ ਵਿਚ ਗੋਰਿਆਂ ਨੇ ਫਾਰਸੀ ਹਟਾ ਕੇ ਉਰਦੂ ਸਰਕਾਰੀ ਭਾਸ਼ਾ ਬਣਾ ਦਿਤੀ। ਫਿਰ 1835 ਈਸਵੀ ਵਿਚ ਭਾਰਤ ਦੀ ਸਰਕਾਰੀ ਜ਼ੁਬਾਨ ਅੰਗਰੇਜ਼ੀ ਕਰ ਦਿੱਤੀ ਗਈ।

ਗੁਰੂਆਂ ਦਾ ਜੀਵਨ, ਸੰਘਰਸ਼ ਤੇ ਯੁੱਧਾਂ ਵਿਚ ਹੀ ਬੀਤਿਆ। ਬੰਦਾ ਸਿੰਘ ਬਹਾਦਰ ਤੱਕ ਲਗਾਤਾਰ ਯੁੱਧ ਹੋਏ। 1710 ਈਸਵੀ ਵਿਚ ਸਰਹਿੰਦ ਦੀ ਜਿੱਤ ਸਮੇਂ ਬੰਦਾ ਸਿੰਘ ਬਹਾਦਰ ਨੇ ਆਪਣਾ ਪ੍ਰਸ਼ਾਸਨੀ ਸਾਲ ਸ਼ੁਰੂ ਕੀਤਾ ਪਰ ਬਾਕਾਇਦਾ ਸ਼ਾਸਨ ਪ੍ਰਣਾਲੀ ਸਥਾਪਿਤ ਕਰਨ ਲਈ ਉਸ ਪਾਸ ਸਮਾਂ ਨਹੀਂ ਸੀ। ਉਸਨੇ ਭਾਵੇਂ ਗੁਰੂ ਦੇ ਨਾਂ 'ਤੇ ਸਿੱਕੇ ਵੀ ਚਲਾਏ ਜਿਨ੍ਹਾਂ 'ਤੇ ਫ਼ਾਰਸੀ ਵਿਚ ਉੱਕਰਿਆ ਹੋਇਆ ਸੀ:

ਸਿਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਬ ਅਸਤ।

ਫਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫਜ਼ਲਿ ਸਚਾ ਸਾਹਿਬ ਅਸਤ।

ਬੰਦਾ ਸਿੰਘ ਬਹਾਦਰ ਸਰਕਾਰੀ ਮੋਹਰ ਵੀ ਬਣਾਈ ਜਿਸ 'ਤੇ ਉੱਕਰਿਆ ਹੋਇਆ ਸੀ:

ਦੇਗ ਉ ਤੇਗ ਉ ਫਤਹਿ ਉ ਨੁਸਰਤ ਬ-ਦਰੰਗ

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ (ਸਰਕਾਰ ਖ਼ਾਲਸਾ) ਸਮੇਂ ਵੀ ਪੰਜਾਬ ਦੀ ਸਰਕਾਰੀ ਭਾਸ਼ਾ ਫ਼ਾਰਸੀ ਹੀ ਰਹਿੰਦੀ ਹੈ। ਕਹਿੰਦੇ ਨੇ, ਮਹਾਰਾਜਾ ਰਣਜੀਤ ਸਿੰਘ ਪੜ੍ਹਿਆ ਲਿਖਿਆ ਨਹੀਂ ਸੀ। ਕੋਈ ਹੁਕਮ ਸੁਣਾਉਣਾ ਹੁੰਦਾ ਸੀ ਤਾਂ ਬੋਲ ਕੇ ਸੁਣਾਉਂਦਾ ਹੁੰਦਾ ਸੀ। ਫਾਰਸੀ ਦੀ ਗੱਲਬਾਤ ਦਾ ਸਾਰਅੰਸ਼ ਸਮਝ ਲੈਂਦਾ ਸੀ। ਸਿੱਕਿਆਂ 'ਤੇ ਵੀ ਉਹੀ ਬੰਦਾ ਸਿੰਘ ਬਹਾਦਰ ਦੀ ਮੋਹਰ ਵਾਲੀਆਂ ਫਾਰਸੀ ਪੰਗਤੀਆਂ ਉੱਕਰੀਆਂ ਹੋਈਆਂ ਸੀ।

ਕੋਈ ਵੀ ਰਾਜ ਇਸ ਤਰ੍ਹਾਂ ਮੁਕੰਮਲ ਸਥਾਪਿਤ ਨਹੀਂ ਹੋ ਸਕਿਆ ਕਿ ਭਾਸ਼ਾ ਤੇ ਸਭਿਆਚਾਰ ਦਾ ਵਿਕਾਸ ਕੀਤਾ ਜਾ ਸਕੇ ਸਗੋਂ ਸਮੇਂ-ਸਮੇਂ ਰਾਜਸੀ ਅਸਥਿਰਤਾ ਤੇ ਰਾਜਸੀ ਗੁਲਾਮੀ ਅਜੀਤ ਭਾਸ਼ਾ ਨੂੰ ਬਚਾਉਣ ਲਈ ਨਾਅਰਾ ਮਾਰਨਾ ਪਿਆ। ਇਕ ਵੇਲੇ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਬਾਦਸ਼ਾਹਤ ਸਮੇਂ ਲੋਕਾਈ ਨੂੰ ਆਪਣੇ ਰਹਿਣ-ਸਹਿਣ, ਵੇਸ-ਵਸਤਰ ਤੇ ਬੋਲੀ ਬਾਰੇ ਸੁਚੇਤ ਕਰਦਿਆਂ ਉਚਾਰਨ ਕੀਤਾ ਕਿ

ਕੂਜਾ ਬਾਂਗ ਨਿਵਾਜ ਮੁਜਲਾ ਨੀਲ ਰੂਪ ਬਨਵਾਰੀ॥

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥

ਸ਼ਹੀਦ ਭਗਤ ਸਿੰਘ ਦਾ 28 ਫਰਵਰੀ 1933 ਦੇ ਹਿੰਦੀ ਸੰਦੇਸ਼ ਨਾਮੀ ਅਖਬਾਰ ਵਿਚ ਲੇਖ ਛਪਿਆ ਜਿਸ ਵਿਚ ਉਹ ਕਹਿੰਦਾ ਹੈ, "ਸਮਾਜ ਦੇ ਪ੍ਰਾਣਾਂ ਦੀ ਚੇਤਨਾ ਉਸ ਸਮਾਜ ਦੇ ਸਾਹਿਤ ਵਿਚ ਹੀ ਜ਼ਾਹਿਰ ਹੋਇਆ ਕਰਦੀ ਹੈ ਪਰ ਸਾਹਿਤ ਲਈ ਸਭ ਤੋਂ ਪਹਿਲਾਂ ਭਾਸ਼ਾ ਦੀ ਜ਼ਰੂਰਤ ਹੁੰਦੀ ਹੈ ਤੇ ਪੰਜਾਬ ਵਿਚ ਉਹ ਨਹੀਂ।"

ਸਮੇਂ-ਸਮੇਂ ਪੰਜਾਬੀ ਕਵੀ ਪੰਜਾਬੀ ਭਾਸ਼ਾ ਦੀ ਮਹੱਤਤਾ ਬਾਰੇ ਕਵਿਤਾਵਾਂ ਲਿਖਦੇ ਰਹੇ ਹਨ। ਫਿਰੋਜ਼ਦੀਨ ਸ਼ਰਫ਼ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ:

ਮੁੱਠਾਂ ਮੀਚ ਕੇ ਨੁੱਕਰੇ ਹਾਂ ਬੈਠੀ ਟੁੱਟੀ ਹੋਈ ਸਿਤਾਰ ਰਬਾਬੀਆਂ ਦੀ।

ਪੁੱਛੀ ਬਾਤ ਨਾ ਜਿਨ੍ਹਾਂ ਨੇ ਸ਼ਰਫ਼ ਮੇਰੀ ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

ਪੰਜਾਬੀਆਂ ਵਲੋਂ ਪੰਜਾਬੀ ਦੀ ਬਾਤ ਨਾ ਪੁੱਛਣਾ ਬੜਾ ਰੜਕਦਾ ਹੈ ਪਰ ਇਸਦੇ ਬਾਵਜੂਦ ਪੰਜਾਬੀ ਭਾਸ਼ਾ ਦਾ ਵਜੂਦ ਦੇਸ-ਪਰਦੇਸ ਵਿਚ ਜ਼ਿੰਦਾ ਹੈ। ਇਸ ਤੋਂ ਭਾਸ਼ਾ ਦੀ ਸ਼ਕਤੀ ਦਾ ਅਨੁਮਾਨ ਵੀ ਲਗਦਾ ਹੈ। ਕਿੱਸਾ, ਸੂਫੀ ਤੇ ਗੁਰਮਤਿ ਕਾਵਿ ਅਤੇ ਲੋਕ ਗੀਤ ਇਸ ਸ਼ਕਤੀ ਦਾ ਸੋਮਾ ਹਨ ਜਿਸ ਕਾਰਨ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਅੱਜ ਤੱਕ ਹਰੀਆਂ ਨੇ। 1604 ਵਿਚ ਸ੍ਰੀ ਗੁਰੂ ਅਰਜਨ ਦੇਵ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਪੰਜਾਬੀ ਭਾਸ਼ਾ ਅਤੇ ਲਿਪੀ ਦੀ ਹੋਂਦ ਨੂੰ ਸੁਰੱਖਿਅਤ ਕਰਦਾ ਹੈ।

ਜਿੱਥੇ ਇੰਗਲੈਂਡ, ਕੈਨੇਡਾ ਵਿਚ ਪੰਜਾਬੀ ਭਾਸ਼ਾ ਚੌਥਾ ਤੇ ਤੀਜਾ ਦਰਜਾ ਰੱਖਦੀ ਹੈ ਉੱਥੇ ਅਮਰੀਕਾ ਵਿਚ 2012-2016 ਦੀ ਮਰਦਮਸ਼ੁਮਾਰੀ ਮੁਤਾਬਿਕ ਪੰਜਾਬੀ ਤਕਰੀਬਨ 30ਵੇਂ ਸਥਾਨ 'ਤੇ ਹੈ। 2.8 ਲੱਖ ਪੰਜਾਬੀ ਬੋਲਣ ਵਾਲੇ ਹਨ। ਇਹ ਅੰਕੜਾ ਇੰਨਾ ਪੁਖਤਾ ਪ੍ਰਤੀਤ ਨਹੀਂ ਹੁੰਦਾ।

ਅਮਰੀਕਾ ਵਿਚ 60.5 ਫ਼ੀਸਦੀ ਲੋਕ ਅੰਗਰੇਜ਼ੀ ਬੋਲਦੇ ਨੇ। 39.5 ਫ਼ੀਸਦੀ ਦੂਸਰੀ ਭਾਸ਼ਾ ਬੋਲਦੇ ਨੇ। ਇਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜੋ ਅੰਗਰੇਜ਼ੀ ਵੀ ਬੋਲਦੇ ਨੇ ਤੇ ਕੋਈ ਹੋਰ ਭਾਸ਼ਾ ਵੀ, ਜਾਂ ਸਿਰਫ ਹੋਰ ਭਾਸ਼ਾ ਹੀ ਬੋਲਦੇ ਹਨ। ਅਮਰੀਕਾ ਵਿਚ ਪੰਜਾਬੀ ਬੋਲਣ ਵਾਲੇ 1,66,415 ਅੰਗਰੇਜ਼ੀ ਵੀ ਚੰਗੀ ਤਰ੍ਹਾਂ ਜਾਣਦੇ ਹਨ ਤੇ ਲਗਭਗ 1/3 ਹਿੱਸਾ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਜਾਣਦੇ।

ਕੈਲੀਫੋਰਨੀਆ ਵਿਚ ਪਹਿਲੀਆਂ 10 ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਪੰਜਾਬੀ ਸ਼ਾਮਲ ਹੈ। ਕਰਨ (Kern) ਅਤੇ ਸਟਰ (Sutter) ਕਾਊਂਟੀਆਂ ਵਾਲੇ ਇਲਾਕਿਆਂ 'ਚ ਪੰਜਾਬੀ ਤੀਸਰੇ ਸਥਾਨ 'ਤੇ ਹੈ। ਕੈਲੀਫੋਰਨੀਆ ਵਿਚ ਨਿੱਕੇ-ਨਿੱਕੇ ਕਈ ਪੰਜਾਬ ਨੇ। 1899 ਵਿਚ ਸੈਨਫਰਾਂਸਿਸਕੋ ਦੇ ਐਂਜਲ ਆਈਲੈਂਡ 'ਤੇ ਪਹਿਲੇ ਸਿੱਖ ਪੰਜਾਬੀ ਨੇ ਕੈਲੀਫੋਰਨੀਆ ਵਿਚ ਪ੍ਰਵੇਸ਼ ਕੀਤਾ। 1913 ਵਿਚ ਪਹਿਲਾ ਪੰਜਾਬੀ ਛਾਪਾਖਾਨਾ ਲੱਗਾ ਜਿੱਥੇ ਸਟਾਕਟਨ ਗੁਰਦੁਆਰੇ ਦੀ ਸਹਾਇਤਾ ਨਾਲ ਕਰਤਾਰ ਸਿੰਘ ਸਰਾਭਾ ਨੇ ਗਦਰ ਅਖਬਾਰ ਛਾਪਣਾ ਸ਼ੁਰੂ ਕੀਤਾ। 1960ਵਿਆਂ ਤੋਂ ਬਾਅਦ ਪੰਜਾਬੀਆਂ ਦੀ ਅਮਰੀਕਾ 'ਚ ਗਿਣਤੀ ਵਧਣੀ ਸ਼ੁਰੂ ਹੋ ਗਈ ਪਰ ਯੂ.ਐੱਸ ਮਰਦਮਸ਼ੁਮਾਰੀ ਵਿਚ 2017 ਤੋਂ ਪੰਜਾਬੀ ਭਾਸ਼ਾ ਨੂੰ ਸ਼ਾਮਲ ਕੀਤਾ ਗਿਆ।

ਅਮਰੀਕਾ ਵਿਚ 1990-2000 ਦੌਰਾਨ ਸਿਰਫ ਅੰਗਰੇਜ਼ੀ ਵਿਚ ਪੜ੍ਹਾਈ ਨੂੰ ਸਖਤੀ ਨਾਲ ਲਾਗੂ ਕੀਤਾ ਗਿਆ। ਪਬਲਿਕ ਸਕੂਲਾਂ ਵਿਚ ਦੋ ਭਾਸ਼ੀ ਪੜ੍ਹਾਈ ਉਤੇ 1998 ਵਿਚ ਜਨਤਾ ਨੇ ਪਰਾਪੋਜ਼ੀਸ਼ਨ 227 ਰਾਹੀਂ ਰੋਕ ਲਗਵਾ ਦਿੱਤੀ। 1970-80 ਦੇ ਸਾਲਾਂ 'ਚ ਕਲਾਸ 'ਚ ਅੰਗਰੇਜ਼ੀ ਤੋਂ ਬਿਨਾ ਹੋਰ ਭਾਸ਼ਾ ਬੋਲਣ 'ਤੇ ਪਾਬੰਦੀ ਸੀ। ਜੇ




ਕੋਈ ਹੋਰ ਭਾਸ਼ਾ ਬੋਲਦਾ ਜੀ ਤਾਂ ਸਜ਼ਾ ਦਿੱਤੀ ਜਾਂਦੀ ਸੀ। ਅਮਰੀਕਾ ਦੀ ਸਰਕਾਰੀ ਭਾਸ਼ਾ ਭਾਵੇਂ ਕੋਈ ਨਹੀਂ ਸੀ, ਫਿਰ ਵੀ ਕਈ ਦਹਾਕਿਆਂ ਤੱਕ ਕੁਝ ਰਾਜਾਂ ਵਿਚ ਧੱਕੇ ਨਾਲ ਅੰਗਰੇਜ਼ੀ ਸਿਖਾਉਣ ਦੇ ਯਤਨ ਕੀਤੇ ਗਏ। ਯੋਜਨਾ ਇਹ ਸੀ ਕਿ ਪਰਾਸਰਣ (osmosis) ਵਿਧੀ ਮੁਤਾਬਿਕ ਬੱਚੇ ਆਪਣੇ ਆਪ ਅੰਗਰੇਜ਼ੀ ਵਾਲੇ ਮਾਹੌਲ 'ਚ ਅੰਗਰੇਜ਼ੀ ਸਿੱਖ ਜਾਣਗੇ। ਇਹ ਬਹੁਤ ਛੋਟੀ ਉਮਰ ਦੇ ਬੱਚਿਆਂ ਲਈ ਤਾਂ ਠੀਕ ਹੋ ਸਕਦਾ ਹੈ ਪਰ ਵੱਡੀ ਉਮਰ ਦੇ ਬੱਚਿਆਂ ਲਈ ਕਾਰਗਰ ਨਹੀਂ। ਫਿਰ 2016 ਵਿਚ ਪਰਾਪੋਜ਼ੀਸ਼ਨ 58 ਰਾਹੀਂ ਕੈਲੀਫੋਰਨੀਆ 'ਚ ਦੋ ਭਾਸ਼ੀ ਵਿੱਦਿਆ ਅਮਰੀਕਾ ਵਿਚ ਜ਼ੋਰ ਫੜ ਰਹੀ ਹੈ। ਅਮਰੀਕਾ ਵਿਚ ਪੰਜ ਮਿਲੀਅਨ ਦੇ ਕਰੀਬ ਅੰਗਰੇਜ਼ੀ ਸਿਖਾਂਦਰੂ ਵਿਦਿਆਰਥੀ ਨੇ ਜਿਨ੍ਹਾਂ 'ਚੋਂ 3.8 ਮਿਲੀਅਨ ਸਪੈਨਿਸ਼ ਭਾਸ਼ਾ ਨਾਲ ਸੰਬੰਧ ਰੱਖਦੇ ਨੇ। ਦੋ ਭਾਸ਼ੀ ਵਿਦਿਆ ਦੇ ਮਾਡਲ ਲਾਸ ਏਂਜਲਸ ਵਿਚ ਗੇਟਸ ਸਟ੍ਰੀਟ ਅਰਲੀ ਅਜੂਕੇਸ਼ਨ ਸੈਂਟਰ, ਲਿੰਕਨ ਹਾਈਟਸ ਵਿਚ ਸ਼ੁਰੂ ਤੋਂ ਰਹੇ ਨੇ ਜਿੱਥੇ ਲਾਤੀਨੀ ਤੇ ਏਸ਼ੀਅਨ ਲੋਕ ਵੱਡੀ ਗਿਣਤੀ 'ਚ ਰਹਿੰਦੇ ਨੇ। ਅਮਰੀਕਾ ਦੇ ਹੋਰ ਹਿੱਸਿਆਂ 'ਚ ਵੀ ਇਹ ਮਾਡਲ ਸ਼ੁਰੂ ਕਰਨ ਦਾ ਵਿਚਾਰ ਜੜ੍ਹ ਫੜ ਰਿਹਾ ਹੈ। ਇਹ ਵਿਚਾਰ ਚੱਲ ਰਿਹਾ ਹੈ ਕਿ ਦੋ ਭਾਸ਼ਾਵਾਂ ਵਿਦਿਆਰਥੀ ਨੂੰ ਬੌਧਿਕ ਤੇ ਸਭਿਆਚਾਰਕ ਪੱਖਾਂ ਤੋਂ ਹੋਰ ਮਜ਼ਬੂਤ ਕਰਦੀਆਂ ਨੇ। ਲਾਸ ਏਂਜਲਸ ਦੇ ਸਕੂਲਾਂ ਵਿਚ ਸਪੈਨਿਸ਼/ਅੰਗਰੇਜ਼ੀ ਦੋ ਭਾਸ਼ੀ ਪ੍ਰੋਗਰਾਮਾਂ ਤਹਿਤ 15000 ਵਿਦਿਆਰਥੀ ਦਾਖ਼ਲ ਕੀਤਾ ਗਿਆ ਹੈ। ਨਿਊ ਜਰਸੀ ਦੇ ਵਿਨਲੈਂਡ ਸ਼ਹਿਰ ਦੇ ਦੋ-ਭਾਸ਼ੀ ਪ੍ਰੋਗਰਾਮ ਤਹਿਤ ਵਿਨਲੈਂਡ ਸਕੂਲ ਨੂੰ ਰਾਜਸੀ ਸਨਮਾਨ ਮਿਲਿਆ ਹੈ। ਉਥੋਂ ਦੇ ਸਪੈਨਿਸ਼ ਬੋਲਦੇ ਵਿਦਿਆਰਥੀ ਕੈਵਿਨ ਸਾਂਚੇਜ਼ ਨੇ ਸਾਇੰਸ ਫੇਅਰ ਵਿਚ ਇਨਾਮ ਜਿੱਤਿਆ। ਉਸ ਦੀ ਸਪੈਨਿਸ਼ ਤਕਰੀਰ ਨੂੰ ਉਸ ਦੇ ਦੋਸਤ ਵਿਦਿਆਰਥੀ ਨੇ ਪੜ੍ਹ ਕੇ ਸੁਣਾਇਆ ਜੋ ਸਪੈਨਿਸ਼ ਤੇ ਅੰਗਰੇਜ਼ੀ ਦੋਵੇਂ ਜਾਣਦਾ ਸੀ। ਸਕੂਲ ਦੇ ਦੋ ਭਾਸ਼ੀ ਵਿਭਾਗ ਦੀ ਸੁਪਰਵਾਈਜ਼ਰ ਜੋਅ ਐਨਨੈਗਰਿਨ ਦਾ ਕਹਿਣਾ ਹੈ ਕਿ ਜੇ ਵਿਦਿਆਰਥੀ ਆਪਣੀ ਮਾਤ ਭਾਸ਼ਾ ਚੰਗੀ ਤਰ੍ਹਾਂ ਜਾਣਦਾ ਹੈ ਤਾਂ ਇਹ ਇਸ ਗੱਲ ਦਾ ਸੰਕੇਤ ਹੈ ਕਿ ਉਹ ਅੰਗਰੇਜ਼ੀ ਵੀ ਜਲਦੀ ਸਿੱਖ ਜਾਵੇਗਾ।

ਸਾਰੇ ਅਮਰੀਕਾ ਵਿਚ 3000 ਦੇ ਕਰੀਬ ਦੋ ਭਾਸ਼ਾਈ ਵਿਦਿਆ ਪ੍ਰੋਗਰਾਮ ਨੇ ਤੇ ਕੈਲੇਫੋਰਨੀਆ ਵਿਚ ਵੀ ਇਹ ਯਤਨ ਹੋ ਰਹੇ ਨੇ। ਅੰਗਰੇਜ਼ੀ ਸਿੱਖਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ ਪਰ ਦੋ ਭਾਸ਼ਾਈ ਅਧਿਆਪਕਾਂ ਦੀ ਥੋੜ੍ਹ ਹੈ। ਕੈਲੀਫੋਰਨੀਆ ਵਿਚ ਕਈ ਸਕੂਲਾਂ ਵਿਚ ਪੰਜਾਬੀ ਲਾਗੂ ਹੋਈ ਪਰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਕਮੀ ਹੈ। ਦੂਸਰੀ ਗੱਲ ਕਿ ਜੇ ਵਿਦਿਆਰਥੀ ਨੂੰ ਪੰਜਾਬੀ ਚੰਗੀ ਤਰ੍ਹਾਂ ਨਹੀਂ ਆਉਂਦੀ ਤਾਂ ਅੰਗਰੇਜ਼ੀ ਸਿੱਖਣ ਵਿਚ ਵੀ ਔਖ ਆਉਂਦੀ ਹੈ। ਇੱਥੇ ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੇ ਯਤਨ ਹੋ ਰਹੇ ਨੇ। ਜ਼ਿਆਦਾਤਰ ਉਹ ਵਿਦਿਆਰਥੀ ਨੇ ਜਿਨ੍ਹਾਂ ਨੇ ਅੰਗਰੇਜ਼ੀ ਪਹਿਲੀ ਭਾਸ਼ਾ ਵਜੋਂ ਪੜ੍ਹਨੀ ਹੈ ਤੇ ਪੰਜਾਬੀ ਉਨ੍ਹਾਂ ਨੂੰ ਦੂਸਰੀ ਭਾਸ਼ਾ ਵਜੋਂ ਸਭਿਆਚਾਰ ਨਾਲ ਜੋੜਨ ਲਈ ਸਿਖਾਈ ਜਾਂਦੀ ਹੈ। ਅਮਰੀਕਾ ਵਿਚ ਤਕਰੀਬਨ 400 ਗੁਰਦੁਆਰੇ ਹਨ। ਜੇ ਮੰਨ ਲਈਏ ਕਿ ਇਨ੍ਹਾਂ ਸਾਰਿਆਂ ਵਿਚ ਪੰਜਾਬੀ ਸਕੂਲ ਚਲਾਏ ਜਾਂਦੇ ਨੇ ਤਾਂ ਹਰ ਸਾਲ ਅਮਰੀਕਾ ਵਿਚ ਜੰਮੇ ਹਜ਼ਾਰਾਂ ਪੰਜਾਬੀ ਬੱਚਿਆਂ ਨੂੰ ਪੰਜਾਬੀ ਸਿਖਾਈ ਜਾਂਦੀ ਹੈ ਪਰ ਹਜ਼ਾਰਾਂ ਬੱਚਿਆਂ ਨੂੰ ਪੰਜਾਬੀ ਆਉਂਦੀ ਨਹੀਂ। ਕਾਰਨ ਇਹ ਹੈ ਕਿ ਯੋਗ ਅਧਿਆਪਕ ਨਹੀਂ ਰੱਖੇ ਜਾਂਦੇ। ਲੋਕ ਸੇਵਾਦਾਰ ਵਜੋਂ ਪੜ੍ਹਾਉਂਦੇ ਨੇ। ਸੇਵਾ ਅਤੇ ਮੁਫ਼ਤ ਕੰਮ ਕਰਾਉਣ ਵਿਚ ਫਰਕ ਹੁੰਦਾ ਹੈ। ਇਸ ਤਰ੍ਹਾਂ ਸੇਵਾ ਦੇ ਨਾਂ 'ਤੇ ਮੁਫ਼ਤ ਪੜ੍ਹਾਉਣਾ ਪੰਜਾਬੀ ਭਾਸ਼ਾ ਨੂੰ ਹੀਣ ਕਰਦਾ ਹੈ। ਜੇਕਰ ਪੰਜਾਬੀ ਪੜ੍ਹਾਉਣ ਲਈ ਦੋ ਯੋਗ ਅਧਿਆਪਕ ਹਰ ਹਫ਼ਤੇ ਤਿੰਨ-ਤਿੰਨ ਘੰਟੇ ਪੜ੍ਹਾਉਣ ਲਈ ਤਨਖ਼ਾਹ 'ਤੇ ਰੱਖੇ ਜਾਣ ਤਾਂ 20 ਡਾਲਰ ਪ੍ਰਤੀ ਘੰਟਾ ਦੇ ਹਿਸਾਬ ਨਾਲ ਦੋ ਅਧਿਆਪਕਾਂ ਦੀ ਸਾਲਾਨਾ ਤਨਖ਼ਾਹ 6000 ਡਾਲਰ ਦੇ ਕਰੀਬ ਬਣਦੀ ਹੈ। ਤਨਖ਼ਾਹ 'ਤੇ ਰੱਖੇ ਅਧਿਆਪਕ ਤੋਂ ਪ੍ਰਬੰਧਕ ਕਮੇਟੀ ਬੱਚੇ ਦੀ ਵਿਕਾਸ ਰਿਪੋਰਟ ਪੁੱਛ ਸਕਦੀ ਹੈ, ਸੇਵਾ 'ਤੇ ਪੜ੍ਹਾਉਂਦੇ ਸੇਵਾਦਾਰ ਤੋਂ ਨਹੀਂ। ਕਈ ਸਕੂਲਾਂ ਵਿਚ ਖੁਦ ਦੇਖਿਆ ਕਿ 4-5 ਸਾਲ ਤੋਂ ਬਾਅਦ ਵੀ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ। ਇਸ ਦਾ ਕਾਰਨ ਯੋਗ ਅਧਿਆਪਕ ਦਾ ਨਾ ਹੋਣਾ ਹੈ। ਦੂਸਰਾ, ਬੱਚਿਆਂ ਨੂੰ ਭਾਸ਼ਾ ਦੀ ਵਿਆਕਰਣ ਤੇ ਵਾਕ-ਰਚਨਾ ਸਿਖਾਉਣ ਦੀ ਥਾਂ ਗੁਰਬਾਣੀ ਸਿਖਾਉਣ ਦਾ ਯਤਨ ਜ਼ਿਆਦਾ ਕੀਤਾ ਜਾਂਦਾ ਹੈ, ਉਹ ਵੀ ਮੂੰਹ ਜ਼ਬਾਨੀ। ਜਿੰਨੇ ਪੰਜਾਬੀ ਸਕੂਲ ਨੇ, ਓਨੀ ਪੰਜਾਬੀ ਸਕੂਲਾਂ ਵਿਚ ਨਹੀਂ ਹੈ। ਪੰਜਾਬੀ ਲਈ ਪੰਜਾਬੀਆਂ ਦਾ ਜਜ਼ਬਾ ਵੀ ਉਤਸ਼ਾਹਜਨਕ ਨਹੀਂ ਹੈ। ਅਸਲ ਵਿਚ ਪੰਜਾਬੀ ਜਿੱਥੇ ਵੀ ਜਾਂਦੇ ਨੇ, ਗੁਜ਼ਾਰੇ ਜੋਗੀ ਉਥੋਂ ਦੀ ਭਾਸ਼ਾ ਸਿੱਖ ਲੈਂਦੇ ਨੇ। ਕੰਮ ਕਾਰ ਕਰਕੇ ਰੋਟੀ, ਕੱਪੜਾ, ਮਕਾਨ ਚੰਗਾ ਬਣਾ ਲੈਂਦੇ ਨੇ। ਫੇਰ ਇਨ੍ਹਾਂ ਦੇ ਹੀ ਵਿਸਥਾਰ ਅਤੇ ਪਦਾਰਥਕ ਦਿਖਾਵੇ ਦੀ ਦੌੜ ਵਿਚ ਸਾਰੀ ਉਮਰ ਲੱਗੇ ਰਹਿੰਦੇ ਨੇ। ਬੌਧਿਕਤਾ ਵਾਲੇ ਪਾਸੇ ਧਿਆਨ ਨਹੀਂ ਦਿੰਦੇ। ਪੰਜਾਬੀਆਂ ਦੇ ਘਰਾਂ ਵਿਚ ਆਮ ਹੀ ਬਾਰ ਬਣੀ ਮਿਲ ਜਾਏਗੀ ਜਿਥੇ ਭਾਂਤ-ਭਾਂਤ ਦੀ ਸ਼ਰਾਬ ਸਜਾ ਕੇ ਰੱਖੀ ਹੁੰਦੀ ਹੈ ਪਰ ਬਹੁਤ ਥੋੜ੍ਹੇ ਘਰਾਂ ਵਿਚ ਕਿਤਾਬ ਨਜ਼ਰ ਆਏਗੀ। ਕਿਸੇ-ਕਿਸੇ ਗੁਰਦੁਆਰੇ ਵਿਚ ਇਤਿਹਾਸਕ ਕਿਤਾਬਾਂ ਦੀ ਕੋਈ ਲਾਇਬਰੇਰੀ ਮਿਲੇਗੀ। ਨਗਰ ਕੀਰਤਨਾਂ ਵਿਚ ਵੀ ਪੁਸਤਕ ਪ੍ਰਦਰਸ਼ਨੀ ਦੀ ਕਮੀ ਹੀ ਹੁੰਦੀ ਹੈ। ਸਾਹਿਤ ਦੇ ਵੀ ਵੱਡੇ ਪੈਮਾਨੇ ਦੇ ਪ੍ਰੋਗਰਾਮ ਘੱਟ ਹੁੰਦੇ ਨੇ।

ਸੈਲਮਾ ਸਕੂਲ ਡਿਸਟ੍ਰਿਕਟ ਵਿਚ ਪੰਜਾਬੀ ਭਾਸ਼ਾ ਲਾਗੂ ਕਰਾਉਣ ਦੇ ਸਬੰਧ ਵਿਚ ਮੈਂ ਕੁਝ ਮੀਟਿੰਗਾਂ ਵਿਚ ਗਿਆ। ਮੀਟਿੰਗਾਂ ਵਿਚ ਪੰਜਾਬੀਆਂ ਨੇ ਕੋਈ ਉਤਸ਼ਾਹ ਨਹੀਂ ਦਿਖਾਇਆ। 5-7 ਬੰਦਿਆਂ ਤੋਂ ਵੱਧ ਆਏ ਨਹੀਂ। ਸਕੂਲ ਵਾਲਿਆਂ ਨੇ ਭਾਸ਼ਾ ਸਰਵੇ ਕਰਾਇਆ ਤਾਂ ਦੂਸਰੇ ਸਰਵੇ ਵਿਚ ਪੰਜਾਬੀ ਨੂੰ ਪਹਿਲਾਂ ਨਾਲੋਂ ਵੀ ਘੱਟ ਵੋਟਾਂ ਪਈਆਂ। ਸਕੂਲ ਦੀ ਸੁਪਰਡੈਂਟ ਦਾ ਕਹਿਣਾ ਸੀ ਕਿ ਪੰਜਾਬੀ ਬੋਲੀ ਚਰਚਿਤ ਬੋਲੀ ਨਹੀਂ ਹੈ। ਇਹ ਇਲਾਕਾ ਪੰਜਾਬੀਆਂ ਦਾ ਗੜ੍ਹ ਹੈ ਜਿੱਥੇ ਪਿਛਲੇ 20 ਸਾਲਾਂ ਤੋਂ ਲਗਾਤਾਰ ਨਗਰ ਕੀਰਤਨ ਕੱਢਿਆ ਜਾਂਦਾ ਹੈ। ਜੇ ਪੰਜਾਬੀਆਂ ਦੇ ਗੜ੍ਹ ਵਿਚ ਵੀ ਪੰਜਾਬੀ ਭਾਸ਼ਾ ਦਾ ਚਰਚਾ ਨਹੀਂ ਹੈ ਤਾਂ ਇਹ ਡਾਢੇ ਫਿਕਰ ਵਾਲੀ ਗੱਲ ਹੈ। ਇਸ ਦਾ ਮਤਲਬ ਪੰਜਾਬੀਆਂ ਦਾ ਹੋਰ ਭਾਈਚਾਰਿਆਂ ਨਾਲ ਕੋਈ ਸਬੰਧ ਨਹੀਂ ਹੈ। ਪੰਜਾਬੀ ਲੋਕ ਪੰਜਾਬੀ ਦਿਸਣ 'ਤੇ ਜ਼ਿਆਦਾ ਜ਼ੋਰ ਲਾਉਂਦੇ ਨੇ, ਪੰਜਾਬੀ ਹੋਣ ਲਈ ਯਤਨ ਨਹੀਂ ਕਰਦੇ। ਪੰਜਾਬੀ ਭਾਸ਼ਾ ਬਿਨਾਂ ਪੰਜਾਬੀ ਹੋਣਾ ਸੰਭਵ ਨਹੀਂ।

ਸਕੂਲ ਦੀ ਸੁਪਰਡੈਂਟ ਨੇ ਇਹ ਵੀ ਦੱਸਿਆ ਕਿ ਜੇ 30 ਕੁ ਵਿਦਿਆਰਥੀ ਹੋਣ ਤਾਂ ਸਾਨੂੰ ਅਧਿਆਪਕ ਰੱਖਣ ਲਈ ਫੰਡ ਮਿਲ ਜਾਣਗੇ ਪਰ ਜੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ ਘਟਦੇ ਗਏ ਤਾਂ ਪੰਜਾਬੀ ਦੀ ਪੜ੍ਹਾਈ ਜਾਰੀ ਨਹੀਂ ਰਹਿ ਸਕੇਗੀ ਜਾਂ ਫਿਰ ਪੰਜਾਬੀ ਲਈ ਹਰ ਸਾਲ ਡੇਢ ਲੱਖ ਡਾਲਰ ਦੇਣ ਲਈ ਪੰਜਾਬੀ ਲੋਕ ਤਿਆਰ ਹੋਣ ਤਾਂ ਕਲਾਸਾਂ ਜਾਰੀ ਰੱਖੀਆਂ ਜਾ ਸਕਦੀਆਂ ਨੇ। ਪੈਸੇ ਤਾਂ ਕੀ ਦੇਣੇ, ਪੰਜਾਬੀ ਮੀਟਿੰਗਾਂ ਵਿਚ ਵੀ ਹਾਜ਼ਰ ਨਹੀਂ ਹੁੰਦੇ।

ਕੈਲੀਫੋਰਨੀਆ ਵਿਚ ਮੋਨੋ ਕਬੀਲਾ ਹੈ। ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਵਿਚ ਮੋਨੋ ਭਾਸ਼ਾ ਬੋਲਣ 'ਤੇ ਸਜ਼ਾ ਹੁੰਦੀ ਸੀ। ਜਦ ਮੋਨੋ ਭਾਸ਼ਾ ਬੋਲਣ ਵਾਲੇ ਸਿਰਫ਼ 17 ਲੋਕ ਹੀ ਰਹਿ ਗਏ ਤਾਂ ਮੋਨੋ ਕਬੀਲੇ ਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਆਪਣੀ ਭਾਸ਼ਾ ਸਿਖਾਉਣੀ ਸ਼ੁਰੂ ਕੀਤੀ। ਉਨ੍ਹਾਂ ਦੀ ਅਧਿਆਪਕ ਬੁਰੌਅ ਦਾ ਕਹਿਣਾ ਹੈ, "ਭਾਸ਼ਾ ਨੂੰ ਬਚਾਉਣਾ ਜ਼ਰੂਰੀ ਹੈ ਕਿਉਂਕਿ ਭਾਸ਼ਾ ਹੀ ਸਭਿਆਚਾਰ ਨੂੰ ਪ੍ਰਤੀਬਿੰਬਤ ਕਰਦੀ ਹੈ। ਇਹ ਸਾਡੇ ਕਬੀਲੇ ਦਾ ਦਿਲ ਹੈ। ਇਸ ਨਾਲ ਹੀ ਪਤਾ ਲਗਦਾ ਹੈ ਕਿ ਅਸੀਂ ਕੌਣ ਹਾਂ ਤੇ ਅਸੀਂ ਕੀ ਹਾਂ।"

ਇਸੇ ਤਰ੍ਹਾਂ ਇਕ ਹੋਰ ਕਬੀਲਾ ਭਾਸ਼ਾ ਚੱਕਚਾਂਸੀ ਨੂੰ ਬਚਾਉਣ ਲਈ ਲੋਕਾਂ ਨੇ ਐਪਸ ਅਤੇ ਗੇਮਜ਼ ਆਪਣੀ ਭਾਸ਼ਾ ਵਿਚ ਤਿਆਰ ਕੀਤੀਆਂ। ਮਈ 2012 ਵਿਚ ਫਰੈਜ਼ਨੋ ਸਟੇਟ ਯੂਨੀਵਰਸਿਟੀ ਦੇ ਭਾਸ਼ਾ ਵਿਭਾਗ ਨੂੰ ਇਕ ਮਿਲੀਅਨ ਡਾਲਰ ਚੱਕਚਾਂਸੀ ਡਿਕਸ਼ਨਰੀ ਅਤੇ ਵਿਆਕਰਨ ਤਿਆਰ ਕਰਨ ਲਈ ਗਰਾਂਟ ਦਿੱਤੀ ਗਈ ਤੇ ਭਾਸ਼ਾ ਨੂੰ ਪਾਠਕ੍ਰਮ ਵਿਚ ਲਵਾਉਣ ਲਈ ਯਤਨ ਕੀਤੇ। ਸਕਾਲਰਸ਼ਿਪ ਸ਼ੁਰੂ ਕੀਤੀ। ਹੁਣ ਚੱਕਚਾਂਸੀ ਕਲਾਸਾਂ ਉਪਲਬਧ ਨੇ ਅਤੇ ਕੋਰਸਗੋਲਡ ਸ਼ਹਿਰ ਦੇ ਐਲੀਮੈਂਟਰੀ ਸਕੂਲ ਵਿਚ ਪੜ੍ਹਾਈਆਂ ਜਾਂਦੀਆਂ ਨੇ। ਕਬੀਲੇ ਨੇ ਇਕ ਮਿਲੀਅਨ ਡਾਲਰ ਭਾਸ਼ਾ ਬਚਾਉਣ ਲਈ ਲਾ ਦਿੱਤਾ। ਪੰਜਾਬੀ ਕੌਮ ਵੱਡੀ ਅਤੇ ਵੱਡੇ ਕਾਰੋਬਾਰਾਂ ਵਾਲੀ ਹੋਣ ਦੇ ਬਾਵਜੂਦ ਨਹੀਂ ਕਰ ਸਕੀ।

ਭਾਸ਼ਾ ਰੱਬੀ ਦਾਤ ਨਹੀਂ ਹੈ। ਭਾਸ਼ਾ ਮਾਨਵ ਜਾਤੀ ਦੀ ਮੌਲਿਕ ਅਤੇ ਮਹੱਤਵਪੂਰਨ ਪ੍ਰਾਪਤੀ ਹੈ। ਮਨੁੱਖ ਦੀਆਂ ਹੋਰ ਸਭ ਪ੍ਰਾਪਤੀਆਂ ਇਸੇ ਪ੍ਰਾਪਤੀ ਦਾ ਫਲ ਹਨ। ਭਾਸ਼ਾ ਕਿਸੇ ਸਭਿਆਚਾਰ ਦੀਆਂ ਜੜ੍ਹਾਂ ਦਾ ਸਿਰਨਾਵਾਂ ਹੈ। ਇਹ ਭਾਸ਼ਾ ਹੀ ਹੈ ਜੋ ਗਿਆਨ ਵਿਗਿਆਨ ਤੇ ਕੁਦਰਤ ਦੇ ਰਹੱਸ ਮੂਰਤੀਮਾਨ ਕਰਦੀ ਹੈ। ਭਾਸ਼ਾ ਨੂੰ ਸਜਿੰਦ ਹੋਂਦ ਮੰਨਿਆ ਗਿਆ ਹੈ। ਭਾਸ਼ਾ ਹੀ ਮਨੁੱਖ ਨੂੰ ਪਸ਼ੂ ਜਾਤੀ ਨਾਲੋਂ ਵਖਰਿਆਉਂਦੀ ਹੈ। ਭਾਸ਼ਾ ਤੇ ਲਿਪੀ, ਦੋਵੇਂ ਮਨੁੱਖ ਦੀਆਂ ਅਹਿਮ ਪ੍ਰਾਪਤੀਆਂ ਨੇ। ਚਿੱਤਰ ਲਿਪੀ, ਸੂਤਰ ਲਿਪੀ, ਪ੍ਰਤੀਕਾਤਮਕ ਲਿਪੀ ਤੋਂ ਲੈ ਕੇ ਧੁਨੀਮੂਲਕ ਲਿਪੀ ਤੇ ਅੱਖਰੀ ਲਿਪੀ ਤੱਕ ਲਿਪੀਆਂ ਦੀ ਹੋਂਦ ਤੇ ਵਿਕਾਸ ਦਾ ਸਮਾਂ 10000 ਪੂਰਵ ਈਸਵੀ ਤੋਂ ਲੈ ਕੇ 4000 ਪੂਰਵ ਈਸਵੀ ਤੱਕ ਕਿਆਸ ਕੀਤਾ ਜਾਂਦਾ ਹੈ।

ਗੁਰਮੁਖੀ ਲਿਪੀ ਵੀ ਪੁਰਾਤਨ ਲਿਪੀ ਹੈ ਤੇ ਵਿਕਾਸਸ਼ੀਲ ਹੈ। ਇਸ ਦੇ ਲਗਾਤਾਰ ਵਿਕਾਸ ਲਈ ਯੋਗ ਪ੍ਰਬੰਧ ਤੇ ਯੋਜਨਾਬੱਧ ਉਦੇਸ਼ ਜ਼ਰੂਰੀ ਨੇ; ਨਹੀਂ ਤਾਂ ਇਹ ਹੋਰ ਪੁਰਾਤਨ ਤਾਂ ਹੁੰਦੀ ਜਾਏਗੀ ਪਰ ਵਿਕਾਸ ਤੇ ਵਿਸਥਾਰ ਨਹੀਂ ਹੋ ਸਕੇਗਾ। ਜਾਰਜ ਸਿੰਪਸਨ ਦਾ ਕਹਿਣਾ ਹੈ,"ਮਾਤ ਭਾਸ਼ਾ ਮਹਿਜ਼ ਸਕੂਲੀ ਪੜ੍ਹਾਈ ਦਾ ਮਜ਼ਮੂਨ ਨਹੀਂ, ਇਹ ਤਾਂ ਹੋਂਦ ਦੀ ਸ਼ਰਤ ਹੈ। ਇਹ ਜ਼ਿੰਦਗੀ ਦੀ ਉਹ ਘਟਨਾ ਹੈ ਜਿਸ ਤੋਂ ਅੱਡ ਨਹੀਂ ਹੋਇਆ ਜਾ ਸਕਦਾ। ਇਸ ਦਾ ਸਰੋਕਾਰ ਹਰ ਉਸ ਸ਼ਖਸ ਨਾਲ ਹੈ ਜੋ ਮਾਂ ਬੋਲੀ ਨਾਲ ਪੰਘੂੜੇ ਤੋਂ ਕਬਰ ਤਕ ਜੁੜਿਆ ਰਹਿੰਦਾ ਹੈ। ਮਾਤ ਭਾਸ਼ਾ ਦਾ ਸਬਕ ਕੇਵਲ ਗਿਆਨ ਦੇ ਸੰਚਾਰ ਦਾ ਮੌਕਾ ਹੀ ਨਹੀਂ, ਇਹ ਤਾਂ ਬੰਦੇ ਦੀ ਜ਼ਿੰਦਗੀ ਦਾ ਸ੍ਰੀਗਣੇਸ਼ ਹੁੰਦੀ ਹੈ। ਸਾਹਿਤ ਕੌਮ ਦਾ ਦਿਲ ਕਿਹਾ ਗਿਆ ਹੈ ਪਰ ਭਾਸ਼ਾ ਬਿਨਾ ਸਾਹਿਤ ਦੀ ਹੋਂਦ ਨਹੀਂ:

ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ।

ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ। (ਹਰਜਿੰਦਰ ਕੰਗ)

ਪੰਜਾਬ ਕਿਸੇ ਵੇਲੇ ਸੱਤ ਦਰਿਆਵਾਂ ਦੀ ਧਰਤੀ ਸੀ ਜਿਸ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ। ਫਿਰ ਪੰਜ ਦਰਿਆਵਾਂ ਦਾ ਪੰਜਾਬ ਹੋ ਗਿਆ। 1947 ਦੀ ਵੰਡ ਨੇ ਹੋਰ ਛਾਂਗ ਦਿੱਤਾ। 1966 ਵਿਚ ਭਾਸ਼ਾ ਦੇ ਆਧਾਰ 'ਤੇ ਬਣਿਆ ਪੰਜਾਬੀ ਸੂਬਾ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵੀ ਗੁਆ ਬੈਠਾ। ਭਾਸ਼ਾ ਅਜੇ ਵੀ ਪੰਜਾਬੀਆਂ ਲਈ ਮਸਲਾ ਬਣੀ ਹੋਈ ਹੈ। ਪੰਜਾਬ ਦੇ ਪਹਿਲਾਂ ਕਈ ਟੁਕੜੇ ਹੋਏ।

***(ਬਾਕੀ ਸਫਾ 19 ਤੇ)***

# ਬੋਲੀ ਪਾਉਣ ਦੀ ਮਨਸ਼ਾ



## ਕਲਾ ਪਰਿਕਰਮਾ

ਲੋਕ ਬੋਲੀਆਂ ਦਾ ਸਬੰਧ ਸਾਡੇ ਵਲਵਲਿਆਂ, ਚਾਵਾਂ, ਖ਼ੁਸ਼ੀਆਂ ਤੇ ਧੜਕਦੇ ਜਜ਼ਬਾਤ ਨਾਲ ਹੈ। ਸਮਾਜ ਦੀ ਹਰ ਖ਼ੁਸ਼ੀ ਦਿਲ ਦੀ ਸੰਗੀਤ ਲਹਿਰ ਰਾਹੀਂ ਬੁੱਲ੍ਹਾਂ 'ਤੇ ਤਰੰਨੁਮ ਬਣ ਕੇ ਪੈਰਾਂ ਦੀ ਤਾਲ ਜ਼ਰੀਏ ਨਾਚ ਬਣ ਕੇ ਪਸਰ ਜਾਂਦੀ ਹੈ। ਇਸ ਨੂੰ ਅਸੀਂ ਨਾਚ ਕਹਿ ਦਿੰਦੇ ਹਾਂ। ਫਿਰ ਇਹ ਨਾਚ ਨੇਮਾਂ 'ਚ ਬੱਝਦਾ ਸਟੇਜਾਂ 'ਤੇ ਆ ਚੜ੍ਹਦਾ ਹੈ।

ਮਨੁੱਖ ਦੇ ਅੰਦਰੋਂ ਲੋਕ ਬੋਲੀਆਂ ਅੰਗੜਾਈਆਂ ਲੈਂਦੀਆਂ ਹਨ। ਅੰਦਰੋਂ ਉੱਠੀ ਇਹ ਅੰਗੜਾਈ ਬੁੱਲ੍ਹਾਂ ਦੀ ਸੀਮਾ ਲੰਘਣ ਤੋਂ ਪਹਿਲਾਂ ਮਨੁੱਖੀ ਮੁਦਰਾਵਾਂ ਨੂੰ ਵੀ ਆਪਣੇ ਕਲਾਵੇ ਵਿਚ

**ਭੋਲਾ ਸਿੰਘ ਸ਼ਮੀਰੀਆ**
**ਫੋਨ: +91-95010-12199**

ਲੈ ਲੈਂਦੀ ਹੈ। ਚਿਹਰੇ ਦੇ ਹਾਵ-ਭਾਵ, ਅੱਖਾਂ, ਹੱਥਾਂ ਤੇ ਪੈਰਾਂ ਦੀ ਤਾਲ ਦੇ ਸੰਗ ਪ੍ਰਵਾਨ ਚੜ੍ਹਦੀ ਹੈ। ਮੁੱਢ-ਕਦੀਮ ਤੋਂ ਹੀ ਭਾਰਤੀ ਸੰਸਕ੍ਰਿਤੀ ਦੀ ਮਾਨਸਿਕਤਾ ਧਾਰਮਿਕ ਰੰਗਤ ਵਾਲੀ ਰਹੀ ਹੈ। ਅਸੀਂ ਹਰ ਸ਼ੁਭ ਕਾਰਜ ਕਰਨ ਤੋਂ ਪਹਿਲਾਂ ਰੱਬ ਦੀ ਬੰਦਗੀ ਜਾਂ ਅਰਾਧਨਾ ਕਰ ਕੇ ਉਸ ਕਾਰਜ ਦੀ ਸੰਪੂਰਨਤਾ ਅਤੇ ਸਲਾਮਤੀ ਲੋਚਦੇ ਹਾਂ। ਇਸ ਤੱਥ ਦੀ ਗੁਰਬਾਣੀ ਵੀ ਤਰਜਮਾਨੀ ਕਰਦੀ ਹੈ:

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

ਜਦੋਂ ਨਾਚ ਨੇਮਬੱਧ ਹੋ ਗਿਆ ਤਾਂ ਇਸ ਦੇ ਨਿਭਾਅ ਲਈ ਵੀ ਮਾਪਦੰਡ ਬਣ ਗਏ। ਬੋਲੀ ਦੀ ਭਾਵਨਾ ਅਨੁਸਾਰ ਮਨੁੱਖੀ ਮੁਦਰਾਵਾਂ ਨੂੰ ਢਾਲਣਾ ਕਲਾਤਮਕ ਕਿਰਿਆ ਬਣ ਗਈ। ਇਸ ਕਲਾ ਨੂੰ ਨਿਭਾਉਣ ਲਈ ਕਲਾਕਾਰ ਆਪਣੇ ਇਸ਼ਟ ਜਾਂ ਦੇਵੀ ਦੇਵਤਿਆਂ ਦੀ ਅਰਾਧਨਾ ਕਰਦਾ ਹੈ। ਇਉਂ ਲੋਕ ਬੋਲੀਆਂ ਵਿਚ ਦੇਵੀ ਦੇਵਤਿਆਂ ਦੀ ਅਰਾਧਨਾ ਕਲਾਕਾਰ ਦਾ ਧਰਮ ਬਣ ਜਾਂਦਾ ਹੈ। ਆਪਣੀ ਕਲਾ ਦੀ ਸੰਪੂਰਨਤਾ ਲਈ ਕਲਾਕਾਰ ਆਪਣੀ ਵੰਨਗੀ ਨੂੰ ਪੇਸ਼ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਜਾਂ ਦੇਵੀ ਦੇਵਤਿਆਂ ਨੂੰ ਪਹਿਲੀ ਬੋਲੀ ਰਾਹੀਂ ਧਿਆਉਂਦਾ ਹੈ ਤਾਂ ਕਿ ਉਸ ਦੀ ਕਲਾਤਮਕ ਬਿਰਤੀ ਭੰਗ ਨਾ ਹੋਵੇ। ਕਿਸੇ ਵਿਆਹ ਵਿਚ ਜੁੜੀਆਂ ਮੇਲਣਾਂ ਜਾਂ ਕੁੜੀਆਂ ਵੀ ਗਿੱਧਾ ਸ਼ੁਰੂ ਕਰਨ ਤੋਂ ਪਹਿਲਾਂ ਬੋਲੀ ਉਚਾਰਦੀਆਂ ਹਨ:

ਆਵੀਂ ਬਾਬਾ ਨਾਨਕਾ
ਤੂੰ ਜਾਵੀਂ ਬਾਬਾ ਨਾਨਕਾ
ਏਹੋ ਜਿਹੀਆਂ ਖ਼ੁਸ਼ੀਆਂ
ਲਿਆਈਂ ਬਾਬਾ ਨਾਨਕਾ।

ਇਉਂ ਧਾਰਮਿਕ ਰੰਗਤ ਤੋਂ ਬਾਅਦ ਗਿੱਧਾ ਨਿੱਖਰਦਾ ਹੋਇਆ ਮੇਲਣਾਂ ਨੂੰ ਵੰਗਾਰਨ ਤੱਕ ਜਾਂਦਾ ਹੈ:

ਏਹਨੇ ਕੀ ਨੱਚਣਾ, ਗੋਡਿਆਂ ਕੋਲੋਂ ਮੋਟੀ।

ਨਾਨਕੇ ਮੇਲ ਆਈਆਂ ਮੇਲਣਾਂ ਛੱਜ ਤੋੜਨ ਦੀ ਰਸਮ ਅਦਾ ਕਰਨ ਤੋਂ ਪਹਿਲਾਂ ਇੱਕ ਜਣੀ ਬੋਲੀ ਦੇ ਰੂਪ ਵਿਚ ਛੱਜ ਤੋੜਨ ਸਮੇਂ ਵੀ ਸ਼ੁੱਭ ਬੋਲੀ ਪਾਉਂਦੀ ਬੋਲੀ ਦਾ ਆਗਾਜ਼ ਕਰਦੀ ਹੈ:

ਲੈ ਭੂਆ ਛੱਕ ਭਰਤੀ ਤੇਰੀ
ਛੱਜ ਟੂੰਮਾਂ ਦਾ ਪਾ ਕੇ।
ਭਾਂਤ-ਭਾਂਤ ਦੇ ਗਹਿਣੇ ਰੱਖ ਤੇ
ਉਤੇ ਰੁਮਾਲ ਵਿਛਾ ਕੇ।
ਤੇਰੇ ਵਿਹੜੇ ਛੱਜ ਰੱਖ ਦਿੱਤਾ
ਨਾਮ ਗੁਰਾਂ ਦਾ ਧਿਆ ਕੇ।
ਟੂੰਮਾਂ ਤੇਰੀ ਝੋਲੀ ਪਾਤੀਆਂ
ਸਾਰਾ ਛੱਜ ਉਲਟਾ ਕੇ।
ਹੋਕਾ ਦੇ ਚੱਲੀਆਂ
ਖਾਲੀ ਛੱਜ ਖੜਕਾ ਕੇ।

ਗੁਰਾਂ ਦਾ ਨਾਮ ਧਿਆਉਣ ਬਾਅਦ ਛੱਜ ਕੁੱਟਣ ਜਾਂ ਤੋੜਨ ਦੀ ਰਸਮ ਸ਼ੁਰੂ ਹੁੰਦੀ ਹੈ। ਇਹ ਵੀ ਪਰੰਪਰਾ ਹੈ ਕਿ ਸ਼ੁਰੂ-ਸ਼ੁਰੂ ਵਿਚ ਨਾਨਕੇ ਟੂੰਮਾਂ ਨੂੰ ਛੱਜ ਵਿਚ ਰੱਖ ਕੇ ਨਾਨਕ-ਛੱਕ ਭਰਿਆ ਕਰਦੇ ਸਨ। ਜਦੋਂ ਟੂੰਮਾਂ ਪਹਿਨ ਲਈਆਂ ਜਾਂਦੀਆਂ ਸਨ ਤਾਂ ਖਾਲੀ ਛੱਜ ਖੜਕਾ ਜਾਂ ਕੁੱਟ ਕੇ ਸ਼ਰੀਕੇ ਕਬੀਲੇ ਨੂੰ ਨਾਨਕ ਛੱਕ ਬਾਰੇ ਦੱਸਿਆ ਜਾਂਦਾ ਸੀ ਜਾਂ ਆਪਣੀ ਵਡਿਆਈ ਦਰਸਾਈ ਜਾਂਦੀ ਸੀ। ਛੱਜ ਭੰਨਣ ਦੀ ਪਰੰਪਰਾ ਇਉਂ ਸ਼ੁਰੂ ਹੋਈ ਦੱਸੀ ਜਾਂਦੀ ਹੈ। ਮੇਲਣਾਂ ਗਾਉਂਦੀਆਂ ਹਨ:

ਭੰਨ ਦਿਓ ਨੀ ਇਸ ਭਾਗਾਂ ਵਾਲੇ ਛੱਜ ਨੂੰ।



ਮਰਦਾਂ ਦਾ ਗਿੱਧਾ ਵੀ ਅੱਜ ਕੱਲ੍ਹ ਕਾਫ਼ੀ ਪ੍ਰਚੱਲਿਤ ਹੈ। ਇਸ ਗਿੱਧੇ ਦੇ ਵੀ ਨੇਮ ਬਣ ਚੁੱਕੇ ਹਨ। ਮਰਦਾਵੀਂ ਟੋਲੀ ਜਦੋਂ ਜੌਹਰ ਦਿਖਾਉਣ ਲਈ ਮੈਦਾਨ ਵਿਚ ਉਤਰਦੀ ਹੈ ਤਾਂ ਉਹ ਵੀ ਸਭ ਤੋਂ ਪਹਿਲਾਂ ਰੱਬ ਦਾ ਨਾਂ ਧਿਆਉਂਦੀ ਹੈ:

ਦੇਵੀ ਮਾਤਾ ਗੌਣ ਬਖ਼ਸ਼ਦੀ
ਨਾਮ ਲਏ ਜੱਗ ਤਰਦਾ।
ਬੋਲੀਆਂ ਪਾਉਣ ਦੀ ਹੋਗੀ ਮਨਸ਼ਾ
ਸਿਰ ਚਰਨਾਂ 'ਤੇ ਧਰਦਾ।
ਸ਼ੌਕ ਨਾਲ ਮੈਂ ਪਾਵਾਂ ਬੋਲੀਆਂ
ਮੈਂ ਨਾ ਕਿਸੇ ਤੋਂ ਡਰਦਾ।
ਨਾਂ ਪਰਮੇਸ਼ਰ ਦਾ
ਲੈ ਕੇ ਗਿੱਧੇ ਵਿਚ ਵੜਦਾ।

ਇੱਕ ਦੋ ਹੋਰ ਬੋਲੀਆਂ ਪਾਉਣ ਤੋਂ ਬਾਅਦ ਗਿੱਧਾ ਅਸਲੀ ਰੂਪ ਵੱਲ ਵਧਦਾ ਹੈ:

ਧਰਤੀ ਜੇਡ ਗਰੀਬ ਨਾ ਕੋਈ
ਇੰਦਰ ਜੇਡ ਨਾ ਦਾਤਾ।
ਬ੍ਰਹਮਾ ਜੇਡ ਨਾ ਪੰਡਿਤ ਕੋਈ
ਸੀਤਾ ਜੇਡ ਨਾ ਮਾਤਾ।
ਲਛਮਣ ਜੇਡ ਜਤੀ ਨਾ ਕੋਈ
ਰਾਮ ਜੇਡ ਨਾ ਭਰਾਤਾ।
ਦੁਨੀਆ ਮਾਣ ਕਰੇ
ਰੱਬ ਸਭਨਾਂ ਦਾ ਰਾਖਾ।

ਕਈ ਵਾਰ ਕਲਾਕਾਰ ਸਥਿਤੀ ਜਾਂ ਸਮੇਂ ਅਨੁਸਾਰ ਧਾਰਮਿਕ ਬੋਲੀਆਂ ਵਿਚ ਵਾਧਾ ਵੀ ਕਰ ਲੈਂਦੇ ਹਨ। ਜੇਕਰ ਉਹ ਥਾਂ ਧਾਰਮਿਕ ਹੈ ਜਾਂ ਧਾਰਮਿਕ ਭਾਵਨਾਵਾਂ ਵਾਲੇ ਘਰ ਹੈ ਤਾਂ ਇੱਕ ਤੋਂ ਵੱਧ ਵੀ ਧਾਰਮਿਕ ਬੋਲੀਆਂ ਪਾਈਆਂ ਜਾਂਦੀਆਂ ਹਨ। ਜੇਕਰ ਇਹ ਥਾਂ ਹਿੰਦੂ ਮੱਤ ਨਾਲ ਸਬੰਧਿਤ ਹੈ ਤਾਂ ਇਸ ਤਰ੍ਹਾਂ ਦੀ ਬੋਲੀ ਵੀ ਪਾਈ ਜਾਂਦੀ ਹੈ:

ਦੇਵੀ ਦੀ ਮੈਂ ਕਰਾਂ ਕੜਾਹੀ
ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬੱਕਰਾ
ਨੰਗੇ ਪੈਰੀਂ ਜਾਵਾਂ।
ਹਨੂੰਮਾਨ ਦੀ ਦੇਵਾਂ ਮੰਨੀ
ਰਤਾ ਦੇਰ ਨਾ ਲਾਵਾਂ।
ਨੀਂ ਮਾਤਾ ਭਗਵਤੀਏ
ਮੈਂ ਤੇਰਾ ਜਸ ਗਾਵਾਂ।

ਲੋਕ ਬੋਲੀਆਂ ਪਾਉਣ ਵਾਲੇ ਕਲਾਕਾਰ ਲੋਕਾਂ ਦੇ ਇਕੱਠ ਤੋਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝ ਜਾਂਦੇ ਹਨ ਕਿ ਸੰਗਤ ਦੇ ਰੂਪ ਵਿਚ ਜੁੜੀ ਜਨਤਾ ਕਿਸ ਤਰ੍ਹਾਂ ਦੀ ਹੈ। ਜੇਕਰ ਜ਼ਿਆਦਾ ਗਿਣਤੀ ਪੱਗਾਂ ਵਾਲਿਆਂ ਦੀ ਹੈ ਤਾਂ ਉਹ ਕਲਾਕਾਰ ਆਪਣੀ ਬੋਲੀ ਦੀ ਸ਼ੁਰੂਆਤ ਇਉਂ ਕਰਦਾ ਹੈ:

ਗੁਰੂ ਧਿਆ ਕੇ ਪਾਵਾਂ ਬੋਲੀ
ਸਭ ਨੂੰ ਫਤਹਿ ਬੁਲਾਵਾਂ।
ਬੇਸ਼ੱਕ ਮੈਨੂੰ ਮਾੜਾ ਆਖੋ
ਮਿੱਠੇ ਬੋਲ ਸੁਣਾਵਾਂ।
ਭਾਈਵਾਲੀ ਮੈਨੂੰ ਲੱਗੇ ਪਿਆਰੀ
ਰੋਜ਼ ਗਿੱਧੇ ਵਿਚ ਆਵਾਂ।
ਗੁਰੂ ਦਿਆਂ ਸ਼ੇਰਾਂ ਦੇ
ਮੈਂ ਵੱਧ ਕੇ ਜੱਸ ਗਾਵਾਂ।

ਲੋਕ ਬੋਲੀਆਂ ਤੋਂ ਬਿਨਾਂ ਕਾਵਿ ਧਾਰਾ ਦੇ ਕਿਸੇ ਹੋਰ ਰੂਪ ਵਿਚ ਵੀ ਕਲਾ ਦੇ ਜੌਹਰ ਦਿਖਾਉਣ ਤੋਂ ਪਹਿਲਾ ਕੋਈ ਨਾ ਕੋਈ ਧਾਰਮਿਕ ਰੰਗਤ ਵਾਲੀ ਵਿਧਾ ਨੂੰ ਸੁਣਾ ਕੇ ਆਪਣੀ ਕਲਾ ਵੰਨਗੀ ਦਾ ਆਗਾਜ਼ ਕੀਤਾ ਜਾਂਦਾ ਹੈ। ਚਾਹੇ ਉਹ ਪੰਜਾਬ ਦੀ ਅਖਾੜਾ ਪਰੰਪਰਾ ਹੋਵੇ, ਕਵੀਸ਼ਰੀ ਵਿਧਾ ਹੋਵੇ ਜਾਂ ਢਾਡੀ ਪਰੰਪਰਾ ਹੋਵੇ। ਇਨ੍ਹਾਂ ਨੇ ਚਾਹੇ ਕੋਈ ਕਿੱਸਾ ਕਾਵਿ ਸ਼ੁਰੂ ਕਰਨਾ ਹੋਵੇ, ਚਾਹੇ ਕੋਈ ਵਾਰ ਦਾ ਰੂਪ ਸ਼ੁਰੂ ਕਰਨਾ ਹੋਵੇ। ਸਭ ਤੋਂ ਪਹਿਲਾਂ ਧਾਰਮਿਕ ਵੰਨਗੀ ਪੇਸ਼ ਕਰਕੇ ਇੱਕ ਤਰ੍ਹਾਂ ਦੀ ਪਰਮਾਤਮਾ ਤੋਂ ਆਗਿਆ ਮੰਗੀ ਜਾਂਦੀ ਹੈ। ਜਿਸ ਭਾਵਨਾ ਵਾਲਾ ਇਕੱਠ ਹੋਵੇ ਜਾਂ ਜਿਸ ਭਾਵਨਾ ਵਾਲਾ ਕਲਾਕਾਰ ਹੋਵੇ, ਆਪੋ-ਆਪਣੀ ਸ਼ਰਧਾ ਅਨੁਸਾਰ ਧਾਰਮਿਕ ਆਗਾਜ਼ ਨਾਲ ਹੀ ਆਪਣੀ ਪਰੰਪਰਾ ਦੀ ਸ਼ੁਰੂਆਤ ਕਰਦਾ ਹੈ। ਧਾਰਮਿਕ ਰੰਗਤ ਵਿਚ ਫਰੀਦ ਵੀ ਹੋ ਸਕਦਾ ਹੈ, ਰਵੀਦਾਸ ਵੀ, ਕਬੀਰ ਵੀ ਅਤੇ ਰਾਮ ਚੰਦਰ ਵੀ ਹੋ ਸਕਦਾ ਹੈ। ਪਰੰਪਰਾਵਾਦੀ ਰਾਜਿਆਂ ਵਿਚੋਂ ਰਾਜਾ ਭਰਥਰੀ, ਰਾਜਾ ਸਲਵਾਨ, ਪੂਰਨ ਭਗਤ, ਰਾਣੀ ਕੌਲਾਂ, ਗੋਪੀ ਚੰਦ, ਤਾਰਾ ਰਾਣੀ ਆਦਿ ਵੀ ਹੋ ਸਕਦੇ ਹਨ।

ਇਸ ਲਈ ਸਾਡੀ ਕਾਵਿ ਵਿਧਾ ਦਾ ਰੂਪ ਚਾਹੇ ਕੋਈ ਵੀ ਹੋਵੇ, ਇਸ ਦੀ ਸ਼ੁਰੂਆਤ ਧਾਰਮਿਕ ਜਾਂ ਆਪਣੇ ਇਸ਼ਟ ਨੂੰ ਧਿਆ ਕੇ ਹੀ ਸ਼ੁਰੂ ਕੀਤੀ ਜਾਂਦੀ ਹੈ। ਇਹ ਪਰੰਪਰਾ ਅੱਜ ਕੱਲ੍ਹ ਦੀ ਨਹੀਂ ਹੈ, ਸਦੀਆਂ ਪੁਰਾਣੀ ਹੈ ਜੋ ਅੱਜ ਵੀ ਆਪਣੇ ਪੁਰਾਣੇ ਕਦਮਾਂ 'ਤੇ ਚੱਲਦੀ ਹੋਈ ਆਧੁਨਿਕ ਦੌਰ ਵਿਚ ਦਾਖਲ ਹੁੰਦੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜੁਲਾਈ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-647



*ਕਾਵਾਂ-ਰੌਲ਼ੀ ਪਾਈ ਹੈ 'ਕੱਠੇ ਹੋ ਕੇ ਕਰਨ ਸਲਾਹ,*
*ਬੂਟੇ ਸੁੱਕੇ ਪਾਣੀ ਮੁੱਕੇ ਨਿੱਤ ਹੁੰਦੀ ਹੈ ਠਾਹ ਠਾਹ।*
*ਮਰ ਜਾਵਾਂਗੇ ਭੁੱਖੇ-ਪਿਆਸੇ ਥਲ ਬਣੇ ਨੇ ਥਾਂ ਥਾਂ,*
*ਮਾਰ ਉਡਾਰੀ ਚੱਲੋ ਇੱਥੋਂ ਲੱਭੀਏ ਜਾ ਨਵੇਂ ਗਰਾਂ।*

## ਕੈਪਸ਼ਨ ਮੁਕਾਬਲਾ-645



ਤੁਰ ਪੈਂਦੇ ਰੁਜ਼ਗਾਰ ਲੱਭਣ ਬਈ,
ਲੋੜਾਂ ਥੋੜ੍ਹਾਂ ਦੇ ਮਾਰੇ ਲੋਕ,
ਵਾਂਗ ਪਰਿੰਦੇ ਚੋਗ ਚੁਗਣ ਬਈ,
ਆ ਪੰਜਾਬ ਬਿਚਾਰੇ ਲੋਕ।
ਕਰਨ ਮੁਸ਼ੱਕਤ ਦਿਨ ਰਾਤ ਬਈ,
ਗੁਰਬਤ ਭੰਨੇ ਹਾਰੇ ਲੋਕ,
ਸਰਕਾਰਾਂ ਨੇ ਪੱਲਾ ਝਾੜ ਕੇ ਬਈ,
ਡੰਡੇ ਮਾਰ ਦੁਰਕਾਰੇ ਲੋਕ।
***-ਸੇਵਾ ਸਿੰਘ 'ਨੂਰਪੁਰੀ'***

---

ਰੁਜ਼ਗਾਰ ਲਈ ਯੂਪੀ ਬਿਹਾਰ ਦੇ
ਭੱਈਏ ਆਏ ਵਿਚ ਪਰਦੇਸਾਂ ਦੇ
ਕੰਮ ਲੈਣ ਲਈ ਆਪਣੇ ਗਰੁੱਪ ਦੇ
ਲੀਡਰਾਂ ਰਾਹੀਂ ਪੈਂਦੇ ਵਿਚ ਕਲੇਸ਼ਾਂ ਦੇ।
ਟੀਮਾਂ ਬਣਾ ਕੇ ਕੰਮ ਨੇ ਕਰਦੇ
ਝੁਲਕਾ ਦਿੰਦੇ ਸਰੀਰਾਂ ਨੂੰ ਲਾ ਕੇ ਜ਼ਰਦੇ।
ਧੋ ਮਹੀਨੇ ਦਾ ਵਕਤੀ ਰੁਜ਼ਗਾਰ ਕਰ ਕੇ
ਪੈਸੇ ਪਾ ਕੇ ਖਾਤਿਆਂ ਵਿਚ
ਵਾਪਸ ਘਰਾਂ ਨੂੰ ਮੁੜਦੇ।
***-ਅਮਰਜੀਤ ਸਿੰਘ ਤੂਰ***

---

ਨਿੱਕੇ ਨਿਆਣੇ ਤੇ ਛੱਡਣੇ ਮਾਪੇ।
"ਸੌਖੇ ਨ੍ਹੀ ਹੁੰਦੇ" ਮਜਬੂਰੀ ਜਾਪੇ।
ਪ੍ਰਦੇਸੀਂ ਆਉਂਦੇ ਕਰਨ ਦਿਹਾੜੀ।
ਕਾਮੇ ਜੂਨ ਹੰਢਾਉਂਦੇ ਮਾੜੀ।
ਕੋਡੇ ਕੋਡੇ ਝੋਨਾ ਲਗਾਂਦੇ।
ਹੱਥ ਪੈਰ ਦੋਵੇਂ ਗਲ ਜਾਂਦੇ।
ਧੰਨ ਕਿਰਤੀ, ਇਹਦੀ ਧੰਨ ਕਮਾਈ।
ਮੁਸ਼ਕਲ ਨਾਲ ਹੁੰਦੀ ਡੰਗ ਟਪਾਈ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।***
***ਫੋਨ: 94176-49275***

---

ਝੋਨਾ, ਮੂੰਜੀ, ਧਾਨ, ਚੌਲ ਜਾਂ ਜੀਰੀ
ਬੜੇ ਹੀ ਹਨ ਨਾ ਪ੍ਰਚੱਲਿਤ ਇਸ ਫ਼ਸਲ ਦੇ
ਮਜ਼ਬੂਤ ਢੂਹੀ ਵਾਲਾ ਹੀ
ਕਰ ਸਕਦਾ ਇਹ ਕੰਮ
ਸੁਵੱਖਤੇ ਕੰਮ ਸ਼ੁਰੂ ਅਸਤ ਸੂਰਜ ਤੱਕ
ਹੋ ਕੋਡੇ ਦੱਬਣੀ ਪਨੀਰੀ
ਪਾਣੀ ਹੀ ਪਾਣੀ ਦੇ ਵਿਚ
ਨੰਗੇ ਪੈਰੀਂ ਵਕਤਾਂ ਦੇ ਮਾਰੇ
ਕਾਮੇ ਦੂਜੇ ਸੂਬਿਆਂ ਤੋਂ ਆ ਕੇ
ਮਿੱਧ ਗੰਡੋਏ,
ਸਿਰੀਆਂ ਸੱਪਾਂ ਦੀਆਂ
ਪੈਰ ਗਲ ਕੇ ਬਿਆਈਆਂ ਪੈ ਜਾਂਦੀਆਂ
ਨਾ ਸਿਹਤ ਬੀਮਾ ਨਾ ਸੁਰੱਖਿਆ ਕੋਈ
ਹੁੰਦਾ ਸੀ ਵਕਤ ਆਫਤਾਂ ਦਾ ਕਦੇ
ਸਥਾਨਕ ਮਜ਼ਦੂਰ ਤਾਂ
ਪਰਵਾਸ ਕਰ ਰਿਹਾ ਅੱਜ।
***-ਦਰਸ਼ਨ ਪਾਲ ਦੋਸਾਂਝ***

# ਰੋਟੀ ਖ਼ਾਤਿਰ

ਰੋਟੀ ਖ਼ਾਤਿਰ ਖੌਰੇ ਕੀ ਕੀ ਕਰਦਾ ਬੰਦਾ।
ਬੱਸ ਜੀਵਣ ਖ਼ਾਤਿਰ ਨਿੱਤ ਹੈ ਮਰਦਾ ਬੰਦਾ।

ਮਿਲਦਾ ਉਹੀ ਜੋ ਕਿਸਮਤ ਦੇ ਵਿਚ ਲਿਖਿਆ
ਕਿਸਮਤ ਅੱਗੇ ਬਾਜ਼ੀ ਹਰ ਹੈ ਹਰਦਾ ਬੰਦਾ।

ਵਕਤਾਂ ਦੀ ਇਸ ਬਾਰਿਸ਼ ਅੰਦਰ ਖੜ੍ਹਨਾ ਔਖਾ
ਕੰਢੇ ਲੱਗੀ ਮਿੱਟੀ ਵਾਂਗੂੰ ਖਰਦਾ ਬੰਦਾ।

ਸਭ ਨੂੰ ਆਪੋ ਧਾਪੀ ਹੈ ਬਸ ਕੀ ਕਰੀਏ ਜੀ
ਚਾਹੇ ਹੋਵੇ ਬਾਹਰੀ ਚਾਹੇ ਘਰ ਦਾ ਬੰਦਾ।

ਕਰਦਾ ਨਿੱਤ ਘੁਟਾਲੇ ਤਕੜੇ ਵਿਚ ਕਰੋੜਾਂ
ਕਫਨਾਂ ਵਿਚੋਂ ਖਾਵੇ, ਚਾਰਾ ਚਰਦਾ ਬੰਦਾ।
ਉਸਦੀ ਗੱਡੀ ਵੱਡੀ ਮੇਰੀ ਛੋਟੀ ਕਾਹਤੋਂ
ਉਨੀ ਇੱਕੀ ਦਾ ਵੀ ਫਰਕ ਨਾ ਜਰਦਾ ਬੰਦਾ।

ਕੋਈ ਏ ਸੀ ਹੀਟਰ ਦੇ ਵਿਚ ਮੌਜਾਂ ਮਾਣੇ
ਕੋਈ ਧੁੱਪੇ ਨੰਗੇ ਪਿੰਡੇ ਮਰਦਾ ਬੰਦਾ।

ਬੇਸ਼ਰਮੀ ਦੇ ਵੱਸ ਪਿਆ ਹੈ ਕਾਮੁਕ ਹੋ ਕੇ
ਰੱਖੇ ਨਾ ਹੁਣ ਧੀਆਂ ਅੱਗੇ ਪਰਦਾ ਬੰਦਾ।

ਨਸ਼ਿਆਂ ਵਾਲੀ ਖਾ ਕੇ ਫੱਕੀ ਬਣਦਾ ਹੀਰੋ
ਖਾਂਦਾ ਰੱਜ ਕੇ ਚਿੱਟਾ, ਡੋਡੇ, ਜਰਦਾ ਬੰਦਾ।
***-ਹਰਦੀਪ ਬਿਰਦੀ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਮੈਕਸੀਕੋ ਵਿਚ ਸ਼ੀਨਬੌਮ ਦੀ ਜਿੱਤ ਦੇ ਮਾਇਨੇ

**ਕੰਵਲਜੀਤ ਕੌਰ ਗਿੱਲ**
**ਪ੍ਰੋਫੈਸਰ ਆਫ ਇਕਨੋਮਿਕਸ (ਰਿਟਾ:)**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

ਵਾਤਾਵਰਣ ਸਾਇੰਸਦਾਨ ਅਤੇ ਸਾਬਕਾ ਮੇਅਰ ਕਲੌਡੀਆ ਸ਼ੀਨਬੌਮ ਨੂੰ ਮੈਕਸੀਕੋ ਵਿਖੇ ਹੋਈਆਂ ਆਮ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਤੇ ਮੈਕਸੀਕੋ ਦੀ ਪਹਿਲੀ ਔਰਤ ਰਾਸ਼ਟਰਪਤੀ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਮੈਕਸੀਕੋ ਦੇ 200 ਸਾਲ ਪੁਰਾਣੇ ਮਰਦ ਪ੍ਰਧਾਨ ਸਮਾਜ ਵਿਚ ਵਿਸ਼ਾਲ ਪੱਧਰ 'ਤੇ ਹੋਈਆਂ ਆਮ ਚੋਣਾਂ (2 ਜੂਨ, 2024) ਵਿਚ ਸ਼ੀਨ ਬੌਮ ਦੀ ਇਸ ਜਿੱਤ ਨੂੰ ਇਤਿਹਾਸਿਕ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ। ਚੋਣ ਮੈਦਾਨ ਵਿਚ ਮੁੱਖ ਰੂਪ ਵਿਚ ਤਿੰਨ ਉਮੀਦਵਾਰਾਂ ਵਿਚਾਲੇ ਮੁਕਾਬਲਾ ਸੀ। ਤੀਜੇ ਸਥਾਨ 'ਤੇ ਆਉਣ ਵਾਲੇ ਉਮੀਦਵਾਰ ਜਾਰਜ਼ ਮਾਇਨੇਜ਼ ਨੂੰ ਸਭ ਤੋਂ ਘੱਟ ਵੋਟਾਂ (10.57 %) ਮਿਲੀਆਂ। ਐਕਸੋਚਿਲ ਗਲਵੇਸ 28.11% ਵੋਟਾਂ ਲੈ ਕੇ ਦੂਜੇ ਸਥਾਨ 'ਤੇ ਰਹੀ। ਜਦੋਂਕਿ ਕਲੌਡੀਆ ਸ਼ੀਨਬੌਮ ਨੇ 61.18% ਵੋਟਾਂ ਪ੍ਰਾਪਤ ਕਰਨ ਉਪਰੰਤ ਆਪਣੇ ਵਿਰੋਧੀਆਂ ਨੂੰ ਹਰਾ ਕੇ ਇਤਿਹਾਸ ਸਿਰਜਿਆ ਹੈ। ਮਰੀਨੋ ਪਾਰਟੀ ਦੇ ਪਹਿਲੇ ਪ੍ਰੈਜ਼ੀਡੈਂਟ ਲੋਪਸ ਓਬਰਾਡੋਰ ਤੋਂ ਬਾਅਦ ਕਲੌਡੀਆ ਸ਼ੀਨਬੌਮ 6 ਸਾਲਾਂ ਲਈ ਇਸ ਅਹੁਦੇ 'ਤੇ ਬਿਰਾਜਮਾਨ ਰਹੇਗੀ। ਮੈਕਸੀਕੋ ਦੀ ਸਮੁੱਚੀ ਜਨਤਾ ਅਤੇ ਖਾਸ ਕਰਕੇ ਔਰਤਾਂ ਨੂੰ ਉਸ ਤੋਂ ਬਹੁਤ ਉਮੀਦਾਂ ਹਨ। ਜਨਤਾ ਨੂੰ ਭਰੋਸਾ ਹੈ ਕਿ ਜੋ ਕੰਮ ਪਹਿਲੀਆਂ ਪਾਰਟੀਆਂ ਦੇ ਅਹੁਦੇਦਾਰ ਨਹੀਂ ਕਰ ਸਕੇ ਜਾਂ ਉਹ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਨਹੀਂ ਉਤਰੇ ਉਹ ਕੰਮ ਹੁਣ ਵਧੇਰੇ ਸੁਚੱਜੇ ਢੰਗ ਨਾਲ ਹੋਣਗੇ। ਭਾਵੇਂ ਮੈਕਸੀਕੋ ਦਾ ਸਮਾਜ ਮਰਦ ਪ੍ਰਧਾਨ ਰਿਹਾ ਹੈ ਫਿਰ ਵੀ ਆਰਥਿਕ ਅਤੇ ਹੋਰ ਵਿਕਾਸ ਨਾਲ ਸੰਬੰਧਿਤ ਪ੍ਰੋਗਰਾਮ ਤੇ ਨੀਤੀਆਂ ਇਸ ਪ੍ਰਕਾਰ ਦੀਆਂ ਉਲੀਕੀਆਂ ਜਾਣਗੀਆਂ, ਜਿਸ ਵਿਚ ਔਰਤਾਂ ਦੇ ਹਿੱਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਮੈਕਸੀਕੋ ਵਿਚ ਕੁਝ ਇਲਾਕੇ ਇਹੋ ਜਿਹੇ ਹਨ ਜਿੱਥੇ ਮੂਲ ਮੈਕਸੀਕਨ ਨਿਵਾਸੀ ਰਹਿੰਦੇ ਹਨ। ਉਹ ਆਦੀਵਾਸੀ ਨਹੀਂ ਹਨ ਪਰ ਉਨ੍ਹਾਂ ਦਾ ਆਪਣਾ ਸਮਾਜਿਕ-ਸੱਭਿਆਚਾਰਕ ਭਾਈਚਾਰਾ ਹੈ। ਇਹ ਨਸਲਵਾਦ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਇਲਾਕਿਆਂ ਵਿਚ ਗਰੀਬੀ ਬਹੁਤ ਜ਼ਿਆਦਾ ਹੈ। 20% ਦੇ ਲਗਭਗ ਲੋਕ ਘੋਰ ਗਰੀਬੀ ਵਾਲੀ ਜ਼ਿੰਦਗੀ ਜੀ ਰਹੇ ਹਨ। ਇਸ ਗਰੀਬੀ ਦਾ ਭਾਰ ਔਰਤ ਸਮੁਦਾਇ ਉੱਪਰ ਵਧੇਰੇ ਹੈ। ਆਧੁਨਿਕ ਸਿਹਤ ਸਹੂਲਤਾਂ ਦੀ ਅਣਹੋਂਦ ਅਤੇ ਅਨਪੜ੍ਹਤਾ ਤੋਂ ਇਲਾਵਾ ਔਰਤਾਂ ਦੇ ਜ਼ਮੀਨੀ ਹੱਕ ਨਾ-ਮਾਤਰ ਹਨ। ਗਰੀਬੀ ਕਾਰਨ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਵੀ ਹੁੰਦੀਆਂ ਹਨ। ਵੋਟਾਂ ਦਾ ਕਾਰਜ ਸਮਾਪਤ ਹੋਣ ਉਪਰੰਤ ਜਦੋਂ ਪ੍ਰੈਸ ਰਿਪੋਰਟਰਾਂ ਨੇ ਇਨ੍ਹਾਂ ਔਰਤਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਸਪਸ਼ਟ ਕਿਹਾ ਕਿ ਅਸੀਂ ਸ਼ੀਨਬੌਮ ਨੂੰ ਵੋਟਾਂ ਉਸਦੇ ਔਰਤ ਹੋਣ ਦੇ ਨਾਲ ਨਾਲ ਉਸਦੀ ਕਾਬਲੀਅਤ ਅਤੇ ਮੇਅਰ ਦੇ ਤੌਰ 'ਤੇ ਕੰਮ ਕਾਜ ਕਰਨ ਦੇ ਤਰੀਕੇ ਨੂੰ ਧਿਆਨ ਵਿਚ ਰੱਖਦਿਆਂ ਪਾਈਆਂ ਹਨ। ਸ਼ੀਨਬੌਮ ਜਿਸ ਮਰੀਨੋ ਪਾਰਟੀ ਦੇ ਉਮੀਦਵਾਰ ਵਲੋਂ ਜਿੱਤੀ ਹੈ ਉਸ ਦੀ ਵਿਚਾਰਧਾਰਾ ਖੱਬੇ ਪੱਖੀ ਹੋਣ ਕਾਰਨ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਪਾਰਟੀ ਲੋਕ ਪੱਖੀ ਕੰਮ ਕਾਜ ਨੂੰ ਪਹਿਲ ਦੇ ਆਧਾਰ 'ਤੇ ਕਰੇਗੀ। ਇਸ ਵਾਸਤੇ ਹੁਣ ਸ਼ੀਨਬੌਮ ਉਪਰ ਸਭ ਦੀਆਂ ਆਸਾਂ ਉਮੀਦਾਂ ਟਿਕੀਆਂ ਹੋਈਆਂ ਹਨ।



1962 ਵਿਚ ਜਨਮੀ ਸ਼ੀਨਬੌਮ ਨੇ ਫਿਜ਼ੀਕਸ ਦੀ ਗ੍ਰੈਜੂਏਸ਼ਨ ਤੋਂ ਬਾਅਦ ਉਚੇਰੀ ਪੜ੍ਹਾਈ ਦੀ ਡਿਗਰੀ ਵਾਤਾਵਰਨ ਨਾਲ ਸੰਬੰਧਿਤ ਵਿਸ਼ਿਆਂ ਵਿਚ ਹਾਸਲ ਕੀਤੀ ਜਿਸ ਵਿਚ ਉਸਨੂੰ ਨੋਬੇਲ ਸ਼ਾਂਤੀ ਪੁਰਸਕਾਰ ਵੀ ਮਿਲਿਆ। ਨੈਸ਼ਨਲ ਰੀਜੈਨਰੇਸ਼ਨ ਮੂਵਮੈਂਟ ਦੀ ਮਰੀਨੋ ਪਾਰਟੀ ਨੇ ਪਹਿਲਾਂ ਤੋਂ ਚਲੇ ਆ ਰਹੇ ਪ੍ਰੈਜ਼ੀਡੈਂਟ, ਲੋਪਸ ਓਬਰਾਡੋਰ ਤੋਂ ਬਾਅਦ ਮੌਜੂਦਾ ਆਮ ਚੋਣਾਂ ਦੌਰਾਨ ਸ਼ੀਨਬੌਮ ਨੂੰ ਇਸ ਅਹੁਦੇ ਲਈ ਨਾਮਜ਼ਦ ਕੀਤਾ। ਮੈਕਸਿਕੋ ਦੀਆਂ ਇਹ ਪਹਿਲੀਆਂ ਆਮ ਚੋਣਾਂ ਹਨ ਜਦੋਂ ਪ੍ਰੈਜ਼ੀਡੈਂਟ ਦੇ ਅਹੁਦੇ ਲਈ ਇਕ ਔਰਤ ਨੂੰ ਖੜ੍ਹਾ ਕੀਤਾ ਗਿਆ। ਸ਼ੀਨਬੌਮ ਦਾ ਸਮਾਜਿਕ ਮੁੱਦਿਆਂ ਪ੍ਰਤੀ ਫ਼ਿਕਰ ਅਤੇ ਰਾਜਨੀਤਕ ਮਸਲਿਆਂ ਪ੍ਰਤੀ ਰੁਚੀ ਕਾਰਨ ਉਸ ਨੇ ਸ਼ਾਨਦਾਰ ਜਿੱਤ ਵੀ ਪ੍ਰਾਪਤ ਕੀਤੀ। ਇਸ ਤੋਂ ਪਹਿਲੇ ਇਸੇ ਪਾਰਟੀ ਦੇ ਲੀਡਰ ਓਬਰਾਡੋਰ ਨੇ ਵੀ ਮੈਕਸੀਕੋ ਦੀ ਰਾਜਨੀਤੀ ਅਤੇ ਅਰਥਚਾਰੇ ਨੂੰ ਮੁੜ ਸੰਵਾਰਨ ਦੇ ਪੁਰਜ਼ੋਰ ਯਤਨ ਕੀਤੇ ਸਨ ਪਰ ਵਿਰੋਧੀ ਪਾਰਟੀਆਂ ਨੇ ਉਸ ਨੂੰ ਕਈ ਮੁੱਦਿਆਂ ਵਿਚ ਕਾਮਯਾਬ ਨਹੀਂ ਹੋਣ ਦਿੱਤਾ ਸੀ। ਜਿਵੇਂ ਕੰਮ ਵਿਚ ਰੁਕਾਵਟਾਂ ਪਾਉਣੀਆਂ, ਉਲੀਕੇ ਗਏ ਪ੍ਰੋਗਰਾਮ ਵਿਚ ਬੇਤੁਕੀਆਂ ਗ਼ਲਤੀਆਂ ਕੱਢਣੀਆਂ, ਜਾਂ ਦੂਸ਼ਣਬਾਜ਼ੀ ਕਰਨਾ ਵਿਰੋਧੀ ਧਿਰਾਂ ਦਾ ਆਮ ਹੀ ਕੰਮ ਹੁੰਦਾ ਹੈ। ਕੋਈ ਵੀ ਸੱਤਾਧਾਰੀ ਪਾਰਟੀ ਜਾਂ ਸ਼ਖ਼ਸੀਅਤ ਕਿਸੇ ਕਾਰਨ ਜਦੋਂ ਵੱਡੀ ਗਿਣਤੀ ਦੇ ਮੁਫਾਦਾਂ ਨੂੰ ਪੂਰਾ ਕਰਨ ਵਿਚ ਸਫ਼ਲ ਨਹੀਂ ਹੁੰਦੀ ਜਾਂ ਉਹ ਕੁਝ ਕੁ ਮੁੱਠੀ ਭਰ ਲੋਕਾਂ ਦੇ ਹੱਥਾਂ ਵਿਚ ਖੇਡਣ ਲੱਗਦੀ ਹੈ ਤੇ ਲੋਕਾਂ ਦੇ ਆਮ ਮੁੱਦੇ ਸਿੱਖਿਆ, ਸਿਹਤ, ਰੁਜ਼ਗਾਰ ਆਦਿ ਨਜ਼ਰ-ਅੰਦਾਜ਼ ਹੁੰਦੇ ਹਨ ਤਾਂ ਉਸ ਸੱਤਾ ਦਾ ਬਦਲਾਓ ਨਿਸ਼ਚਿਤ ਹੁੰਦਾ ਹੈ। ਇਸ ਸਮੇਂ ਮੈਕਸੀਕੋ ਕੁਝ ਇਸੇ ਪ੍ਰਕਾਰ ਦੀ ਸਥਿਤੀ ਵਿਚੋਂ ਲੰਘ ਰਿਹਾ ਸੀ। ਇਸ ਵਾਸਤੇ ਲੋਕ ਵੀ ਤਬਦੀਲੀ ਚਾਹੁੰਦੇ ਸਨ। ਸ਼ੀਨਬੌਮ ਦੇ ਸੱਤਾ ਵਿਚ ਆਉਣ ਤੋਂ ਭਾਵ ਹੈ ਮੈਕਸੀਕੋ, ਜਿੱਥੇ 200 ਸਾਲਾਂ ਤੋਂ ਮਰਦ ਪ੍ਰਧਾਨ ਸਮਾਜ ਚਲਿਆ ਆ ਰਿਹਾ ਹੈ, ਧਾਰਮਿਕ ਤੌਰ 'ਤੇ ਲੋਕ ਕੈਥੋਲਿਕ ਵਿਚਾਰਧਾਰਾ ਦੇ ਹਨ, ਰਾਜਨੀਤਕ ਕਾਰਜਾਂ ਵਿਚ ਵੱਡੇ ਕਾਰਪੋਰੇਟ ਘਰਾਣਿਆਂ ਦੀ ਦਖ਼ਲਅੰਦਾਜ਼ੀ ਹੈ, ਹੁਣ, ਉਨ੍ਹਾਂ ਦੀ ਜਿਊ ਭਾਈਚਾਰੇ ਤੋਂ ਇਕ ਔਰਤ ਲੀਡਰ ਹੋਵੇਗੀ, ਜਿਹੜੀ ਉਚ ਸਿੱਖਿਆ ਪ੍ਰਾਪਤ, ਸਾਇੰਸਦਾਨ ਅਤੇ ਵਾਤਾਵਰਣ ਮਾਹਿਰ ਹੈ। ਪਹਿਲੀ ਅਕਤੂਬਰ 2024, ਨੂੰ ਆਫ਼ਿਸ ਸੰਭਾਲਣ ਤੋਂ ਬਾਅਦ ਨਵੀਂ ਲੀਡਰਸ਼ਿਪ ਨੂੰ ਪੁਰਾਣੀਆਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਨਾਲ ਜੂਝਣਾ ਪਵੇਗਾ ਅਤੇ ਕਈ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਕੁਝ ਮੁੱਖ ਚੁਣੌਤੀਆਂ ਹਨ:

ਆਮ ਸੁਰੱਖਿਆ ਨਾਲ ਸੰਬੰਧਿਤ ਮਸਲੇ, ਡਰੱਗ ਮਾਫ਼ੀਆ ਅਤੇ ਸੋਚੇ ਸਮਝੇ ਢੰਗ ਨਾਲ ਹੁੰਦੇ ਜੁਰਮ, ਖਾਸ ਸਮੁਦਾਇ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਉੱਪਰ ਹੁੰਦੇ ਕਤਲੇਆਮ ਦੇ ਕੇਸ, ਔਰਤਾਂ ਵਿਰੁੱਧ ਘਰੇਲੂ ਹਿੰਸਾ, ਆਰਥਿਕਤਾ ਨਾਲ ਸੰਬੰਧਿਤ ਮਸਲੇ ਖਾਸ ਤੌਰ 'ਤੇ ਵਿੱਤੀ ਸੰਕਟ, ਗੁਆਂਢੀ ਦੇਸ਼ਾਂ ਨਾਲ ਦੁਵੱਲੇ ਵਪਾਰਕ ਸੰਬੰਧ, ਊਰਜਾ ਸਰੋਤ ਅਤੇ ਵਾਤਾਵਰਣ ਤਬਦੀਲੀ ਨਾਲ ਸੰਬੰਧਿਤ ਮੁਸ਼ਕਲਾਂ ਅਤੇ ਨਾਜਾਇਜ਼ ਢੰਗ ਤਰੀਕਿਆਂ ਨਾਲ ਹੁੰਦੀ ਮਾਈਗਰੇਸ਼ਨ ਆਦਿ।

ਸਭ ਤੋਂ ਵੱਡੀ ਮੁਸ਼ਕਿਲ ਸੀ ਮੈਕਸੀਕੋ ਦੇ ਜੰਗਲਾਂ ਵੱਲੋਂ ਹੋ ਕੇ ਜਾਂ ਦਰਿਆ ਆਦਿ ਪਾਰ ਕਰ ਕੇ ਲਾਤੀਨੀ ਅਤੇ ਦੱਖਣੀ ਅਮਰੀਕਾ ਦੇ ਪ੍ਰਵਾਸੀਆਂ ਦਾ ਅਮਰੀਕਾ ਦੀ ਧਰਤੀ 'ਤੇ ਪਹੁੰਚਣਾ। ਮੈਕਸੀਕੋ ਦੇ ਗਰੀਬ ਲੋਕ ਵੀ ਮਜ਼ਦੂਰੀ ਅਤੇ ਹੋਰ ਨਿੱਕੇ ਮੋਟੇ ਕੰਮ ਦੀ ਭਾਲ ਖ਼ਾਤਰ ਅਮਰੀਕਾ ਵਿਚ ਦਾਖ਼ਲ ਹੋਣ ਦਾ ਯਤਨ ਕਰਦੇ ਹਨ ਅਤੇ ਉੱਥੇ ਲੁਕ ਛਿਪ ਕੇ ਰਹਿੰਦੇ ਹਨ। ਭਾਵੇਂ ਅਮਰੀਕਾ ਦੀ ਸਰਕਾਰ ਮੰਨੇ ਚਾਹੇ ਨਾ, ਇਹ ਸੱਚਾਈ ਹੈ ਕਿ ਅਮਰੀਕਾ ਦੀ ਖੇਤੀਬਾੜੀ ਵਿਚ 40% ਤੋਂ 50% ਮੈਕਸੀਕੋ ਹੀ ਕੰਮ ਕਰਦੇ ਹਨ ਜਿਹੜੇ ਨਾਜਾਇਜ਼ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਹਨ। ਦੂਜੀ ਵੱਡੀ ਸਮੱਸਿਆ ਡਰੱਗ ਮਾਫ਼ੀਆ ਤੇ ਗੈਂਗਸਟਰਾਂ ਦੀ ਹੈ। ਉਹ ਡਰੱਗ ਦੇ ਨਾਜਾਇਜ਼ ਧੰਦੇ ਦੇ ਨਾਲ ਨਾਲ ਗੈਂਗ ਹਿੰਸਾ ਵੀ ਕਰਦੇ ਹਨ ਅਤੇ ਵੱਡੀ ਪੱਧਰ ਦੀਆਂ ਲੁੱਟਾਂ ਖੋਹਾਂ ਨੂੰ ਅੰਜ਼ਾਮ ਦਿੰਦੇ ਹਨ। ਇਹ ਇਸ ਵੇਲੇ ਵੱਡੀਆਂ ਚੁਣੌਤੀਆਂ ਹਨ ਜਿਨ੍ਹਾਂ ਦਾ ਤੁਰੰਤ ਹੱਲ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ ਅਮਰੀਕਾ ਅਤੇ ਮੈਕਸੀਕੋ ਵਿਚਾਲੇ ਵਪਾਰ ਦਾ ਰੌਲਾ ਵੀ ਹੈ। ਉਦਾਹਰਣ ਵਜੋਂ ਮੈਕਸੀਕੋ ਦੀ ਮੱਕੀ ਜੈਵਿਕ ਨਹੀਂ ਹੈ। ਪਰ ਅਮਰੀਕਾ ਵਿਚ ਮੱਕੀ ਦੀਆਂ ਛੱਲੀਆਂ ਦੀ ਮੰਗ ਵਧੇਰੇ ਹੈ। ਇਵੇਂ ਹੀ ਕੋਲੋਰਾਡੋ ਅਤੇ ਰੀਓ ਗਰਾਂਡੇ ਦੇ ਦਰਿਆਵਾਂ ਦੇ ਪਾਣੀ ਬਾਰੇ 1944 ਵਿਚ ਹੋਈ ਸੰਧੀ ਬਾਰੇ ਵੀ ਰੇੜਕਾ ਚੱਲ ਰਿਹਾ ਹੈ। ਵਾਤਾਵਰਨ ਵਿਚ ਹੋਈਆਂ ਤਬਦੀਲੀਆਂ ਕਾਰਨ ਮੈਕਸੀਕੋ 80 ਸਾਲ ਪਹਿਲਾਂ ਹੋਏ ਸਮਝੌਤੇ ਮੁਤਾਬਕ ਅਮਰੀਕਾ ਨੂੰ ਪਾਣੀ ਦੇਣ ਤੋਂ ਇਨਕਾਰੀ ਹੈ।

ਜਿੱਤ ਦੇ ਐਲਾਨ ਤੋਂ ਤੁਰੰਤ ਬਾਅਦ ਸ਼ੀਨਬੌਮ ਨੇ ਆਪਣੇ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਦੁਹਰਾਇਆ ਕਿ ਉਹ ਮੈਕਸੀਕੋ ਦੇ 200 ਸਾਲਾਂ ਦੀ ਜ਼ਮਹੂਰੀਅਤ ਦੇ ਕਾਲ ਦੌਰਾਨ ਪਹਿਲੀ ਔਰਤ ਪ੍ਰੈਜ਼ੀਡੈਂਟ ਬਣਨ ਜਾ ਰਹੀ ਹੈ ਜਿਸ ਦੇ ਪਿੱਛੇ ਉਸ ਦੀਆਂ ਸਾਰੀਆਂ ਸਹੇਲੀਆਂ, ਨਾਨੀਆਂ, ਦਾਦੀਆਂ, ਮਾਵਾਂ, ਭੈਣਾਂ, ਧੀਆਂ, ਦੋਹਤੀਆਂ ਤੇ ਪੋਤੀਆਂ ਦੀ ਨਿਰੰਤਰ ਅਤੇ ਸਖ਼ਤ ਘਾਲਣਾ ਹੈ, ਜਿਹੜੀਆਂ 200 ਸਾਲ ਤੋਂ ਮਰਦ ਪ੍ਰਧਾਨ ਸਮਾਜਿਕ ਵਰਤਾਰੇ ਤਹਿਤ ਅਧੀਨਗੀ ਵਾਲੀ ਜ਼ਿੰਦਗੀ ਬਤੀਤ ਕਰ ਰਹੀਆਂ ਸਨ। ਹੁਣ ਇਸ ਵਰਤਾਰੇ ਵਿਚ ਸੋਧ ਕੀਤੀ ਜਾਵੇਗੀ। ਮਰਦ-ਔਰਤ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨ ਦੇ ਯਤਨ ਕੀਤੇ ਜਾਣਗੇ। ਮਰਦਾਂ ਦੇ ਭਰਪੂਰ ਸਾਥ ਨਾਲ ਔਰਤਾਂ ਦੇ ਜੀਵਨ ਪੱਧਰ ਵਿਚ ਸੁਧਾਰ ਕਰਨ ਦੇ ਯਤਨ ਕੀਤੇ ਜਾਣਗੇ। ਸ਼ੀਨਬੌਮ ਨੇ ਭਰੋਸਾ ਦਿਵਾਇਆ ਹੈ ਕਿ ਆਰਥਿਕ- ਸਮਾਜਿਕ ਸੁਧਾਰਾਂ, ਨੀਤੀਆਂ ਤੇ ਪ੍ਰੋਗਰਾਮਾਂ ਨੂੰ ਔਰਤਾਂ ਦੇ ਦ੍ਰਿਸ਼ਟੀਕੋਣ ਤੋਂ ਵੀ ਵਿਚਾਰਿਆ ਤੇ ਲਾਗੂ ਕੀਤਾ ਜਾਵੇਗਾ। ਹਰੇਕ ਨੀਤੀ ਅਤੇ ਪ੍ਰੋਗਰਾਮ ਜੈਂਡਰ ਸੰਵੇਦਨਸ਼ੀਲ ਹੋਵੇਗਾ।

ਸੋ ਹੁਣ ਆਸ ਕੀਤੀ ਜਾਂਦੀ ਹੈ ਕਿ ਸ਼ੀਨਬੋਮ ਦੇ ਕਾਰਜ ਕਾਲ ਦੌਰਾਨ ਹੋਰ ਸਮੱਸਿਆਵਾਂ ਤੋਂ ਇਲਾਵਾ ਬੇਤਹਾਸ਼ਾ ਤੇ ਬੇਰੋਕ ਟੋਕ ਹੋ ਰਹੀਆਂ ਹਿੰਸਕ ਘਟਨਾਵਾਂ ਉੱਪਰ ਕਾਬੂ ਪਾਇਆ ਜਾਵੇ। ਇਸ ਵਿਚ ਔਰਤਾਂ ਉੱਪਰ ਹੋ ਰਹੀਆਂ ਘਰੇਲੂ ਹਿੰਸਕ ਵਾਰਦਾਤਾਂ ਉੱਪਰ ਵਿਸ਼ੇਸ਼ ਤਵੱਜੋ ਦੇਣੀ ਬਣਦੀ ਹੈ। ਨਾਜਾਇਜ਼ ਢੰਗਾਂ ਨਾਲ ਹੋ ਰਹੀ ਮਾਈਗਰੇਸ਼ਨ ਨੂੰ ਨਿਯਮਬੱਧ ਕਰਨ ਵਾਸਤੇ ਯੋਗ ਮਾਈਗਰੇਸ਼ਨ ਪਾਲਸੀ ਉਲੀਕੀ ਜਾਵੇ ਤਾਂ ਕਿ ਮਜਬੂਰੀ ਵਿਚ ਹੁੰਦੀ ਮਾਈਗਰੇਸ਼ਨ ਤਹਿਤ ਨੌਜਵਾਨਾਂ ਦੀਆਂ ਅਜਾਈਂ ਜਾਂਦੀਆਂ ਜਾਨਾਂ ਬਚਾਈਆਂ ਜਾ ਸਕਣ। ਔਰਤਾਂ ਦੇ ਅਧਿਕਾਰਾਂ ਦੀ ਸਪਸ਼ਟ ਸੂਚੀ ਹੋਵੇ। ਭਾਵੇਂ 70 ਸਾਲ ਪਹਿਲਾਂ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਗਿਆ ਸੀ ਪਰ ਅਜੇ ਵੀ ਇਸ ਅਧਿਕਾਰ ਦੀ ਵਰਤੋਂ ਮਰਦਾਂ ਦੀ ਦੇਖ-ਰੇਖ ਹੇਠ ਹੀ ਹੁੰਦੀ ਆ ਰਹੀ ਹੈ। ਇਸ ਬਾਰੇ ਔਰਤਾਂ ਨੂੰ ਜਾਗਰੂਕ ਅਤੇ ਸੁਚੇਤ ਕਰਨ ਦੀ ਲੋੜ ਹੈ। ਉਸਨੇ ਆਪ ਵੀ ਕਿਹਾ ਕਿ ਆਉਂਦੇ ਅਕਤੂਬਰ ਤੱਕ ਆਫ਼ਿਸ ਗ੍ਰਹਿਣ ਕਰਨ ਉਪਰੰਤ ਉਹ ਮੁੱਖ ਰੂਪ ਵਿਚ ਸਮਾਜਿਕ ਮੁੱਦਿਆਂ ਉੱਪਰ ਆਪਣਾ ਧਿਆਨ ਕੇਂਦਰਿਤ ਕਰੇਗੀ। ਜਿਸ ਵਿਚ ਬੇਮੁਹਾਰੀਆਂ ਹਿੰਸਕ ਵਾਰਦਾਤਾਂ, ਖਾਸ ਕਰਕੇ ਔਰਤਾਂ ਉੱਪਰ ਹੁੰਦੀ ਘਰੇਲੂ ਹਿੰਸਾ ਨੂੰ ਠੱਲ੍ਹ ਪਾਉਣਾ ਅਤੇ ਆਮ ਨਾਗਰਿਕ ਨੂੰ ਸੁਰੱਖਿਆ ਪ੍ਰਦਾਨ ਕਰਨੀ ਵਿਸ਼ੇਸ਼ ਕਾਰਜ ਹੋਣਗੇ। ਨਾਲ ਹੀ ਅਮਰੀਕਾ ਅਤੇ ਮੈਕਸੀਕੋ ਵਿਚਾਲੇ ਵਪਾਰਕ ਸੰਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਕੀਤੇ ਜਾਣਗੇ। ਸ਼ੀਨਬੌਮ ਦੇ ਸੱਤਾ ਵਿਚ ਆਉਣ ਨੇ ਔਰਤਾਂ ਨੂੰ ਇੱਕ ਵੱਡਾ ਸੁਨੇਹਾ ਦਿੱਤਾ ਹੈ ਕਿ ਜ਼ਿੰਦਗੀ ਵਿਚ ਭਾਵੇਂ ਕਿਸੇ ਵੀ ਪ੍ਰਕਾਰ ਦੀਆਂ ਔਕੜਾਂ, ਮੁਸ਼ਕਲਾਂ ਅਤੇ ਅੜਚਨਾਂ ਹੋਣ, ਜੇਕਰ ਉਨ੍ਹਾਂ ਦਾ ਦ੍ਰਿੜਤਾ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਤੁਸੀਂ ਕੋਈ ਵੀ ਮੁਕਾਮ ਹਾਸਲ ਕਰ ਸਕਦੇ ਹੋ। ਪਹਿਲਾਂ ਸ਼ੀਨਬੌਮ ਦੀ ਨਾਮਜ਼ਦਗੀ ਅਤੇ ਬਾਅਦ ਵਿਚ ਉਸ ਦੀ ਜਿੱਤ ਉਪਰੰਤ ਦੂਜੀਆਂ ਪਾਰਟੀਆਂ ਅਤੇ ਵਿਰੋਧੀਆਂ ਵਲੋਂ ਉਸ ਦੀ ਵਿਚਾਰਧਾਰਾ ਅਤੇ ਕਾਬਲੀਅਤ ਬਾਰੇ ਅਨੇਕਾਂ ਹੀ ਸ਼ੰਕੇ ਅਤੇ ਸੁਆਲ ਖੜ੍ਹੇ ਕੀਤੇ ਜਾ ਰਹੇ ਸਨ, ਜਿਸ ਦਾ ਉਸ ਨੇ ਡਟ ਕੇ ਸਾਹਮਣਾ ਕੀਤਾ। ਇਵੇਂ ਤੁਸੀਂ 200 ਸਾਲ ਪੁਰਾਣੀਆਂ ਪਿਰਤਾਂ ਨੂੰ ਵੀ ਮੋੜਾ ਦੇ ਕੇ ਇਤਿਹਾਸ ਸਿਰਜ ਸਕਦੇ ਹੋ। ਪਰ ਉਦੇਸ਼ ਦੀ ਪ੍ਰਾਪਤੀ ਸਾਰਿਆਂ ਦੇ ਮਿਲਵਰਤਨ ਨਾਲ ਹੀ ਕੀਤੀ ਜਾ ਸਕਦੀ ਹੈ। ਇਸ ਵਾਸਤੇ ਆਪ ਅਤੇ ਆਪਣੇ ਆਲੇ-ਦੁਆਲੇ ਨੂੰ ਸਿੱਖਿਅਤ, ਸਿਹਤਮੰਦ ਅਤੇ ਮਾਨਸਿਕ ਤੌਰ 'ਤੇ ਸੁਰੱਖਿਅਤ ਬਣਾਉਣਾ ਲਾਜ਼ਮੀ ਹੈ।

ਸ਼ੀਨਬੌਮ ਤੋਂ ਔਰਤ ਸਮੂਹ ਨੂੰ ਬਹੁਤ ਆਸਾਂ ਉਮੀਦਾਂ ਹਨ ਕਿ ਉਹ ਮੈਕਸੀਕੋ ਦੇ ਮਰਦ ਪ੍ਰਧਾਨ ਸਮਾਜ ਦੀਆਂ ਪੁਰਾਣੀਆਂ, ਬੇਤੁਕੀਆਂ, ਬੇਲੋੜੀਆਂ ਅਤੇ ਨਕਾਰਾਤਮਕ ਰਵਾਇਤਾਂ ਨੂੰ ਤੋੜਦੇ ਹੋਏ ਸਮਾਜ ਅਤੇ ਦੇਸ਼ ਨੂੰ ਵਿਕਾਸ ਦੇ ਰਾਹ 'ਤੇ ਪਾਵੇਗੀ।

— — — — — — — — — —

## 'ਖਾੜਕੂ ਲਹਿਰਾਂ ਦੇ ਅੰਗ-ਸੰਗ'

*(ਸਫਾ 16 ਦੀ ਬਾਕੀ)*

ਸਮਾਂ ਲੰਘਦਾ ਗਿਆ। ਹੁਣ ਕਿਸਾਨ ਮੋਰਚਾ ਲੱਗ ਗਿਆ। ਦੀਪ ਸਿੱਧੂ ਆਪਣੇ ਫਿਲਮੀ ਪ੍ਰਭਾਵ ਆਸਰੇ ਮਸ਼ਹੂਰ ਹੋ ਗਿਆ ਸੀ। ਉਹ ਇਸੇ ਮਸ਼ਹੂਰੀ ਅਤੇ ਮਕਬੂਲੀਅਤ ਦੇ ਜ਼ੋਰ 'ਤੇ ਆਪਣੇ-ਆਪ ਨੂੰ ਕਿਸਾਨ ਸੰਘਰਸ਼ ਦੇ ਐਨ ਕੇਂਦਰ ਵਿਚ ਫਿੱਟ ਹੋਇਆ ਦੇਖਣ ਦਾ ਚਾਹਵਾਨ ਸੀ। ਇਸਦੇ ਨਾਲ ਹੀ ਉਹ ਕਿਸਾਨ ਸੰਘਰਸ਼ ਦੇ ਏਜੰਡੇ ਵਿਚ ਆਪਣਾ 'ਨਸਲਾਂ ਅਤੇ ਫਸਲਾਂ' ਬਚਾਉਣ ਵਾਲਾ ਖਿਆਲੀ ਏਜੰਡਾ ਜੋੜਨਾ ਚਾਹੁੰਦਾ ਸੀ। ਕਿਸਾਨਾਂ ਦਾ ਸਪੱਸ਼ਟ ਏਜੰਡਾ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਦਾ ਸੀ ਅਤੇ ਉਨ੍ਹਾਂ ਨੇ ਘਚੋਲਾ ਵਧਣ ਦੇ ਡਰੋਂ ਇਸ ਵਿਚ ਕੋਈ ਹੋਰ ਏਜੰਡਾ ਜੋੜਨ ਤੋਂ ਇਨਕਾਰ ਕਰ ਦਿੱਤਾ। ਦੀਪ ਸਿੱਧੂ ਹੁਰਾਂ ਕਿਸਾਨ ਲੀਡਰਸ਼ਿਪ 'ਤੇ ਚਾਂਦਮਾਰੀ ਕਰਨ ਦੀ ਲਹਿਰ ਛੇੜ ਲਈ ਅਤੇ ਅਜਮੇਰ ਸਿੰਘ ਹੁਰੀਂ ਦੀਪ ਸਿੱਧੂ ਦੇ ਅੰਗ-ਸੰਗ ਹੋ ਤੁਰੇ। 'ਵਾਰਿਸ ਸ਼ਾਹ ਜਵਾਨੀ ਦੀ ਉਮਰ ਗੁਜ਼ਰੀ, ਤਬ੍ਹਾ ਅਜੇ ਨਾ ਹਿਰਸ ਥੀਂ ਬਾਜ ਆਈ।' ਕਿਸਾਨ ਜਥੇਬੰਦੀਆਂ ਵਿਚ ਕਈ ਕਮਿਊਨਿਸਟ ਪਿਛੋਕੜ ਦੇ ਆਗੂ ਵੀ ਸਨ। ਅਜਮੇਰ ਸਿੰਘ ਨੇ ਉਨ੍ਹਾਂ ਦੇ ਕਮਿਊਨਿਸਟ ਪਿਛੋਕੜ ਨੂੰ ਨਿਸ਼ਾਨਾ ਬਣਾ ਕੇ ਕਿਸਾਨ ਮੋਰਚੇ 'ਤੇ ਚੰਗੀ ਗੋਲਾਬਾਰੀ ਕੀਤੀ। ਦੀਪ ਸਿੱਧੂ ਹੁਰਾਂ ਵੱਲੋਂ ਮੋਰਚੇ ਤੋੜ ਕੇ ਦਿੱਲੀ ਜਾਣ ਦੀ ਮਾਅਰਕੇਬਾਜ਼ੀ ਦੇ ਆਧਾਰ 'ਤੇ ਮੋਰਚੇ ਵਿਚ ਕੇਂਦਰੀ ਰੋਲ ਹਾਸਿਲ ਕਰਨ ਅਤੇ ਕਿਸਾਨ ਮੋਰਚੇ ਦੇ ਬਿਰਤਾਂਤ ਨੂੰ ਬਦਲਣ ਦੇ ਦਾਅਵੇ ਪੇਸ਼ ਕੀਤੇ ਗਏ। ਕਿਸਾਨ ਆਗੂਆਂ ਨੂੰ ਸੁਣਾਉਣੀ ਕੀਤੀ ਗਈ ਕਿ ਹੁਣ ਤਾਂ ਜੋ ਸੰਗਤ ਚਾਹੂ ਉਹ ਹੀ ਹੋਊ ਅਤੇ ਸੰਗਤ ਕੀ ਚਾਹੁੰਦੀ ਹੈ ਜੋ 'ਅਸੀਂ' ਚਾਹੁੰਦੇ ਹਾਂ। ਅਜਮੇਰ ਸਿੰਘ ਹੁਰੀਂ 'ਅਸੀਂ' ਵਾਲੇ ਜਥੇ ਦੇ ਅੰਗ-ਸੰਗ ਸਨ। ਆਪਣੇ ਲੰਮੇ ਤਜਰਬੇ ਦੇ ਆਧਾਰ 'ਤੇ ਅਜਮੇਰ ਸਿੰਘ ਜੀ ਤੋਂ ਆਸ ਸੀ ਕਿ ਉਹ ਦੀਪ ਸਿੱਧੂ ਵਰਗੇ ਨੌਜੁਆਨਾਂ ਨੂੰ ਮੋਰਚੇ ਵਿਚ ਖਲਲ ਪਾਉਣ ਵਾਲੀ ਮਾਅਰਕੇਬਾਜ਼ੀ ਤੋਂ ਵਰਜਦੇ ਅਤੇ ਕਿਸਾਨ ਜਥੇਬੰਦੀਆਂ ਦੇ ਵਾਹੇ ਦਾਇਰੇ ਅੰਦਰ ਰਹਿਣ ਦਾ ਸੁਝਾਅ ਦਿੰਦੇ। ਪਰ ਉਹ ਖਲਲ ਅਤੇ ਖੌਰੂਪਾਉਣ ਵਾਲੇ ਜਥੇ ਦੇ ਉਤਨਾ ਚਿਰ ਅੰਗ ਸੰਗ ਰਹੇ ਜਿੰਨਾ ਚਿਰ ਇਹ ਜਥੇ ਕਿਸਾਨ ਮੋਰਚੇ ਵਿਚੋਂ ਨਿਖੇੜ ਕੇ ਪਾਸੇ ਨਾ ਕਰ ਦਿੱਤੇ ਗਏ। ਸਿਸਟਮ ਉਲਟਾਉਣ ਲਈ ਤੁਰੇ ਅਜਮੇਰ ਸਿੰਘ ਕਿਸਾਨ ਮੋਰਚਾ ਉਲਟਾਉਣ ਵਾਲਿਆਂ ਨੂੰ ਪੰਪ ਦੇਣ ਵਾਲੇ ਸਾਬਿਤ ਹੋਏ। 'ਆਈ ਤੇ ਆਏ ਤਾਂ ਸਫਾਂ ਗਾਲੇ, ਚੁੱਪ ਕਰ ਰਹੇ ਤਾਂ ਜਾਪੀਐ ਔਲੀਆ ਜੀ।' ਅਜਮੇਰ ਸਿੰਘ ਹੁਰਾਂ ਜ਼ੋਰ ਤਾਂ ਬਹੁਤ ਲਾਇਆ ਪਰ ਕਿਸਾਨ ਮੋਰਚੇ ਦੀਆਂ ਸਫਾਂ ਨੂੰ ਕੋਈ ਫਰਕ ਨਾ ਪਿਆ।

ਜਿਸ ਸਿਸਟਮ ਨੂੰ ਨੇਸਤੋ-ਨਾਬੂਦ ਕਰਨ ਲਈ ਸ. ਅਜਮੇਰ ਸਿੰਘ ਤੁਰੇ ਸਨ ਉਸਦੇ ਨੁਕਸਾਂ ਅਤੇ ਖੂਬੀਆਂ ਬਾਰੇ ਬੜਾ ਕੁੱਝ ਕਿਹਾ ਗਿਆ ਹੈ ਅਤੇ ਕਿਹਾ ਜਾ ਰਿਹਾ ਹੈ। ਉਸੇ ਸਿਸਟਮ ਵਿਚ ਭਾਈ ਸਰਬਜੀਤ ਸਿੰਘ ਦਾ ਮੈਂਬਰ ਪਾਰਲੀਮੈਂਟ ਬਣ ਜਾਣ ਦਾ ਵਰਤਾਰਾ ਵੀ ਕਿਸੇ ਵਿਆਖਿਆ ਦੀ ਮੰਗ ਕਰਦਾ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਉਸਦੇ ਪਰਿਵਾਰ ਵਿਚੋਂ ਤਿੰਨ ਮੈਂਬਰ ਐਮ ਪੀ ਬਣ ਕੇ ਸੰਸਦ ਵਿਚ ਗਏ ਅਤੇ ਪ੍ਰਧਾਨ ਮੰਤਰੀ ਨੂੰ ਕਤਲ ਕਰਨ ਵਾਲੇ ਸ. ਬੇਅੰਤ ਸਿੰਘ ਦੇ ਪਰਿਵਾਰ ਵਿਚੋਂ ਵੀ ਤਿੰਨ ਮੈਂਬਰ ਉਸੇ ਪਾਰਲੀਮੈਂਟ ਵਿਚ ਐਮ ਪੀ ਬਣ ਕੇ ਪਹੁੰਚੇ। ਕੀ ਇਸ ਸਿਸਟਮ ਨੂੰ ਉਲਟਾ ਕੇ ਸਿਰਜੇ ਨਵੇਂ ਸਿਸਟਮ ਵਿਚ ਐਸਾ ਹੋ ਸਕਦਾ ਸੀ?-ਜਾਂ ਕੀ ਕਾਮਰੇਡ ਸਟਾਲਿਨ ਤੇ ਆਇਤੁਲਾ ਖਮੀਨੀ ਪੁਰਾਣੇ ਨਿਜ਼ਾਮਾਂ ਨੂੰ ਢਾਹ ਕੇ ਆਪਣੇ ਨਵੇਂ ਉਸਾਰੇ 'ਆਜ਼ਾਦ' ਸਮਾਜਾਂ ਵਿਚ ਅਜਮੇਰ ਸਿੰਘ ਵਰਗੇ ਮਨਚਲੇ ਬਾਗੀਆਂ ਨੂੰ ਸਾਰੀ ਉਮਰ ਭਾਂਤ-ਸੁਭਾਂਤੇ ਕੌਤਕ ਕਰਦੇ ਰਹਿਣ ਤੋਂ ਬਾਅਦ ਕਿਸੇ ਝੀਲਾਂ ਵਾਲੇ ਸ਼ਹਿਰ ਅੰਦਰ ਬੈਠ ਕੇ ਬਿਨਾ ਕਿਸੇ ਡਰ-ਡੁਕਰ ਦੇ ਨੌਜਵਾਨਾਂ ਨੂੰ ਅੱਗ ਲਾਊ ਤੇ ਭੜਕਾਊ ਪ੍ਰਵਚਨ ਸੁਣਾਉਂਦੇ ਰਹਿਣ ਦੀ ਆਗਿਆ ਦੇ ਸਕਦੇ ਸਨ। ਅਜਮੇਰ ਸਿੰਘ ਨੇ ਕਮਿਊਨਿਸਟ ਵਿਚਾਰਧਾਰਾ ਨਾਲੋਂ ਨਾਤਾ ਤੋੜ ਕੇ 2002 ਵਿਚ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦਾ ਲੇਖਾ-ਜੋਖਾ ਪੇਸ਼ ਕਰਦਿਆਂ ਇਸ ਵੱਡ-ਆਕਾਰੀ ਪੁਸਤਕ ਦੀ ਰਚਨਾ ਕੀਤੀ ਅਤੇ ਦੱਸਿਆ ਕਿ ਸਿੱਖ ਨੇਤਾਵਾਂ ਨੇ ਤਾਂ ਵਿਸਰਭੋਲੇ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਨਿਕਲ ਕੇ ਉਨ੍ਹਾਂ ਤੋਂ ਵੀ ਬੁਰੇ ਸਵਰਨ ਹਿੰਦੂਆਂ ਦੀ ਗੁਲਾਮੀ ਦਾ ਜੂਲਾ ਆਪਣੇ ਗਲੇ ਪੁਆਇਆ ਹੋਇਆ ਹੈ। ਇਸ ਤੋਂ ਬਾਅਦ ਅਗਲੇ 20-22 ਵਰ੍ਹੇ ਉਨ੍ਹਾਂ ਨੇ ਬਿਨਾ ਸਾਹ ਲਿਆਂ ਭਾਰਤ ਵਿਚ ਸਿੱਖਾਂ ਦੀ ਗੁਲਾਮੀ ਦੀ ਰੱਟ ਲਗਾਈ ਰੱਖੀ! ਇਸ ਕਿਸਮ ਦੀਆਂ ਲਹਿਰਾਂ ਤੋਂ ਬਾਅਦ ਉੱਠਣ ਵਾਲੇ ਕਈ ਵਰੋਲਿਆਂ ਦੇ ਅੰਗ-ਸੰਗ ਰਹਿਣ ਮਗਰੋਂ ਸ. ਅਜਮੇਰ ਸਿੰਘ ਹੋਰਾਂ ਵਲੋਂ ਕੁਝ ਦਿਨ ਪਹਿਲਾਂ ਸਿੱਖ ਕਮਿਊਨਟੀ ਸੈਂਟਰ ਯੂਬਾ ਸਿਟੀ ਵਿਖੇ 'ਪੰਜਾਬੀ ਵਿਰਾਸਤ ਯੂ ਐਸ ਏ' ਦੇ ਪਲੇਟਫਾਰਮ 'ਤੇ ਸਿੱਖ ਸੰਗਤਾਂ ਅਤੇ ਬੁਧੀਜੀਵੀਆਂ ਦੇ ਸਿੱਧੇ ਸਵਾਲਾਂ ਦੇ ਜਵਾਬਾਂ ਤੋਂ ਲਗਦਾ ਹੈ ਕਿ ਭਾਰਤੀ ਹਿੰਦੂ ਸਟੇਟ ਦੇ ਵਿਰੁਧ ਉਨ੍ਹਾਂ ਦੀ ਕਰੋਧੀ ਸੁਰ ਪਹਿਲਾਂ ਤੋਂ ਵੀ ਵੱਧ ਤਿਖੀ ਹੋ ਗਈ ਹੈ, ਪਰ ਅਜ-ਕਲ੍ਹ ਉਹ ਪੰਜਾਬ ਅਤੇ ਪੰਥ ਵਿਚ ਪਰਗਟ ਰੂਪ ਵਿਚ ਕਿਸੇ ਲਹਿਰ ਦੇ ਅੰਗ-ਸੰਗ ਨਹੀਂ ਜਾਪਦੇ। ਸਭ ਲਹਿਰਾਂ ਦੇ ਅੰਗ-ਸੰਗ ਰਹਿਣ ਤੋਂ ਬਾਅਦ ਹੁਣ ਉਹ ਦੇਸ਼-ਵਿਦੇਸ਼ ਵਿਚ ਪ੍ਰਵਚਨ ਕਰ ਰਹੇ ਹਨ ਕਿ ਕੌਮ ਨੂੰ ਰੂਹਾਨੀ ਤੌਰ 'ਤੇ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ। ਜਿੰਨਾ ਚਿਰ ਅਸੀਂ ਰੂਹਾਨੀ ਤੌਰ 'ਤੇ ਮਜ਼ਬੂਤ ਨਹੀਂ ਹੁੰਦੇ ਅਸੀਂ ਠੋਸ ਪ੍ਰਾਪਤੀ ਨਹੀਂ ਕਰ ਸਕਾਂਗੇ। ਰੂਹਾਨੀ ਮਜ਼ਬੂਤੀ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣਾ ਪਏਗਾ। ਬ੍ਰਹਮ ਅਸਤਰ ਵਰਗੇ ਇਸ ਪ੍ਰਵਚਨ ਤੋਂ ਬਾਅਦ ਨਾ ਤਾਂ ਕੋਈ ਖਾਲਿਸਤਾਨ ਬਾਰੇ ਕੁੱਝ ਪੁੱਛਦਾ ਹੈ ਤੇ ਨਾ ਹੀ ਰੈਫਰੈਂਡਮ ਦੇ ਰੌਲੇ ਬਾਰੇ। ਵੈਸੇ ਅਜਮੇਰ ਸਿੰਘ ਜੀ ਵਾਲਾ ਇਹ ਪ੍ਰਵਚਨ ਸੰਗਤਾਂ ਕਥਾਕਾਰਾਂ ਤੋਂ ਵੀ ਰੋਜ਼ ਸੁਣਦੀਆਂ ਹਨ।

ਐਸੇ ਪ੍ਰਵਚਨ ਕਰਨ ਵਾਲੇ ਗ੍ਰੰਥੀ ਉਸ ਸਮੇਂ ਵੀ ਮੌਜੂਦ ਸਨ ਜਦ ਅਜਮੇਰ ਸਿੰਘ ਜੀ ਇਨਕਲਾਬ ਕਰਨ ਵਾਲਿਆਂ ਦੇ ਅੰਗ-ਸੰਗ ਹੋ ਤੁਰੇ ਸਨ। ਪਰ ਅੱਲ੍ਹੜ ਮਨਾਂ ਦੇ ਅੱਥਰੇ ਘੋੜੇ ਐਸੀਆਂ 'ਘਿਸੀਆਂ ਪਿਟੀਆਂ' ਗੱਲਾਂ ਕਦ ਸੁਣਦੇ ਹਨ। ਉਨ੍ਹਾਂ ਦੇ ਮਨ ਨਵੇਂ ਵਿਚਾਰਾਂ ਨਾਲ ਇੱਕੋ ਕਲਾਵੇ ਧਰਤੀ ਅਸਮਾਨ ਮੇਲਣ ਵਾਲਿਆਂ ਦੀਆਂ ਗੱਲਾਂ ਨਾਲ ਮਚਲਦੇ ਹਨ। ਬਹੁਤੀ ਸੋਚ ਵਿਚਾਰ ਕਰਨ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਪਤਾ ਹੀ ਨਹੀਂ ਲਗਦਾ, 'ਜਿਸ ਨੇ ਲਾਈ ਗੱਲੀਂ , ਉਸੇ ਨਾਲ ਉਠ ਚੱਲੀ', ਵਾਲੀ ਕਲਾ ਕਦ ਵਾਪਰ ਗਈ। ਐਸਾ ਬਹੁਤ ਰੂਹਾਂ ਨਾਲ ਵਾਪਰਦਾ ਹੈ। ਐਸੀਆਂ ਅਨੇਕਾਂ ਰੂਹਾਂ ਵਿਚੋਂ ਹੀ ਇੱਕ ਹੈ ਸ. ਅਜਮੇਰ ਸਿੰਘ।

## ਪੰਜਾਬੀ ਭਾਸ਼ਾ

*(ਸਫਾ 17 ਦੀ ਬਾਕੀ)*

ਹੁਣ ਪੰਜਾਬ ਕਈ ਟੁਕੜਿਆਂ ਵਿਚ ਬਾਹਰਲੇ ਦੇਸ਼ਾਂ ਵਿਚ ਆ ਵਸਿਆ। ਪੰਜਾਬ ਗੁਲਾਬ ਦੀਆਂ ਕਲਮਾਂ ਵਿਦੇਸ਼ਾਂ ਵਿਚ ਲੱਗੀਆਂ, ਖਿੜੀਆਂ, ਮਹਿਕੀਆਂ। ਪੰਜਾਬੀ ਵੀ ਵਸਣ ਨਾਲ ਬੋਲੀ ਵੀ ਵਸੇ ਅਤੇ ਵਿਕਾਸ ਕਰੇ। ਇਸ ਵਾਸਤੇ ਹਕੀਕਤ ਵਿਚ ਕੰਮ ਕਰਨ ਦੀ ਜ਼ਰੂਰਤ ਹੈ। ਅਮਰੀਕਾ ਉਹੀ ਦੇਸ਼ ਹੈ ਜਿਸ ਨੂੰ ਵਾਲਟ ਵਿੱਟਮੈਨ ਕਹਿੰਦਾ ਹੈ, "Here is not merely a nation but a teeming nation of nations." ਇਹ ਪੰਜਾਬੀਆਂ ਦੇ ਨਿਸ਼ਚੇ ਅਤੇ ਭਵਿਖ-ਦ੍ਰਿਸ਼ਟੀ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ 'teeming nation of nations' ਵਿਚ ਆਪਣੀ ਸੰਪੂਰਣ ਸਥਾਪਤੀ ਲਈ ਕਿੰਨੇ ਕੁ ਸੁਹਿਰਦ ਯਤਨ ਕਰਦੇ ਨੇ। ਪੰਜਾਬੀ ਭਾਸ਼ਾ ਵਿਚ ਤਾਂ ਬੜੀ ਸਮਰੱਥਾ ਹੈ, ਪੰਜਾਬੀਆਂ ਵਿਚ ਕਿੰਨੀ ਕੁ ਹੈ, ਇਹ ਉਨ੍ਹਾਂ ਨੂੰ ਸਾਬਤ ਕਰਨਾ ਪਏਗਾ। ਰਸੂਲ ਹਮਜ਼ਾਤੋਵ ਦਾ ਕਥਨ ਹੈ, "ਕੌਮ ਦੀਆਂ ਬੋਲੀਆਂ ਆਕਾਸ਼ ਵਿਚਲੇ ਸਿਤਾਰਿਆਂ ਵਾਂਗ ਹਨ, ਮੈਂ ਨਹੀਂ ਚਾਹੁੰਦਾ ਕਿ ਸਾਰੇ ਸਿਤਾਰੇ ਕਿਸੇ ਵੱਡੇ ਸਾਰੇ ਸਿਤਾਰੇ ਵਿਚ ਮਿਲ ਕੇ ਇਕ ਹੋ ਜਾਣ ਜਿਸ ਨੇ ਅੱਧਾ ਆਕਾਸ਼ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ ਪਰ ਆਕਾਸ਼ ਵਿਚ ਸਿਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ ਰੱਖਣ ਦਿਓ।" ਪੰਜਾਬੀ ਕੌਮ ਨੂੰ ਆਪਣਾ ਸਿਤਾਰਾ ਰੱਖਣ ਲਈ ਰਸੂਲ ਹਮਜ਼ਾਤੋਵ ਵਰਗੇ ਜਜ਼ਬੇ ਦੀ ਲੋੜ ਹੈ ਤਾਂ ਹੀ ਪੰਜਾਬੀ ਭਾਸ਼ਾ ਦੀ ਮੁਹਿੰਮ ਜਿੱਤੀ ਜਾ ਸਕਦੀ ਹੈ।

# ਸੰਤ ਫਤਿਹ ਸਿੰਘ ਤੇ ਉਨ੍ਹਾਂ ਭਲੇ ਵੇਲਿਆਂ ਦੀ ਅਕਾਲੀ ਰਾਜਨੀਤੀ

ਗੱਲ ਇਹ 1959 ਦੇ ਅਖੀਰਲੇ ਮਹੀਨਿਆਂ ਦੀ ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1960 ਵਾਲੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੀਆਂ ਟਿਕਟਾਂ ਵੰਡਣ ਲਈ ਸਰਗਰਮੀਆਂ ਚੱਲ ਰਹੀਆਂ ਸਨ। ਇਨ੍ਹਾਂ ਸਰਗਰਮੀਆਂ ਦਾ ਕੇਂਦਰ ਉਸ ਵੇਲੇ ਦੇ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਦੀ ਰਿਹਾਇਸ਼ ਸੀ, ਜਿਸ ਦੀ ਕੰਧ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨਾਲ ਸਾਂਝੀ ਹੋਣ ਕਰਕੇ, ਸਾਰੇ ਆਗੂ ਕਾਲਜ ਦੀ ਗਰਾਊਂਡ ਵਿਚ ਹੀ ਖਲੋਤੇ ਹੋਏ ਏਧਰ-ਓਧਰ ਫਿਰਦੇ ਆਪਣੀ ਕਿਸਮਤ ਦੀ ਉਡੀਕ ਕਰ ਰਹੇ ਸਨ। ਬਿਆਸ ਤੋਂ ਸਿਟਿੰਗ ਮੈਂਬਰ ਸ. ਦਲੀਪ ਸਿੰਘ ਮਹਿਤਾ, ਆਪਣੀ ਇੱਕ ਲੰਡੀ ਲੱਤ ਨਾਲ ਤੁਰਦੇ ਹੋਏ ਵੱਧ

ਗਿਆਨੀ ਸੰਤੋਖ ਸਿੰਘ
ਆਸਟ੍ਰੇਲੀਆ

ਸਰਗਰਮ ਦਿਸਦੇ ਸਨ ਜੋ ਮਾਸਟਰ ਜੀ ਦੇ ਘਰ-ਕਾਲਜ ਦੀ ਸਾਂਝੀ ਕੰਧ ਵਿਚਲੇ ਛੋਟੇ ਜਿਹੇ ਬੂਹੇ ਥਾਣੀ, ਕਦੇ ਮਾਸਟਰ ਜੀ ਦੇ ਘਰੋਂ ਨਿਕਲਦੇ ਤੇ ਕਦੇ ਵੜਦੇ ਸਨ। ਕਾਰਨ ਇਹ ਕਿ ਇਸ ਵਾਰ ਉਹ ਆਪ ਚੋਣ ਨਹੀਂ ਸਨ ਲੜ ਰਹੇ ਤੇ ਖ਼ੁਦ ਨੂੰ 'ਕਿੰਗ ਮੇਕਰ' ਵਿਚ ਸ਼ਾਮਲ ਸਮਝ ਰਹੇ ਸਨ। ਇਸੇ ਸਮੇਂ ਮੇਰੀ ਨਿਗਾਹ ਜ. ਜੀਵਨ ਸਿੰਘ ਉਮਰਾਨੰਗਲ ਉਪਰ ਪਈ ਜੋ ਆਪਣੇ ਸਭ ਤੋਂ ਲੰਮੇ ਕੱਦ, ਕਾਲੇ-ਚਿੱਟੇ ਦਾਹੜੇ ਕਰਕੇ, ਸਭ ਤੋਂ ਵੱਧ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਰੂਪ ਵਿਚ ਜਲਵਾਗਰ ਹੋ ਰਹੇ ਸਨ। ਉਨ੍ਹਾਂ ਦੀ ਦਰਸ਼ਨੀ ਸ਼ਖ਼ਸੀਅਤ ਦਾ ਮੇਰੇ ਮਨ ਉਪਰ ਅਖੀਰ ਤੱਕ ਬੜਾ ਪ੍ਰਭਾਵ ਰਿਹਾ।

ਇਸ ਸਮੇਂ ਹੀ ਮੇਰੇ ਇੱਕ ਜਮਾਤੀ ਅਮਰ ਸਿੰਘ ਜੰਮੂ ਨੇ ਆਖਿਆ, "ਅਹੁ ਸੰਤ ਫ਼ਤਿਹ ਸਿੰਘ ਵਾ!" ਮੈਂ ਉਸ ਪਾਸੇ ਵੇਖਿਆ। ਕੱਦੋਂ ਕੁੱਝ ਮਧਰੇ ਪਰ ਗੋਲਾਈ ਵਿਚ ਵਧੇਰੇ ਕੱਦ ਵਾਲੇ ਇਕ ਵਿਅਕਤੀ ਉਪਰ ਮੇਰੀ ਨਿਗ੍ਹਾ ਪਈ, ਜਿਸ ਦੇ ਹੱਥ ਵਿਚ ਵੱਡੀ ਕਿਰਪਾਨ ਸੀ ਤੇ ਗਲ ਵਿਚ ਚਿੱਟਾ ਪਰਨਾ। ਤੇੜ ਗੋਡਿਆਂ ਤੱਕ ਕਛਹਿਰਾ ਅਤੇ ਚੇਹਰੇ ਦੇ ਮੁਤਾਬਿਕ ਹੀ ਸੁੰਦਰ ਦਾਹੜਾ।

ਗੱਲ ਆਈ ਗਈ ਹੋ ਗਈ। 1960 ਦੀਆਂ ਗੁਰਦੁਆਰਾ ਚੋਣਾਂ, ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਲਈਆਂ। ਨਹਿਰੂ ਦੇ ਥਾਪੜੇ ਤੇ ਸਰਦਾਰ ਕੈਰੋਂ ਦੀ ਤਾਕਤ ਨਾਲ, ਅਕਾਲੀ ਦਲ ਦੇ ਵਿਰੋਧੀ ਸਾਰੇ ਦਲਾਂ ਦਾ ਦਲੀਆ ਕਰ ਕੇ ਬਣਾਏ ਗਏ, ਸਾਧ ਸੰਗਤ ਬੋਰਡ ਦੇ ਹੱਥ ਕੇਵਲ ਤਿੰਨ ਕਾਣੇ ਹੀ ਆਏ; ਅਰਥਾਤ 140 ਵਿਚੋਂ ਸਾਧ ਸੰਗਤ ਬੋਰਡ ਦੇ ਸਿਰਫ ਤਿੰਨ ਉਮੀਦਵਾਰ ਹੀ ਜਿੱਤੇ।

ਇਹ ਚੋਣਾਂ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਮੁੱਦੇ 'ਤੇ ਲੜੀਆਂ ਤੇ ਜਿੱਤੀਆਂ ਸਨ; ਇਸ ਲਈ ਜਿੱਤ ਉਪ੍ਰੰਤ ਇਸ ਦੀ ਪ੍ਰਾਪਤੀ ਲਈ ਉਦਮ ਵੀ ਕਰਨਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਰਾਮਸਰ ਦੀ ਸਾਮ੍ਹਣੀ ਗਰਾਊਂਡ ਵਿਚ, ਪੰਡਿਤ ਸੁੰਦਰ ਦਾਸ ਦੀ ਪ੍ਰਧਾਨਗੀ ਹੇਠ, ਵੱਡੀ ਕਾਨਫਰੰਸ ਰੱਖੀ। ਇਸ ਵਿਚ ਡਾ.ਕਿਚਲੂ ਸਮੇਤ ਵਿਰੋਧੀ ਧਿਰ ਦੇ ਹੋਰ ਆਗੂ ਵੀ ਆਏ ਤੇ ਸਾਰਿਆਂ ਨੇ ਸਰਕਾਰ ਨੂੰ ਪੰਜਾਬੀ ਸੂਬੇ ਦੀ ਮੰਗ ਪੂਰੀ ਕਰਨ ਲਈ ਆਪਣੇ ਭਾਸ਼ਨਾਂ ਵਿਚ ਆਖਿਆ। ਉਸ ਕਾਨਫਰੰਸ ਵਿਚ ਪਹਿਲੀ ਤੇ ਅਖੀਰਲੀ ਵਾਰ ਮੈਂ ਸ. ਤਲਵੰਡੀ ਦੇ ਪਿਤਾ, ਜ. ਛਾਂਗਾ ਸਿੰਘ ਨੂੰ ਵੇਖਿਆ, ਜੋ ਕਾਨਫਰੰਸ ਸ਼ੁਰੂ ਹੋਣ ਤੋਂ ਪਹਿਲਾਂ ਹਸਾ-ਹਸਾ ਸਰੋਤਿਆਂ ਦੇ ਢਿੱਡੀਂ ਪੀੜਾਂ ਪਾ ਰਹੇ ਸਨ। ਕਾਨਫਰੰਸ ਵਿਚ ਫੈਸਲਾ ਹੋਇਆ ਕਿ ਮਾਸਟਰ ਜੀ ਦੀ ਅਗਵਾਈ ਹੇਠ ਦਿੱਲੀ ਨੂੰ ਜਥਾ ਭੇਜਿਆ ਜਾਵੇ। ਸਰਕਾਰ ਨੇ ਤੈਅ ਦਿਨ ਤੋਂ ਕੁੱਝ ਦਿਨ ਪਹਿਲਾਂ ਹੀ ਇੱਕ ਦਿਨ ਦੀ ਅੱਧੀ ਰਾਤ ਨੂੰ ਛਾਪਾ ਮਾਰ ਕੇ, ਸਾਰੇ ਅਕਾਲੀ ਆਗੂ ਜੇਲ੍ਹੀਂ ਤੁੰਨ ਦਿਤੇ। ਅੱਧੀ ਰਾਤ ਨੂੰ ਭਾਰੀ ਗਿਣਤੀ ਪੁਲਿਸ ਨੇ ਮਾਸਟਰ ਜੀ ਨੂੰ ਫੜ ਕੇ ਗੱਡੀ ਵਿਚ ਬਿਠਾ ਲਿਆ ਤੇ ਚੱਲਦੀ ਬਣੀ। ਅਸੀਂ ਜ਼ਿੰਦਾਬਾਦ ਮੁਰਦਾਬਾਦ ਹੀ ਕਰਦੇ ਰਹਿ ਗਏ। ਅਗਲੇ ਦਿਨ ਅਖ਼ਬਾਰ ਤੋਂ ਪਤਾ ਲੱਗਾ ਕਿ ਇਕੱਲਾ ਪੰਜਾਬ ਹੀ ਨਹੀਂ ਸਗੋਂ ਦਿੱਲੀ ਸਮੇਤ ਹੋਰ ਥਾਂਵਾਂ ਤੋਂ ਵੀ ਅਕਾਲੀ ਵਰਕਰਾਂ ਨੂੰ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿਤਾ ਗਿਆ ਤਾਂ ਕਿ ਉਹ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਕੋਈ ਰੌਲਾ-ਰੱਪਾ ਨਾ ਪਾਉਣ।

ਇਨ੍ਹਾਂ ਗ੍ਰਿਫ਼ਤਾਰੀਆਂ ਨਾਲ 1960 ਵਾਲਾ ਪੰਜਾਬੀ ਸੂਬੇ ਦਾ ਮੋਰਚਾ ਸ਼ੁਰੂ ਹੋ ਗਿਆ ਤੇ ਇਸ ਦੀ ਅਗਵਾਈ ਦੀ ਜ਼ਿੰਮੇਵਾਰੀ ਸੰਤ ਫ਼ਤਿਹ ਸਿੰਘ ਜੀ ਦੇ ਮੋਢਿਆਂ 'ਤੇ ਆ ਪਈ। ਮੈਂਵਰਤ ਛੱਡਣ ਕਾਰਨ ਮੋਰਚੇ ਦੀ ਮੁਲਤਵੀ ਉਪ੍ਰੰਤ ਸੰਤ ਦੀਆਂ, ਪਹਿਲਾਂ ਪੰਡਿਤ ਨਹਿਰੂ ਤੇ ਫਿਰ ਸ਼ਾਸਤਰੀ ਜੀ ਨਾਲ ਮੁਲਾਕਾਤਾਂ ਹੁੰਦੀਆਂ ਰਹੀਆਂ ਜਿਨ੍ਹਾਂ ਦਾ ਵਰਣਨ ਉਨ੍ਹਾਂ ਨੇ ਆਪਣੀ ਇਕ ਕਿਤਾਬ ਵਿਚ ਵਿਸਥਾਰ ਸਹਿਤ ਕੀਤਾ ਹੈ। ਇਨ੍ਹਾਂ ਮੁਲਾਕਾਤਾਂ ਦਾ ਨਤੀਜਾ, "ਪੰਚਾਂ ਦਾ ਕਿਹਾ ਸਿਰ ਮੱਥੇ ਪਰ ਪਰਨਾਲਾ ਓਥੇ ਦਾ ਓਥੇ।" ਇਨ੍ਹਾਂ ਮੁਲਾਕਾਤਾਂ ਤੋਂ ਸੰਤ ਜੀ ਦਾ ਵਿਚਾਰ ਬਣਿਆ ਕਿ ਜਿਥੇ ਪੰਡਿਤ ਨਹਿਰੂ ਜਜ਼ਬਾਤੀ ਤੇ ਬੜਬੋਲਾ ਸੀ ਓਥੇ ਸ਼ਾਸਤਰੀ ਮਿੱਠ-ਬੋਲੜਾ ਤੇ ਸਿਆਸੀ ਤੌਰ 'ਤੇ ਬੜਾ ਡੂੰਘਾ ਬੰਦਾ ਸੀ।

ਇਸ ਗੱਲਬਾਤ ਦੀ ਅਸਫ਼ਲਤਾ ਪਿੱਛੋਂ, ਕੀਤੇ ਇਕਰਾਰ ਮੁਤਾਬਿਕ ਮਾਸਟਰ ਜੀ ਨੇ ਵਰਤ ਰੱਖਿਆ ਜੋ ਭਰੋਸਿਆਂ ਤੋਂ ਵੱਧ ਕੁੱਝ ਨਾ ਪ੍ਰਾਪਤ ਕਰ ਸਕਿਆ ਤੇ ਵਰਤ ਛੱਡਣ ਕਾਰਨ ਮਾਸਟਰ ਜੀ ਦੀ ਸਾਖ ਸਿੱਖ ਪੰਥ ਵਿਚੋਂ ਡਿੱਗ ਪਈ। ਏਸੇ ਦੌਰਾਨ ਪੰਜਾਬ ਸਮੇਤ ਸਾਰੇ ਦੇਸ਼ ਵਿਚ ਆਮ ਚੋਣਾਂ ਵੀ ਹੋਈਆਂ ਤੇ ਸੈਂਟਰ ਤੇ ਸਾਰੇ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਬਣੀਆਂ। ਕੈਰੋਂ, ਨਹਿਰੂ ਦੇ ਥਾਪੜੇ ਨਾਲ ਹਾਰ ਕੇ ਵੀ ਜਿੱਤ ਗਿਆ ਤੇ ਪੰਜਾਬ ਦਾ ਮੁੱਖ ਮੰਤਰੀ ਬਣਿਆ ਰਿਹਾ। ਜਿੱਤਣ ਵਾਲਾ ਜਥੇਦਾਰ ਮੋਹਨ ਸਿੰਘ ਤੁੜ ਜਿੱਤ ਕੇ ਵੀ ਜੇਲ੍ਹ ਵਿਚ ਬੰਦ ਰਿਹਾ। ਸਰਹਾਲੀ ਤੇ ਪੱਟੀ, ਦੋਹਾਂ ਸੀਟਾਂ ਦੇ ਚੋਣ ਇੰਚਾਰਜ ਸੰਤ ਜੀ ਸਨ। ਪੱਟੀ ਤੋਂ ਸਰਦਾਰ ਕੈਰੋਂ ਦਾ ਭਣਵੱਈਆ ਸ. ਹਰਦੀਪ ਸਿੰਘ ਅਕਾਲੀ ਦਲ ਦੇ ਸ. ਹਜ਼ਾਰਾ ਸਿੰਘ ਗਿੱਲ ਤੋਂ ਹਾਰਿਆ ਸੀ। ਗਿੱਲ ਨੂੰ ਜੇਲ੍ਹ ਵਿਚੋਂ ਹੀ ਨਾ ਨਿਕਲਣ ਦਿਤਾ। ਨਾ ਉਸ ਸਹੁੰ ਚੁੱਕੀ ਤੇ ਨਾ ਮੈਂਬਰ ਬਣਿਆ। 1967 ਵਿਚ ਉਹ ਦੋਬਾਰਾ ਮੈਂਬਰ ਬਣਿਆ ਪਰ ਸ. ਗੁਰਨਾਮ ਸਿੰਘ ਦੇ ਮੁਕਾਬਲੇ, ਜ. ਹਰਚਰਨ ਸਿੰਘ ਹੁਡਿਆਰਾ ਦਾ ਸਾਥ ਦੇਣ ਕਰਕੇ ਸਰਕਾਰੀ ਲਾਭਾਂ ਤੋਂ ਵਾਂਝਾ ਹੀ ਰਿਹਾ।

1962 ਵਿਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਬੀੜੀ ਜੁੱਪ ਕੇ ਮਾਸਟਰ ਜੀ ਨੂੰ ਘੇਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋਣ ਲਈ ਮਜਬੂਰ ਕਰ ਦਿਤਾ। ਸ. ਲਛਮਣ ਸਿੰਘ ਗਿੱਲ ਨੇ ਉਸ ਦਾ ਮੁਢ ਤੋਂ ਹੀ ਸਾਥ ਦਿਤਾ ਤੇ ਫਿਰ ਸੰਤ ਜੀ ਵੀ ਬਾਕੀ ਸਾਥੀਆਂ ਸਮੇਤ ਉਸ ਗਰੁਪ ਨਾਲ ਸ਼ਾਮਲ ਹੋ ਗਏ। ਤਖ਼ਤ ਨੇ ਮਾਸਟਰ ਜੀ ਨੂੰ, ਸਮੇਤ ਉਸ ਸਮੇਂ ਵਰਤ ਛੱਡਣ ਦਾ ਫ਼ੈਸਲਾ ਕਰਨ ਵਾਲੀ ਕਮੇਟੀ ਦੇ ਮੈਂਬਰਾਂ ਦੇ, 'ਤਨਖ਼ਾਹ' ਲਾਈ। ਇਸ 'ਤਨਖ਼ਾਹ' ਨੂੰ ਆਧਾਰ ਬਣਾ ਕੇ ਮਾਸਟਰ ਜੀ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਹੋ ਗਿਆ। ਇਸ ਘਟਨਾ ਤੋਂ ਅਕਾਲੀ ਦਲ ਦੇ ਦੁਫਾੜ ਹੋਣ ਦਾ ਮੁਢ ਬੱਝਿਆ। ਵਧਦੀ ਵਧਦੀ ਗੱਲ ਏਥੋਂ ਤੱਕ ਪੁੱਜ ਗਈ ਕਿ ਇੱਕ ਧੜੇ ਨੇ ਵੱਖ ਹੋ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਮੀਟਿੰਗ ਕਰਕੇ, ਸੰਤ ਜੀ ਨੂੰ ਦਲ ਦਾ ਪ੍ਰਧਾਨ ਬਣਾ ਲਿਆ ਤੇ ਸ਼੍ਰੋਮਣੀ ਕਮੇਟੀ ਉਪਰ ਕਬਜ਼ੇ ਦੇ ਯੁੱਧ ਦਾ ਬਿਗਲ ਵਜਾ ਦਿਤਾ। ਅਖ਼ਬਾਰ ਵੀ 'ਕੌਮੀ ਦਰਦ' ਮਾਸਟਰ ਜੀ ਦੇ 'ਜਥੇਦਾਰ' ਦੇ ਮੁਕਾਬਲੇ ਸ਼ੁਰੂ ਕਰ ਦਿਤਾ। 2 ਅਕਤੂਬਰ, 1962 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਕ੍ਰਿਪਾਲ ਸਿੰਘ ਚੱਕ ਸ਼ੇਰਾ ਦੇ ਮੁਕਾਬਲੇ, ਸੰਤ ਗਰੁਪ ਦੇ ਉਮੀਦਵਾਰ ਸੰਤ ਚੰਨਣ ਸਿੰਘ ਜੀ, ਦੋ ਵੋਟਾਂ ਦੇ ਵਾਧੇ ਨਾਲ ਪ੍ਰਧਾਨ ਚੁਣੇ ਗਏ।

ਫਿਰ 1965 ਦੀ ਸ਼੍ਰੋਮਣੀ ਕਮੇਟੀ ਦੀ ਜਨਰਲ ਚੋਣ ਵਿਚ ਮਾਸਟਰ ਜੀ ਦੇ ਮੁਕਾਬਲੇ ਸੰਤ ਜੀ ਦੇ ਗਰੁਪ ਨੂੰ ਸਪੱਸ਼ਟ ਬਹੁਮੱਤ ਮਿਲ ਗਿਆ; ਅਰਥਾਤ ਸੰਤ ਗਰੁਪ ਨੇ 140 ਵਿਚੋਂ 95 ਸੀਟਾਂ ਜਿੱਤ ਲਈਆਂ ਤੇ ਮਾਸਟਰ ਜੀ ਨੇ ਸੰਤ ਜੀ ਦੇ ਸਿਆਸੀ ਰਾਹ ਤੋਂ ਹਟਣ ਦਾ ਐਲਾਨ ਕਰ ਦਿਤਾ ਤੇ ਛੇ ਮਹੀਨੇ ਲਈ ਅਗਿਆਤਵਾਸ ਵਿਚ ਚਲੇ ਗਏ।

ਹੁਣ ਸੰਤ ਫ਼ਤਿਹ ਸਿੰਘ ਅਤੇ ਸਰਕਾਰ ਦਰਮਿਆਨ ਪੰਜਾਬੀ ਸੂਬੇ ਬਾਰੇ ਜਦੋ-ਜਹਿਦ ਸ਼ੁਰੂ ਹੋਈ। ਇਸ ਲੰਮੀ ਜਦੋ-ਜਹਿਦ ਪਿੱਛੋਂ ਅੱਧਾ-ਅਧੂਰਾ ਜਿਹਾ ਸੂਬਾ, ਸਾਢੇ ਯਾਰਾਂ ਜ਼ਿਲ੍ਹਿਆਂ ਦਾ, 1 ਨਵੰਬਰ 1966 ਨੂੰ ਵਜੂਦ ਵਿਚ ਆ ਗਿਆ।


ਮੇਰਾ ਸੰਤ ਜੀ ਦੇ ਸੰਪਰਕ ਵਿਚ ਆਉਣਾ:

ਸਫ਼ਲਤਾ ਸਹਿਤ ਮੋਰਚਾ ਚਲਾਉਣ ਤੇ ਫਿਰ ਵਰਤ ਰੱਖਣ ਕਰਕੇ ਸੰਤ ਜੀ ਦੀ ਪ੍ਰਸਿਧੀ ਹੋ ਚੁੱਕੀ ਸੀ। ਦੋਹਾਂ ਆਗੂਆਂ-ਮਾਸਟਰ ਅਤੇ ਸੰਤ ਦੀਆਂ ਫ਼ੋਟੋਆਂ ਸਾਡੇ ਘਰ ਵਿਚ ਲੱਗੀਆਂ ਹੋਈਆਂ ਸਨ। ਇਹ ਮੇਰੇ ਛੋਟੇ ਭਰਾ ਸ. ਦਲਬੀਰ ਸਿੰਘ ਦਾ ਉਦਮ ਸੀ। ਮੈਂ ਤਾਂ ਜ਼ਿਹਨੀ ਅਯਾਸ਼ੀ ਦਾ ਹੀ ਅਕਾਲੀ ਸਾਂ; ਅਰਥਾਤ ਮਨੋ-ਮਨੀ ਅਤੇ ਗੱਲਾਂ ਨਾਲ ਹੀ, ਪਰ ਉਹ ਹਰੇਕ ਫ਼ੀਲਡ ਵਿਚ ਸ਼ੁਰੂ ਤੋਂ ਹੀ ਪ੍ਰੈਕਟੀਕਲ ਅਤੇ ਬਾਕੀਆਂ ਨਾਲੋਂ ਮੋਹਰੇ ਰਿਹਾ ਹੈ। ਸ਼ਹਿਰ ਅੰਮ੍ਰਿਤਸਰ ਦੇ ਅਕਾਲੀ ਜਥੇ ਦਾ ਉਹ ਬਹੁਤ ਹੀ ਛੋਟੀ ਉਮਰ ਵਿਚ ਸਕੱਤਰ ਵੀ ਬਣ ਗਿਆ ਸੀ। ਸੰਤ/ਮਾਸਟਰ ਯੁੱਧ ਸਮੇਂ ਉਹ ਮਾਸਟਰ ਧੜੇ ਵਿਚ ਰਿਹਾ ਤੇ ਆਪਣੀ ਉਮਰ ਅਤੇ ਹੈਸੀਅਤ ਦੇ ਵਰਕਰਾਂ ਵਿਚਲੇ ਮੋਹਰੀਆਂ ਵਿਚ।

ਗੱਲ 1961 ਦੀਆਂ ਗਰਮੀਆਂ ਦੀ ਹੈ। ਇੱਕ ਦਿਨ ਸੰਤ ਜੀ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਦਫ਼ਤਰੋਂ ਬਾਹਰ ਆ ਰਹੇ ਸਨ ਤੇ ਮੈਂ ਮੋਹਰਲੇ ਗੇਟ ਤੋਂ ਅੰਦਰ ਦਾਖਲ ਹੋ ਰਿਹਾ ਸਾਂ। ਉਨ੍ਹੀਂ ਦਿਨੀਂ ਮੈਂ ਧਰਮ ਪ੍ਰਚਾਰ ਕਮੇਟੀ ਦੇ ਦਫ਼ਤਰ ਕੰਮ ਕਰਦਾ ਸਾਂ। ਮੈਂ ਦੂਰੋਂ ਹੀ ਸੰਤ ਜੀ ਨੂੰ ਹੱਥ ਜੋੜ ਕੇ ਫ਼ਤਿਹ ਬੁਲਾਈ ਪਰ ਜਵਾਬ ਵਿਚ ਉਨ੍ਹਾਂ ਸਿਰ ਵੀ ਨਾ ਹਿਲਾਇਆ। ਮੇਰੇ ਮਨ ਵਿਚ ਉਨ੍ਹਾਂ ਦੀ ਜੋ ਭੱਲ ਬਣੀ ਹੋਈ ਸੀ ਉਹ ਜਾਂਦੀ ਰਹੀ ਤੇ ਉਸ ਤੋਂ ਬਾਅਦ ਮੈਂ ਸਾਹਮਣਾ ਹੋ ਜਾਣ 'ਤੇ ਵੀ ਫ਼ਤਿਹ ਨਾ ਬੁਲਾਉਣੀ।

1963 ਵਿਚ ਇੱਕ ਦਿਨ ਉਹ ਆਪਣੇ ਸਾਥੀਆਂ ਸਣੇ ਦਿੱਲੀ ਜਾਂਦੇ ਸਮੇਂ, ਗੁਰਦੁਆਰਾ ਸਾਹਿਬ ਜੀਂਦ ਰੁਕੇ। ਮੈਂ ਉਥੇ ਕੀਰਤਨ ਦੀ ਸੇਵਾ ਕਰ ਰਿਹਾ ਸਾਂ। ਦਫ਼ਤਰੀ ਸਟਾਫ਼ ਹਾਜ਼ਰ ਨਾ ਹੋਣ ਕਰਕੇ ਪ੍ਰਸ਼ਾਦਾ-ਪਾਣੀ ਛਕਾਉਣ ਦਾ ਕਾਰਜ ਮੈਂ ਕੀਤਾ। ਗੁਰਦੁਆਰੇ ਦੀ ਆਪਣੀ ਜ਼ਮੀਨ ਦੀ ਕਣਕ ਭਿੱਜਣ ਕਰਕੇ ਖ਼ਰਾਬ ਸੀ ਇਸ ਕਰਕੇ ਉਸ ਦੇ


ਸੰਤ ਫਤਿਹ ਸਿੰਘ


ਮਾਸਟਰ ਤਾਰਾ ਸਿੰਘ

ਆਟੇ ਦੀਆਂ ਰੋਟੀਆਂ ਵਿੰਗੀਆਂ ਟੇਢੀਆਂ ਜਿਹੀਆਂ ਹੀ ਪੱਕਦੀਆਂ ਸਨ; ਤੇ ਖਾਣ ਵਿਚ ਵੀ ਆਮ ਨਾਲੋਂ ਖਾਸਾ ਫਰਕ ਸੀ। ਸੰਤ ਜੀ ਰੋਟੀ ਫੜ ਕੇ ਆਪਣੇ ਮਖੌਲੀ ਸੁਭਾਅ ਨਾਲ ਆਖਣ ਲੱਗੇ, "ਇਹ ਭਾਰਤ ਦਾ ਨਕਸ਼ਾ ਹੈ।" ਮੇਰੇ ਕਿਰਪਾਨ ਕੁਰਤੇ ਦੇ ਥੱਲਿਓਂ ਦੀ ਪਾਈ ਹੋਈ ਸੀ। ਹਰੀਆਂ ਮਿਰਚਾਂ ਬੜੇ ਸ਼ੌਕ ਨਾਲ ਛਕਿਆ ਕਰਦੇ ਸਨ। ਇੱਕ ਮਿਰਚ ਚੁੱਕ ਕੇ ਆਖਣ ਲੱਗੇ, "ਇਹ ਮਿਰਚ ਵੀ ਕਾਂਗਰਸੀ ਸਿੱਖਾਂ ਵਾਂਗ ਆਪਣੇ ਧਰਮ ਵਿਚ ਪੱਕੀ ਨਹੀਂ। ਅਰਥਾਤ ਘੱਟ ਕੌੜੀ ਹੈ। ਉਹ ਪੰਥਕ ਘੱਟ ਦਿਸਣਾ ਚਾਹੁੰਦੇ ਹਨ।" ਮੇਰੇ ਵੱਲ ਵੇਖ ਕੇ ਆਖਿਆ, "ਕਿਰਪਾਨ ਵੀ ਝੱਗੇ ਦੇ ਥੱਲਿਓਂ ਪਾਉਣਗੇ ਤਾਂ ਕਿ ਉਨ੍ਹਾਂ ਨੂੰ ਕੋਈ ਪੱਕਾ ਸਿੱਖ ਨਾ ਸਮਝ ਲਵੇ।" ਗੱਲ ਆਈ ਗਈ ਹੋ ਗਈ।

ਅਕਤੂਬਰ 1966 ਵਿਚ ਮੈਨੂੰ ਪਟਿਆਲਿਉਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਨੇ, ਆਪਣੇ ਨਿੱਜੀ ਪ੍ਰਬੰਧ ਵਿਚ ਚੱਲ ਰਹੇ ਗੁਰਮਤਿ ਵਿਦਿਆਲੇ, ਗੁਰਦੁਆਰਾ ਬੁਢਾ ਜੋਹੜ (ਗੰਗਾਨਗਰ) ਵਿਖੇ, ਗੁਰਮਤਿ ਸੰਗੀਤ ਦੇ ਅਧਿਆਪਕ ਨੂੰ ਕਲਾਸੀਕਲ ਸੰਗੀਤ ਦੀ ਅਗਲੇਰੀ ਸਿੱਖਿਆ ਦੇਣ ਵਾਸਤੇ ਭੇਜ ਦਿੱਤਾ। ਇਸ ਬਾਰੇ ਮੇਰੇ ਨਾਲ ਗੱਲ ਕਰਨ ਦੀ ਵੀ ਲੋੜ ਨਾ ਸਮਝੀ ਕਿਉਂਕਿ ਮੈਂ ਹਜ਼ਾਰਾਂ ਨੌਕਰਾਂ ਤੋਂ ਇੱਕ ਮਾਮੂਲੀ ਜਿਹਾ ਨੌਕਰ ਹੀ ਸਾਂ। ਇਸ ਦਾ ਮੇਰੇ ਮਨ 'ਤੇ ਚੰਗਾ ਅਸਰ ਨਾ ਪਿਆ। ਕਾਰਨ ਇਹ ਸੀ ਕਿ ਮੈਂ ਢਾਈ ਸਾਲਾਂ ਵਿਚ ਪਟਿਆਲੇ ਵਿਚਲੀ ਰਿਹਾਇਸ਼ ਦੌਰਾਨ ਆਪਣੇ ਮਿੱਤਰਚਾਰੇ ਦਾ ਘੇਰਾ ਵਾਹਵਾ ਵਲ ਲਿਆ ਹੋਇਆ ਸੀ ਤੇ ਸਾਹਿਤਕ ਵਿਦਿਆ ਵੀ ਪ੍ਰਾਪਤ ਕਰ ਰਿਹਾ ਸਾਂ। 1965 ਵਿਚ ਵਿਦਵਾਨੀ, 1966 ਵਿਚ ਗਿਆਨੀ ਮੈਂ ਏਥੇ ਹੀ ਪੜ੍ਹੀ ਤੇ ਦੁਨੀਆ ਵੇਖਣ ਦੀ ਲਲਕ ਕਾਰਨ ਅੰਗਰੇਜ਼ੀ ਵੀ ਸਿੱਖ ਰਿਹਾ ਸਾਂ।

ਖੈਰ, ਉਪਜੀਵਕਾ ਲਈ ਨੌਕਰੀ ਦੀ ਲੋੜ ਸੀ ਤੇ ਮੈਂ ਅਕਤੂਬਰ ਦੇ ਅੱਧ ਜਿਹੇ ਵਿਚ, ਗੁਰਦੁਆਰਾ ਬੁਢਾ ਜੋਹੜ ਪੁੱਜ ਗਿਆ। ਕੁਦਰਤੀ ਪ੍ਰਧਾਨ ਸੰਤ ਚੰਨਣ ਸਿੰਘ ਵੀ ਓਥੇ ਹੀ ਸਨ। ਉਨ੍ਹਾਂ ਨੇ ਮੇਰੇ ਨਾਲ ਚੰਗਾ ਵਰਤਾਅ ਕੀਤਾ ਤੇ ਦੱਸਿਆ ਕਿ ਏਥੋਂ ਦੇ ਕਿਸੇ ਵੀ ਕੰਮ ਵਿਚ ਦਖ਼ਲ ਨਹੀਂ ਦੇਣਾ। ਪ੍ਰਸ਼ਾਦਾ ਲੰਗਰ ਵਿਚੋਂ ਛਕ ਲਿਆ ਕਰਨਾ; ਇਸ ਦੀ ਤਨਖ਼ਾਹ ਵਿਚੋਂ ਕਾਟ ਨਹੀਂ ਕੱਟੀ ਜਾਵੇਗੀ। ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੇ ਕਿਸੇ ਤਨਖ਼ਾਹਦਾਰ ਸੇਵਕ ਨੇ ਜੇ ਲੰਗਰ ਵਿਚੋਂ ਰੋਟੀ ਖਾਣੀ ਹੁੰਦੀ ਸੀ ਤਾਂ ਉਸ ਨੂੰ ਲਿਖਤੀ ਮਨਜ਼ੂਰੀ ਲੈਣੀ ਪੈਂਦੀ ਸੀ ਅਤੇ ਹਰ ਮਹੀਨੇ ਤਨਖ਼ਾਹ ਵਿਚੋਂ ਨਿਸ਼ਚਿਤ ਰਕਮ ਕਟਾਉਣੀ ਪੈਂਦੀ ਸੀ। ਪ੍ਰਧਾਨ ਜੀ ਨੇ ਸਟੋਰਕੀਪਰ, ਭਾਈ ਕੇਹਰ ਸਿੰਘ ਬੱਬਰ ਨੂੰ ਆਖਿਆ, "ਸੰਤੋਖ ਸਿੰਘ ਨੂੰ ਸਾਬਣ ਤੇ ਤੇਲ ਦੇ ਦੇਹ।" ਇਉਂ ਆਖਣ ਦਾ ਢੰਗ ਮੈਨੂੰ ਜਚਿਆ ਨਾ ਤੇ ਮੈਂ ਇਹ ਲੈਣੋਂ ਨਾਂਹ ਕਰ ਦਿਤੀ।

ਸੰਤ ਚੰਨਣ ਸਿੰਘ ਦੇ ਗੜਵਈ ਰਹਿ ਚੁੱਕੇ ਸੰਤ ਅਜਾਇਬ ਸਿੰਘ, ਜੋ ਉਸ ਸਮੇਂ ਵਿਦਿਆਲੇ ਵਿਚ ਬੱਚਿਆਂ ਨੂੰ ਗੁਰਬਾਣੀ ਪੜ੍ਹਾ ਰਹੇ ਸਨ, ਨੇ ਆਪਣੇ ਕਮਰੇ ਵਿਚ ਹੀ ਮੇਰਾ ਮੰਜਾ ਲਗਵਾ ਲਿਆ। ਸਾਡੀਆਂ ਬੜੀਆਂ ਵਿਚਾਰਾਂ ਹੋਣੀਆਂ। ਦੇਰ ਰਾਤ ਤੱਕ ਅਸੀਂ ਦੇਸ, ਪੰਥ, ਸਿੱਖੀ, ਮਨੁਖਤਾ ਤੇ ਮੇਰੇ ਨਿਜ ਬਾਰੇ ਵਿਚਾਰ ਕਰਦੇ ਰਹਿਣਾ। ਮੇਰੇ ਉਪਰ ਉਨ੍ਹਾਂ ਦੇ ਦੁਨਿਆਵੀ ਤੇ ਅਧਿਆਤਮਕ ਗਿਆਨ, ਉਨ੍ਹਾਂ ਦੀ ਆਤਮਿਕ ਉਚਤਾ, ਮਨੋਵਿਗਿਆਨਤਾ ਦਾ ਚੰਗਾ ਪ੍ਰਭਾਵ ਪਿਆ। ਪਹਿਲਾਂ ਮੈਂ ਦੋਹਾਂ ਸੰਤਾਂ ਨੂੰ ਆਮ ਲੀਡਰਾਂ ਵਾਂਗ ਹੀ ਸਮਝਦਾ ਤੇ ਫ਼ਤਿਹ ਹੀ ਬੁਲਾਉਂਦਾ। ਸੰਤ ਅਜਾਇਬ ਸਿੰਘ ਨਾਲ ਸੰਗਤ ਹੋਣ 'ਤੇ ਵਿਚਾਰ ਆਇਆ ਕਿ ਜਿਨ੍ਹਾਂ ਦਾ ਗੜਵਈ ਅਜਿਹੀ ਉਚੀ ਸੋਚ ਦਾ ਮਾਲਕ ਹੈ ਉਹ ਆਪ ਕਿਹੋ ਜਿਹੇ ਹੋਣਗੇ। ਸੰਤ ਅਜਾਇਬ ਸਿੰਘ ਨੇ ਮੇਰਾ ਗਿਆਨ ਤੇ ਰੁਚੀ ਵੇਖ ਕੇ ਮੈਨੂੰ ਸੰਗੀਤ ਵਾਲੇ ਪਾਸਿਓਂ ਹਟਾ ਕੇ, ਪ੍ਰਚਾਰਕ ਬਣਨ ਦੀ ਪ੍ਰੇਰਨਾ ਕੀਤੀ। ਮੈਨੂੰ ਇਸ ਪਾਸੇ ਦੀ ਕੋਈ ਸੂਝ ਨਹੀਂ ਸੀ। ਮੇਰੀ ਅਯੋਗਤਾ ਦਾ ਸੰਸਾ ਪਰਗਟ ਕਰਨ 'ਤੇ ਉਨ੍ਹਾਂ ਆਖਿਆ, "ਤੁਸੀਂ ਗਿਆਨੀ ਜੀ, ਕੁਦਰਤੀ ਹੀ ਪ੍ਰਚਾਰਕ ਹੋ। ਜਿਸ ਥਾਂ ਵੀ ਬੋਲੋਗੇ, ਭਾਵੇਂ ਤੁਹਾਡਾ ਜੀ ਕਰੇ ਭਾਵੇਂ ਨਾ, ਤੁਸੀਂ ਤਿਆਰੀ ਕੀਤੀ ਹੋਵੇ ਭਾਵੇਂ ਨਾ, ਫਿਰ ਵੀ ਬਾਕੀ ਬੁਲਾਰਿਆਂ ਨਾਲੋਂ, ਸਰੋਤਿਆਂ ਨੂੰ ਚੰਗੇਰਾ ਪ੍ਰਭਾਵ ਦੇਵੋਗੇ।" ਆਉਣ ਵਾਲੇ ਸਮੇਂ ਵਿਚ ਮੇਰੇ ਵਾਸਤੇ ਅਜਿਹੇ ਹੌਸਲਾ ਵਧਾਊ ਸ਼ਬਦ ਜੀਵਨ ਬੂਟੀ ਸਾਬਤ ਹੋਏ।

ਇਨ੍ਹੀਂ ਦਿਨੀਂ ਹੀ ਪੰਜਾਬ ਅਸੈਂਬਲੀ ਦੀਆਂ ਚੋਣਾਂ ਆ ਗਈਆਂ। ਸੰਤ ਜੀ ਚੋਣ ਪ੍ਰਚਾਰ ਦੀ ਸਮਾਪਤੀ 'ਤੇ ਅਕਾਲੀ ਆਗੂਆਂ ਨਾਲ ਰੁੱਸ ਕੇ ਗੁਰਦੁਆਰਾ ਬੁਢਾ ਜੋਹੜ ਆਏ। ਉਹ ਅਕਾਲੀਆਂ ਦੀਆਂ ਟਿਕਟਾਂ ਦੀ ਵੰਡ ਵਾਸਤੇ ਹੋਈ ਕੁੱਕੜ-ਖੋਹ ਤੋਂ ਮਾਯੂਸ ਸਨ।

ਮੈਂ ਵੀ ਓਥੇ ਹੀ ਸਾਂ ਤੇ ਮੇਰੇ ਬਾਰੇ ਸੰਤ ਅਜਾਇਬ ਸਿੰਘ ਨੇ ਉਨ੍ਹਾਂ ਨੂੰ ਪਤਾ ਨਹੀਂ ਕੀ ਚੰਗਾ ਆਖ ਦਿਤਾ ਕਿ ਉਹ ਪ੍ਰਸੰਨ ਹੋ ਗਏ। ਮੈਂ ਵੀ ਆਪਣਾ ਸਾਰਾ ਲਿਖਤੀ ਸੰਗੀਤਕ ਮਸੌਦਾ ਸੰਗੀਤ ਟੀਚਰ ਨੂੰ ਦੇ ਕੇ ਉਸ ਪਾਸੋਂ ਅਖਵਾ ਦਿਤਾ ਕਿ ਮੈਂ ਸਾਰਾ ਕੁੱਝ ਸਿੱਖ ਲਿਆ ਹੈ, ਹੁਣ ਹੋਰ ਸਿੱਖਣ ਦੀ ਲੋੜ ਨਹੀਂ ਤਾਂ ਕਿ ਮੈਨੂੰ ਉਸ 'ਰੇਗਿਸਤਾਨ' ਤੋਂ ਛੁਟਕਾਰਾ ਮਿਲ ਜਾਵੇ।

ਉਨ੍ਹਾਂ ਮੈਨੂੰ ਕਾਰ ਵਿਚ ਬੈਠਾ ਕੇ ਤੋਰਨ ਦਾ ਮਨ ਬਣਾ ਲਿਆ। ਕਾਰ ਛੋਟੀ ਜਿਹੀ ਐਂਬੈਸਡਰ ਸੀ ਤੇ ਮੇਰੇ ਪਾਸ ਕਿਤਾਬਾਂ ਦਾ ਭਰਿਆ ਇੱਕ ਟਰੰਕ ਸੀ ਜੋ ਉਨ੍ਹਾਂ ਦੇ ਬੁੱਢੇ ਸੇਵਾਦਾਰ ਦੇ ਬੁੜ-ਬੁੜ ਕਰਦਿਆਂ ਵੀ ਮੈਂ ਡਿੱਗੀ ਵਿਚ ਰੱਖ ਲਿਆ। ਆਖਣ ਲੱਗੇ, "ਇਕ ਤਾਂ ਅਸੀਂ ਉਸ ਬੰਦੇ ਨੂੰ ਨਾਲ ਲੈਂਦੇ ਹਾਂ ਜੋ ਕਾਰ ਵਿਚ ਥਾਂ ਅੱਧੋ ਬੰਦੇ ਦੀ ਮੱਲੇ ਪਰ ਕੰਮ ਦੋ ਬੰਦਿਆਂ ਜਿੰਨਾ ਕਰੇ। ਇਹ ਤਾਂ ਦੋਵੇਂ ਪੱਖ ਠੀਕ ਹੀ ਲੱਗਦੇ ਹਨ। ਤੀਜੀ ਸ਼ਰਤ ਹੁੰਦੀ ਹੈ ਕਿ ਉਹ ਪਿੱਛੇ ਰਹੀਆਂ ਸ਼ਰੇਣੀਆਂ ਦਾ ਹੋਵੇ। ਤੂੰ ਉਨ੍ਹਾਂ ਵਿਚੋਂ ਤਾਂ ਭਾਵੇਂ ਨਹੀਂ ਪਰ ਤੇਰਾ ਰੰਗ ਉਨ੍ਹਾਂ ਨਾਲ ਮਿਲਦਾ ਜੁਲਦਾ ਹੋਣ ਕਰਕੇ ਡੰਗ ਸਰਜੂਗਾ।" ਮੈਂ ਕਿਤਾਬਾਂ ਦਾ ਟਰੰਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੰਗਾਨਗਰ ਦੇ ਸੇਵਾਦਾਰ ਪਾਸ ਰੱਖ ਦਿਤਾ। ਸੰਤ ਜੀ ਪਛੜੀਆਂ ਗਰੀਬ ਸ਼੍ਰੇਣੀਆਂ ਦੇ ਤੇ ਖ਼ਾਸ ਕਰਕੇ ਅਪਾਹਜ ਬੱਚਿਆਂ ਨੂੰ ਦੂਜਿਆਂ ਤੋਂ ਵਧ ਤਰਜੀਹ ਦਿਆ ਕਰਦੇ ਸਨ। ਅਸੀਂ ਸੈਂਟਰਲ ਗੁਰਦੁਆਰਾ 19 ਜੈੜ ਵਿਚ ਆ ਡੇਰੇ ਲਾਏ।

ਇਥੇ ਹੀ ਪੰਜਾਬ ਅਸੈਂਬਲੀ ਦੀਆਂ ਚੋਣਾਂ ਦੇ ਪ੍ਰਾਦੇਸ਼ਕ ਸਮਾਚਾਰ ਜਲੰਧਰ ਤੋਂ ਨਤੀਜੇ ਸੁਣੇ ਗਏ। ਇਹ ਨਤੀਜੇ ਸੰਤ ਜੀ ਨੂੰ ਖ਼ੁਸ਼ ਕਰਨ ਦੀ ਬਜਾਇ ਨਿਰਾਸ਼ ਕਰਨ ਵਾਲੇ ਸਨ। ਜਦੋਂ ਹਲਕਾ ਬਿਆਸ ਦੀ ਖ਼ਬਰ ਆਈ ਕਿ ਓਥੋਂ ਕਾਂਗਰਸੀ ਉਮੀਦਵਾਰ, ਜਥੇਦਾਰ ਸੋਹਣ ਸਿੰਘ ਜਲਾਲ ਉਸਮਾ, ਆਪਣੇ ਨਿਕਟ ਵਿਰੋਧੀ, ਆਜ਼ਾਦ ਉਮੀਦਵਾਰ, ਡਾ.ਕਰਤਾਰ ਸਿੰਘ ਦੌਲੋ ਨੰਗਲ ਨੂੰ ਹਰਾ ਕੇ, ਜੇਤੂ ਰਹੇ ਤਾਂ ਸੰਤ ਜੀ ਕੁੱਝ ਉਦਾਸੀ ਭਰੇ ਹਾਸੇ ਵਿਚ ਆਖਣ ਲੱਗੇ, "ਸਾਡਾ ਜਥੇਦਾਰ ਨਿਕਟ ਵਿਰੋਧੀ ਵੀ ਨਹੀਂ ਬਣ ਸਕਿਆ!" ਸੰਤ ਅਕਾਲੀ ਦਲ ਦੀ ਟਿਕਟ 'ਤੇ ਏਥੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਖੜ੍ਹੇ ਸਨ ਜੋ ਸੰਤ ਜੀ ਦੇ ਖ਼ਾਸਮ-ਖ਼ਾਸ ਨਿਕਟਵਰਤੀਆਂ ਵਿਚੋਂ ਸਨ ਤੇ ਜਿਨ੍ਹਾਂ ਸੰਤ ਤੋਂ ਪਹਿਲਾਂ ਸੜ ਮਰਨ ਦਾ ਐਲਾਨ ਕਰ ਕੇ ਸ਼ਹੀਦੀ ਚੋਲਾ ਪਾਈ ਰੱਖਿਆ ਸੀ।

ਪ੍ਰਾਦੇਸ਼ਕ ਸਮਾਚਾਰ ਸੁਣਾਉਣ ਵਾਲੀ ਬੀਬੀ ਨੇ ਜਦੋਂ ਆਖਿਆ ਕਿ ਅਸੈਂਬਲੀ ਵਿਚ ਬਹੁਸੰਮਤੀ ਲਈ ਹੁਣ ਕਾਂਗਰਸ ਨੂੰ ਏਨੀਆਂ ਸੀਟਾਂ ਹੋਰ ਲੈਣ ਦੀ ਲੋੜ ਹੈ। (ਯਾਦ ਰਹੇ ਕਿ ਉਸ ਸਮੇਂ ਅਸੈਂਬਲੀ ਦੀਆਂ ਕੁੱਲ ਸੀਟਾਂ 104 ਸਨ ਤੇ ਕਿਸੇ ਪਾਰਟੀ ਨੂੰ ਸਰਕਾਰ ਬਣਾਉਣ ਵਾਸਤੇ 53 ਸੀਟਾਂ ਚਾਹੀਦੀਆਂ ਹੁੰਦੀਆਂ ਸਨ।) ਤਾਂ ਸੰਤ ਜੀ ਨੇ ਆਖਿਆ, "ਕਾਂਗਰਸ ਨੂੰ ਪੂਰਨ ਬਹੁਸੰਮਤੀ ਵਿਚ ਆਉਣ ਤੋਂ ਰੋਕਣ ਲਈ ਹੁਣ ਸਾਰੀਆਂ ਸੀਟਾਂ ਸਾਨੂੰ ਹੀ ਜਿੱਤਣੀਆਂ ਪੈਣਗੀਆਂ।" ਇਸ ਨੂੰ ਮੌਕਾ ਮੇਲ ਸਮਝੋ ਜਾਂ ਕੁੱਝ ਵੀ; ਉਸ ਤੋਂ ਪਿੱਛੋਂ ਕਾਂਗਰਸ ਹੋਰ ਕੋਈ ਸੀਟ ਨਾ ਜਿੱਤ ਸਕੀ। ਕੁੱਲ 104 ਵਿਚੋਂ 48 ਕਾਂਗਰਸ ਦੀਆਂ ਸਨ ਤੇ ਸੰਤ ਅਕਾਲੀ ਦਲ ਦੀਆਂ ਕੇਵਲ 24 ਹੀ। ਦੋ ਮਾਸਟਰ ਦਲ ਦੀਆਂ ਮਿਲਾ ਕੇ ਵੀ ਦੋਹਾਂ ਦਲਾਂ ਦੀਆਂ ਕੁੱਲ 26 ਸੀਟਾਂ ਹੀ ਬਣਦੀਆਂ ਸਨ ਜਦੋਂ ਕਿ ਸਰਕਾਰ ਬਣਾਉਣ ਲਈ 53 ਦੀ ਲੋੜ ਸੀ।

ਸੰਤ ਜੀ ਦੇ ਕੋਲ ਉਸ ਸਮੇਂ ਕੇਵਲ ਮੈਂ ਹੀ ਸਾਂ। ਪੂਰੇ ਨਤੀਜੇ ਨਿਕਲਣ ਪਿੱਛੋਂ ਉਨ੍ਹਾਂ ਆਖਿਆ, "ਜੇ ਅੱਜ ਗਿਆਨੀ ਕਰਤਾਰ ਸਿੰਘ ਸਾਡੇ ਵਿਚ ਹੁੰਦਾ ਤਾਂ ਅਸੀਂ ਸਰਕਾਰ ਬਣਾ ਸਕਦੇ ਸੀ।" ਇਹ ਗੱਲ ਮੇਰੇ ਖਾਨੇ ਵਿਚ ਨਾ ਪਵੇ। ਕੁੱਝ ਪਲ ਰੁਕ ਕੇ ਫਿਰ ਆਖਿਆ, "ਜੇ ਮੈਂ ਓਥੇ ਹੁੰਦਾ ਤਾਂ ਵੀ ਅਸੀਂ ਸਰਕਾਰ ਬਣਾ ਸਕਦੇ ਸੀ।" ਮੇਰਾ ਤਾਂ ਸਰਕਾਰ ਦੀ ਬਣਤਰ ਬਾਰੇ ਕੇਵਲ ਕਿਤਾਬੀ ਤੇ ਅਖ਼ਬਾਰੀ ਗਿਆਨ ਹੀ ਸੀ। ਉਸ ਹਿਸਾਬ ਤਾਂ ਇਹ ਗੱਲ ਮੰਨਣ ਵਿਚ ਆਉਣੀ ਮੁਸ਼ਕਲ ਸੀ ਕਿ 48 ਵਾਲੇ ਫਾਡੀ ਰਹਿ ਜਾਣ 'ਤੇ 24 ਵਾਲੇ ਸਰਕਾਰ ਬਣਾ ਲੈਣ। ਫਿਰ ਪਿੰਡ ਦੀ ਪੰਚਾਇਤ ਤੋਂ ਲੈ ਕੇ ਦੇਸ਼ ਦੀ ਪਾਰਲੀਮੈਂਟ ਤੱਕ ਕਾਂਗਰਸ ਦਾ ਕਬਜ਼ਾ ਸੀ। ਉਪਰਲੇ ਸਦਨ ਅਰਥਾਤ ਕੌਂਸਲ ਵਿਚ ਇੱਕ ਵੀ ਅਕਾਲੀ ਮੈਂਬਰ ਨਹੀਂ ਸੀ। ਫਿਰ ਓਦੋਂ ਤੱਕ ਏਹੀ ਹੁੰਦਾ ਆਇਆ ਸੀ ਕਿ ਹਮੇਸ਼ਾਂ ਅਕਾਲੀ, ਅਤੇ ਦੂਜੀਆਂ ਪਾਰਟੀਆਂ ਦੇ ਮੈਂਬਰ ਹੀ ਕਾਂਗਰਸ ਵਿਚ ਸ਼ਾਮਲ ਹੁੰਦੇ ਰਹੇ ਸਨ। ਕਦੀ ਵੀ ਕੋਈ ਕਾਂਗਰਸੀ ਵਿਰੋਧੀ ਪਾਰਟੀ ਵਿਚ ਸ਼ਾਮਲ ਨਹੀਂ ਸੀ ਹੋਇਆ। ਸੰਤ ਜੀ ਕਿਵੇਂ ਆਖਦੇ ਨੇ ਕਿ ਇਹ ਸਰਕਾਰ ਬਣਾ ਸਕਦੇ ਨੇ! ਫਿਰ ਇਸ ਜਕੋ ਤੱਕੇ ਵਿਚ ਹੀ ਖਰੜ ਤੋਂ ਅਕਾਲੀ, ਮਾਸਟਰ ਬਲਦੇਵ ਸਿੰਘ ਤੇ ਸਮਾਣੇ ਤੋਂ ਆਜ਼ਾਦ ਭਜਨ ਲਾਲ ਕਾਂਗਰਸ ਵਿਚ ਸ਼ਾਮਲ ਹੋ ਗਏ। ਉਹ 48 ਤੋਂ ਪੰਜਾਹ ਹੋ ਗਏ ਤੇ ਇਹ 24 ਤੋਂ ਇੱਕ ਹੋਰ ਘਟ ਕੇ 23 ਰਹਿ ਗਏ। ਉਸ ਸਮੇਂ ਉਨ੍ਹਾਂ ਨੇ ਇਹ ਵੀ ਵਿਚਾਰ ਪਰਗਟ ਕੀਤਾ ਕਿ ਪੰਜਾਬ ਦਾ ਭਲਾ ਕਾਂਗਰਸ ਤੇ ਅਕਾਲੀ ਕੁਲੀਸ਼ਨ ਸਰਕਾਰ ਬਣਨ ਵਿਚ ਹੈ। ਮੈਂ ਆਖਿਆ ਫਿਰ ਇਉਂ ਕਰ ਲੈਣਾ ਚਾਹੀਦਾ ਹੈ। ਅਜਿਹਾ ਨਾ ਕਰਨ ਦਾ ਮੈਨੂੰ ਉਨ੍ਹਾਂ ਨੇ ਕਾਰਨ ਦੱਸ ਦਿਤਾ।

ਨਤੀਜਿਆਂ ਤੋਂ ਅਗਲੇ ਦਿਨ ਹੀ ਪੰਜਾਬ ਤੋਂ ਸਾਰੇ ਅਕਾਲੀ ਸੰਤ, ਸਮੇਤ ਜਿੱਤੇ ਤੇ ਹਾਰੇ ਹੋਇਆਂ ਦੇ, ਵਹੀਰਾਂ ਘੱਤੀ ਭੱਜੇ ਆ ਰਹੇ ਸਨ। ਜੇਹੜਾ ਵੀ ਆਏ ਸੰਤ ਜੀ ਦੀਆਂ ਲੱਤਾਂ ਨੂੰ ਚੰਬੜ ਜਾਏ। ਆਖਣ ਕਿ ਚੱਲੋ ਤੇ ਚੱਲ ਕੇ ਸਰਕਾਰ ਬਣਾਓ। ਇੱਕ ਦਿਨ ਤਾਂ ਸੰਤ ਜੀ ਅੜੇ ਰਹੇ ਕਿਉਂਕਿ ਉਹ ਇਨ੍ਹਾਂ ਲੀਡਰਾਂ ਦੇ ਹੱਦੋਂ ਵਧੇ ਹੋਏ ਲਾਲਚ ਕਾਰਨ ਹੀ ਰੁੱਸ ਕੇ ਆਏ ਸਨ। ਅਖੀਰ ਉਨ੍ਹਾਂ ਨੇ ਸੰਤ ਜੀ ਨੂੰ ਮਨਾ ਹੀ ਲਿਆ ਤੇ ਅੱਗੇ ਅੱਗੇ ਸੰਤ ਜੀ ਤੇ ਮਗਰ ਮਗਰ ਸਾਰੇ

(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦੀ ਬਾਕੀ)*

ਲੀਡਰਾਂ ਦਾ ਕਾਫ਼ਲਾ, 19 ਜ਼ੈਡ ਵਾਲੇ ਗੁਰਦੁਆਰਿਉਂ ਨਿਕਲ ਕੇ ਪੰਜਾਬ ਨੂੰ ਤੁਰ ਪਿਆ ਤੇ ਖੰਨੇ ਸ. ਮਹਿੰਦਰ ਸਿੰਘ ਦੇ ਕਾਰਖਾਨੇ ਵਿਚ ਆ ਰੁਕਿਆ। ਇਹ ਸੱਜਣ ਏਸੇ ਚੋਣ ਵਿਚ ਲੁਧਿਆਣੇ ਦੀ ਪਾਰਲੀਮੈਂਟ ਦੀ ਸੀਟ ਕਾਂਗਰਸ ਦੇ ਸ. ਦਵਿੰਦਰ ਸਿੰਘ ਗਰਚੇ ਤੋਂ ਹਾਰੇ ਸਨ ਤੇ ਨਾਲ ਹੀ ਪ੍ਰਸਿੱਧ ਸਿੱਖ ਵਿਦਵਾਨ ਸ. ਕਪੂਰ ਸਿੰਘ, ਜੋ ਕਿ ਉਸ ਸਮੇਂ ਓਥੋਂ ਐਮ.ਪੀ.ਸਨ, ਲੈ ਬੈਠੇ। ਏਥੇ ਫਿਰ ਜਿੱਤੇ ਹੋਏ ਕਾਂਗਰਸ ਦੇ ਵਿਰੋਧੀ ਐਮ.ਐਲ.ਏ. ਇਕੱਠੇ ਕੀਤੇ ਗਏ। 53 ਮੈਂਬਰਾਂ ਦੇ ਦਸਤਖ਼ਤ ਕਰਵਾ ਲਏ ਗਏ। ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਹੇਠ 53 ਮੈਂਬਰਾਂ ਦੀ ਮੀਟਿੰਗ ਕਰਕੇ, ਯੂਨਾਈਟਡ ਫ਼ਰੰਟ ਪਾਰਟੀ ਬਣਾ ਕੇ, ਜਸਟਿਸ ਗੁਰਨਾਮ ਸਿੰਘ ਨੂੰ ਲੀਡਰ ਤੇ ਜਨਸੰਘੀ ਡਾ. ਬਲਦੇਵ ਪ੍ਰਕਾਸ਼ ਨੂੰ ਡਿਪਟੀ ਲੀਡਰ ਬਣਾ ਕੇ, 53 ਮੈਂਬਰਾਂ ਦੇ ਦਸਤਖ਼ਤਾਂ ਵਾਲੀ ਚਿਠੀ 8 ਮਾਰਚ ਨੂੰ ਗਵਰਨਰ ਨੂੰ ਦੇ ਦਿਤੀ ਤੇ ਉਸ ਨੇ 9 ਮਾਰਚ ਨੂੰ ਨਵੀਂ ਵਜ਼ਾਰਤ ਨੂੰ ਸਹੁੰ ਚੁਕਾ ਦਿਤੀ। ਇਸ ਨਾਲ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਵਾਲੀ ਕਾਂਗਰਸ ਸਰਕਾਰ ਦਾ, ਪੂਰੇ ਚਾਰ ਮਹੀਨੇ ਤੇ ਅੱਠ ਦਿਨਾਂ ਪਿੱਛੋਂ ਕੀਰਤਨ ਸੋਹਿਲਾ ਪੜ੍ਹਿਆ ਗਿਆ।

ਅਕਾਲੀ ਦਲ ਨੇ ਦੋ ਦਹਾਕਿਆਂ ਦੀ ਕੁਰਬਾਨੀ ਪਿਛੋਂ ਬਣਾਈ ਸਰਕਾਰ ਦੀ ਜ਼ਿੰਮੇਵਾਰੀ, ਪੜ੍ਹਿਆ ਲਿਖਿਆ ਤੇ ਯੋਗ ਸਮਝ ਕੇ, ਜਸਟਿਸ ਗੁਰਨਾਮ ਸਿੰਘ ਦੇ ਹਵਾਲੇ ਕਰ ਦਿਤੀ। ਉਹ ਹਕੂਮਤ ਚਲਾਉਣ ਲੱਗ ਪਿਆ ਤੇ ਉਸ ਦੇ ਆਲ਼ੇ-ਦੁਆਲ਼ੇ ਵਾਲੇ ਸੱਜਣ ਸੱਤਾ ਸੁਖ ਮਾਨਣ; ਅਤੇ ਜੇਲ੍ਹਾਂ ਤੇ ਡਾਂਗਾਂ ਖਾਣ ਵਾਲੇ ਅਕਾਲੀ ਵਰਕਰ ਸੜਕਾਂ 'ਤੇ ਫਿਰਨ।

ਇਸ ਸਮੇਂ ਸੰਤ ਜੀ ਨੇ ਮੋਰਚਿਆਂ, ਵਰਤਾਂ, ਚੋਣਾਂ ਆਦਿ ਦੇ ਝਮੇਲਿਆਂ ਤੋਂ ਵੇਹਲੇ ਹੋ ਕੇ ਧਾਰਮਿਕ ਤੇ ਸਿਆਸੀ ਲੇਖ ਲਿਖਣੇ ਸ਼ੁਰੂ ਕਰ ਦਿਤੇ। ਇਨ੍ਹਾਂ ਲੇਖਾਂ ਵਿਚੋਂ ਦੋ ਮੈਨੂੰ ਯਾਦ ਹਨ: ਇੱਕ ਵਿਚ ਤਾਂ ਉਨ੍ਹਾਂ ਨੇ ਆਪਣੀ ਸਰਕਾਰ ਦੀ ਤੁਲਨਾ ਮਹਾਂ ਭੋਲ਼ੇ (ਸ਼ਿਵ ਜੀ) ਦੇ ਟੱਬਰ ਨਾਲ ਕੀਤੀ। ਦੂਜਾ ਲੇਖ ਕਦੀ ਨਾ ਜਿੱਤ ਸਕਣ ਵਾਲੇ ਆਗੂਆਂ ਨੂੰ ਇਸ ਚੋਣ ਵਿਚ ਜਿਤਾ ਦੇਣ ਬਾਰੇ ਸੀ।

ਮਹਾਂ ਭੋਲ਼ੇ ਦੇ ਟੱਬਰ ਦੀ ਵਾਰਤਾ ਸੰਤ ਜੀ ਇਉਂ ਸੁਣਾਉਂਦੇ ਸਨ:

ਸ਼ਿਵ ਜੀ ਦੀ ਪਤਨੀ ਪਾਰਬਤੀ, ਜੋ ਸ਼ਿਵ ਜੀ ਦੀਆਂ ਜਟਾਂ ਵਿਚ ਨਿਵਾਸ ਰੱਖਣ ਵਾਲੀ ਗੰਗਾ ਨੂੰ ਆਪਣੀ ਸੌਂਕਣ ਸਮਝਦੀ ਹੈ, ਵੇਖ ਨਹੀਂ ਸੁਖਾਂਦੀ। ਪਾਰਬਤੀ ਦੀ ਸਵਾਰੀ ਸ਼ੇਰ ਅਤੇ ਸ਼ਿਵ ਜੀ ਦੀ ਸਵਾਰੀ ਬੌਲ਼ਦ, ਜੋ ਕਿ ਸ਼ੇਰ ਦਾ ਖਾਜਾ ਹੈ। ਪੁੱਤਰ ਗਣੇਸ਼ ਦੀ ਸਵਾਰੀ ਚੂਹਾ ਜੋ ਸ਼ਿਵ ਦੇ ਗਲ਼ ਵਿਚਲੇ ਸੱਪ ਦੀ ਖ਼ੁਰਾਕ ਹੈ। ਦੂਜੇ ਪੁੱਤਰ ਕਾਰਤਿਕ ਦੀ ਸਵਾਰੀ ਮੋਰ ਹੈ ਜੋ ਸੱਪ ਦਾ ਵੈਰੀ ਹੈ। ਅਜਿਹੇ ਪਰਵਾਰ ਨੂੰ ਇਕੱਠਾ ਰੱਖਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਹ ਮਿਸਾਲ ਦੇ ਕੇ ਹਾਸੇ ਦੇ ਰਉਂ ਵਿਚ ਸੰਤ ਜੀ ਆਖਦੇ ਸਨ:

ਜਨਸੰਘੀਆਂ ਤੇ ਅਕਾਲੀਆਂ ਦੀ ਦਹਾਕਿਆ ਤੋਂ, ਪੰਜਾਬੀ ਸੂਬੇ ਤੇ ਪੰਜਾਬੀ ਬੋਲੀ ਦੇ ਮਸਲੇ 'ਤੇ ਚੱਲੀ ਆ ਰਹੀ ਇੱਕ ਦੂਜੇ ਦੀ ਵਿਰੋਧਤਾ, ਪਰਗਟ ਹੈ। ਫਿਰ ਦੋਹਾਂ ਅਕਾਲੀ ਦਲਾਂ ਦਾ ਸੌਂਕੜ ਸਾੜਾ ਵੀ ਕੋਈ ਛੁਪੀ ਕਹਾਣੀ ਨਹੀਂ। ਦੋਵੇਂ ਕਮਿਊਨਿਸਟ ਪਾਰਟੀਆਂ, ਜਨਸੰਘ ਤੇ ਅਕਾਲੀ ਦਲ ਦੇ ਵਿਰੁਧ ਹੋਣ ਦੇ ਨਾਲ ਆਪਸ ਵਿਚ ਵੀ ਸ਼ਰੀਕਾ ਕਰਦੀਆਂ ਸਨ। ਰੀਪਬਲਿਕਨ ਕਿਸੇ ਨਾਲ ਵੀ ਨਾ ਸਾਂਝੇ। ਨੌਂ ਆਜ਼ਾਦਾਂ ਦੀਆਂ ਨੌਂ ਪਾਰਟੀਆਂ। ਇਸ ਸਾਰੇ ਸਤਨਾਜੇ ਨੂੰ ਇੱਕ ਪਾਰਟੀ ਵਿਚ ਇਕੱਠੇ ਕਰ ਕੇ, ਤੋਰ ਦਿਤਾ। ਫਿਰ ਦੂਜੀ ਗੱਲ ਉਹ ਕਰਿਆ ਕਰਦੇ ਸਨ ਕਿ ਕਦੀ ਨਾ ਜਿੱਤਣ ਵਾਲਿਆਂ ਨੂੰ ਵੀ ਜਿਤਾ ਦਿਤਾ। ਮਿਸਾਲ ਵਜੋਂ ਸੰਤ ਜੀ ਸ. ਹਰਚਰਨ ਸਿੰਘ ਹੁਡਿਆਰਾ ਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਨਾਂ ਲਿਆ ਕਰਦੇ ਸਨ।

ਮਾਸਟਰ ਅਕਾਲੀ ਦਲ ਦੇ ਪ੍ਰਧਾਨ ਗਿ. ਭੂਪਿੰਦਰ ਸਿੰਘ ਜੀ ਅਕਸਰ ਆਪਣੇ ਭਾਸ਼ਨਾਂ ਵਿਚ ਆਖਿਆ ਕਰਦੇ ਸਨ ਕਿ ਉਨ੍ਹਾਂ ਨੇ ਵੀਹ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦਾ 'ਚੋਰ' ਪਕੜੀ ਰੱਖਿਆ ਅਰਥਾਤ ਉਹ ਮੁਖ ਗ੍ਰੰਥੀ ਦੀ ਸੇਵਾ ਤਿਆਗ ਕੇ ਸਿਆਸਤ ਵਿਚ ਆਏ। ਯਾਦ ਰਹੇ ਕਿ ਗਿਆਨੀ ਜੀ ਦਾ ਪਿਛੋਕੜ ਕਸ਼ਮੀਰ ਦਾ ਹੋਣ ਕਰਕੇ ਉਹ ਕਨੌੜਾ ਨਹੀਂ ਸਨ ਉਚਾਰ ਸਕਦੇ ਤੇ ਇਸ ਦੀ ਥਾਂ ਹੋੜਾ ਹੀ ਬੋਲਦੇ ਸਨ। ਮੁਖ ਗ੍ਰੰਥੀ ਦੀ ਸੇਵਾ ਛੱਡਣ ਨੂੰ ਉਹ ਪੰਥ ਲਈ ਕੀਤੀ ਗਈ ਬੜੀ ਵੱਡੀ ਕੁਰਬਾਨੀ ਦਰਸਾਇਆ ਕਰਦੇ ਸਨ। ਸੰਤ ਜੀ ਨੇ ਉਨ੍ਹਾਂ ਦੇ ਚੌਰ ਨੂੰ ਚੋਰ ਉਚਾਰਨ ਦਾ ਮੌਜੂ ਉਡਾਉਂਦਿਆਂ ਆਖਿਆ, "ਭਾਈ ਫਿਰ ਛੱਡ ਕਾਹਨੂੰ ਦਿਤਾ; ਪੁਲਸ ਨੂੰ ਫੜਾਉਣਾ ਸੀ।" ਇੱਕ ਵਾਰੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਦੌਰਾਨ ਗਿਆਨੀ ਜੀ ਨੇ ਬਿਆਨ ਦਿਤਾ, "ਬਹੂਮੱਤ ਅਸਾਡੇ ਨਾਲ ਹੈ।" ਗਿਆਨੀ ਜੀ ਬਹੁਮੱਤ ਨੂੰ ਬਹੂਮੱਤ ਉਚਾਰਦੇ ਸਨ। ਇਸ ਦੇ ਜਵਾਬ ਵਿਚ ਸੰਤ ਜੀ ਨੇ ਆਖਿਆ, "ਗਿਆਨੀ ਜੀ ਠੀਕ ਆਖ ਰਹੇ ਹਨ। ਉਨ੍ਹਾਂ ਦੀ ਬਹੂ ਦਾ ਮੱਤ ਉਨ੍ਹਾਂ ਦੇ ਨਾਲ ਹੀ ਹੈ। ਜਿਥੋਂ ਤੱਕ ਮੈਂਬਰਾਂ ਦਾ ਸਵਾਲ ਹੈ, ਉਹ ਸਾਡੇ ਨਾਲ ਹਨ।"

ਉਨ੍ਹਾਂ ਦਿਨਾਂ ਵਿਚ ਸੰਤ ਜੀ ਦੀ ਗੁੱਡੀ ਅਸਮਾਨੇ ਚੜ੍ਹੀ ਹੋਈ ਸੀ ਤੇ ਉਨ੍ਹਾਂ ਦੀਆਂ ਕੁੱਤੀਆਂ ਆਕਾਸ਼ ਵਿਚ ਭੌਂਕਦੀਆਂ ਸਨ।

ਇਹ ਤਾਂ ਸੀ ਮੇਰੇ ਸਮੇਂ ਤੇ ਸਾਹਮਣੇ ਵਾਪਰੇ ਕੁੱਝ ਹਾਲਾਤ ਦਾ ਅਤੀ ਸੰਖੇਪ ਵਰਣਨ। ਹੁਣ ਉਨ੍ਹਾਂ ਦੇ ਜੀਵਨ ਬਾਰੇ ਕੁੱਝ ਗੱਲ ਕਰ ਲਈਏ:

ਸੰਤ ਜੀ ਦਾ ਜਨਮ 27 ਅਕਤੂਬਰ 1911 ਨੂੰ, ਜ਼ਿਲ੍ਹਾ ਬਠਿੰਡਾ ਦੀ ਤਹਿਸੀਲ ਰਾਮਪੁਰਾ ਫੂਲ਼ ਦੇ ਪਿੰਡ ਬਦਿਆਲਾ ਵਿਚ, ਸ. ਚੰਨਣ ਸਿੰਘ ਕਿਸਾਨ ਦੇ ਘਰ ਹੋਇਆ। ਉਨ੍ਹਾਂ ਦੇ ਛੋਟੇ ਭਰਾ ਦਾ ਨਾਂ ਸ. ਮੁਖਤਿਆਰ ਸਿੰਘ ਤੇ ਉਨ੍ਹਾਂ ਦੀਆਂ ਭੈਣਾਂ ਵੀ ਸਨ। ਉਨ੍ਹਾਂ ਨੇ ਕਦੀ ਆਪਣੇ ਪਰਿਵਾਰਕ ਮੈਂਬਰਾਂ ਦਾ ਜ਼ਿਕਰ ਨਹੀਂ ਸੀ ਕੀਤਾ। ਬਚਪਨ ਵਿਚ ਪਿਤਾ ਦੀ ਰਜ਼ਾਮੰਦੀ ਨਾਲ ਸਿੱਖ ਵਿਦਵਾਨ ਸੰਤ ਈਸ਼ਰ ਸਿੰਘ ਜੀ ਪਾਸੋਂ ਗੁਰਮਤਿ ਦੀ ਵਿੱਦਿਆ ਪੜ੍ਹਨੀ ਸ਼ੁਰੂ ਕੀਤੀ ਤੇ ਫਿਰ ਘਰੋਂ ਬਾਹਰ ਰਮਤੇ ਸਾਧੂਆਂ ਨਾਲ ਹੀ ਵਿਚਰਦੇ, ਗੁਰਮਤਿ ਦੀ ਵਿੱਦਿਆ ਪੜ੍ਹਦੇ ਤੇ ਮਨੁਖਤਾ ਦੀ ਸੇਵਾ ਕਰਦੇ ਰਹੇ। ਪੰਜਾਬ ਦੇ ਪਿੰਡਾਂ ਧਾਲੀਆਂ, ਢੋਲਣ ਆਦਿ ਵਿਚ ਗੁਰਦੁਆਰੇ ਅਤੇ ਸਕੂਲ ਬਣਾਏ। ਬਾਅਦ ਵਿਚ ਜ਼ਿਆਦਾ ਸਮਾਂ ਸੰਤ ਜੀ ਦੀ ਸੇਵਾ ਦਾ ਦਾਇਰਾ ਗੰਗਾਨਗਰ ਦਾ ਇਲਾਕਾ ਹੀ ਰਿਹਾ। ਇਸ ਕਰਕੇ ਇਨ੍ਹਾਂ ਦੇ ਨਾਂ ਨਾਲ, ਉਸ ਸਮੇਂ ਦੇ ਰਿਵਾਜ ਅਨੁਸਾਰ, ਤਖੱਲਸ ਵਜੋਂ 'ਗੰਗਾਨਗਰ' ਜੁੜ ਗਿਆ। ਉਨ੍ਹਾਂ ਦਾ ਸਾਰਾ ਜੀਵਨ ਹੀ 1960 ਤੱਕ ਸੇਵਾ ਸਿਮਰਨ, ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਅਪਾਹਜ, ਯਤੀਮ, ਗ਼ਰੀਬ ਬੱਚਿਆਂ ਦੀ ਹਰ ਪ੍ਰਕਾਰ ਪਾਲਣਾ ਕਰਨੀ। ਗੁਰਦੁਆਰੇ, ਸਕੂਲ, ਕਾਲਜ, ਸੜਕਾਂ ਆਦਿ ਉਸਾਰਨੇ ਰਿਹਾ। ਚਾਰ ਚੁਫੇਰੇ ਰੇਗਿਸਤਾਨ ਵਿਚ ਘਿਰੇ, ਬੁੱਢਾ ਜੌਹੜ ਗੁਰਦੁਆਰੇ ਦੀ ਸਥਾਪਨਾ ਕੀਤੀ। ਇਹ ਉਹ ਇਤਿਹਾਸਕ ਸਥਾਨ ਹੈ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਮੱਸੇ ਰੰਘੜ ਦਾ ਸਿਰ ਵਢ ਕੇ, ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ, ਜਥੇਦਾਰ ਬੁੱਢਾ ਸਿੰਘ ਦੇ ਚਰਨਾਂ ਵਿਚ ਜਾ ਕੇ ਸੁੱਟਿਆ ਸੀ। ਏਥੇ ਨਿਹੰਗ ਸਿੰਘਾਂ ਦਾ ਕਬਜ਼ਾ ਹੁੰਦਾ ਸੀ ਤੇ ਉਹ ਕਦੀ ਕਦੀ ਦਲ ਸਮੇਤ ਏਥੇ ਆਇਆ ਕਰਦੇ ਸਨ ਤੇ ਇੱਕ ਉਨ੍ਹਾਂ ਦਾ ਸਿੰਘ ਏਥੇ ਰਿਹਾ ਕਰਦਾ ਸੀ। ਜਦੋਂ ਸੰਤ ਜੀ ਨੇ ਇਸ ਸਥਾਨ ਦੀ ਸੇਵਾ ਆਰੰਭੀ ਤਾਂ ਉਸ ਵੱਲੋਂ ਵੀ ਵਿਰੋਧਤਾ ਹੋਈ; ਬਾਕੀ ਆਲ਼ੇ ਦੁਆਲ਼ੇ ਦੀ ਬਿਸ਼ਨੋਈ ਜਨਤਾ ਵੱਲੋਂ ਤਾਂ ਹੋਣੀ ਹੀ ਸੀ। ਗੁਰਦੁਆਰਾ ਸਾਹਿਬ ਦਾ ਵਿਸ਼ਾਲ ਹਾਲ ਉਸ ਸਥਾਨ 'ਤੇ ਉਸਾਰ ਦਿਤਾ ਜਿਥੇ ਨਾ ਕੋਈ ਰੇਲ, ਨਾ ਸੜਕ ਤੇ ਨਾ ਹੀ ਕੋਈ ਹੋਰ ਵਸੀਲਾ ਜਾਣ ਲਈ ਸੀ। ਏਨਾ ਮਟੀਰੀਅਲ ਏਥੇ ਗੱਡਿਆਂ, ਰੇਹੜਿਆਂ ਆਦਿ 'ਤੇ ਹੀ ਢੋਇਆ ਗਿਆ। ਇਸ ਵੱਡੇ ਕਾਰਜ ਦੀ ਗੂੰਜ ਰਾਜਸਥਾਨ ਅਸੈਂਬਲੀ ਵਿਚ ਵੀ ਪਈ। ਆਪੋਜ਼ੀਸ਼ਨ ਨੇ ਰੌਲ਼ਾ ਪਾਇਆ ਕਿ ਜੇ ਇੱਕ ਸਾਧ ਏਡਾ ਵੱਡਾ ਕਾਰਜ ਕਰ ਸਕਦਾ ਹੈ ਤਾਂ ਸਰਕਾਰ ਕਿਉਂ ਨਹੀਂ ਕੋਈ ਚੰਗਾ ਕੰਮ ਕਰ ਸਕਦੀ! ਸਾਰਾ ਸਥਾਨ ਸੰਤ ਜੀ ਨੇ ਮੁੱਲ ਲੈ ਕੇ ਸਰੋਵਰ, ਵਿਸ਼ਾਲ ਗੁਰਦੁਆਰਾ, ਬਾਗ ਬਗੀਚਾ ਲਾਇਆ ਤੇ ਖ਼ਰੀਦੀ ਜ਼ਮੀਨ ਵਿਚ ਖੇਤੀ ਦਾ ਕਾਰਜ ਸ਼ੁਰੂ ਕੀਤਾ। ਓਥੇ ਗੁਰਮਤਿ ਵਿਦਿਆਲਾ ਵੀ ਆਰੰਭਿਆ ਜਿਥੇ ਗ਼ਰੀਬ ਬੱਚਿਆਂ ਨੂੰ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਵਾਈ ਜਾਂਦੀ ਸੀ। 1960 ਤੱਕ ਪੰਜਾਬ ਤੇ ਪੈਪਸੂ ਦੀਆਂ ਅਕਾਲੀ ਦਲ ਦੀਆਂ ਸਿਆਸੀ ਸਰਗਰਮੀਆਂ ਵਿਚ ਸੰਤ ਜੀ ਅਤੇ ਰਾਜਸਥਾਨ ਦੇ ਸਿੱਖਾਂ ਦੀ ਨੁਮਾਇੰਦਗੀ, ਸੰਤ ਜੀ ਦੇ ਸਾਥੀ ਸੰਤ ਚੰਨਣ ਸਿੰਘ ਹੀ ਕਰਿਆ ਕਰਦੇ ਸਨ। ਵੈਸੇ ਹਰੇਕ ਪੰਥਕ ਮੋਰਚੇ ਵਿਚ ਆਪ ਜੀ ਜਥੇ ਸਮੇਤ ਗ੍ਰਿਫ਼ਤਾਰੀ ਦੇ ਕੇ ਜੇਲ੍ਹ ਯਾਤਰਾ ਲਈ ਹਮੇਸ਼ਾਂ ਜਾਂਦੇ ਰਹਿੰਦੇ ਸਨ। ਪੈਪਸੂ ਵਿਚ ਮਾਮਾ ਭਾਣਜਾ ਵਜ਼ਾਰਤ ਦੇ ਖ਼ਿਲਾਫ਼ ਪਟਿਆਲੇ ਵਿਚ ਜੇਲ੍ਹ ਕੱਟੀ। ਫਿਰ ਪਚਵੰਜਾ ਦੇ ਮੋਰਚੇ ਸਮੇਂ, ਅਸ਼ਵਨੀ ਕੁਮਾਰ ਦੀ ਅਗਵਾਈ ਹੇਠ, ਚਾਰ ਜੁਲਾਈ ਦੀ ਰਾਤ ਨੂੰ ਜਦੋਂ ਪੁਲਸ ਨੇ ਹਮਲਾ ਕੀਤਾ ਤਾਂ ਉਸ ਸਮੇਂ ਵੀ ਸੰਤ ਜੀ ਆਪਣੇ ਸਾਥੀਆਂ ਸਮੇਤ, ਗੁਰੂ ਰਾਮਦਾਸ ਸਰਾਂ ਵਿਚ ਠਹਿਰੇ, ਗ੍ਰਿਫ਼ਤਾਰੀ ਦੇਣ ਲਈ ਆਪਣੀ ਵਾਰੀ ਦੀ ਉਡੀਕ ਵਿਚ ਸਨ ਕਿ ਬਾਕੀ ਯਾਤਰੂਆਂ ਤੇ ਵਰਕਰਾਂ ਨਾਲ ਇਨ੍ਹਾਂ ਨੂੰ ਵੀ ਅੜੁੰਬ ਲਿਆ ਗਿਆ ਤੇ ਜੇਲ੍ਹ ਲਿਜਾ ਸੁੱਟਿਆ।

ਸੰਤ ਜੀ ਜਦੋਂ ਵੀ ਕੋਈ ਵਿੱਦਿਆ ਮੰਦਰ, ਧਰਮ ਮੰਦਰ ਜਾਂ ਕਿਸੇ ਹੋਰ ਇਮਾਰਤ ਦੀ ਉਸਾਰੀ ਕਰਦੇ ਤਾਂ ਮਜ਼ਦੂਰ ਤੋਂ ਲੈ ਕੇ ਆਰਕੀਟੈਕਟ ਦੇ ਕਾਰਜ ਵਿਚ ਖ਼ੁਦ ਹੱਥੀਂ ਹਿੱਸਾ ਪਾਉਂਦੇ ਸਨ। ਨਕਸ਼ਾ ਨਵੀਸਾਂ ਨੂੰ ਆਪ ਦੱਸ ਕੇ ਕਾਰਜ ਕਰਵਾਉਂਦੇ ਸਨ। ਚੂਨਾ ਪੀਹਣ, ਸੀਮੈਂਟ ਰਲਾਉਣ ਆਦਿ ਸਾਰੇ ਕਾਰਜ ਬਾਕੀਆਂ ਨਾਲ ਰਲ਼ ਕੇ ਖ਼ੁਦ ਕਰਦੇ ਸਨ।

ਸਰੀਰਕ ਤੌਰ 'ਤੇ ਉਹ ਏਨੇ ਤਕੜੇ ਸਨ ਕਿ ਉਨ੍ਹਾਂ ਦੇ ਸਾਥੀਆਂ ਵਿਚੋਂ ਸਭ ਤੋਂ ਵਧ ਸਰੀਰਕ ਸ਼ਕਤੀ ਦੇ ਮਾਲਕ, ਭਾਈ ਬੱਗਾ ਸਿੰਘ ਵੀ, ਉਨ੍ਹਾਂ ਦੀ ਉਪਰ ਚੁੱਕੀ ਹੋਈ ਬਾਂਹ ਨੂੰ ਨਿਵਾ ਨਹੀਂ ਸਨ ਸਕਦੇ। ਅਖੀਰਲੇ ਸਮੇਂ ਸੰਤ ਜੀ ਮੁਟਾਪੇ ਸਮੇਤ ਬਹੁਤ ਸਾਰੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਏ ਸਨ। ਮੁੱਖ ਕਾਰਨ ਇਹ ਸੀ ਕਿ ਖ਼ੁਰਾਕ ਤਾਂ ਉਨ੍ਹਾਂ ਦੀ ਭਲਵਾਨਾਂ ਵਾਲੀ ਰਹੀ ਪਰ 1960 ਦੇ ਮੋਰਚੇ ਨੂੰ ਚਲਾਉਣ ਲਈ, ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜਵੇਂ ਮਕਾਨ ਵਿਚ, ਲੰਮੇ ਸਮੇਂ ਲਈ ਇੱਕ ਥਾਂ ਬੰਦ ਹੋ ਕੇ ਰਹਿਣਾ ਪਿਆ। ਸਰੀਰਕ ਸ਼ਕਤੀ ਵਰਤਣ ਲਈ ਸਮਾਂ ਨਾ ਰਹਿ ਗਿਆ ਤੇ ਸਾਰੀ ਕੌਮ ਦੀ ਸਰਕਾਰ ਨਾਲ ਸ਼ਾਂਤਮਈ ਲੜਾਈ ਦਾ ਫਿਕਰ ਵੱਖਰਾ ਪਿਆ ਰਿਹਾ। ਭੁੱਖ ਹੜਤਾਲਾਂ ਦਾ ਵੀ ਸਰੀਰ ਉਪਰ ਮਾਰੂ ਅਸਰ ਹੋਇਆ। ਮੁੜ ਉਨ੍ਹਾਂ ਦਾ ਸਰੀਰ ਉਸ ਤਾਬ 'ਤੇ ਨਾ ਆ ਸਕਿਆ। ਪਿਛਲੀ ਉਮਰ ਵਿਚ ਹੋਰ ਰੋਗਾਂ ਦੇ ਨਾਲ ਨਾਲ ਸ਼ੂਗਰ ਦੀ ਬਿਮਾਰੀ ਨੇ ਵੀ ਘੇਰ ਲਿਆ।

ਦਲੇਰ ਵੀ ਬਹੁਤ ਸਨ ਸੰਤ ਜੀ। ਉਨ੍ਹਾਂ ਨੇ ਮੈਨੂੰ ਆਪ ਦੱਸਿਆ ਸੀ ਕਿ ਜਵਾਨੀ 'ਚ ਜਦੋਂ ਉਹ ਰਾਤ ਸਮੇਂ ਬਾਹਰ ਝਾੜਾਂ, ਜੰਗਲਾਂ, ਉਜਾੜਾਂ ਵਿਚ ਭਗਤੀ ਕਰਿਆ ਕਰਦੇ ਸਨ ਤਾਂ ਕਦੀ ਕਦੀ ਦਰੱਖ਼ਤਾਂ, ਟਿੱਬਿਆਂ ਆਦਿ ਨੂੰ ਵੇਖ ਕੇ, ਭੂਤ ਸਮਝ ਕੇ ਡਰ ਜਾਣਾ ਤਾਂ ਸਿੱਧੇ ਉਸ ਡਰ ਵਾਲੇ ਥਾਂ ਨੂੰ ਹੀ ਜਾਣਾ ਓਥੇ ਪਹੁੰਚ ਕੇ ਵੇਖਣਾ ਕਿ ਜਿਸ ਨੂੰ ਭੂਤ ਸਮਝ ਕੇ ਮਨ ਡਰ ਮੰਨਦਾ ਸੀ ਉਹ ਤਾਂ ਕੇਵਲ ਝਾੜੀ ਹੀ ਸੀ। ਜਾਨਣਾ ਕਿ ਡਰ ਕੇਵਲ ਮਨ ਦਾ ਭੁਲੇਖਾ ਹੀ ਹੁੰਦਾ ਹੈ। ਇਸ ਤਰ੍ਹਾਂ ਖ਼ਤਰੇ ਨੂੰ ਸਿੱਧੇ ਮੱਥੇ ਮਿਲਣ ਕਰਕੇ ਹੌਲ਼ੀ ਹੌਲ਼ੀ ਮਨ ਦੇ ਡਰ ਉਪਰ ਕਾਬੂ ਪਾ ਲਿਆ।

ਆਪਣਾ ਹਰੇਕ ਵਿਖਿਆਨ ਉਹ ਕੀਰਤਨ ਦੁਆਰਾ ਹੀ ਸ਼ੁਰੂ ਕਰਿਆ ਕਰਦੇ ਸਨ। ਉਨ੍ਹਾਂ ਦੁਆਰਾ ਉਨ੍ਹੀਂ ਦਿਨੀਂ ਗਾਇਆ ਗਿਆ ਸ਼ਬਦ, "ਜਿਸ ਦਾ ਸਾਹਿਬ ਡਾਢਾ ਹੋਇ॥ ਤਿਸ ਨੋ ਮਾਰ ਨ ਸਾਕੈ ਕੋਇ॥" ਬਹੁਤ ਹੀ ਪ੍ਰਸਿਧ ਹੋਇਆ। ਪਹਿਲਾਂ ਇੱਕ ਸ਼ਬਦ ਦਾ ਕੀਰਤਨ ਕਰਨਾ ਫਿਰ ਹੌਲ਼ੀ ਹੌਲ਼ੀ, ਪੋਲੀ ਪੋਲੀ ਆਵਾਜ਼ ਵਿਚ ਭਾਸ਼ਨ ਸ਼ੁਰੂ ਕਰਨਾ। ਜਿਵੇਂ ਜਿਵੇਂ ਸਮਾਂ ਬੀਤਣਾ ਆਵਾਜ਼ ਉਚੀ ਹੁੰਦੀ ਜਾਣੀ। ਆਪਣੇ ਭਾਸ਼ਨ ਵਿਚ ਉਹ ਹਮੇਸ਼ਾਂ ਹਾਸੇ ਦੀ ਚਾਸ਼ਣੀ ਦਾ ਖ਼ੂਬਸੂਰਤ ਰਲੇਵਾਂ ਕਰਿਆ ਕਰਦੇ ਸਨ। ਵਿਰੋਧੀ ਦੀ ਦਲੀਲ ਨੂੰ ਹੀ ਉਲਟ ਕੇ ਉਸ ਉਪਰ ਵਰਤ ਲਿਆ ਕਰਦੇ ਸਨ। ਇਸ ਨੂੰ ਆਪਣੀ ਆਮ ਗੱਲ ਬਾਤ ਸਮੇਂ ਸੰਤ ਜੀ 'ਊਸ਼ਟਲਸ਼ਟਿਕ ਨਿਆਇ ਅਲੰਕਾਰ' ਆਖਿਆ ਕਰਦੇ ਸਨ। ਸੰਤ ਜੀ ਦੀ ਹਰ ਗੱਲ ਵਿਚ ਹਾਸ ਰਸ ਮਿਲ਼ਿਆ ਹੁੰਦਾ ਸੀਮ ਜੋ ਏਨਾ ਸੂਖਮ ਹੁੰਦਾ ਸੀ ਕਿ ਉਹ ਹਾਸ ਰਸ ਨਾ ਰਹਿ ਕੇ ਵਿਅੰਗ ਦਾ ਰੂਪ ਹੋ ਨਿੱਬੜਦਾ ਸੀ। ਕਦੀ ਵੀ ਉਹ ਨਾ ਆਪ ਢਹਿੰਦੀਕਲਾ ਵਿਚ ਹੁੰਦੇ ਸਨ ਤੇ ਨਾ ਹੀ ਸਾਥੀਆਂ ਨੂੰ ਇਸ ਅਵਸਥਾ ਵਿਚ ਜਾਣ ਦਿੰਦੇ ਸਨ।

ਆਪਣੀ ਇਲੈਕਸ਼ਨ 'ਸਟ੍ਰੈਟਜੀ' ਬਾਰੇ ਸੰਤ ਜੀ ਨੇ ਇੱਕ ਦਿਨ ਮੈਨੂੰ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੀ ਇੱਕ ਸੀਟ ਜੋ ਸਿਟਿੰਗ ਕਮਿਊਨਿਸਟ ਐਮ.ਐਲ.ਏ. ਸ. ਸੰਪੂਰਨ ਸਿੰਘ ਧਨੌਲਾ ਦੀ ਮੌਤ ਕਾਰਨ ਖਾਲੀ ਹੋਈ ਸੀ, ਦੀ ਜ਼ਿਮਨੀ ਚੋਣ ਸੀ। ਹਮੇਸ਼ਾਂ ਵਾਂਗ ਇਨ੍ਹਾਂ ਚੋਣ ਜਲਸਿਆਂ ਵਿਚ ਸਰਦਾਰ ਕੈਰੋਂ ਨੇ ਸਰਕਾਰੀ ਵਸੀਲੇ ਵਰਤ ਕੇ ਲੋਕਾਂ ਦਾ ਭਾਰੀ ਇਕੱਠ ਕਰਨਾ ਤੇ ਆਪਣੀ ਪਾਰਟੀ ਦਾ ਪ੍ਰਾਪੇਗੰਡਾ ਕਰਨਾ। ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਦਾ ਫੈਸਲਾ ਸੀ ਕਿ ਜਿਸ ਸੀਟ 'ਤੇ ਜੇਹੜੀ ਪਾਰਟੀ ਦਾ ਬੰਦਾ ਜਿੱਤਿਆ ਹੋਵੇ ਜਾਂ ਵੱਧ ਵੋਟਾਂ ਲਈਆਂ ਹੋਣ ਓਥੇ ਉਸ ਪਾਰਟੀ ਦਾ ਉਮੀਦਵਾਰ ਹੀ ਖੜ੍ਹਾ ਕੀਤਾ ਜਾਵੇ ਤੇ ਬਾਕੀ ਸਾਰੀਆਂ ਪਾਰਟੀਆਂ ਉਸ ਉਮੀਦਵਾਰ ਦੀ ਹੀ ਸਹਾਇਤਾ ਕਰਨ ਤਾਂ ਕਿ ਕਾਂਗਰਸ ਦਾ ਰਾਜ ਤੋਂ ਏਕਾਧਿਕਾਰ ਤੋੜਿਆ ਜਾ ਸਕੇ। ਇਸ ਫੈਸਲੇ ਅਨੁਸਾਰ ਏਥੇ ਕਮਿਊਨਿਸਟ ਪਾਰਟੀ ਦਾ ਉਮੀਦਵਾਰ ਚੋਣ ਲੜ ਰਿਹਾ ਸੀ ਤੇ ਬਾਕੀ ਸਾਰੀਆਂ ਪਾਰਟੀਆਂ ਉਸ ਦੀ ਸਹਾਇਤਾ ਕਰ ਰਹੀਆਂ ਸਨ। ਆਪਣੀ 'ਭਾਰੂ ਹੈਸੀਅਤ' ਕਾਰਨ ਇਸ ਚੋਣ ਮੁਹਿੰਮ ਵਿਚ ਸਭ ਤੋਂ ਵੱਧ ਹਿੱਸਾ ਸੰਤ ਜੀ ਹੀ ਪਾ ਰਹੇ ਸਨ। ਇੱਕ ਦਿਨ ਉਨ੍ਹਾਂ ਦੱਸਿਆ ਕਿ ਜਦੋਂ ਕਾਂਗਰਸ ਦੇ ਜਲਸੇ ਵਿਚ ਕੈਰੋਂ ਦਾ ਭਾਸ਼ਨ ਹੋ ਰਿਹਾ ਹੋਣਾ ਤਾਂ ਅਸੀਂ ਆਪਣੀ ਕਾਰ ਹੌਲ਼ੀ ਹੌਲ਼ੀ ਸਟੇਜ ਦੇ ਪਿੱਛੇ ਲੈ ਜਾਣੀ। ਜਦੋਂ ਸਰਦਾਰ ਕੈਰੋਂ ਨੇ 'ਜੈ ਹਿੰਦ' ਆਖ ਕੇ ਆਪਣੀ ਸਪੀਚ ਖ਼ਤਮ ਕਰਨੀ ਤਾਂ ਮੈਂ ਸਟੇਜ 'ਤੇ ਚੜ੍ਹ ਜਾਣਾ ਤੇ ਆਖਣਾ, "ਭਰਾਓ ਤੁਸੀਂ ਸਰਕਾਰ ਦਾ ਪੱਖ ਸੁਣ ਲਿਆ ਹੈ। ਹੁਣ ਮੇਰੀ ਵੀ ਗੱਲ ਸੁਣ ਕੇ ਜਾਣਾ। ਲੋਕਾਂ ਨੇ ਸੁਣਨ ਲਈ ਬੈਠੇ ਰਹਿਣਾ ਤੇ ਮੈਂ ਆਪਣਾ ਪੱਖ ਦੱਸ ਕੇ ਲੋਕਾਂ ਦੇ ਵਿਚਾਰ ਬਦਲ ਦੇਣੇ।

ਸੀਟ ਤਾਂ ਸਰਕਾਰੀ ਸ਼ਕਤੀ ਨਾਲ ਸਰਦਾਰ ਕੈਰੋਂ ਨੇ ਜਿੱਤ ਲਈ ਪਰ ਉਹ ਸੰਤ ਜੀ ਦੇ ਅਜਿਹੇ ਵਤੀਰੇ ਕਰਕੇ ਏਨਾ ਖਿਝ ਗਿਆ ਕਿ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਆਖ ਕੇ, ਸ਼੍ਰੋਮਣੀ ਕਮੇਟੀ ਵਿਚ ਪ੍ਰਧਾਨ ਦੇ ਖ਼ਿਲਾਫ਼ ਬੇਪਰਤੀਤੀ ਦਾ ਨੋਟਿਸ ਦਿਵਾ ਦਿਤਾ ਤੇ ਆਪਣਾ ਸਾਰਾ ਜ਼ੋਰ ਸੰਤ ਜੀ ਨੂੰ ਹਰਾਉਣ 'ਤੇ ਲਾ ਦਿਤਾ। ਕੋਈ ਵੀ ਕਸਰ ਨਾ ਛੱਡੀ ਪਰ ਸੰਤ ਜੀ ਦਾ ਸਿਤਾਰਾ ਅਜੇ ਦਸ ਕੁ ਸਾਲ ਹੋਣ ਚਮਕਣਾ ਸੀ। 2 ਜੂਨ ਨੂੰ ਬੇਪਰਤੀਤੀ ਦੇ ਨੋਟਿਸ ਦਾ ਫੈਸਲਾ ਹੋਣਾ ਸੀ ਤੇ 27 ਮਈ ਨੂੰ ਪੰਡਿਤ ਨਹਿਰੂ ਦੀ ਮੌਤ ਹੋ ਗਈ। ਸਰਦਾਰ ਕੈਰੋਂ ਦੀ ਸ਼ਕਤੀ ਦਾ ਸੰਪੂਰਨ ਸੋਮਾ ਪੰਡਿਤ ਨਹਿਰੂ ਹੀ ਸੀ। ਉਸ ਦੀ ਮੌਤ ਕਾਰਨ ਉਸ ਨੂੰ ਖ਼ੁਦ ਹੱਥਾਂ ਪੈਰਾਂ ਦੀ ਪੈ ਗਈ ਤੇ ਉਹ ਸ਼੍ਰੋਮਣੀ ਕਮੇਟੀ ਬਾਰੇ ਆਪਣਾ ਧੱਕਾ ਵਰਤ ਸਕਣ ਦੀ ਜੁਰਅਤ ਨਾ ਕਰ ਸਕਿਆ। ਨਤੀਜੇ ਵਜੋਂ ਬੇਪਰਤੀਤੀ ਦਾ ਮਤਾ ਰੱਦ ਹੋ ਗਿਆ ਤੇ ਸੰਤ ਜੀ ਹੀ ਅਕਾਲੀਆਂ ਦੇ ਆਗੂ ਵਜੋਂ ਆਪਣੀ ਮੌਤ ਤੱਕ ਵਿਚਰਦੇ ਰਹੇ।

ਬਹੁਤ ਸਾਰੀਆਂ ਬੀਮਾਰੀਆਂ ਦਾ ਸ਼ਿਕਾਰ ਹੋਣ ਕਰਕੇ, ਅੰਮ੍ਰਿਤਸਰ ਰਿਹਾਇਸ਼ ਸਮੇਂ ਉਨ੍ਹਾਂ ਦੀ ਰੋਟੀ ਦੋਵੇਂ ਵੇਲ਼ੇ ਡਾ. ਭਗਤ ਸਿੰਘ ਦੇ ਘਰੋਂ ਬਣ ਕੇ ਆਇਆ ਕਰਦੀ ਸੀ ਤੇ ਉਨ੍ਹਾਂ ਦੇ ਸਾਥੀ ਤੇ ਸੇਵਾਦਾਰ ਲੰਗਰ ਵਿਚੋਂ ਰੋਟੀ ਖਾਇਆ ਕਰਦੇ ਸਨ। ਇੱਕ ਦਿਨ ਮੈਨੂੰ ਆਖਣ ਲੱਗੇ ਕਿ ਸਾਡੇ ਸਾਥੀ ਲੰਗਰ ਵਿਚੋਂ ਪ੍ਰਸ਼ਾਦਾ ਛਕਦੇ ਨੇ। ਇਹ ਸ਼ਾਇਦ ਕਮੇਟੀ ਦੇ ਤਨਖਾਹਦਾਰ ਮੁਲਾਜ਼ਮਾਂ ਵਾਸਤੇ ਚੰਗੀ ਮਿਸਾਲ ਨਾ ਹੋਵੇ। ਯਾਦ ਰਹੇ ਕਿ ਸੰਤ ਫ਼ਤਿਹ ਸਿੰਘ ਜੀ ਨਾਲ ਸਾਰੇ ਸਾਥੀ ਬਿਨਾ ਤਨਖਾਹ ਹੀ ਸੇਵਾ ਕਰਦੇ ਸਨ। ਮੈਂ ਭਾਵੇਂ ਸ਼੍ਰੋਮਣੀ ਕਮੇਟੀ ਦਾ ਤਨਖਾਹਦਾਰ ਮੁਲਾਜ਼ਮ ਸਾਂ ਪਰ ਜਿੰਨਾ ਚਿਰ ਸੰਤ ਜੀ ਦੀ ਸੇਵਾ ਵਿਚ ਰਿਹਾ ਸ਼੍ਰੋਮਣੀ ਕਮੇਟੀ ਤੋਂ ਮੈ ਛੁੱਟੀ ਲੈ ਰੱਖੀ ਸੀ। ਮੈਂ ਆਖਿਆ ਕਿ ਤੁਸੀਂ ਆਪਣੀ ਅਗਵਾਈ ਤੇ ਕੁਰਬਾਨੀ ਨਾਲ ਵਾਹਗੇ ਤੋਂ ਸ਼ੰਭੂ ਤੱਕ ਪੰਜਾਬੀ ਸੂਬੇ ਦੇ ਰੂਪ ਵਿਚ ਵਿਸ਼ਾਲ ਗੁਰਦੁਆਰਾ ਬਣਾ ਦਿਤਾ ਹੈ। ਕੀ ਤੁਹਾਡੇ ਸੇਵਾਦਾਰ ਲੰਗਰ ਵਿਚੋਂ ਰੋਟੀ ਵੀ ਨਹੀਂ ਖਾ ਸਕਦੇ! ਸੰਤ ਜੀ ਨੇ ਮੇਰੇ ਵਿਚਾਰ ਨਾਲ ਸਹਿਮਤੀ ਪ੍ਰਗਟਾਈ।

ਕਦੀ ਵੀ ਸੰਤ ਜੀ ਆਪਣੀ ਵਿਰੋਧਤਾ ਜਾਂ ਵਿਰੋਧੀ ਹਾਲਾਤ ਦਾ ਆਪਣੇ ਉਪਰ ਮਾੜਾ ਅਸਰ ਨਹੀਂ ਸਨ ਪੈਣ ਦਿੰਦੇ। ਮਿਸਾਲ ਵਜੋਂ: ਇੱਕ ਵਾਰੀ ਜਦੋਂ ਪੰਜਾਬ ਅਸੈਂਬਲੀ ਦੀ ਗਵਰਨਰ ਵਾਲੀ ਗੈਲਰੀ ਵਿਚ ਸੰਤ ਜੀ ਆਪਣੇ ਕੁੱਝ ਸਾਥੀਆਂ ਨਾਲ ਬੈਠੇ ਸਭਾ ਦੀ ਕਾਰਵਾਈ ਵੇਖ ਰਹੇ ਸਨ ਤਾਂ ਆਪ ਜੀ ਦੇ ਹੱਥ ਵਿਚ ਵਡੀ ਕਿਰਪਾਨ ਵੇਖ ਕੇ, ਇੱਕ ਜਵਾਨ ਕਾਂਗਰਸੀ ਮੈਂਬਰ ਬਲਬੀਰ ਸੈਣੀ ਨੇ ਇਤਰਾਜ਼ ਉਠਾਇਆ। ਪਰ ਸੰਤ ਜੀ ਉਸ ਨੌਜਵਾਨ ਮੈਂਬਰ ਦੇ ਇਤਰਾਜ਼ ਉਪਰ ਗੁੱਸਾ ਕਰਨ ਦੀ ਬਜਾਇ ਬੈਠੇ ਮੁਸਕਰਾਉਂਦੇ ਰਹੇ। ਭਾਵੇਂ ਅਗਲੇ ਦਿਨ ਉਨ੍ਹਾਂ ਨੇ ਵਿਸਥਾਰ ਸਹਿਤ ਇੱਕ ਲੇਖ ਅਖ਼ਬਾਰਾਂ ਵਿਚ ਛਪਵਾ ਦਿਤਾ।

ਇਕ ਹੋਰ ਵਾਕਿਆ 1967 ਦੇ ਨਵੰਬਰ ਮਹੀਨੇ ਦੇ ਚੌਥੇ ਹਫ਼ਤੇ ਦਾ ਹੈ। 22 ਨਵੰਬਰ ਨੂੰ ਸ. ਲਛਮਣ ਸਿੰਘ ਗਿੱਲ ਸਾਂਝੀ ਸਰਕਾਰ ਨੂੰ ਠਿੱਬੀ ਮਾਰ ਕੇ ਖ਼ੁਦ ਮੁਖ ਮੰਤਰੀ ਬਣ ਗਿਆ। ਇਸ ਦਿਨ ਸਰਾਂ ਨੂੰ ਆਉਣ ਸਮੇਂ ਬ੍ਰਹਮ ਬੂਟਾ ਮਾਰਕੀਟ ਵਿਚ ਟ੍ਰੈਫ਼ਿਕ ਪੁਲੀਸਮੈਨ ਨੇ ਸੰਤ ਜੀ ਦੀ ਕਾਰ ਨੂੰ ਹੱਥ ਦੇ ਕੇ ਰੋਕ ਲਿਆ। ਨੌਜਵਾਨ ਡਰਾਈਵਰ ਸਾਢੇ ਕੁ ਅੱਠ ਮਹੀਨੇ ਦੀ ਅਕਾਲੀ ਸਰਕਾਰ ਸਮੇਂ ਪੁਲਿਸ ਵੱਲੋਂ ਮਿਲ਼ਣ ਵਾਲੇ ਸਤਿਕਾਰ ਦਾ ਆਦੀ ਬਣ ਚੁੱਕਿਆ ਸੀ। ਸਰਾਂ ਵਿਚ ਪਹੁੰਚਣ ਉਪ੍ਰੰਤ ਮੈਂ ਵੇਖਿਆ ਕਿ ਡਰਾਈਵਰ ਲੋਹਾ ਲਾਖਾ ਹੋਇਆ ਲਾਲ ਅੱਖਾਂ ਨਾਲ ਪੁਲਿਸ ਵਾਲੇ ਨੂੰ ਬੁਰਾ ਭਲਾ ਬੋਲ ਰਿਹਾ ਸੀ। ਉਸ ਦੇ ਗੁੱਸੇ ਭਰੇ ਬੋਲ਼ ਸੁਣ ਕੇ ਸੰਤ ਜੀ ਮੁਸਕਰਾਈ ਜਾ ਰਹੇ ਸਨ ਤੇ ਕੋਈ ਗੁੱਸੇ ਵਾਲਾ ਪ੍ਰਤੀਕਰਮ ਨਹੀਂ ਸਨ ਦੇ ਰਹੇ। ਇਹ ਡਰਾਈਵਰ ਮੇਰੇ ਮਿੱਤਰ ਸ. ਗੁਰਬਚਨ ਸਿੰਘ ਸਨ ਜੋ ਸੰਤ ਜੀ ਦੀ ਕਾਰ ਚਲਾਉਣ ਦੀ ਬਿਨ ਤਨਖਾਹੋਂ ਸੇਵਾ ਕਰਨ ਦੇ ਨਾਲ ਨਾਲ ਉਨ੍ਹਾਂ ਨਾਲ ਕੀਰਤਨ ਸਮੇਂ ਕਦੇ ਜੋੜੀ ਤੇ ਕਦੇ ਬੈਂਜੋ 'ਤੇ ਸਾਥ ਦਿਆ ਕਰਦੇ ਸਨ। ਗੁਰਬਚਨ ਸਿੰਘ ਬੜਾ ਸੁਰੀਲਾ ਕੀਰਤਨ ਕਰਦੇ ਹਨ ਤੇ ਅੱਜ ਕਲ੍ਹ ਨਿਊ ਯਾਰਕ ਵਿਚ ਨਿਵਾਸ ਰੱਖਦੇ ਹਨ ਤੇ ਭਾਈ ਗੁਰਮੇਲ ਸਿੰਘ ਦੇ ਨਾਲ ਹੀ ਸੰਗਤ ਨੂੰ ਮਨੋਹਰ ਕੀਰਤਨ ਸੁਣਾ ਕੇ ਨਿਹਾਲ ਕਰਦੇ ਹਨ। ਇਨ੍ਹਾਂ ਨਾਲ ਜੋੜੀ ਉਪਰ ਸਾਥ ਭਾਈ ਕੁਲਦੀਪ ਸਿੰਘ ਜੀ ਦਿੰਦੇ ਹਨ। ਕੁੱਝ ਸਮਾਂ ਉਹ ਵੀ ਸੰਤ ਜੀ ਦੇ ਡਾਈਵਰ ਵਜੋਂ ਸੇਵਾ ਨਿਭਾਉਂਦੇ ਰਹੇ ਹਨ। ਤਿੰਨੋਂ ਹੀ ਮੇਰੇ ਮਿੱਤਰ ਹਨ।

1969 ਵਿਚ ਡਾ. ਜਗਜੀਤ ਸਿੰਘ ਦੀ ਚੁੱਕ ਵਿਚ ਆ ਕੇ ਜ. ਦਰਸ਼ਨ ਸਿੰਘ ਫੇਰੂਮਾਨ ਦੇ ਲੰਮੇ ਸਮੇਂ ਲਈ ਰੱਖੇ ਗਏ ਵਰਤ ਤੇ ਉਪ੍ਰੰਤ ਸ਼ਹੀਦੀ ਕਾਰਨ ਸੰਤ ਜੀ ਦੇ ਵਕਾਰ ਨੂੰ ਖਾਸੀ ਢਾਹ ਲੱਗੀ।

1971 ਵਿਚ ਸੰਤ ਜੀ ਦੀ ਅਗਵਾਈ ਵਿਚ ਦਿੱਲੀ ਦੇ ਗੁਰਦੁਆਰਿਆਂ ਨੂੰ ਸਰਕਾਰੀ ਕਬਜ਼ੇ ਤੋਂ ਮੁਕਤ ਕਰਵਾਉਣ ਲਈ ਮੋਰਚਾ ਲਾਇਆ ਹੋਇਆ ਸੀ। ਸੰਤ ਜੀ ਨੂੰ ਦਿੱਲੀ ਜਾਂਦਿਆਂ ਨਰੇਲੇ ਸਟੇਸ਼ਨ ਤੋਂ ਫੜ ਕੇ, ਦਿੱਲੀ ਵਿਚ ਜੇਲ੍ਹ ਅੰਦਰ ਬੰਦ ਕੀਤਾ ਹੋਇਆ ਸੀ ਤਾਂ ਕੇਂਦਰ ਨੇ ਪੰਜਾਬ ਸਰਕਾਰ ਤੋੜ ਕੇ ਗਵਰਨਰੀ ਰਾਜ ਲਾਗੂ ਕਰ ਦਿਤਾ। ਛੇ ਮਹੀਨੇ ਪਿੱਛੋਂ ਪੰਜਾਬ ਦੀਆਂ ਚੋਣਾਂ ਹੋਈਆਂ। ਅਕਾਲੀ ਦਲ ਦੇ 24 ਹੀ ਜਿੱਤੇ ਤੇ ਇੱਕ ਸ. ਸੁਖਦੇਵ ਸਿੰਘ ਢੀਂਡਸਾ ਆਜ਼ਾਦ ਜਿੱਤ ਕੇ ਦਲ ਵਿਚ ਸ਼ਾਮਲ ਹੋ ਗਿਆ। ਇਸ ਤਰ੍ਹਾਂ 104 ਵਿਚੋਂ ਦਲ ਦੇ ਪੰਝੀ ਹੋਏ।

ਬਾਦਲ ਨੂੰ ਸੰਤ ਜੀ ਨੇ ਦਲ ਦੀ ਅਸੈਂਬਲੀ ਪਾਰਟੀ ਦਾ ਆਗੂ ਬਣਾਉਣ ਦੀ ਬਜਾਇ, ਸ. ਜਸਵਿੰਦਰ ਸਿੰਘ ਬਰਾੜ ਨੂੰ ਬਣਾ ਦਿਤਾ। ਇਸ ਨਾਲ ਦਲ ਦੇ ਖਾਸੇ ਹਿੱਸੇ ਵਿਚ ਨਾਰਾਜ਼ਗੀ ਜਿਹੀ ਪੈਦਾ ਹੋ ਗਈ। ਏਸੇ ਦੌਰਾਨ ਸੰਤ ਜੀ ਨੇ ਆਪਣੇ ਥਾਂ ਜ. ਮੋਹਨ ਸਿੰਘ ਤੁੜ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਵਰਕਿੰਗ ਪ੍ਰਧਾਨ ਬਣਾ ਦਿਤਾ। ਸਰਦਾਰ ਤੇ ਬਾਦਲ ਤੇ ਸਰਦਾਰ ਟੌਹੜਾ ਅੰਦਰੋਂ ਅੰਦਰੀ ਸੰਤ ਜੀ ਦੇ ਵਿਰੁੱਧ ਹੋ ਗਏ ਸਨ; ਬਾਹਰੋਂ ਭਾਵੇਂ ਅਜੇ ਏਕਤਾ ਦਾ ਹੀ ਵਿਖਾਲ਼ਾ ਕੀਤਾ ਜਾਂਦਾ ਸੀ। ਸ.ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਤਾਕਤ ਨਾਲ ਸੰਤ ਜੀ ਨੂੰ ਮਜਬੂਰ ਕਰ ਦਿਤਾ ਕਿ ਉਸ ਨੂੰ ਹੀ ਅਸੈਂਬਲੀ ਪਾਰਟੀ ਦਾ ਲੀਡਰ ਬਣਾਇਆ ਜਾਵੇ। ਇਸ ਵਾਸਤੇ ਪਾਰਟੀ ਮੈਂਬਰਾਂ ਦੀ ਮੀਟਿੰਗ, ਅੰਮ੍ਰਿਤਸਰ ਵਿਚ ਗੁਰੂ ਨਾਨਕ ਨਿਵਾਸ ਦੀ ਜ਼ਮੀਨੀ ਮੰਜ਼ਿਲ 'ਤੇ ਕੀਤੀ ਗਈ। ਇੱਕ ਛੋਟੇ ਕਮਰੇ ਵਿਚ ਦੋਵੇਂ ਸੰਤ ਜੀ, ਸ. ਜਗਦੇਵ ਸਿੰਘ ਤਲਵੰਡੀ, ਸ. ਗੁਰਬਚਨ ਸਿੰਘ ਲਖਮੀਰਵਾਲਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ. ਜਸਵਿੰਦਰ ਸਿੰਘ ਬਰਾੜ ਆਦਿ ਸਨ। ਮੇਰੇ ਖਿਆਲ ਵਿਚ ਉਸ ਕਮਰੇ ਅੰਦਰ ਪੰਜ ਚਾਰ ਹੀ ਐਮ.ਐਲ.ਏ. ਮੌਜੂਦ ਸਨ। ਦੂਜੇ ਪਾਸੇ ਵੱਡੇ ਕਮਰੇ ਵਿਚ ਸਰਦਾਰ ਬਾਦਲ ਨਾਲ ਭਾਰੀ ਬਹੁਸੰਮਤੀ ਮੈਂਬਰਾਂ ਦੀ ਸੀ। ਟੌਹੜਾ ਦੋਹਾਂ ਕਮਰਿਆਂ ਦਰਮਿਆਨ 'ਸ਼ਟਲ' ਦਾ ਕੰਮ ਕਰ ਰਹੇ ਸਨ। ਸਰਦਾਰ ਬਾਦਲ ਨਾਲ ਪ੍ਰਤੱਖ ਬਹੁਸੰਮਤੀ ਹੋਣ ਕਰਕੇ, ਉਸ ਨੂੰ ਪਾਰਟੀ ਦਾ ਆਗੂ ਬਣਾਉਣ ਬਿਨਾ ਹੋਰ ਕੋਈ ਚਾਰਾ ਨਹੀਂ ਸੀ ਰਿਹਾ। ਇਸ ਲਈ ਬਾਹਰੋਂ ਪੋਚਾ ਪਾਚੀ ਕਰੀ ਰੱਖਣ ਲਈ ਪਾਰਟੀ ਆਗੂ ਥਾਪਣ ਦੇ ਅਧਿਕਾਰ ਸੰਤ ਜੀ ਨੂੰ ਦੇ ਦਿਤੇ ਗਏ ਤੇ ਅਗਲੇ ਦਿਨ ਉਨ੍ਹਾਂ ਨੇ ਸਰਦਾਰ ਬਾਦਲ ਨੂੰ ਲੀਡਰ ਤੇ ਸਰਦਾਰ ਬਰਾੜ ਨੂੰ ਡਿਪਟੀ ਲੀਡਰ ਥਾਪਣ ਦਾ ਐਲਾਨ ਕਰ ਦਿਤਾ।

ਬਾਹਰੋਂ ਭਾਵੇਂ ਸੰਤ ਜੀ ਹੀ ਦਲ ਦੇ ਆਗੂ ਸਨ ਤੇ ਸ਼੍ਰੋਮਣੀ ਕਮੇਟੀ ਉਪਰ ਵੀ, ਸੰਤ ਚੰਨਣ ਸਿੰਘ ਜੀ ਦੇ ਪ੍ਰਧਾਨ ਹੋਣ ਕਰਕੇ, ਉਨ੍ਹਾਂ ਦਾ ਮੁਕੰਮਲ ਕੰਟਰੋਲ ਸੀ, ਪਰ ਇਸ ਸਮੇਂ ਅੰਦਰਖਾਤੇ ਤਾਕਤ ਉਪਰੋਂ ਉਨ੍ਹਾਂ ਦੀ ਪਕੜ ਕੁੱਝ ਢਿੱਲੀ ਜਿਹੀ ਪੈਂਦੀ ਅਨੁਭਵ ਕਰਕੇ ਉਹ ਕੁੱਝ ਵਿਚਲਤ ਜਿਹੇ ਹੋ ਗਏ ਸਨ। ਇਸ ਹਾਲਤ ਵਿਚ ਹੀ ਇੱਕ ਲੇਖ ਉਨ੍ਹਾਂ ਦੇ ਨਾਂ ਥੱਲੇ ਉਨ੍ਹਾਂ ਦੇ ਆਪਣੇ ਅਖ਼ਬਾਰ 'ਕੌਮੀ ਦਰਦ' ਵਿਚ ਛਪ ਗਿਆ। ਉਹ ਜਦੋਂ ਮੈ ਪੜ੍ਹਿਆ ਤਾਂ ਮੈਨੂੰ ਯਕੀਨ ਨਾ ਆਇਆ ਕਿ ਅਜਿਹਾ ਲੇਖ ਸੰਤ ਜੀ ਖ਼ੁਦ ਲਿਖ ਸਕਦੇ ਹਨ। ਮੈਂ ਏਹੋ ਸਮਝਿਆ ਕਿ ਕਿਸੇ ਸ਼ਰਾਰਤੀ ਨੇ ਇਹ ਸੰਤ ਜੀ ਦੇ ਨਾਂ ਉਪਰ ਲਿਖ ਕੇ ਛਪਵਾ ਦਿਤਾ ਹੈ। ਮੈਨੂੰ 'ਕੌਮੀ ਦਰਦ' ਤੇ ਪ੍ਰਬੰਧਕਾਂ 'ਤੇ ਬੜਾ ਗੁੱਸਾ ਆਇਆ ਕਿ ਉਨ੍ਹਾਂ ਨੇ ਇਹ ਲੇਖ ਆਪਣੀ ਅਖ਼ਬਾਰ ਵਿਚ ਕਿਉਂ ਛਪਣ ਦਿਤਾ! ਉਸੇ ਵੇਲ਼ੇ ਉਹ ਲੇਖ ਲੈ ਕੇ ਮੈਂ ਅੰਮ੍ਰਿਤਸਰੋਂ ਬੱਸ ਰਾਹੀਂ ਬੁਢਾ ਜੌਹੜ ਪਹੁੰਚ ਕੇ, ਸੰਤ ਚੰਨਣ ਸਿੰਘ ਜੀ ਨੂੰ ਉਹ ਲੇਖ ਪੜ੍ਹ ਕੇ ਸੁਣਾਇਆ ਤੇ 'ਕੌਮੀ ਦਰਦ' ਦੇ ਪ੍ਰਬੰਧਕਾਂ ਦੇ ਕੰਨ ਖਿੱਚਣ ਲਈ ਆਖਿਆ ਤੇ ਆਪਣੇ ਵਿਚਾਰ ਵੀ ਪਰਗਟ ਕਰ ਦਿਤੇ ਕਿ ਇਹ ਲੇਖ ਸੰਤ ਜੀ ਦਾ ਨਹੀਂ ਹੋ ਸਕਦਾ। ਕਿਸੇ ਸ਼ਰਾਰਤੀ ਦਾ, ਸੰਤ ਜੀ ਦੇ ਨਾਂ 'ਤੇ ਲਿਖਿਆ ਹੋਇਆ ਹੈ। ਸੰਤ ਚੰਨਣ ਸਿੰਘ ਜੀ ਮੇਰੇ ਵਿਚਾਰਾਂ ਨਾਲ ਸਹਿਮਤ ਸਨ ਪਰ ਇਸ ਲੇਖ ਬਾਰੇ ਮੁੜ ਕੋਈ ਹਿੱਲ ਜੁੱਲ ਨਾ ਹੋਈ। ਇਸ ਤੋਂ ਮੈ ਅੰਦਾਜ਼ਾ ਜਿਹਾ ਲਾ ਲਿਆ ਕਿ ਸ਼ਾਇਦ ਇਹ ਲੇਖ ਸੰਤ ਜੀ ਨੇ ਆਪ ਹੀ ਲਿਖਿਆ ਹੋਵੇ। ਉਸ ਵਿਚ ਸ.ਬਾਦਲ ਤੇ ਸ. ਟੌਹੜਾ ਬਾਰੇ ਚੰਗੇ ਸ਼ਬਦ ਨਹੀਂ ਸਨ ਬਲਕਿ ਅਸਿੱਧੇ ਤੌਰ 'ਤੇ ਵਿਅੰਗਮਈ ਸ਼ਬਦਾਂ ਵਿਚ ਉਨ੍ਹਾਂ ਦੀ ਨਿਖੇਧੀ ਜਿਹੀ ਹੀ ਸੀ।

ਇਸ ਤਰ੍ਹਾਂ ਸੰਤ ਜੀ ਪੰਜਾਬ, ਅਕਾਲੀ ਦਲ ਅਤੇ ਸਿੱਖ ਪੰਥ ਦੀ ਮੋਹਰਲੀ ਕਤਾਰ ਵਿਚ ਵਿਚਰਦੇ ਹੋਏ, ਧਾਰਮਿਕ, ਵਿਦਿਅਕ, ਸਮਾਜਿਕ, ਆਦਿ ਵੱਖ ਵੱਖ ਖੇਤਰਾਂ ਵਿਚ ਆਪਣਾ ਭਰਪੂਰ ਹਿੱਸਾ ਪਾ ਕੇ, 61 ਕੁ ਸਾਲ ਦੀ ਉਮਰ ਵਿਚ, 1972 ਦੇ ਅਕਤੂਬਰ ਮਹੀਨੇ ਦੀ 30 ਤਰੀਕ ਨੂੰ, ਇਸ ਸੰਸਾਰ ਨੂੰ ਸਰੀਰਕ ਤੌਰ 'ਤੇ ਅਲਵਿਦਾ ਆਖ ਗਏ। ਮਹੀਨੇ ਕੁ ਪਿੱਛੋਂ ਹੀ ਉਨ੍ਹਾਂ ਦੇ ਸਾਰੇ ਕਾਰਜਾਂ ਦੇ ਅਮਲੀ ਪ੍ਰਬੰਧਕ, ਸੰਤ ਚੰਨਣ ਸਿੰਘ ਵੀ ਸੰਸਾਰ ਛੱਡ ਗਏ। ਇਸ ਤਰ੍ਹਾਂ ਸਿੱਖ ਪੰਥ ਦੀ ਅਗਵਾਈ 'ਸੰਤ ਯੁੱਗ' ਤੋਂ ਸਰਦਾਰ ਤੁੜ, ਸਰਦਾਰ ਟੌਹੜਾ, ਸਰਦਾਰ ਤਲਵੰਡੀ, ਸਰਦਾਰ ਬਾਦਲ ਆਦਿ ਦੇ ਹੱਥ ਆਉਣ ਕਰਕੇ 'ਸਰਦਾਰ ਯੁੱਗ' ਦੇ ਰੂਪ ਵਿਚ ਬਦਲ ਗਈ।

# ਸਭ ਠੀਕ-ਠਾਕ ਹੈ

ਸਵੇਰੇ ਸੈਰ ਕਰ ਰਿਹਾ ਸਾਂ। ਮਨ ਕੀਤਾ ਕਿ ਆਪਣੇ ਕਰੀਬੀ ਦੋਸਤ ਦਾ ਹਾਲ-ਚਾਲ ਹੀ ਪੁੱਛ ਲਵਾਂ। ਮੈਂ ਦੋਸਤ ਨੂੰ ਫ਼ੋਨ ਕੀਤਾ ਤੇ ਪੁੱਛਿਆ,

'ਕੀ ਹਾਲ ਚਾਲ ਹੈ ਤੇਰਾ?'

ਜਵਾਬ ਮਿਲਿਆ, 'ਮੈਂ ਠੀਕ-ਠਾਕ ਹਾਂ।'

'ਤੇਰੇ ਬੱਚਿਆਂ ਦਾ ਕੀ ਹਾਲ ਚਾਲ ਹੈ।'

'ਸਭ ਠੀਕ-ਠਾਕ ਹਨ' ਜਵਾਬ ਆਇਆ।

'ਤੇਰਾ ਕੰਮ-ਕਾਜ ਕਿਵੇਂ ਚੱਲ ਰਿਹਾ?'

ਉੱਤਰ ਮਿਲਿਆ, 'ਸਭ ਠੀਕ-ਠਾਕ ਹੈ।'

'ਤੇਰੀ ਜ਼ਿੰਦਗੀ ਕਿਵੇਂ ਚੱਲ ਰਹੀ ਏ?'

ਤੇ ਉਸ ਦਾ ਜਵਾਬ ਸੀ, 'ਸਭ ਠੀਕ-ਠਾਕ ਹੈ'

ਤੇ ਮੈਂ 'ਠੀਕ-ਠਾਕ' ਦੇ ਜਵਾਬ ਵਿਚ ਉਲਝ ਕੇ ਰਹਿ ਗਿਆ। ਕੀ ਸੱਚੀਂ ਸਭ ਠੀਕ-ਠਾਕ ਹੈ ਜਾਂ ਇਹ ਮਖੌਟਾ ਹੈ ਜਿਹੜਾ ਮੇਰੇ ਦੋਸਤ ਸਮੇਤ ਸਾਰੇ ਹੀ ਅਕਸਰ ਪਹਿਨੀ ਰੱਖਦੇ ਹਾਂ ਜਦ ਅਸੀਂ ਆਪਣਿਆਂ ਨਾਲ ਗੱਲ ਕਰਦੇ ਹਾਂ, ਫ਼ੋਨ ਕਰਦੇ ਹਾਂ ਜਾਂ ਚਿੱਠੀ ਲਿਖਦੇ ਹਾਂ?

ਬਹੁਤੀ ਵਾਰ ਸਭ ਠੀਕ-ਠਾਕ ਨਹੀਂ ਹੁੰਦਾ। ਇਸ ਜਵਾਬ ਵਿਚ ਬਹੁਤ ਕੁਝ ਛੁਪਿਆ ਹੁੰਦਾ ਜਿਹੜਾ ਕਿਸੇ ਨੂੰ ਦੱਸਣਾ ਨਹੀਂ ਚਾਹੁੰਦੇ ਸਗੋਂ ਇਸ ਨੂੰ ਲੁਕਾਉਣਾ ਚਾਹੁੰਦੇ।

ਮਿੱਤਰ ਨਾਲ ਹੋਈ ਉਪਰੋਕਤ ਵਾਰਤਾਲਾਪ ਦਾ ਐਕਸਰੇ ਕੀਤਾ ਜਾਵੇ ਤਾਂ ਇਨ੍ਹਾਂ ਬੋਲਾਂ ਵਿਚ ਬਹੁਤੀ ਵਾਰ ਤੁਹਾਨੂੰ ਆਪਣਿਆਂ ਦੇ ਲਾਏ ਹੋਏ ਲੱਖਾਂ ਫੱਟ, ਰਿਸਦੇ ਜ਼ਖ਼ਮ, ਮਿਲੇ ਗ਼ਮ, ਦਫ਼ਨ ਹੋਈਆਂ ਖ਼ਾਹਿਸ਼ਾਂ, ਸੁੱਕਣੇ ਪਈਆਂ ਰੀਝਾਂ ਅਤੇ ਨੈਣਾਂ ਵਿਚ ਮਰ ਗਏ ਸੁਪਨਿਆਂ ਦਾ ਮਾਤਮ ਨਜ਼ਰ ਆਵੇਗਾ ਜਿਸ ਉੱਪਰ ਅਸੀਂ ਠੀਕ-ਠਾਕ ਦੀ ਚੇਪੀ ਲਗਾ ਦਿੰਦੇ ਹਾਂ।

ਸਾਡੇ ਅੰਦਰ ਕੀ ਕੁਝ ਚੱਲ ਰਿਹਾ ਹੁੰਦਾ, ਅਸੀਂ ਇਸ ਸਭ ਕੁਝ ਤੋਂ ਅਣਭਿੱਜ ਹੋਣ ਦਾ ਭਰਮ ਪਾਲਦੇ। ਇਸ ਵਹਿਮ ਵਿਚ ਅਸੀਂ ਆਪਣੇ ਆਪ ਨਾਲ ਵੀ ਧੋਖਾ ਕਰਦੇ ਅਤੇ ਆਪਣਿਆਂ ਨੂੰ ਵੀ ਧੋਖੇ ਵਿਚ ਰੱਖਦੇ।

ਅਸੀਂ ਆਪਣੇ ਅੰਦਰਲੇ ਦਰਦਾਂ, ਦੁੱਖਾਂ, ਗ਼ਮਾਂ ਅਤੇ ਪੀੜਾ ਨੂੰ ਅਣਗੌਲਿਆ ਕਰਦੇ। ਇਸ ਅਵੱਗਿਆ ਕਾਰਨ ਅਸੀਂ ਆਪਣੇ ਅੰਦਰਲੀ ਧੂਣੀ ਸੇਕਦੇ। ਇਸ ਸੇਕ ਵਿਚ ਅਸੀਂ ਰਾਖ ਹੋਣ ਤੋਂ ਕਿਵੇਂ ਬਚਾਂਗੇ?

ਕਦੇ ਅੰਤਰੀਵੀ ਯੁੱਧ ਅਤੇ ਕਦੇ ਬਾਹਰਲੀ ਜੰਗ। ਕਦੇ ਆਪਣੇ ਆਪ ਨਾਲ ਲੜਾਈ ਅਤੇ ਕਦੇ ਸੁਲਾਹ-ਸਫ਼ਾਈ। ਕਦੇ ਅੰਦਰਲੇ ਖੱਦੇ ਨੂੰ ਚੁੱਪ ਕਰਵਾਉਣਾ ਅਤੇ ਕਦੇ ਅੰਦਰਲੀ ਚੁੱਪ ਨੂੰ ਬੋਲਾਂ ਵਿਚ ਪ੍ਰਗਟਾਉਣਾ। ਕਦੇ ਅੰਤਰੀਵੀ ਸੁੰਨ ਵਿਚ ਸਿੱਲ੍ਹ-ਪੱਥਰ ਹੋਣਾ ਅਤੇ ਕਦੇ ਅੰਦਰਲੀ ਸੁੰਨ ਨੂੰ ਸਾਹਾਂ ਦੇ ਸੇਕ ਨਾਲ ਪਿਘਲਾਉਣਾ। ਕਦੇ ਧੁੱਪ ਵਿਚ ਛਾਂ ਦੀ ਲੋਚਾ ਅਤੇ ਕਦੇ ਛਾਂ ਵਿਚ ਧੁੱਪ ਲਈ ਅਹੁਲਣਾ। ਕਦੇ ਸਵੇਰੇ ਹੀ ਅਹੁਦੇ ਦੀ ਆਸ ਅਤੇ ਕਦੇ ਸ਼ਾਮ ਨੂੰ ਸਵੇਰ ਚਿਤਾਰਨਾ।

ਇਹ ਅੰਤਰੀਵੀ ਜੱਦੋ-ਜਹਿਦ, ਦਰਅਸਲ ਮਾਨਸਿਕ ਦਵੰਦ। ਇਸ ਦੁਚਿੱਤੀ ਅਤੇ ਮਾਨਸਿਕ ਉਲਝਣ ਵਿਚ ਖ਼ੁਦ ਨੂੰ ਉਲਝਾਉਣਾ। ਆਪਣੇ ਆਪ ਤੋਂ ਬੇਮੁਖੀ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਕਰਦੇ ਸਗੋਂ ਅਸੀਂ ਅੰਦਰਲੇ ਜ਼ਖ਼ਮਾਂ ਨੂੰ ਉਚੇੜਦੇ ਅਤੇ ਇਸ ਦੇ ਰਿਸਣ ਵਿਚੋਂ ਕਿਸੇ ਸੁਖਨ ਦੀ ਆਸ ਕਰਦੇ।

ਜਦ ਕੋਈ ਕਹੇ ਕਿ ਮੈਂ ਠੀਕ-ਠਾਕ ਹਾਂ ਤਾਂ ਕਈ ਵਾਰ ਉਸ ਦੇ ਮਨ ਵਿਚ ਇਸੇ ਦਾ ਉਬਾਲ ਹੁੰਦਾ, ਜਦ ਉਸ ਦਾ ਪੁੱਤ ਹੀ ਆਪਣੇ ਬਾਪ ਨੂੰ ਬਾਪ ਦੇ ਘਰ ਵਿਚੋਂ ਬਾਹਰ ਨਿਕਲ ਜਾਣ ਲਈ ਪੁਲੀਸ ਬੁਲਾਉਣ ਦੀ ਧਮਕੀ ਦੇਵੇ ਜਾਂ ਪੰਜਾਬ ਨੂੰ ਜਾਣ ਲਈ ਤਰਸੇ ਹੋਏ ਮਾਪਿਆਂ ਦਾ ਪਾਸਪੋਰਟ ਉਨ੍ਹਾਂ ਦੇ ਨੂੰਹ-ਪੁੱਤ ਨੇ ਜਬਰੀ ਖੋਹ ਕੇ ਲੁਕੋ ਲਿਆ ਹੋਵੇ। ਕਿਸੇ ਬਜ਼ੁਰਗ ਦੀ ਪੈਨਸ਼ਨ ਵਿਚੋਂ ਇਕ ਵੀ ਪੈਨੀ ਉਸ ਬਜ਼ੁਰਗ ਦੇ ਹੱਥ ਨਾ ਲੱਗੇ ਅਤੇ ਉਹ ਪੈਸੇ ਧੇਲੇ ਲਈ ਲਾਚਾਰ ਹੋਇਆ ਆਪਣੇ ਆਪ ਨੂੰ ਖ਼ਤਮ ਕਰਨ ਦੀ ਲੋਚਾ ਮਨ ਵਿਚ ਪਾਲਦਿਆਂ ਠੀਕ-ਠਾਕ ਕਹੇ ਤਾਂ ਸਮਝਣਾ ਕਿ ਸਭ ਠੀਕ-ਠਾਕ ਨਹੀਂ ਹੈ।

ਜਦ ਕਿਸੇ ਬਜ਼ੁਰਗ ਨੂੰ ਪੁੱਛੋ ਕਿ ਉਹ ਕਿਵੇਂ ਹੈ ਅਤੇ ਉਹ ਕਹੇ ਕਿ ਸਭ ਠੀਕ-ਠਾਕ ਹੈ ਤਾਂ ਉਹ ਆਪਣੀ ਪੀੜਾ ਆਪਣੇ-ਆਪ ਤੋਂ ਹੀ ਲੁਕਾ ਰਿਹਾ ਹੁੰਦਾ ਕਿਉਂਕਿ ਉਹ ਤਾਂ ਪੁੱਤਰਾਂ ਵੱਲੋਂ ਘਰ ਅਤੇ ਜਾਇਦਾਦ ਤੋਂ ਬੇਦਖ਼ਲ ਹੋਇਆ ਕਿਸੇ ਗੁਰਦੁਆਰੇ, ਮਸੀਤ, ਮੰਦਰ ਜਾਂ ਕਿਸੇ ਡੇਰੇ 'ਤੇ ਬੈਠਾ ਸਿਰਫ਼ ਕਬਰ ਵਿਚ ਜਾਣ ਲਈ ਕਾਹਲਾ ਹੁੰਦਾ। ਉਹ ਸਭ ਕੁਝ ਕਿੰਝ ਅਤੇ ਕਿਸ ਨੂੰ ਦੱਸੇ? ਉਹ ਤਾਂ ਠੀਕ-ਠਾਕ ਦਾ ਭਰਮ ਹੀ ਪਾਲ ਸਕਦਾ ਤਾਂ ਕਿ ਕਿਸੇ ਨੂੰ ਉਸ ਦੀ ਤਰਾਸਦੀ ਦਾ ਪਤਾ ਨਾ ਲੱਗੇ।

ਜਦ ਕੋਈ ਮਾਂ ਕਹੇ ਕਿ ਉਸ ਦੇ ਧੀਆਂ-ਪੁੱਤ ਉਸ ਦੀ ਬਹੁਤ ਕਦਰ ਕਰਦੇ ਅਤੇ ਉਹ ਠੀਕ-ਠੀਕ ਹੈ ਤਾਂ ਜ਼ਰੂਰੀ ਨਹੀਂ ਕਿ ਸਭ ਸੱਚ ਹੀ ਹੋਵੇ। ਹੋ ਸਕਦਾ ਕਿ ਉਹ ਬੇਕਦਰੀ ਦੀ ਜੂਨ ਹੰਢਾਉਂਦੀ, ਹਰ ਦਮ ਆਪਣੀਆਂ ਨਜ਼ਰਾਂ ਸਿਵਿਆਂ ਨੂੰ ਜਾਂਦੀਆਂ ਰਾਹਾਂ ਵੱਲ ਰੱਖਦੀ ਹੋਵੇ ਅਤੇ ਇਸ ਜਿਊਣ ਨਾਲੋਂ ਮਰਨ ਨੂੰ ਤਰਜੀਹ ਦਿੰਦੀ ਹੋਵੇ। ਇਹ ਵੀ ਸੰਭਵ ਹੈ ਕਿ ਉਸ ਦੇ ਧੀਆਂ-ਪੁੱਤ ਉਸੇ ਦੀ ਗ਼ਰਕਣੀ ਵਿਚ ਧਸਦੇ ਜਾ ਰਹੇ ਹੋਣ ਅਤੇ ਉਹ ਲਾਚਾਰਗੀ ਵਿਚ ਕੁਝ ਨਾ ਕਰ ਸਕਦੀ ਹੋਵੇ। ਉਸ ਦੇ ਸਿਰ ਦੀ ਛੱਤ ਅਤੇ ਜ਼ਮੀਨ-ਜਾਇਦਾਦ ਗਹਿਣੇ ਪਈ, ਹੱਥੋਂ ਖਿਸਕਦੀ ਜਾ ਰਹੀ ਹੋਵੇ।

ਜਦ ਕੋਈ ਲੇਖਕ ਕਹੇ ਕਿ ਉਸ ਦੇ ਅਦਬੀ ਸਫ਼ਰ ਠੀਕ-ਠਾਕ ਹੀ ਹੈ ਤਾਂ ਇਹ ਵੀ ਹੋ ਸਕਦਾ ਕਿ ਉਸ ਦੀ ਕਲਮ 'ਤੇ ਪਾਬੰਦੀ ਹੋਵੇ। ਉਸ ਦੇ ਹਰਫ਼ਾਂ ਵਿਚ ਜਗਣ ਵਾਲੇ ਅਰਥਾਂ ਦੇ ਦੀਵੇ ਹਨੇਰੇ ਦੀ ਨੁੱਕਰੇ ਕੈਦ ਹੋਣ। ਜਾਂ ਉਸ ਦੀਆਂ ਲਿਖਤਾਂ ਦੇ ਖਿੱਲਰੇ ਹੋਏ ਵਰਕੇ ਚੁੱਲ੍ਹੇ ਵਿਚ ਬਲਣ ਦੀ ਤਰਾਸਦੀ ਹੰਢਾਉਂਦਿਆਂ, ਜੀਵਨ-ਲੋਅ ਦਾ ਹਿੱਸਾ ਬਣਨ ਲਈ ਮਜਬੂਰ ਹੋਣ।

ਜਦ ਸੁਪਨੇ ਲੈਣ ਦੀ ਰੁੱਤੇ ਕੋਈ ਨੌਜਵਾਨ ਕਹੇ ਕਿ ਸਭ ਠੀਕ-ਠਾਕ ਹੈ ਤਾਂ ਇਹ ਵੀ ਸੰਭਵ ਹੁੰਦਾ ਕਿ ਉਹ ਟੁੱਟੇ ਹੋਏ ਸੁਪਨਿਆਂ ਦੀਆਂ ਕਿਰਚਾਂ ਕਾਰਨ ਜ਼ਖ਼ਮਾਂ ਦਾ ਚਿੱਤਰਪੱਟ ਹੋਵੇ। ਸੰਦਲੀ ਸੁਪਨਿਆਂ ਵਿਚ ਉੱਗੇ ਧੁਆਂਖੇਪਣ ਦਾ ਬਿੰਬ ਹੋਵੇ ਜਾਂ ਉਹ ਮੰਜ਼ਲ ਦੇ ਰਾਹਾਂ ਦੇ ਟੋਇਆਂ, ਉੱਗੇ ਹੋਏ ਖੱਡਿਆਂ ਅਤੇ ਪਏ ਰੋੜਿਆਂ ਦੇ ਠੇਡਿਆਂ ਦੀ ਪੀੜ ਨੂੰ ਕਿਸੇ ਘੁੱਪ-ਹਨੇਰੇ ਰਾਹ 'ਤੇ ਬੈਠਾ ਸਹਿਲਾ ਤੇ ਅਠਰਾ ਰਿਹਾ ਹੋਵੇ। ਆਪਣੇ ਫੱਟਾਂ ਤੇ ਸੱਟਾਂ ਨੂੰ ਦੱਸਣ ਤੋਂ ਦੜ ਵੱਟ, ਆਪਣੇ ਆਪ ਨਾਲ ਅੰਤਰੀਵੀ ਯੁੱਧ ਕਰ ਰਿਹਾ ਹੋਵੇ।

ਜਦ ਸਾਡੀ ਮਾਂ ਜਾਂ ਬਾਪ ਪੁੱਛੇ ਕਿ ਪੁੱਤ ਕੀ ਹਾਲ-ਚਾਲ




ਏ ਤਾਂ ਠੀਕ-ਠਾਕ ਨਾ ਹੁੰਦਿਆਂ ਵੀ ਕਹੀਏ ਕਿ ਸਭ ਠੀਕ-ਠਾਕ ਹੈ ਤਾਂ ਸਾਡੇ ਮਾਂ-ਬਾਪ ਸਾਡੇ ਬੋਲਾਂ ਵਿਚੋਂ ਹੀ ਜਾਣ ਜਾਂਦੇ ਕਿ ਸਾਡਾ ਬੱਚਾ ਕਿੰਨਾ ਕੁ ਠੀਕ-ਠਾਕ ਹੈ? ਉਹ ਕਿਹੜੀਆਂ ਬੇਰੁਖ਼ੀਆਂ, ਬੰਦਸ਼ਾਂ ਅਤੇ ਬੇਗਾਨਗੀਆਂ ਵਿਚੋਂ ਲੰਘਦਿਆਂ, ਹੋਂਦ ਦੀ ਸਦੀਵਤਾ ਲਈ ਜੱਦੋ-ਜਹਿਦ ਕਰ ਰਿਹਾ ਹੈ? ਸਾਡੇ ਮਾਪੇ ਸਾਨੂੰ ਦੁਆਵਾਂ ਦਿੰਦੇ ਅਤੇ ਮੰਨਤਾਂ ਰਾਹੀਂ ਸਾਡੇ ਦੁੱਖਾਂ ਨੂੰ ਸੁੱਖਾਂ ਵਿਚ ਤਬਦੀਲ ਕਰਨ ਲਈ ਕੁਦਰਤ ਨੂੰ ਮਜਬੂਰ ਕਰਨ ਦਾ ਦਾਈਆ ਰੱਖਦੇ।

ਜਦ ਕੋਈ ਵਿਜੋਗਣ ਆਪਣੇ ਸੱਜਣ ਦੇ ਚਿਰ ਬਾਅਦ ਆਏ ਫ਼ੋਨ 'ਤੇ ਕਹੇ ਕਿ ਮੈਂ ਠੀਕ-ਠਾਕ ਹਾਂ ਤਾਂ ਉਸ ਦੇ ਬੋਲਾਂ ਵਿਚ ਉਹ ਕੁਝ ਖ਼ੁਦ ਵਿਯੋਗ ਸੁਣਾਈ ਦੇ ਜਾਂਦਾ ਜੋ ਉਹ ਚਾਹੁੰਦਿਆਂ ਵੀ ਦੱਸਣਾ ਨਹੀਂ ਚਾਹੁੰਦੀ। ਅਕਸਰ ਹੀ ਮਿਲਣ 'ਤੇ ਪਿਆਰੇ ਦੀ ਤੱਕਣੀ 'ਚੋਂ ਪਤਾ ਲੱਗ ਜਾਂਦਾ ਕਿ ਕਿੰਨਾ ਕੁਝ ਠੀਕ-ਠਾਕ ਹੈ?

ਹਮਦਰਦ ਦੇ ਹਾਲ ਪੁੱਛਣ 'ਤੇ ਜਦ ਕਿਸੇ ਅਸਾਧ ਰੋਗ ਦਾ ਮਰੀਜ਼ ਕਹੇ ਕਿ ਮੈਂ ਠੀਕ-ਠਾਕ ਹਾਂ ਤਾਂ ਸਮਝ ਜਾਣਾ ਚਾਹੀਦਾ ਕਿ ਕੁਝ ਹੀ ਦਿਨ ਬਾਕੀ ਨੇ ਉਸ ਨੂੰ ਮਿਲਣ ਅਤੇ ਉਸ ਦੀ ਸੁੱਖ-ਸਾਂਦ ਪੁੱਛਣ ਲਈ। ਵਰਨਾ ਬਹੁਤ ਦੇਰ ਹੋ ਜਾਵੇਗੀ।

ਖੇਤ ਵਿਚ ਆਪਣਿਆਂ ਦੀਆਂ ਕਬਰਾਂ ਪੁੱਟਣ ਵਾਲੇ ਕਿਸੇ ਸ਼ਖ਼ਸ ਨੂੰ ਕੋਈ ਜਾਣਕਾਰ ਇਹ ਪੁੱਛ ਲਵੇ ਕਿ ਵਿਦੇਸ਼ ਵਿਚ ਰਹਿੰਦੇ ਤੇਰੇ ਭਰਾ ਦਾ ਕੀ ਹਾਲ ਏ ਅਤੇ ਉਹ ਬੇਸ਼ਰਮਾਂ ਵਾਂਗ ਕਹੇ ਕਿ ਸਭ ਠੀਕ-ਠਾਕ ਈ ਆ ਤਾਂ ਸਮਝ ਲੈਣਾ ਕਿ ਉਹ ਕਿਸੇ ਅਜੇਹੇ ਮੌਕੇ ਦੀ ਤਲਾਸ਼ ਵਿਚ ਹੈ ਕਿ ਕਦੋਂ ਸਭ ਕੁਝ ਠੀਕ-ਠਾਕ ਹੋ ਜਾਵੇਗਾ।

'ਸਭ ਠੀਕ-ਠਾਕ ਹੈ' ਸਾਡਾ ਤਕੀਆ ਕਲਾਮ ਬਣ ਗਿਆ ਹੈ। ਕਈ ਵਾਰ ਇਹ ਸਾਡੀ ਚੜ੍ਹਦੀ ਕਲਾ ਦਾ ਪ੍ਰਤੀਕ ਹੁੰਦਾ। ਬਹੁਤੀ ਵਾਰ ਰੂਹਾਂ ਦੇ ਹਾਣੀ ਜਾਂ ਦਿਲਾਂ ਦੇ ਜਾਣੀ-ਜਾਣ ਜਲਦੀ ਹੀ ਇਸ ਦੀ ਭਾਵਨਾ ਸਮਝ ਜਾਂਦੇ। ਪਰ ਕਿੰਨੇ ਕੁ ਨੇ ਰੂਹ ਦੀਆਂ ਸਾਂਝਾਂ ਵਾਲੇ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਅਜੋਕੇ ਵਕਤਾਂ ਵਿਚ ਸਾਡੀਆਂ ਸਾਂਝਾਂ, ਸੰਬੰਧ ਅਤੇ ਰਿਸ਼ਤੇਦਾਰੀਆਂ ਵਰਤੋਂ ਦੀ ਵਸਤ ਬਣ ਕੇ ਰਹਿ ਗਈਆਂ ਜਿਨ੍ਹਾਂ ਨੂੰ ਨਿੱਜੀ ਮੁਫ਼ਾਦ ਦੀ ਪੂਰਤੀ ਤੋਂ ਬਾਅਦ ਸਿਰਫ਼ ਕੂੜਾਦਾਨ ਹੀ ਨਸੀਬ ਹੁੰਦਾ।

ਇਹ ਅੰਤਰੀਵੀ ਯੁੱਧ ਅਸੀਂ ਸਾਰੇ ਕਰਦੇ। ਹਰ ਪਲ, ਹਰ ਦਿਨ ਅਤੇ ਹਰ ਵਕਤ। ਸਾਡੇ ਜੀਵਨ ਦਾ ਹਿੱਸਾ। ਇਹ ਸਿਰਫ਼ ਯੁੱਧ ਨਹੀਂ ਸਗੋਂ ਜੱਦੋ-ਜਹਿਦ ਹੁੰਦੀ ਖ਼ੁਦ ਨੂੰ ਆਪਣੇ ਹਾਣ ਦਾ ਬਣਾਉਣ, ਸੁਰਖ਼ ਸਮਿਆਂ ਦੀ ਨਿਸ਼ਾਨਦੇਹੀ ਕਰਨ, ਸੁਪਨਿਆਂ ਨੂੰ ਸਿਰਜਣ, ਇਨ੍ਹਾਂ ਦੀ ਪੂਰਤੀ ਲਈ ਜੀਅ-ਜਾਨ ਇਕ ਕਰਨ ਦੀ ਤਮੰਨਾ ਅਤੇ ਆਪਣੇ ਵਿਚੋਂ ਇਕ ਅਜੇਹੇ ਮਨੁੱਖ ਦੀ ਸਿਰਜਣਾ ਕਰਨਾ ਜੋ ਸੰਪੂਰਨ ਮਨੁੱਖ ਬਣਨ ਦਾ ਦਾਈਆ ਕਰ ਸਕੇ।

ਕਈ ਵਾਰ ਅਸੀਂ ਸਭ ਠੀਕ-ਠਾਕ ਇਸ ਲਈ ਵੀ ਕਹਿ ਦਿੰਦੇ ਕਿ ਸਾਡੇ ਨੇੜਲਿਆਂ ਨੂੰ ਸਾਡੇ ਕਸ਼ਟਾਂ ਦਾ ਪਤਾ ਨਾ ਲੱਗੇ ਕਿਉਂਕਿ ਠੀਕ-ਠਾਕ ਨਾ ਸੁਣ ਕੇ ਉਸ ਦਾ ਕੋਮਲ ਮਨ ਵੀ ਬਹੁਤ ਪਸੀਜੇਗਾ ਅਤੇ ਉਹ ਵੀ ਪੀੜਾਂ ਦੀ ਰੁੱਤ ਹੰਢਾਏਗਾ।

ਇਹ ਵੀ ਹੋ ਸਕਦਾ ਕਿ ਅਸੀਂ ਆਪਣੀਆਂ ਅਸਫਲਤਾਵਾਂ, ਨਾਕਾਮੀਆਂ, ਕੁਤਾਹੀਆਂ ਅਤੇ ਨਾ-ਕਾਮਯਾਬੀਆਂ ਨੂੰ ਘਟਾ ਕੇ ਅਤੇ ਦੂਰ ਕਰਕੇ, ਆਪਣੇ ਪਿਆਰਿਆਂ ਦੀ ਚੇਤਨਾ ਵਿਚ ਸ਼ੁੱਭ ਸੰਕੇਤ ਦੇਣਾ ਚਾਹੁੰਦੇ ਕਿ ਅਸੀਂ ਇਨ੍ਹਾਂ 'ਤੇ ਕਾਬੂ ਪਾਉਣ ਅਤੇ ਇਨ੍ਹਾਂ ਮਾੜੇ ਹਾਲਤਾਂ ਵਿਚੋਂ ਉੱਭਰਨ ਦੇ ਕਾਬਲ ਹਾਂ।

ਦਰਅਸਲ ਅਜੇਹੀ ਧਾਰਨਾ ਦਾ ਮਾਨਸਿਕ, ਭਾਵਨਾਤਮਕ ਅਤੇ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਤੋਂ ਬਹੁਤ ਕੁਝ ਪਤਾ ਲੱਗਦਾ ਜਿਸ ਤੋਂ ਅਕਸਰ ਹੀ ਅਸੀਂ ਟਾਲਾ ਵਟਦੇ। ਲੋੜ ਹੁੰਦੀ ਕਿ ਅਸੀਂ ਇਸ ਦੀਆਂ ਪਰਤਾਂ ਵਿਚੋਂ ਉਨ੍ਹਾਂ ਪੱਖਾਂ ਨੂੰ ਸਮਝ ਕੇ ਆਪਣੀ ਜ਼ਿੰਦਗੀ ਦੀਆਂ ਤਰਜੀਹਾਂ ਨਿਰਧਾਰਤ ਕਰੀਏ ਜਿਸ ਵਿਚੋਂ ਅਸਾਡੀ ਤਕਦੀਰ ਦਾ ਅੰਬਰ ਹੋਰ ਰੌਸ਼ਨ ਹੋਵੇ। ਅਸੀਂ ਤਾਰਿਆਂ ਦੀ ਮਹਿਫ਼ਲ ਦਾ ਹਿੱਸਾ ਬਣ ਕੇ ਰੌਸ਼ਨੀ ਦਾ ਵਣਜ ਕਰਨ ਦੇ ਕਾਬਲ ਹੋ ਸਕੀਏ। ਅੰਤਰੀਵੀ ਜੱਦੋ-ਜਹਿਦ ਨੂੰ ਚਿਤਵਦਿਆਂ, ਕਲਮ ਬੋਲਦੀ ਹੈ;

ਅੱਖਾਂ 'ਚ ਜੰਮੇ ਅੱਥਰੂਆਂ ਦੀ ਜੂਹ 'ਚ
ਜਦੋਂ ਨੈਣੀਂ ਲਿਸ਼ਕੋਰ ਪੈਦਾ ਹੁੰਦੀ
ਤਾਂ ਲਿਸ਼ਕੋਰ ਪੁੱਛਦੀ ਕਿ
ਮੈਂ ਹੰਝੂਆਂ 'ਚ ਕਿੰਜ ਪੈਦਾ ਹੋਈ
ਅਤੇ ਅੱਥਰੂ ਪੁੱਛਦੇ ਕਿ
ਮੇਰੇ 'ਚ ਚਾਨਣ ਕਿਸ ਉਗਾਇਆ?

ਜਦ ਜੀਭ ਨੂੰ ਲੱਗੇ ਤਾਲੇ 'ਚੋਂ ਬੋਲ ਪੈਦਾ ਹੁੰਦੇ
ਤਾਂ ਤਾਲਾ ਪੁੱਛਦਾ ਕਿ
ਇਹ ਬੋਲ ਕਿਸ ਫ਼ਿਜ਼ਾ 'ਚੋਂ ਪੈਦਾ ਹੋਏ
ਅਤੇ ਬੋਲ ਵੀ ਜਾਣਨਾ ਚਾਹੁੰਦੇ ਕਿ
ਤਾਲਾਬੰਦੀ ਦੌਰਾਨ ਬੋਲ ਕਿੰਜ ਪੈਦਾ ਹੋਏ?

ਜਦ ਹੋਠਾਂ ਤੇ ਲੱਗੇ ਪਹਿਰਾ ਹੇਠ ਵੀ
ਹੋਠ ਫਰਕਣ ਲੱਗ ਪੈਣ
ਤਾਂ ਹੋਠਾਂ ਦੀ ਬਗ਼ਾਵਤ ਪਹਿਰੇ ਨੂੰ ਰੜਕਦੀ
ਤੇ ਪਹਿਰਾ ਵੀ ਇਹ ਸਮਝਣ ਤੋਂ ਅਸਮਰਥ
ਕਿ ਮੇਰੇ ਹੁੰਦਿਆਂ ਹੋਠਾਂ ਤੇ ਮੁਸਕਰਾਹਟ ਕਿੰਝ ਪਨਪੀ?

ਮੱਥੇ ਦੀਆਂ ਤਣੀਆਂ ਨੱਸਾਂ ਵਿਚ
ਜਦ ਕੋਈ ਸੂਰਜ ਉੱਗ ਆਵੇ
ਤਾਂ ਸੂਰਜ ਹੈਰਾਨ ਕਿ
ਕੱਸੀਆਂ ਨਸਾਂ ਵਿਚ ਕਿੰਝ ਉਗਮਿਆ
ਅਤੇ ਨੱਸਾਂ ਅਚਰਜ ਕਿ ਸੂਰਜ ਕਿਵੇਂ ਉੱਗਿਆ?

ਜਦ ਪੈਰਾਂ 'ਚ ਪੁੜੇ ਕੰਡਿਆਂ 'ਚ
ਜਦ ਸਫ਼ਰ ਉੱਗ ਆਵੇ
ਤਾਂ ਮਾਣਮੱਤਾ ਸਫ਼ਰ ਵੀ ਸਮਝਦਾ ਕਿ
ਜ਼ਖ਼ਮੀ ਪੈਰ ਵੀ ਸਫ਼ਰ ਦਾ ਨਾਮਕਰਨ ਹੋ ਸਕਦੇ
ਅਤੇ ਜ਼ਖ਼ਮੀ ਪੈਰਾਂ ਨੂੰ ਆਪਣੇ ਸਫ਼ਰਨਾਮੇ 'ਤੇ ਨਾਜ਼ ਹੁੰਦਾ।
ਜਦ ਨੈਣਾਂ ਦੇ ਸੁਪਨਿਆਂ ਦਾ ਮਾਤਮ
ਸੁਪਨੇ ਲੈਣ ਦੀ ਆਦਤ ਬਣਾ ਜਾਵੇ
ਤਾਂ ਪਤਾ ਲੱਗਦਾ ਕਿ ਮਰੇ ਸੁਪਨੇ ਵੀ ਜੀਵੰਤ ਹੋ ਸਕਦੇ
ਅਤੇ ਨੈਣਾਂ ਨੂੰ ਵੀ ਫ਼ਖ਼ਰ ਹੁੰਦਾ ਕਿ
ਮਾਤਮ ਦੌਰਾਨ ਵੀ ਸੁਪਨੇ ਤਾਂ ਲਏ ਜਾ ਸਕਦੇ।

ਜਦ ਖ਼ਾਮੋਸ਼ੀ ਦੇ ਸਰਦਲ ਤੇ
ਮੰਗੀਆਂ ਦੁਆਵਾਂ ਪੂਰਨ ਹੁੰਦੀਆਂ
ਤਾਂ ਦੁਆਵਾਂ, ਖ਼ਾਮੋਸ਼ੀ ਦਾ ਹਾਸਲ ਹੁੰਦੀਆਂ
ਅਤੇ ਖ਼ਾਮੋਸ਼ੀ ਵੀ ਦੁਆਵਾਂ ਦੀ ਦਾਨੀ ਬਣਦੀ।

ਜਦ ਕਲਮ ਕੁਝ ਉੱਕਰਨ ਤੋਂ ਆਰੀ ਹੁੰਦਿਆਂ ਵੀ
ਸਫ਼ਿਆਂ ਨੂੰ ਸ਼ਬਦਾਂ ਦਾ ਵਰਦਾਨ ਦੇਵੇ
ਤਾਂ ਸ਼ਬਦ, ਕਲਮ ਦੇ ਸਦਕੇ ਜਾਂਦੇ
ਅਤੇ ਕਲਮ, ਸ਼ਬਦਾਂ ਦੀ ਕਰਾਮਾਤ ਦੇ ਬਲਿਹਾਰੇ ਜਾਂਦੀ।

ਅੰਦਰਲੀ ਸੁੰਨ ਨੂੰ ਉਲਥਾਉਣ ਦੀ ਮਰੀ ਤਮੰਨਾ 'ਚ
ਜਦ ਸੰਵੇਦਨਾ ਦਾ ਨਾਦ ਪੈਦਾ ਹੁੰਦਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਤਾਂ ਸੰਵੇਦਨਾ, ਨਾਦ ਨੂੰ ਨਤਮਸਤਕ ਹੁੰਦੀ
ਅਤੇ ਨਾਦ, ਜੀਵਨ-ਨਾਦ ਬਣ ਜਾਂਦਾ।

ਜਦ ਜ਼ਖ਼ਮ ਦੀ ਪੀੜਾ
ਕਿਸੇ ਲਈ ਮਰਮ ਬਣ ਜਾਵੇ
ਤਾਂ ਮਰਮ, ਦਰਦ ਲਈ ਦੁਆਵਾਂ ਮੰਗਦੀ
ਅਤੇ ਦੁਆਵਾਂ, ਮਰਮ ਲਈ ਸ਼ਫ਼ਾ ਬਣਦੀਆਂ।

ਬੜਾ ਕੁਝ ਵਾਪਰਦਾ ਸਾਡੇ ਅੰਤਰੀਵ 'ਚ
ਇਹ ਅੰਤਰੀਵੀ ਜੱਦੋਜਹਿਦ ਹੀ ਹੁੰਦੀ
ਜੋ ਮਨੁੱਖ ਨੂੰ ਇਨਸਾਨੀਅਤ ਦਾ ਮਾਰਗੀ ਬਣਾਉਂਦੀ
ਕਾਸ਼ !
ਅਸੀਂ ਅੰਤਰੀਵੀ ਯੁੱਧ ਦੇ ਜੇਤੂ ਬਣੀਏ।

ਅਗਲੀ ਵਾਰ ਜਦ ਤੁਹਾਡਾ ਕੋਈ ਅਜ਼ੀਜ਼ ਹਰ ਗੱਲ ਦੇ ਜਵਾਬ ਵਿਚ 'ਸਭ ਠੀਕ-ਠਾਕ ਹੈ' ਕਹੇ ਤਾਂ ਸਮਝਣਾ ਕਿ ਸਭ ਠੀਕ-ਠਾਕ ਨਹੀਂ ਹੈ। ਸਗੋਂ ਇਸ ਵਿਚ ਬਹੁਤ ਕੁਝ ਛੁਪਿਆ ਹੁੰਦਾ। ਤੁਹਾਡਾ ਪਿਆਰਾ ਨਿੰਮੋਝੂਣਾ ਹੋਇਆ, ਨਮੋਸ਼ੀ ਕਾਰਨ ਸੱਚ ਨਹੀਂ ਦੱਸ ਰਿਹਾ। ਉਸ ਦੀਆਂ ਗੱਲਾਂ ਵਿਚ ਉਦਾਸੀ ਅਤੇ ਲਹਿਜ਼ੇ ਵਿਚ ਮਾਯੂਸੀ ਬਹੁਤ ਕੁਝ ਦਾ ਭੇਤ ਦੇ ਦਿੰਦੀ ਹੈ ਬਸ਼ਰਤੇ ਕਿ ਤੁਸੀਂ ਆਪਣੇ ਪਿਆਰੇ ਦੇ ਬਹੁਤ ਨਜ਼ਦੀਕ ਹੋਵੋ।

ਕਈ ਵਾਰ ਠੀਕ-ਠਾਕ ਕਹਿੰਦਿਆਂ ਵੀ ਬੰਦੇ ਦੀ ਕਬਰਾਂ ਵਿਚ ਜਾਣ ਦੀ ਤਿਆਰੀ ਹੁੰਦੀ। 'ਕੇਰਾਂ ਪਰਦੇਸੀ ਪੁੱਤ ਨੇ ਬਾਪ ਦਾ ਹਾਲ-ਚਾਲ ਜਾਣਨ ਲਈ ਫ਼ੋਨ ਕੀਤਾ ਤਾਂ ਬਾਪ ਨੇ ਕਿਹਾ ਕਿ ਮੈਂ ਠੀਕ-ਠਾਕ ਹਾਂ। ਪਰ ਜਲਦੀ ਮਿਲ ਜਾ। ਉਡੀਕ ਕਰਦਿਆਂ ਕਰਦਿਆਂ, ਬਾਪ ਦੀ ਉਮਰ ਘਟ ਗਈ ਅਤੇ ਕੁਝ ਸਮੇਂ ਬਾਅਦ ਪਰਵਾਸੀ ਪੁੱਤ ਬਾਪ ਦਾ ਠੰਢਾ ਸਿਵਾ ਫਰੋਲਣ ਲਈ ਪ੍ਰਦੇਸ ਤੋਂ ਪਰਤਿਆ।

ਸਭ ਠੀਕ-ਠਾਕ ਦੀਆਂ ਪਰਤਾਂ ਜ਼ਰੂਰ ਫਰੋਲਣਾ। ਅਗਰ ਤੁਸੀਂ ਇਨ੍ਹਾਂ ਪਰਤਾਂ ਨੂੰ ਸਮੇਂ ਸਿਰ ਨਾ ਫਰੋਲਿਆ ਅਤੇ ਕਿਸੇ ਦੇ ਦਰਦਾਂ ਦੀ ਦਵਾ ਅਤੇ ਸਿਹਤਯਾਬੀ ਲਈ ਦੁਆ ਨਾ ਬਣੇ ਤਾਂ ਫਿਰ ਉਸ ਦੇ ਸਿਵੇ ਦੀ ਰਾਖ ਫਰੋਲਦਿਆਂ, 'ਸਭ ਠੀਕ-ਠਾਕ' ਦੇ ਬੋਲ ਤੁਹਾਨੂੰ ਸਾਰੀ ਉਮਰ ਸੌਣ ਨਹੀਂ ਦੇਣਗੇ। ਸਿਵੇ ਵਿਚੋਂ ਉੱਗਿਆ ਹੌਕਾ, ਇਕ ਤੜਫਣੀ ਤੁਹਾਡੇ ਨਾਮ ਕਰ ਜਾਵੇਗਾ ਜਿਸ ਨੂੰ ਤੁਸੀਂ ਸਾਰੀ ਉਮਰ ਜਿਊਂਦੇ, ਇਸ ਜਹਾਨ ਤੋਂ ਤੁਰ ਜਾਵੋਗੇ।

ਚੇਤੇ ਰੱਖਣਾ ਕਿ ਆਪਣੇ ਪਿਆਰੇ ਨੂੰ ਫ਼ੋਨ ਕਰਨ ਲੱਗਿਆਂ ਸਭ ਠੀਕ-ਠਾਕ ਕਹਿਣ ਤੋਂ ਸੰਕੋਚ ਕਰਨਾ ਜੇ ਤੁਸੀਂ ਠੀਕ-ਠਾਕ ਨਹੀਂ। ਜਦ ਤੁਸੀਂ ਅਪਣਾ ਮਨ ਆਪਣਿਆਂ ਨਾਲ ਫਰੋਲੋਗੇ ਤਾਂ ਹਰ ਸਮੱਸਿਆ, ਮੁਸ਼ਕਲ ਅਤੇ ਦੁੱਖ ਦਾ ਸੰਭਾਵਿਤ ਹੱਲ ਤੁਹਾਨੂੰ ਜ਼ਰੂਰ ਮਿਲੇਗਾ। ਇਸ ਦੇ ਹੱਲ ਤੋਂ ਬਾਅਦ ਤੁਸੀਂ ਸਹੀ ਮਾਅਨਿਆਂ ਵਿਚ ਸਭ ਠੀਕ-ਠਾਕ ਕਹਿਣ ਦਾ ਜੇਰਾ ਕਰੋਗੇ ਅਤੇ ਤੁਹਾਡੇ ਮਨ ਤੇ ਇਹ ਕਹਿੰਦਿਆਂ ਕੋਈ ਮਾਨਸਿਕ ਬੋਝ ਨਹੀਂ ਹੋਵੇਗਾ।

ਮੈਂ ਵੀ ਹਰ ਵਕਤ ਠੀਕ-ਠਾਕ ਨਹੀਂ ਹੁੰਦਾ ਅਤੇ ਤੁਸੀਂ ਵੀ ਨਹੀਂ। ਇਹ ਹੀ ਜੀਵਨ ਦਾ ਸੱਚ। ਇਸ ਤੋਂ ਮੁਨਕਰੀ ਦਰਅਸਲ ਅਸਲ ਜੀਵਨ ਤੋਂ ਅੱਖਾਂ ਦੂਸਰੇ ਪਾਸੇ ਕਰਨ ਦੀ ਨਿਰਮੂਲ ਕੋਸ਼ਿਸ਼ ਹੁੰਦੀ।

ਕੀ ਤੁਸੀਂ ਵੀ ਅਕਸਰ ਹੀ ਕਹਿੰਦੇ ਹੋ ਕਿ ਸਭ ਠੀਕ-ਠਾਕ ਹੈ?

# * ਯਾਦ ਰੱਖਣ ਯੋਗ ਗੱਲਾਂ*

* ਉਹ ਕਾਹਦਾ ਮਗਰਮੱਛ ਹੈ ਜੋ ਛੱਪੜ ਦੀਆਂ ਮੱਛੀਆਂ ਨੂੰ ਕਹੇ ਮੈਨੂੰ ਦਰਿਆ ਤੱਕ ਛੱਡ ਆਓ।



* ਖ਼ੁਸ਼ੀ ਅਸਥਾਈ ਤੌਰ 'ਤੇ ਸਬਰ ਦੇਂਦੀ ਹੈ ਪਰ ਸਬਰ ਸਥਾਈ ਖੁਸ਼ੀਆਂ ਦੇਣ ਦੇ ਸਮਰੱਥ ਹੁੰਦਾ ਹੈ।

* ਅੱਜ ਕੱਲ੍ਹ ਦੇ ਜਿਹੜੇ ਬਾਬੇ ਲੋਕਾਂ ਨੂੰ ਸਵਰਗ ਦਾ ਰਾਹ ਦੱਸਣ ਵਾਸਤੇ ਸਮਾਗਮ ਕਰਦੇ ਹਨ, ਉਹ ਖੁਦ ਉਸ ਸਮਾਗਮ ਵਾਲੀ ਜਗ੍ਹਾ ਦਾ ਪਤਾ ਨੈਵੀਗੇਟਰ ਵਿਚ ਪਾ ਕੇ ਪਹੁੰਚਦੇ ਹਨ।

ਹਰਦੀਪ ਸਿੰਘ ਸੋਢੀ
ਫੋਨ: 480-794-0325

* ਕਫਨ, ਜਨਾਜ਼ੇ ਅਤੇ ਸ਼ਮਸ਼ਾਨ ਤਾਂ ਸਿਰਫ ਫਾਰਮੈਲਿਟੀਆਂ ਹਨ ਬੰਦਾ ਮਰ ਤਾਂ ਉਦੋਂ ਹੀ ਜਾਂਦਾ ਹੈ ਜਦੋਂ ਇਨਸਾਨੀਅਤ ਛੱਡ ਦੇਵੇ, (ਗਿਆਨੀ ਸੰਤ ਸਿੰਘ ਜੀ ਮਸਕੀਨ)

* ਰੁੱਖਾਂ ਦੇ ਜਦੋਂ ਪੱਤੇ ਝੜਦੇ ਹਨ ਤਾਂ ਉਹ ਪਹਿਲਾਂ ਰੰਗ ਵਟਾਉਂਦੇ ਹਨ ਤੇ ਫਿਰ ਝੜਦੇ ਹਨ, ਆਪਣੇ ਜਦੋਂ ਤੁਹਾਨੂੰ ਛੱਡਦੇ ਹਨ ਤਾਂ ਪਹਿਲਾਂ ਰੰਗ ਵਿਖਾਉਂਦੇ ਹਨ।

* ਇੱਕ ਤੇਲਗੂ ਮੁਹਾਵਰਾ ਹੈ ਕਿ ਰਾਹ ਜਾਂਦੇ ਜੇ ਕੁੱਤਾ ਪੈ ਜਾਵੇ ਤਾਂ ਰੋੜਾ (ਵੱਟਾ) ਨਹੀਂ ਲਭਦਾ ਜਿਸ ਦਿਨ ਵੱਟਾ ਨਾਲ ਲੈ ਜਾਓ ਕੁੱਤਾ ਨਹੀਂ ਮਿਲਦਾ।

* ਯਾਦ ਰੱਖੋ ਭੀੜ ਕੋਲ ਅਕਲ ਨਹੀਂ ਹੁੰਦੀ ਭੀੜ ਕੋਲ ਸਿਰਫ ਤਾੜੀਆਂ ਜਾਂ ਵੱਟੇ ਹੁੰਦੇ ਹਨ।

# ਸ਼ਹੀਦ ਭਾਈ ਤਾਰੂ ਸਿੰਘ ਜੀ

ਸ਼ਹੀਦੀ ਦਿਨ 'ਤੇ ਵਿਸ਼ੇਸ਼

ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਨੂੰ ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ 'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਅੱਯਾਸ਼ੀ ਵਿਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿਚ ਢਿੱਲ ਆ ਗਈ।



ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿਚ ਆ ਗਏ ਤੇ ਵਾਹੀ ਵਗੈਰਾ ਕੰਮ ਵਿਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁੱਤਰ

ਡਾ. ਚਰਨਜੀਤ ਗੁਮਟਾਲਾ
+1-937-573-9812

ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖ਼ਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸ਼ਖ਼ਸੀਅਤਾਂ ਵਿਚ ਪੂਹਲਾ ਪਿੰਡ (ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿਚ ਹੁੰਦਾ ਸੀ ਤੇ ਹੁਣ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿਚ ਹੈ), ਦੇ ਭਾਈ ਤਾਰੂ ਸਿੰਘ, ਛੋਟੇ ਜ਼ਿਮੀਂਦਾਰ ਸਨ। ਉਹ ਬਚਪਨ ਵਿਚ ਅੰਮ੍ਰਿਤਪਾਨ ਕਰ ਕੇ ਸਿੰਘ ਸਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।


ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰ ਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭੇਦ ਭਾਵ ਦੇ ਸਭ ਲਈ ਖੁੱਲ੍ਹੇ ਸਨ। ਪਿੰਡ ਤੋਂ ਇਲਾਵਾ ਆਸ-ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਪਿੰਡ ਵਿਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।

1740 ਈ. ਵਿਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਤਲ ਹੋਇਆ। ਇਸ ਸਮੇਂ ਮੁਖ਼ਬਰਾਂ ਨੇ ਸਿੱਖਾਂ ਨੂੰ ਫੜਾਉਣ ਵਿਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ। ਸਰਕਾਰ ਦੇ ਵਫ਼ਾਦਾਰਾਂ ਵਿਚ ਜੰਡਿਆਲਾ ਗੁਰੂ ਦਾ ਮੁਖ਼ਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਉਸ ਨੇ ਜ਼ਕਰੀਆ ਖ਼ਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ। ਉਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ। ਸਿੰਘ ਬਾਹਰ ਇਸ ਦੇ ਖੇਤਾਂ ਵਿਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਲ ਮਹਿਤਾਬ ਸਿੰਘ ਮੀਰਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਂਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ ਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ।

ਇਸ 'ਤੇ ਪੁਲੀਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ।

ਭਾਈ ਤਾਰੂ ਸਿੰਘ ਨੂੰ ਜਲਾਦਾਂ ਪਾਸੋਂ ਪਹਿਲਾਂ ਚਰਖੀ 'ਤੇ ਚੜ੍ਹਾਇਆ ਗਿਆ, ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ। ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿਚ ਸੁੱਟਿਆ ਗਿਆ।

ਸਾਰੇ ਸ਼ਹਿਰ ਤੇ ਪਿੰਡਾਂ ਵਿਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖ਼ਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਰਹਿੰਦੇ



ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇਕ ਧਰਮਸ਼ਾਲਾ ਵਿਚ ਲੈ ਗਏ। ਜ਼ਕਰੀਆ ਖ਼ਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾਂ ਸਾਰੇ ਸਿਰ, ਜੋ ਕਿ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖ਼ਾਨ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਉਸ ਨੂੰ ਬੜੀ ਤਕਲੀਫ਼ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫ਼ਕੀਰ ਬੁਲਾਏ ਗਏ। ਤਵੀਤ ਬਣਾ ਕੇ ਗਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵਧਦੀ ਜਾਵੇ। ਉਸ ਦੀਆਂ ਹਾਏ-ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ ਕਰ ਰਹੇ ਸਨ।

ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖ਼ਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਪਿਸ਼ਾਬ ਦਾ ਬੰਨ੍ਹ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁੱਤੀਆਂ ਖ਼ਾਨ ਦੇ ਸੂਬੇ ਦੇ ਸਿਰ ਵਿਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁੱਤੀ ਖ਼ਾਨ ਕੇ ਜ਼ਕਰੀਆ ਖ਼ਾਨ ਦੇ ਸਿਰ 'ਚ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ੍ਹ ਟੁੱਟ ਗਿਆ। ਸਭ ਪਾਸੇ ਖ਼ੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ।

ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ੍ਹ ਲੱਗਦਾ ਤਾਂ ਜੁੱਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿਚ। ਏਸ ਤਰ੍ਹਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁੱਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਾਜ਼ਾਰ ਵਿਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ, ਜੋ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ। ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਸਾਰੇ ਸੰਸਾਰ ਵਿਚ ਬੜੀ ਸ਼ਰਧਾ ਮਨਾਇਆ ਜਾਂਦਾ ਹੈ।

# ਰੋਜ਼ਾਨਾ ਅਖ਼ਬਾਰਾਂ ਦਾ ਮੁੱਖ ਪੰਨਾ: ਓਦੋਂ ਤੇ ਹੁਣ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਨੂੰ ਰੋਜ਼ਾਨਾ ਅਖ਼ਬਾਰਾਂ ਨਾਲ ਜੁੜਿਆਂ 40 ਸਾਲ ਹੋ ਗਏ ਹਨ। 1984 ਵਿਚ ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਨੇ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਛੱਡ ਕੇ ਆਪਣੇ ਪਿਤਾ ਜੀ ਵਲੋਂ ਸਥਾਪਤ ਅਜੀਤ ਸਮਾਚਾਰ ਸਮੂਹ ਦੀ ਕਮਾਂਡ ਸੰਭਾਲਣੀ ਸੀ। ਉਦੋਂ ਮੈਨੂੰ ਸਰਕਾਰੀ ਰਸਾਲਿਆਂ ਦੇ ਸੰਪਾਦਕੀ ਅਮਲੇ ਵਿਚ ਕੰਮ ਕਰਦਿਆਂ ਤੀਹ ਸਾਲ ਹੋ ਗਏ ਸਨ ਪਰ ਰੋਜ਼ਾਨਾ ਅਖ਼ਬਾਰਾਂ ਦੀ ਕਾਰਜ ਵਿਧੀ ਤੋਂ ਕੋਰਾ ਸਾਂ। ਮੈਨੂੰ ਏਸ ਰਾਹ ਤੋਰਨ ਵਾਲੇ ਬਰਜਿੰਦਰ ਸਿੰਘ ਤੇ 'ਮੇਨਸਟਰੀਮ' ਦੇ ਸੰਪਾਦਕ ਦੇਸ ਰਾਜ ਗੋਇਲ ਸਨ।

ਜਦੋਂ ਮੈਂ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸੰਭਾਲੀ ਤਾਂ ਟ੍ਰਿਬਿਊਨ ਸਮਾਚਾਰ ਸਮੂਹ ਦਾ ਮੁੱਖ ਸੰਪਾਦਕ ਉਨ੍ਹਾਂ ਸਮਿਆਂ ਦਾ ਦਬੰਗ ਪੱਤਰਕਾਰ ਪ੍ਰੇਮ ਭਾਟੀਆ ਸੀ। ਉਹ ਮੁੱਖ ਪੰਨੇ ਉੱਤੇ ਇਸ਼ਤਿਹਾਰ ਨਹੀਂ ਸੀ ਛਪਣ ਦਿੰਦਾ। ਜੇ ਕੋਈ ਪਿੱਛੇ ਹੀ ਪੈ ਜਾਵੇ ਤਾਂ ਮੁੱਖ ਪੰਨੇ ਦੇ ਇਕ ਚੌਥਾਈ ਹਿੱਸੇ ਤੋਂ ਵੱਧ ਥਾਂ ਨਹੀਂ ਸੀ ਦਿੰਦਾ। ਮੇਰੇ ਲਈ ਇਹ ਪੱਤਰਕਾਰੀ ਦਾ ਪਹਿਲਾ ਸਬਕ ਸੀ।

ਅੱਜ ਕੱਲ੍ਹ ਰੋਜ਼ਾਨਾ ਅਖ਼ਬਾਰਾਂ ਦੀ ਅਜ਼ਮਤ ਉੱਤੇ ਹਮਲਾ ਕਰਨ ਵਾਲੇ ਵੱਡੇ ਸਰਮਾਏਦਾਰ ਹੀ ਨਹੀਂ ਕਾਰਪੋਰੇਟਾਂ ਦੇ ਕਰਤਾ-ਧਰਤਾ ਵੀ ਹਨ। ਉਹ ਮੁੱਖ ਪੰਨਾ ਤਾਂ ਕੀ ਅਗਲੇ ਦੋ ਤਿੰਨ ਪੰਨੇ ਵੀ ਖਾ ਜਾਂਦੇ ਹਨ। ਉਨ੍ਹਾਂ ਨੂੰ ਆਪਣੀਆਂ ਕੰਪਨੀਆਂ ਦੀ ਬੱਲੇ-ਬੱਲੇ ਕਰਨ ਵਾਲੇ ਇਸ਼ਤਿਹਾਰਾਂ ਲਈ ਥਾਂ ਚਾਹੀਦੀ ਹੁੰਦੀ ਹੈ। ਵੱਡੀਆਂ ਅਖ਼ਬਾਰਾਂ ਆਪਣੇ ਮਾਸਟ ਹੈਡਾਂ ਦੀ ਬਲੀ ਨਹੀਂ ਦਿੰਦੀਆਂ ਪਰ ਛੋਟੀਆਂ ਤੇ ਲੋੜਵੰਦ ਅਖ਼ਬਾਰਾਂ ਅਜਿਹਾ ਕਰਨ ਵੇਲੇ ਵੀ ਨਹੀਂ ਕਤਰਾਉਂਦੀਆਂ। ਜੇ ਇਸ਼ਤਿਹਾਰ ਹਿੰਦੀ ਭਾਸ਼ਾ ਵਿਚ ਹੋਵੇ ਤਾਂ ਏਦਾਂ ਜਾਪਦਾ ਹੈ ਜਿਵੇਂ ਪੰਜਾਬੀ ਪਾਠਕਾਂ ਦੇ ਘਰ ਗ਼ਲਤੀ ਨਾਲ ਹਿੰਦੀ ਦਾ ਅਖ਼ਬਾਰ ਆ ਗਿਆ ਹੈ। ਅਜਿਹਾ ਕੁਕਰਮ ਕਰਨ ਵਾਲਿਆਂ ਨੂੰ ਬੇਨਤੀ ਹੈ ਕਿ ਮਾਸਟ ਹੈਡ ਨਾ ਹੜੱਪਣ ਦੇਣ। ਇਹ ਅਖ਼ਬਾਰ ਦੀ ਕਲਗੀ ਹੁੰਦੀ ਹੈ। ਆਪਾਂ ਚਾਰ ਦਮੜਿਆਂ ਪਿੱਛੇ ਆਪਣੀ ਕਲਗੀ ਦੀ ਬਲੀ ਨਾ ਦੇਈਏ। ਪਾਠਕਾਂ ਦੀ ਲਾਜ ਰੱਖੀਏ ਤੇ ਜੱਸ ਖੱਟੀਏ।

**ਮੇਰੇ ਹਿੱਸੇ ਦਾ ਹਿਮਾਚਲ ਤੇ ਪਰਬਤੀ ਟਿਕਾਣਾ**

ਮੇਰੀ ਪਹਿਲੀ ਪਰਬਤ ਯਾਤਰਾ 1958 ਦੀ ਹੈ। ਨਵੀਂ ਦਿੱਲੀ ਤੋਂ ਰੋਹਤਾਂਗ ਦੱਰੇ ਦੀ। ਸਾਡੇ ਕੋਲ ਇੱਕ ਮੋਟਰ ਸਾਈਕਲ ਸੀ ਪਰ ਸਫ਼ਰ ਕਰਨ ਵਾਲੇ ਅਸੀਂ ਚਾਰ ਸਾਂ। ਦੋ ਡਰਾਈਵਰ ਤੇ ਦੋ ਡਰਾਈਵਰੀ ਤੋਂ ਕੋਰੇ। ਸਾਡੀ ਵਿਉਂਤਬੰਦੀ ਕਮਾਲ ਦੀ ਸੀ। ਇਕ ਡਰਾਈਵਰ ਤੇ ਨਾਨ-ਡਰਾਈਵਰ ਨੇ ਚਾਰਾਂ ਦਾ ਸਮਾਨ ਲੈ ਕੇ ਬੱਸ ਰਾਹੀਂ ਜਾਣਾ ਸੀ ਤੇ ਇੱਕ ਡਰਾਈਵਰ ਤੇ ਨਾਨ-ਡਰਾਈਵਰ ਨੇ ਮੋਟਰ ਸਾਈਕਲ ਉੱਤੇ। ਮੋਟਰ ਸਾਈਕਲ ਵਾਲਿਆਂ





ਕੋਲ ਕੈਮਰਾ ਹੁੰਦਾ ਸੀ ਤੇ ਉਹ ਨਿੱਕੇ ਵੱਡੇ ਨਜ਼ਾਰਿਆਂ ਦੀਆਂ ਤਸਵੀਰਾਂ ਖਿੱਚਣ ਲਈ ਮਿੱਥੇ ਹੋਏ ਰਾਹ ਤੋਂ ਏਧਰ ਓਧਰ ਜਾ ਕੇ ਪਰਬਤਾਂ ਦੇ ਮੰਦਰ ਵੀ ਦੇਖ ਸਕਦੇ ਸਨ ਤੇ ਕੁਦਰਤੀ ਨਜ਼ਾਰੇ ਵੀ।

ਅਸੀਂ ਸਾਰਿਆਂ ਨੇ ਰਾਤ ਕਿੱਥੇ ਕੱਟਣੀ ਹੁੰਦੀ ਸੀ ਇਸਦਾ ਫੈਸਲਾ ਨਿਸ਼ਚਤ ਹੁੰਦਾ ਸੀ। ਬੱਸ ਵਾਲੀਆਂ ਸਵਾਰੀਆਂ ਨੇ ਮਿੱਥੇ ਹੋਏ ਟਿਕਾਣੇ ਉੱਤੇ ਪਹੁੰਚ ਕੇ ਬੱਸ ਅੱਡੇ ਦੇ ਨੇੜੇ ਦੋ ਕਮਰੇ ਲੱਭ ਕੇ ਬੱਸ ਵਾਲਾ ਸਮਾਨ ਲੈ ਕੇ ਰਾਤ ਦੇ ਖਾਣੇ ਦਾ ਆਦੇਸ਼ ਦੇਣਾ ਹੁੰਦਾ ਸੀ ਤੇ ਮੋਟਰ ਸਾਈਕਲ ਸਵਾਰਾਂ ਨੇ ਬੱਸ ਅੱਡੇ ਵਾਲਿਆਂ ਤੋਂ ਉਨ੍ਹਾਂ ਦਾ ਪਤਾ ਟਿਕਾਣਾ ਪੁੱਛ ਕੇ ਉਨ੍ਹਾਂ ਨੂੰ ਲੱਭਣਾ ਹੁੰਦਾ ਸੀ। ਕੋਈ ਦਿੱਕਤ ਨਹੀਂ ਹੋਈ। ਅਸੀਂ ਸਾਰੇ ਭਾਰਤੀ ਖੇਤੀਬਾੜੀ ਖੋਜ ਕੌਂਸਲ ਦੇ ਸੰਪਾਦਕੀ ਅਮਲੇ ਦੇ ਮੈਂਬਰ ਸਾਂ ਤੇ ਏਸ ਨਾਤੇ ਇੱਕ ਦੂਜੇ ਦੇ ਮਿੱਤਰ ਵੀ ਸਾਂ। ਮੈਂ ਪੰਜਾਬੀ ਦਾ ਕੰਮ ਦੇਖਦਾ ਸਾਂ, ਰਾਜ ਗਿੱਲ ਅੰਗਰੇਜ਼ੀ ਦਾ ਅਤੇ ਦੂਜੇ ਦੋਨੋਂ ਤਕਨੀਕੀ ਮਸਲੇ। ਜਿੱਥੋਂ ਤੱਕ ਡਰਾਈਵਰੀ ਦਾ ਸਬੰਧ ਸੀ ਰਾਜ ਗਿੱਲ ਤੇ ਮੈਂ ਹੀ ਜਾਣਦੇ ਸਾਂ। ਦੂਜੇ ਦੋ ਨਹੀਂ। ਸਾਡੇ ਦਫ਼ਤਰ ਦਾ ਮੁਖੀ ਐਮ ਐਸ ਰੰਧਾਵਾ ਸੀ।

ਅਸੀਂ ਤਿੰਨ ਦਿਨ ਮਨਾਲੀ ਰਹਿ ਕੇ ਰੋਹਤਾਂਗ ਦਾ ਦੱਰਾ ਵੀ ਦੇਖਿਆ ਤੇ 'ਜੌਹਰ ਇਨ ਕਸ਼ਮੀਰ' ਦੀ ਸ਼ੂਟਿੰਗ ਵੀ। ਇਸ ਅਦੁੱਤੀ ਸਫ਼ਰ ਦਾ ਚੇਤੇ ਆਉਣਾ ਵੀ ਇੱਕ ਸਬੱਬ ਹੀ ਸਮਝੋ। ਮੈਂ ਗਰਮੀ ਰੁੱਤੇ ਕੁਝ ਦਿਨ ਪਰਬਤ ਦੀ ਗੋਦ ਮਾਣਣ ਲਈ ਕਾਲਕਾ ਸ਼ਿਮਲਾ ਮਾਰਗ ਉੱਤੇ ਧਰਮਪੁਰ ਤੋਂ ਸਬਾਧੂ ਜਾਂਦੀ ਕੱਚੀ ਪੱਕੀ ਸੜਕ ਉੱਤੇ ਦੋ ਕਮਰੇ ਦਾ ਟਿਕਾਣਾ ਬਣਾ ਰੱਖਿਆ ਹੈ। ਪਾਈਨਲੈਂਡ ਰਿਜ਼ਾਰਟ ਦੇ ਮੱਥੇ ਉੱਤੇ। ਉੱਥੇ ਪਹੁੰਚਣ ਲਈ ਡੇਢ ਕਿਲੋਮੀਟਰ ਕੱਚਾ ਰਸਤਾ ਹੈ ਜਿਸ ਦੇ ਸੱਜੇ ਖੱਬੇ ਉੱਚੇ ਉੱਚੇ ਚੀਲ ਦੇ ਰੁੱਖ ਹਨ ਤੇ ਉਨ੍ਹਾਂ ਦੀਆਂ ਜੜ੍ਹਾਂ ਵਿਚ ਨਿੱਕੇ ਵੱਡੇ ਫੁੱਲ ਤੇ ਬੂਟੇ। ਰਿਜ਼ਾਰਟ ਦਾ ਨਾਂ ਦੇਣ ਵਾਲੇ ਵੀ ਇਹ ਰੁੱਖ ਹੀ ਹਨ।

ਖ਼ੂਬੀ ਇਹ ਕਿ ਅੱਜ ਦੇ ਦਿਨ ਅਜਿਹਾ ਟਿਕਾਣਾ ਮੇਰਾ ਇਕੱਲੇ ਦਾ ਨਹੀਂ। ਇਸਦੇ ਐਨ ਕੋਲ ਮੇਰੇ ਭਤੀਜੇ ਤੇ ਉਸਦੇ ਦੋ ਦੋਸਤਾਂ ਨੇ ਵੀ ਆਪੋ ਆਪਣੀਆਂ ਤਿੰਨ ਕੁਟੀਆ ਬਣਾ ਲਈਆਂ ਹਨ ਤੇ ਮੇਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਪ੍ਰੋਫੈਸਰ ਜਗਦੀਸ਼ ਕੌਰ ਨੇ ਵੀ। ਆਪਣੇ ਵਾਲੀ ਕੁਟੀਆ ਵਿਚ ਮੇਰੇ ਪੜ੍ਹਨ ਲਈ ਜਿਹੜੀਆਂ ਪੁਸਤਕਾਂ ਹਨ ਉਨ੍ਹਾਂ ਵਿਚੋਂ ਇੱਕ ਐਮ ਐਸ ਰੰਧਾਵਾ ਰਚਿਤ ਕਾਂਗੜਾ ਦੀ ਕਲਾ ਤੇ ਗੀਤਾਂ ਨੂੰ ਬਿਆਨਦੀ ਪੋਥੀ ਵੀ ਹੈ। 1963 ਵਿਚ ਸਾਹਿਤ ਅਕਾਦਮੀ ਨਵੀਂ ਦਿੱਲੀ ਵਲੋਂ ਪ੍ਰਕਾਸ਼ਤ। ਉਦੋਂ ਇਸਦੀ ਤਿਆਰੀ ਵਿਚ ਮੈਂ ਵੀ ਰੰਧਾਵਾ ਸਾਹਬ ਦਾ ਹੱਥ ਵਟਾਇਆ ਸੀ ਤੇ ਇਸ ਪੋਥੀ ਉੱਤੇ ਬੜੇ ਪਿਆਰ ਨਾਲ ਉਨ੍ਹਾਂ ਵਲੋਂ ਗੁਰਮੁਖੀ ਲਿੱਪੀ ਵਿਚ ਲਿਖੀ ਭੇਟਾ ਵੀ ਅੰਕਤ ਹੈ, "ਗੁਲਜ਼ਾਰ ਸਿੰਘ ਸੰਧੂ ਨੂੰ ਜਿਸਨੇ ਇਸ ਕਿਤਾਬ ਦੇ ਲਿਖਣ ਵਿਚ ਮੇਰੀ ਬੜੀ ਮਦਦ ਕੀਤੀ।"

ਉਨ੍ਹਾਂ ਵਲੋਂ ਸੱਠ ਸਾਲ ਪਹਿਲਾਂ ਦਿੱਤੀ ਇਸ ਭੇਟਾ ਨੇ ਮੈਨੂੰ 1958 ਵਾਲੀ ਮਨਾਲੀ ਤੇ ਰੋਹਤਾਂਗ ਦੀ ਯਾਤਰਾ ਹੀ ਚੇਤੇ ਨਹੀਂ ਕਰਾਈ ਹੁਣ ਵਾਲੀ ਕੁਟੀਆ ਤੇ ਇਸਦੇ ਅੱਗੇ ਤੇ ਪਿੱਛੇ ਲਹਿਰਾ ਰਹੇ ਚੀਲ ਦੇ ਹਰੇ ਭਰੇ ਰੁੱਖਾਂ ਬਾਰੇ ਲਿਖਣ ਲਈ ਵੀ ਪ੍ਰੇਰਿਆ ਹੈ ਜਿਨ੍ਹਾਂ ਨੂੰ ਜੜ੍ਹਾਂ ਤੋਂ ਪੁੱਟ ਕੇ ਦਿੱਲੀ ਦੱਖਣ ਦੇ ਪੂੰਜੀਪਤੀ ਬਸਤੀਆਂ ਉਸਾਰ ਰਹੇ ਹਨ। ਸ਼ੁਰੂ ਸ਼ੁਰੂ ਵਿਚ ਏਥੋਂ ਦੇ ਜੱਦੀ ਪੁਸ਼ਤੀ ਵਸਨੀਕ ਇਨ੍ਹਾਂ ਪੂੰਜੀਪਤੀਆਂ ਦੀ ਆਮਦ ਨੂੰ ਨਫ਼ਰਤ ਕਰਦੇ ਸਨ ਤੇ ਅੱਜ-ਕੱਲ੍ਹ ਇਨ੍ਹਾਂ ਵਲੋਂ ਆਵਾਜਾਈ ਲਈ ਚੌੜੀਆਂ ਕੀਤੀਆਂ ਸੜਕਾਂ ਦੀ ਗੱਲ ਕਰਨ ਸਮੇਂ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ "ਇਹ ਸਭ ਕੁਝ ਬਸਤੀਵਾਦੀਆਂ ਦੀ ਦੇਣ ਹੈ ਤੇ ਉਨ੍ਹਾਂ ਦੀ ਬਦੌਲਤ ਹੀ ਸਭ ਕੁਛ ਹੋ ਰਿਹਾ ਹੈ। ਜ਼ਿੰਦਗੀ ਦੇ ਸਿਧਾਂਤ ਬਦਲ ਰਹੇ ਹਨ। ਨਵੀਂ ਸੋਚ ਤੇ ਨਵੀਆਂ ਉਸਾਰੀਆਂ।

**ਅੰਤਿਕਾ**

ਇਕ ਪਹਾੜੀ ਲੋਕ ਗੀਤ॥
ਖੂਹੇ ਉਪਰ ਖੜੋਤੀਏ ਮੁਟਿਆਰੇ ਨੀ
ਪਾਣੀ ਦਾ ਘੁੱਟ ਪਿਲਾ ਬਾਂਕੀਏ ਨਾਰੇ ਨੀ
ਮੇਰੀ ਕੱਢ ਘੜਾ, ਦੂਜੀ ਕੱਢ ਲੋਟਕੀ ਸਿਪਾਹੀਆ ਜੀ
ਆਪੂੰ ਡੋਲੋ ਆਪੂੰ ਪੀਓ ਅਸਾਂ ਤੇਰੇ ਮਹਿਰਮ ਨਾ ਹੀਂ
ਭੰਨ ਘੜਾ ਕਰ ਠੀਕਰੀ ਮੁਟਿਆਰੇ ਨੀ
ਤੂੰ ਚੱਲ ਮੇਰੇ ਨਾਲ ਪਤਲੀਏ ਨਾਰੇ ਨੀ
ਤੇਰੇ ਜਿਹੇ ਦੋ ਛੋਕਰੇ ਸਿਪਾਹੀਆ ਜੀ
ਸਾਡੇ ਬਾਪੂਏ ਦੇ ਚੋਬੇਦਾਰ,
ਜਾਂਦਿਆ ਰਾਹੀਆ ਜੀ।

**ਫਰੈਡਰਿਕ ਏਂਗਲਜ਼ ਦੀ ਕਿਤਾਬ 'ਬਰਤਾਨੀਆ ਦੇ ਮਜ਼ਦੂਰ ਵਰਗ ਦੇ ਹਾਲਾਤ' ਸੂਰ-ਵਾੜਿਆਂ ਵਰਗੇ ਘਰਾਂ 'ਚ ਰਹਿੰਦੇ, ਦੋ ਟੁੱਕ ਰੋਟੀ ਤੋਂ ਮੁਥਾਜ, ਚੀਥੜਿਆਂ ਨਾਲ ਤਨ ਢਕਦੇ, ਬਾਲ ਉਮਰ ਤੋਂ ਹੱਡ-ਪੈਰ ਚੱਲਣ ਤੱਕ ਬਾਰਾਂ ਤੋਂ ਅਠਾਰਾਂ ਘੰਟੇ ਕੰਮ ਇਕੋ ਕਿਸਮ ਦਾ ਨੀਰਸ ਕੰਮ ਕਰਦੇ, ਨਿਰਾਸਤਾ ਦੀ ਡੂੰਘੀ ਖਾਈ 'ਚ ਧੱਕੇ ਪਰ ਹੌਸਲਾ ਨਾ ਹਾਰਦੇ ਤੇ ਹਾਲਾਤ ਵਿਰੁੱਧ ਸੰਘਰਸ਼ਸ਼ੀਲ ਬਰਤਾਨੀਆ ਦੇ ਉਦਯੋਗਕ ਸ਼ਹਿਰ ਮਾਨਚੈਸਟਰ ਦੇ ਮਜ਼ਦੂਰਾਂ ਦੀ ਦਾਸਤਾਨ ਹੈ। ਉਸ ਨੇ ਇਨ੍ਹਾਂ ਮਜ਼ਦੂਰਾਂ ਦੇ ਹਾਲਾਤ ਨੂੰ ਐਨ ਨੇੜਿਓਂ ਦੇਖਿਆ। ਇਸ ਅੰਦਰ ਪੂੰਜੀਵਾਦ ਦੀ ਵਧ ਰਹੀ ਮਾਰ ਦਾ ਬੇਕਿਰਕ ਚਿਤਰਨ ਹੈ। ਅੱਜ ਅਸੀਂ ਪੂੰਜੀਵਾਦ ਦਾ ਜਿਹੜਾ ਭਿਆਨਕ ਰੂਪ ਦੇਖ ਰਹੇ ਹਾਂ, ਉਸ ਬਾਰੇ ਚਰਚਾ ਫਰੈਡਰਿਕ ਏਂਗਲਜ਼ ਨੇ ਆਪਣੀ ਇਸ ਕਿਤਾਬ ਵਿਚ ਕੀਤੀ ਹੈ। ਜਤਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਫਰੈਡਰਿਕ ਏਂਗਲਜ਼ ਦੇ ਚਿਤਰੇ ਹਾਲਾਤ ਨੂੰ ਅੱਜ ਦੇ ਪ੍ਰਸੰਗਾਂ ਨਾਲ ਜੋੜ ਕੇ ਸਬਕ ਸਿੱਖਣ ਦਾ ਹੋਕਾ ਦਿੱਤਾ ਹੈ।**

# ਮੁਨਾਫ਼ਾਖ਼ੋਰੀ ਦਾ ਸਿਧਾਂਤ ਅਤੇ ਕਿਰਤੀਆਂ ਦੇ ਹਾਲਾਤ

## ਪ੍ਰਸੰਗ 180 ਸਾਲ ਪਹਿਲਾਂ ਲਿਖੀ ਫਰੈਡਰਿਕ ਏਂਗਲਜ਼ ਦੀ ਕਿਤਾਬ 'ਬਰਤਾਨੀਆ ਦੇ ਮਜ਼ਦੂਰ ਵਰਗ ਦੇ ਹਾਲਾਤ'

ਪਿਛਲੇ ਦਿਨੀਂ ਫਰੈਡਰਿਕ ਏਂਗਲਜ਼ ਦੀ ਕਿਤਾਬ 'ਬਰਤਾਨੀਆ ਦੇ ਮਜ਼ਦੂਰ ਵਰਗ ਦੇ ਹਾਲਾਤ' (ਠਹਏ ਛੋਨਦਟਿੋਨਿੋ ਾ ਟਹਏੋਰਕਨਿਗ ਛਲਅਸਸ ਨਿ ਓਨਗਲਅਨਦ) ਪੜ੍ਹੀ। ਇਸ ਕਿਤਾਬ ਦੇ ਹਵਾਲੇ ਨਾਲ ਕੁਝ ਗੱਲਾਂ ਸਮਕਾਲ ਨੂੰ ਸਮਝਣ ਅਤੇ ਬਿਆਨ ਕਰਨ ਦੀਆਂ ਚੁਣੌਤੀਆਂ ਬਾਬਤ ਰੱਖਾਂਗਾ ਜਿਨ੍ਹਾਂ ਕਾਰਨ ਸਦੀ ਤੋਂ ਵੱਧ ਪੁਰਾਣੀ ਇਹ ਕਿਤਾਬ ਅੱਜ ਵੀ ਸਾਰਥਕ ਹੈ। ਇਹ ਲਿਖਤ ਤਕਰੀਬਨ 180 ਸਾਲ ਪਹਿਲਾਂ ਛਪ ਕੇ ਲੋਕਾਈ ਦੇ ਰੂ-ਬ-ਰੂ ਹੋਈ। ਕਿਤਾਬ ਛਪਣ ਸਮੇਂ ਏਂਗਲਜ਼ ਦੀ ਉਮਰ ਚੌਵੀ ਸਾਲ ਸੀ। ਇਹ ਦਸਤਾਵੇਜ਼ ਬੇਮੁਹਾਰ ਮੁਨਾਫਾਖ਼ੋਰ ਸਿਧਾਂਤ ਨੂੰ ਪ੍ਰਨਾਏ ਪੂੰਜੀਵਾਦ ਦੇ ਮੁੱਢਲੇ ਦੌਰ ਸਮੇਂ ਲਿਖਿਆ ਗਿਆ ਸੀ। ਇਹ ਸਮਾਂ ਧਾਗਾ ਮਿੱਲਾਂ ਅਤੇ ਕੱਪੜਾ ਉਦਯੋਗ 'ਚ ਵੱਡੀ ਤਬਦੀਲੀ ਦਾ ਗਵਾਹ ਹੈ। ਉਦਯੋਗੀਕਰਨ ਦੇ ਸ਼ੁਰੂਆਤੀ ਦੌਰ 'ਚ ਕਈ ਵਿਦਵਾਨਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਪੂੰਜੀਵਾਦ ਦੇ ਫੈਲਾਉ ਨੇ ਮਨੁੱਖਤਾ ਦਾ ਘਾਣ ਕਰਨਾ ਹੈ, ਸਮਾਜ ਦੇ ਵੱਡੇ ਤਬਕੇ ਨੂੰ ਗਰੀਬੀ ਤੇ ਭੁੱਖਮਰੀ ਦੀ ਦਲਦਲ ਵੱਲ ਧੱਕ ਦੇਣਾ ਹੈ, ਸਮਾਜਿਕ ਤਣਾਅ ਨੂੰ ਜ਼ਰਬਾਂ ਦੇਣੀਆਂ ਹਨ।




**ਜਤਿੰਦਰ ਸਿੰਘ**
**ਫੋਨ: 97795-30032**

ਏਂਗਲਜ਼ ਨੇ 1842 ਤੋਂ ਬਰਤਾਨੀਆ ਦੇ ਮੈਨਚਸਟਰ ਸ਼ਹਿਰ 'ਚ ਲਗਭਗ ਦੋ ਸਾਲ ਬਿਤਾਏ। ਉਸ ਲਈ ਪੂੰਜੀਵਾਦ ਦਾ ਜਨਮ ਸਥਾਨ ਸਮਝੇ ਜਾਂਦੇ ਮੁਲਕ 'ਚ ਸਮਾਜਿਕ ਟੁੱਟ-ਭੱਜ ਨੂੰ ਸਮਝਣ ਤੇ ਮੁਨਾਫਾਖ਼ੋਰੀ ਦੇ ਸਿਧਾਂਤ ਵਲੋਂ ਵਸੂਲੀ ਜਾ ਰਹੀ ਸਮਾਜਿਕ-ਘਾਣ ਰੂਪੀ ਕੀਮਤ ਨੂੰ ਗਹਿਰਾ ਪਰਖਣ ਦਾ ਸੁਨਹਿਰੀ ਮੌਕਾ ਸੀ। ਇਥੋਂ ਨਿਕਲੇ ਸਿੱਟਿਆਂ ਨੂੰ ਉਨ੍ਹਾਂ ਖਿੱਤਿਆਂ ਤੱਕ ਪੁੱਜਦਾ ਕਰਨਾ ਸੀ ਜੋ ਪੂੰਜੀਵਾਦ ਦੇ ਪ੍ਰਭਾਵ ਤੋਂ ਥੋੜ੍ਹਾ ਬਾਹਰ ਹਨ ਤਾਂ ਜੋ ਉਨ੍ਹਾਂ ਸਮਾਜਾਂ ਤੇ ਲੋਕਾਈ ਦੀ ਭਲਾਈ ਨੂੰ ਸਮਰਪਿਤ ਤਾਕਤਾਂ ਨੂੰ ਅਗਾਊਂ ਚਿਤਾਵਨੀ ਦਿੱਤੀ ਜਾ ਸਕੇ, ਪੂੰਜੀਵਾਦ ਨੂੰ ਵਧਣੋਂ ਰੋਕਿਆ ਜਾ ਸਕੇ। ਸਵਾਲ ਬਣਿਆ ਕਿ ਸਮਾਜਿਕ ਹਕੀਕਤ ਦੀ ਤਹਿ ਤੱਕ ਕਿਵੇਂ ਪੁੱਜਿਆ ਜਾਵੇ? ਬਰਤਾਨੀਆ ਦਾ ਸਮਾਜਿਕ ਇਤਿਹਾਸ ਲਿਖਣ ਦਾ ਫੈਸਲਾ ਕੀਤਾ ਗਿਆ। ਇਸ ਵੱਡੇ ਪ੍ਰੋਜੈਕਟ 'ਚ ਮਜ਼ਦੂਰਾਂ ਦੇ ਹਾਲਾਤ ਸ਼ਾਇਦ ਇੱਕ ਦੋ ਚੈਪਟਰ 'ਚ ਸਮੋ ਲਏ ਜਾਂਦੇ ਪਰ ਉਨ੍ਹਾਂ ਦੀ ਅ-ਮਨੁੱਖੀ ਰਹਿਣੀ ਨੇ ਏਂਗਲਜ਼ ਨੂੰ ਇਸ ਕਦਰ ਝੰਜੋੜਿਆ ਕਿ ਉਹਨੇ ਆਪਣੇ ਤਜਰਬੇ ਤਫ਼ਸੀਲ ਨਾਲ ਲਿਖਣ ਦਾ ਮਨ ਬਣਾਇਆ ਜੋ ਕਿਤਾਬ ਦੀ ਸ਼ਕਲ ਧਾਰ ਗਿਆ। ਇਹ ਲਿਖਤ ਕਾਰਖ਼ਾਨਾ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਖੰਗਾਲਦੀ, ਖ਼ਦਾਨ ਮਜ਼ਦੂਰਾਂ ਨੂੰ ਵਾਚਦੀ ਅਤੇ ਖੇਤ ਮਜ਼ਦੂਰਾਂ ਨੂੰ ਕਲਾਵੇ 'ਚ ਲੈਂਦੀ ਹੈ। ਇੰਝ ਇਹ ਕਿਤਾਬ ਬਰਤਾਨੀਆ ਦੀ ਮਜ਼ਦੂਰ ਜਮਾਤ ਦਾ ਬਿਆਨੀਆ ਹੈ।

ਕਿਹਾ ਜਾ ਸਕਦਾ ਹੈ ਕਿ ਇਹ ਕਿਤਾਬ ਸੂਰ-ਵਾੜਿਆਂ ਵਰਗੇ ਘਰਾਂ 'ਚ ਰਹਿੰਦੇ, ਦੋ ਟੁੱਕ ਰੋਟੀ ਤੋਂ ਮੁਥਾਜ, ਚੀਥੜਿਆਂ ਨਾਲ ਤਨ ਢਕਦੇ, ਬਾਲ ਉਮਰ ਤੋਂ ਹੱਡ-ਪੈਰ ਚੱਲਣ ਤੱਕ ਬਾਰਾਂ ਤੋਂ ਅਠਾਰਾਂ ਘੰਟੇ ਕੰਮ ਇਕੋ ਕਿਸਮ ਦਾ ਨੀਰਸ ਕੰਮ ਕਰਦੇ, ਨਿਰਾਸਤਾ ਦੀ ਡੂੰਘੀ ਖਾਈ 'ਚ ਧੱਕੇ ਪਰ ਹੌਸਲਾ ਨਾ ਹਾਰਦੇ ਤੇ ਹਾਲਾਤ ਵਿਰੁੱਧ ਸੰਘਰਸ਼ਸ਼ੀਲ ਬਰਤਾਨੀਆ ਦੇ ਉਦਯੋਗਕ ਸ਼ਹਿਰ ਮਾਨਚੈਸਟਰ ਦੇ ਮਜ਼ਦੂਰਾਂ ਦੀ ਦਾਸਤਾਨ ਹੈ। ਸੜ੍ਹਿਹਾਂਦ ਮਾਰਦੇ ਬਦਬੂਦਾਰ ਮਹੱਲਿਆਂ ਦੀ ਮੌਜੂਦਗੀ, ਸ਼ਹਿਰਾਂ ਦੀ ਮਜ਼ਦੂਰ ਵਿਰੋਧੀ ਬੇਢਵੀ ਬਣਤਰ, ਕੰਮ ਦੇ ਬੋਝ ਕਾਰਨ ਵਿਕਰਿਤ ਹੋ ਰਹੇ ਸਰੀਰ, ਨਸ਼ਾ ਤੇ ਵੇਸਵਾਗਿਰੀ ਨੂੰ ਜ਼ਰਬਾਂ, ਜੁਰਮਾਂ 'ਚ ਅਥਾਹ ਵਾਧਾ, ਪਰਿਵਾਰਕ ਜ਼ਿੰਦਗੀ ਤੋਂ ਵਾਂਝੇ ਹੋਣਾ, ਘਰੇਲੂ ਝਗੜੇ ਵਧਣਾ, ਲਾ-ਇਲਾਜ ਬਿਮਾਰੀਆਂ ਫੈਲਣਾ, ਪੂੰਜੀਪਤੀਆਂ ਦਾ ਬੇ-ਲਗਾਮ ਲਾਲਚ, ਉਨ੍ਹਾਂ ਦੀ ਕਰੂਰਤਾ ਤੇ ਹਿੰਸਾ, ਮਜ਼ਦੂਰਾਂ ਦੀ ਡਾਵਾਂਡੋਲ ਮਨੋ-ਸਥਿਤੀ, ਉਨ੍ਹਾਂ ਦੇ ਸੁਫ਼ਨਿਆਂ ਦਾ ਜੀਣ-ਮਰਨ, ਲੰਮੀਆਂ ਹੜਤਾਲਾਂ, ਜਲਸੇ, ਸੱਤਾ ਨਾਲ ਟਕਰਾਅ ਆਦਿ ਦਾ ਬਿਰਤਾਂਤ ਹਰ ਪੰਨੇ 'ਤੇ ਮੌਜੂਦ ਹੈ। ਉਦਯੋਗਕ ਕ੍ਰਾਂਤੀ ਦੇ ਅਸਰ ਅਤੇ ਦਬਾਅ ਕਾਰਨ ਪੂੰਜੀਵਾਦ ਦੇ ਪੱਖ 'ਚ ਬਦਲ ਰਹੀ ਸਿਆਸੀ ਫਿਜ਼ਾ 'ਤੇ ਨਜ਼ਰ ਹੈ। ਬਰਤਾਨਵੀ ਸੰਸਦ (ਹਾਊਸ ਆਫ ਕਾਮਨਜ਼) 'ਚ ਕਾਰਖਾਨਾ ਮਾਲਕਾਂ ਦੀ ਵਧ ਰਹੀ ਨੁਮਾਇੰਦਗੀ ਅਤੇ ਸਾਧਨਾਂ ਤੇ ਪੂੰਜੀ ਕੁੱਝ ਹੱਥਾਂ ਤੱਕ ਸਿਮਟ ਜਾਣ ਦੀ ਕਾਨੂੰਨੀ ਚਾਰਾਜੋਈ ਨੂੰ ਦਰਜ ਕੀਤਾ ਹੈ।






*ਫਰੈਡਰਿਕ ਏਂਗਲਜ਼ ਦੀ ਜਰਮਨ ਭਾਸ਼ਾ ਵਿਚ ਛਪੀ ਕਿਤਾਬ 'ਬਰਤਾਨੀਆ ਦੇ ਮਜ਼ਦੂਰ ਵਰਗ ਦੇ ਹਾਲਾਤ' ਦਾ ਮੁਖੜਾ, (ਵਿਚਕਾਰ) ਅੰਗਰੇਜ਼ੀ ਵਿਚ ਛਪੀ ਕਿਤਾਬ ਅਤੇ (ਐਨ ਸੱਜੇ) ਨੌਜਵਾਨ ਫਰੈਡਰਿਕ ਏਂਗਲਜ਼।*

ਇਨ੍ਹਾਂ ਕਰੂਰ ਹਾਲਾਤ ਦੀ ਉਪਜ ਦੇ ਮੁੱਖ ਕਾਰਕ ਮੁਨਾਫਾਖ਼ੋਰ ਪੂੰਜੀਵਾਦੀ ਪ੍ਰਬੰਧ ਦਾ ਵਿਸਥਾਰਤ ਜ਼ਿਕਰ ਹੈ। ਲਿਖਿਆ ਹੈ- ਬਦਲ ਰਹੇ ਆਰਥਿਕ ਤਾਣੇ-ਬਾਣੇ ਨੇ ਮਜ਼ਦੂਰਾਂ ਨੂੰ ਕਾਰਖਾਨਿਆਂ, ਖਦਾਨਾਂ ਤੇ ਖੇਤਾਂ 'ਚ ਸਿਰਫ ਸੰਦ ਵਾਂਗ ਵਰਤੇ ਜਾਣ ਤੱਕ ਮਹਿਦੂਦ ਕਰ ਦਿੱਤਾ ਹੈ। ਕਾਰਖਾਨਾ ਮਾਲਕਾਂ 'ਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਪਾਗਲਪਣ ਸਵਾਰ ਹੈ।

ਏਂਗਲਜ਼ ਉਨ੍ਹਾਂ ਨੂੰ ਸਭ ਤੋਂ ਲਾਲਚੀ ਵਰਗ ਦਾ ਦਰਜਾ ਦਿੰਦੇ ਹਨ ਜੋ ਹਰ ਰਿਸ਼ਤੇ ਨੂੰ ਪੈਸੇ ਨਾਲ ਤੋਲ ਰਹੇ ਹਨ। ਹੱਡ-ਮਾਸ ਦਾ ਸਾਹ ਲੈਂਦਾ ਮਜ਼ਦੂਰ ਉਨ੍ਹਾਂ ਲਈ ਉਸ ਮਸ਼ੀਨ ਵਾਂਗ ਹੈ ਜਿਸ ਨੂੰ ਘੱਟ ਤੋਂ ਘੱਟ ਪੈਸੇ (ਮਜ਼ਦੂਰੀ) ਦੇ ਕੇ ਵੱਧ ਤੋਂ ਵੱਧ ਮੁਨਾਫਾ ਕਮਾਇਆ ਜਾ ਸਕੇ। ਦੁਨੀਆ ਦੇ ਅਨੇਕ ਖਿੱਤਿਆਂ 'ਤੇ ਸਿਆਸੀ ਕਬਜ਼ਾ ਕਰ ਉਨ੍ਹਾਂ ਨੂੰ ਮੰਡੀ ਬਣਾ ਦੇਣ ਦੀ ਕਵਾਇਦ ਵੱਲ ਇਸ਼ਾਰਾ ਹੈ। ਮੁੱਕਦੀ ਗੱਲ, ਬਦਲ ਰਿਹਾ ਆਰਥਿਕ-ਸਮਾਜਿਕ-ਸਿਆਸੀ ਤਾਣਾ-ਬਾਣਾ, ਮਜ਼ਦੂਰ ਤੇ ਪੂੰਜੀਪਤੀ ਵਰਗਾਂ ਦੀ ਮਨੋਸਥਿਤੀ ਆਦਿ ਹਰ ਪਹਿਲੂ ਨੂੰ ਘੋਖਦੇ ਜਾਂਦੇ ਹਨ।

ਇਸ ਲਿਖਤ 'ਚ ਸਾਡੇ ਲਈ ਚਾਰ ਅਹਿਮ ਸਬਕ ਹਨ।

ਪਹਿਲਾ, ਮੌਜੂਦਾ ਸਮੇਂ ਦੀਆਂ ਪੇਚੀਦਗੀਆਂ ਤੇ ਸੱਤਾ 'ਤੇ ਕਾਬਜ਼ ਵਰਗਾਂ ਦੀਆਂ ਘੁਣਤਰਾਂ ਨੂੰ ਪਹਿਲ ਦੇ ਆਧਾਰ 'ਤੇ ਜਾਣਨਾ ਤੇ ਸਮਝਣਾ ਜ਼ਰੂਰੀ ਹੈ। ਇਸ ਲਈ ਤਰੀਕਾਕਾਰ ਕੀ ਹੋਵੇ? ਕਿਸ ਢੰਗ ਦੇ ਜ਼ਰੀਏ ਗੁੰਝਲਾਂ ਖੋਲ੍ਹਣ ਦਾ ਯਤਨ ਕਰੀਏ? ਏਂਗਲਜ਼ ਨੇ ਬਿਸਮਿੱਲ੍ਹਾ ਬਦਲ ਰਹੇ ਸਮਾਜਿਕ ਹਾਲਾਤ ਬਾਰੇ ਛਪੀਆਂ ਸਰਕਾਰੀ ਤੇ ਗੈਰ-ਸਰਕਾਰੀ ਲਿਖਤਾਂ ਦੇ ਅਧਿਐਨ ਨਾਲ ਕੀਤਾ। ਕਾਰਖਾਨਾ ਮਜ਼ਦੂਰਾਂ ਦੀ ਹਾਲਤ ਜਾਣਨ ਲਈ ਸਮੇਂ-ਸਮੇਂ ਸਰਕਾਰ ਕਮੇਟੀਆਂ ਤੇ ਕਮਿਸ਼ਨ ਬਣਾਉਂਦੀ ਸੀ। ਹਾਲਾਤ ਇੰਨੇ ਬਦਤਰ ਸਨ ਕਿ ਕੁਝ ਤੱਥਾਂ ਨੂੰ ਉਨ੍ਹਾਂ ਰਿਪੋਰਟਾਂ 'ਚ ਬਿਆਨ ਕਰਨਾ ਮਜਬੂਰੀ ਸੀ। ਇੰਝ ਕੁਝ ਸਚਾਈ ਜਨਤਕ ਹੋ ਜਾਂਦੀ ਸੀ। ਸਮਾਜ ਦੇ ਗ਼ੈਰ-ਮਜ਼ਦੂਰ ਤਬਕਿਆਂ ਨੂੰ ਅਮਨੁੱਖੀ ਹਾਲਾਤ ਹੈਰਾਨ ਪ੍ਰੇਸ਼ਾਨ ਕਰਦੇ ਸਨ। ਉਹ ਆਪਣੀਆਂ ਲਿਖਤਾਂ ਰਾਹੀਂ ਚਿੰਤਾਵਾਂ ਤੇ ਸੰਭਾਵੀ ਹੱਲ ਲਗਾਤਾਰ ਬਿਆਨ ਕਰ ਰਹੇ ਸਨ ਪਰ ਛਪੇ ਗਿਆਨ ਦਾ ਇਹ ਖ਼ਜ਼ਾਨਾ ਏਂਗਲਜ਼ ਲਈ ਅਧੂਰਾ ਸੀ। ਉਨ੍ਹਾਂ ਨੇ ਮਾਨਚੈਸਟਰ ਦੀ ਸਮਾਜਿਕ ਜ਼ਿੰਦਗੀ ਨੂੰ ਨੇੜਿਓਂ ਘੋਖਣ ਦਾ ਫੈਸਲਾ ਕੀਤਾ। ਮਾਨਚੈਸਟਰ ਦੀ ਧੂੜ ਫੱਕਦਿਆਂ, ਨਦੀਆਂ 'ਚ ਵਹਿੰਦੀ ਬਦਬੂ ਸੁੰਘਦਿਆਂ, ਸੂਰਜ ਨੂੰ ਢਕ ਲੈਣ ਜਿੰਨੇ ਸੰਘਣੇ ਧੂੰਏਂ 'ਚ ਸਾਹ ਲੈਂਦਿਆਂ ਏਂਗਲਜ਼ ਦੀ ਨਿਗ੍ਹਾ ਮਜ਼ਦੂਰ ਵਰਗ 'ਤੇ ਟਿਕ ਗਈ। ਉਨ੍ਹਾਂ ਆਪਣੇ ਪਾਤਰਾਂ ਦੀ ਜ਼ਿੰਦਗੀ ਦੀ ਧੜਕਣ ਸੁਣਨ ਦਾ ਅਹਿਦ ਲਿਆ। ਜਰਮਨੀ ਦੇ ਸਿਧਾਂਤਕਾਰਾਂ ਨੂੰ ਫਟਕਾਰਦਿਆਂ ਲਿਖਿਆ- 'ਅਸੀਂ ਮਜ਼ਦੂਰਾਂ ਬਾਰੇ ਇੰਨਾ ਘੱਟ ਜਾਣਦੇ ਹਾਂ ਕਿ ਉਨ੍ਹਾਂ ਦੇ ਹਾਲਾਤ ਬਾਰੇ ਹਾਸੋਹੀਣੇ ਤੇ ਬੇਹੂਦਾ ਸਿੱਟੇ ਕੱਢ ਲੈਂਦੇ ਹਾਂ। ਇਸ ਕੰਮ 'ਚ ਸਮਾਜ ਦਾ ਮਜ਼ਦੂਰਾਂ ਪ੍ਰਤੀ ਸੰਵੇਦਨਸ਼ੀਲ ਤਬਕਾ ਵੀ ਸ਼ਾਮਿਲ ਹੈ। ਸਾਡੀ ਸਿਧਾਂਤਕਾਰੀ ਹਾਲਾਤ ਦੇ ਪੁਣ-ਛਾਣ ਦੀ ਬਜਾਇ ਆਪਣੀਆਂ ਬਣਾਈਆਂ ਧਾਰਨਾਵਾਂ 'ਚੋਂ ਉਪਜੀ ਹੈ।'

ਏਂਗਲਜ਼ ਮਜ਼ਦੂਰਾਂ ਦੇ ਹਾਲਾਤ ਓਪਰੀ ਨਜ਼ਰੇ ਨਹੀਂ ਬਲਕਿ ਉਨ੍ਹਾਂ 'ਚ ਖੁਦ ਵਿਚਰ ਕੇ ਜਾਨਣਾ ਚਾਹੁੰਦੇ ਸਨ। ਸਮਾਜਿਕ ਪਾਲਾਬੰਦੀ ਨੂੰ ਪਛਾਣਦਿਆਂ ਆਪਣੀ ਧਿਰ ਚੁਣ ਲਈ ਸੀ। ਜ਼ਿੰਦਗੀ ਦੀ ਸਾਰੀ ਸੂਝ ਤੇ ਕਮਾਈ ਕਿਸ ਲੇਖੇ ਲਗਾਉਣੀ ਹੈ, ਤੈਅ ਕਰ ਲਿਆ ਸੀ। ਇਹ ਨਹੀਂ ਕਿ ਮਜ਼ਦੂਰਾਂ ਦੇ ਹਾਲਾਤ ਦੀ ਕਨਸੋਅ ਪਹਿਲੀ ਵਾਰ ਹੋਈ ਪਰ ਕਿਆਸਆਰਾਈਆਂ ਤੇ ਦਾਅਵੇ ਤੱਥਾਂ ਨਾਲ ਲੈਸ ਹੋਣੇ ਜ਼ਰੂਰੀ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਲੋਕਾਈ ਨੂੰ ਜਾਣੇ ਬਿਨਾਂ ਸਿਧਾਂਤ ਪੱਕੇ ਪੈਰੀਂ ਨਹੀਂ ਹੋ ਸਕਦਾ। ਕਿਤਾਬ ਦੇ ਮੁੱਖਬੰਦ 'ਚ ਲਿਖਦਾ ਹੈ- 'ਸਮਾਜਵਾਦੀ ਸਿਧਾਂਤਕਾਰੀ ਨੂੰ ਮਜ਼ਬੂਤ ਆਧਾਰ ਦੇਣ ਅਤੇ ਇਸ ਦੀ ਹੋਂਦ ਨੂੰ ਸਹੀ ਸਿੱਧ ਕਰਨ ਲਈ ਮਜ਼ਦੂਰਾਂ ਦੇ ਹਾਲਾਤ ਜਾਣਨਾ ਸਭ ਤੋਂ ਅਹਿਮ ਹੈ।' ਮਜ਼ਦੂਰਾਂ ਨੂੰ ਸੰਬੋਧਨ ਹੁੰਦਿਆਂ ਲਿਖਦਾ ਹੈ- 'ਮੈਂ ਤੁਹਾਨੂੰ ਤੁਹਾਡੇ ਘਰਾਂ 'ਚ ਦੇਖਣਾ ਚਾਹੁੰਦਾ ਸਾਂ। ਤੁਹਾਡੀ ਰੋਜ਼ਮੱਰਾ ਜ਼ਿੰਦਗੀ ਵਾਚਣਾ ਚਾਹੁੰਦਾ ਸਾਂ। ਤੁਹਾਡੇ ਨਾਲ ਹਾਲਾਤ ਅਤੇ ਸ਼ਿਕਵਿਆਂ ਬਾਰੇ ਗੱਲਾਂ ਕਰਨੀਆਂ ਚਾਹੁੰਦਾ ਸਾਂ। ਡਾਢਿਆਂ ਖ਼ਿਲਾਫ਼ ਛੇੜੇ ਤੁਹਾਡੇ ਅੰਦੋਲਨਾਂ ਦਾ ਗਵਾਹ ਬਣਨਾ ਚਾਹੁੰਦਾ ਸਾਂ।'



*ਮਾਨਚੈਸਟਰ ਸ਼ਹਿਰ ਦਾ ਇਕ ਚਿੱਤਰ।*

ਇਸ ਖੋਜ ਦੌਰਾਨ ਆਇਰਿਸ਼ ਮਜ਼ਦੂਰ ਔਰਤ ਮੈਰੀ ਬ੍ਰਨਜ਼ ਨਾਲ ਦੋਸਤੀ ਹੋਈ। ਮੈਰੀ ਦੀ ਬਾਂਹ ਫੜ ਏਂਗਲਜ਼ ਨੇ ਮਜ਼ਦੂਰ ਜਮਾਤ ਦੇ ਮਹੱਲਿਆਂ ਦਾ ਹਰ ਕੋਨਾ ਛਾਣ ਮਾਰਿਆ। ਮੈਰੀ ਜ਼ਰੀਏ ਉਨ੍ਹਾਂ ਥਾਵਾਂ ਨੂੰ ਵੀ ਵਾਚਿਆ ਜਿਥੇ ਵਿਦੇਸ਼ੀਆਂ ਦਾ ਆਉਣਾ ਪਸੰਦ ਨਹੀਂ ਕੀਤਾ ਜਾਂਦਾ ਸੀ। ਬ੍ਰਨਜ਼ ਦੇ ਫੌਤ ਹੋਣ ਤੱਕ ਸਾਥੀ ਰਹੇ। ਯਾਰੀ ਪੱਕੀ ਰਹੀ। ਉਸ ਲਿਖਿਆ- 'ਮੈਂ ਸਦਾ ਆਪਣਿਆਂ (ਜਿਸ ਪਰਿਵਾਰ ਤੇ ਵਰਗ 'ਚ ਪੈਦਾ ਹੋਏ) 'ਚ ਬੇਗਾਨਾ ਰਿਹਾ ਪਰ ਤੁਹਾਡੇ ਕੋਲ ਰਹਿੰਦਿਆਂ ਕਦੇ ਬੇਗਾਨਗੀ ਦਾ ਅਹਿਸਾਸ ਨਹੀਂ ਹੋਇਆ।'

ਏਂਗਲਜ਼ ਦੇ ਪਿਛੋਕੜ 'ਤੇ ਨਿਗ੍ਹਾ ਮਾਰਿਆਂ ਪਤਾ ਲੱਗਦਾ ਹੈ ਕਿ ਉਹ ਜਰਮਨੀ ਦੇ ਬਾਅਰਮਨ ਸ਼ਹਿਰ ਦੇ ਕੁਲੀਨ ਅਤੇ ਉਦਯੋਗਪਤੀ ਪਰਿਵਾਰ 'ਚ 1820 ਨੂੰ ਪੈਦਾ ਹੋਇਆ। ਮੁੱਢਲੀ ਉਮਰੇ ਮੋਜ਼ਿਜ਼ ਹੈੱਸ ਵਰਗੇ ਚਿੰਤਕਾਂ ਤੋਂ ਪ੍ਰਭਾਵਿਤ ਹੋਇਆ ਜੋ ਕਹਿ ਰਹੇ ਸਨ ਕਿ ਉਦਯੋਗਕ ਕ੍ਰਾਂਤੀ ਵਰਗੇ ਵਰਤਾਰੇ ਨੇ ਸਮਾਜਿਕ ਤਬਾਹੀ ਦਾ ਸਬਬ ਬਣਨਾ ਹੈ; ਜਿਨ੍ਹਾਂ ਦਾ ਮੰਨਣਾ ਸੀ ਕਿ ਨਿੱਜੀ ਸੰਪਤੀ ਤੋਂ ਨਿਜਾਤ ਹੀ ਆਖ਼ਰੀ ਹੱਲ ਹੈ। ਹੇਗਲ ਨੂੰ ਪੜ੍ਹਿਆ ਤੇ 'ਯੰਗ ਹੇਗੇਲਿਅਨ' ਸਮੂਹਾਂ ਨਾਲ ਸੰਵਾਦ ਰਚਾਉਂਦਾ ਰਿਹਾ। ਉਦਯੋਗਪਤੀ ਬਾਪੂ ਨੂੰ ਵੱਡੇ ਮੁੰਡੇ ਦੀਆਂ 'ਹਰਕਤਾਂ' ਨੇ ਡੂੰਘਾ ਚਿੰਤਤ ਕੀਤਾ। ਮਾਨਚੈਸਟਰ ਸ਼ਹਿਰ ਦੇ ਪੱਛਮ ਵੱਲ ਸਥਿਤ ਸੈਲਫਰਡ 'ਚ ਆਪਣਾ ਕਾਰਖਾਨਾ ਸੰਭਾਲਣ ਦਾ ਹੁਕਮ ਦਿੱਤਾ। ਏਂਗਲਜ਼ ਨੇ ਇਸ ਘਟਨਾ ਨੂੰ ਉਦਯੋਗਕ ਕ੍ਰਾਂਤੀ ਦੀ ਸ਼ੁਰੂਆਤ ਵਾਲੇ ਮੁਲਕ 'ਚ ਸ਼ੁਰੂ ਹੋਈ ਸਮਾਜਿਕ, ਆਰਥਿਕ, ਸਿਆਸੀ ਉਥਲ-ਪੁਥਲ ਨੂੰ ਸਮਝਣ ਅਤੇ ਅਧਿਐਨ ਕਰਨ ਦੇ ਸ਼ਾਨਦਾਰ ਮੌਕੇ ਵਜੋਂ ਲਿਆ। ਬਾਪੂ ਨੇ ਸਫਲ ਪੂੰਜੀਪਤੀ ਬਣਨ ਭੇਜਿਆ ਪਰ ਮੁੰਡਾ ਤਾਉਮਰ ਲਈ ਮਜ਼ਦੂਰਾਂ ਦਾ ਆੜੀ ਹੋ ਨਿਬੜਿਆ, ਉਨ੍ਹਾਂ ਦੀ ਮੁਕਤੀ ਦਾ ਰਾਹ ਖੋਜਦਾ ਰਿਹਾ, ਕਹਿੰਦਾ ਰਿਹਾ ਕਿ ਸਮਾਜ ਦੀ ਮੁਕਤੀ ਮਜ਼ਦੂਰ ਵਰਗ ਦੀ ਮੁਕਤੀ ਤੋਂ ਬਿਨਾਂ ਸੰਭਵ ਨਹੀਂ ਹੈ।

ਇਹ ਏਂਗਲਜ਼ ਦੀ ਜ਼ਿੰਦਗੀ, ਉਸ ਦੇ ਫੈਸਲੇ ਹਨ ਪਰ ਗੱਲ ਬੜੀ ਸਪਸ਼ਟ ਹੈ ਕਿ ਮੌਜੂਦਾ ਸਮਾਜ ਨੂੰ ਦਰਪੇਸ਼ ਮਸਲਿਆਂ ਦੀ ਗੂੰਜ ਸਾਫ ਸੁਣਨ ਲਈ ਕੰਨ ਜ਼ਮੀਨ ਨਾਲ ਲਾ ਕੇ ਰੱਖਣੇ ਜ਼ਰੂਰੀ ਹਨ। ਕਿਸੇ ਖਿੱਤੇ ਦੇ ਹਾਲਾਤ ਦਾ ਸਟੀਕ ਅੰਦਾਜ਼ਾ ਲਗਾਉਣ ਲਈ ਉੱਥੇ ਦੀ ਅਵਾਮ ਨੂੰ ਗਹੁ ਨਾਲ ਵਾਚਣਾ ਜ਼ਰੂਰੀ ਹੈ। ਇਸ ਲਿਖਤ ਨੂੰ ਏਂਗਲਜ਼ ਨੇ ਆਪਣੇ ਨਿਜੀ ਤਜਰਬਿਆਂ ਤੱਕ ਮਹਿਦੂਦ ਨਹੀਂ ਰੱਖਿਆ। ਅਖ਼ਬਾਰਾਂ ਦੀਆਂ ਖ਼ਬਰਾਂ, ਰਸਾਲਿਆਂ 'ਚ ਛਪੇ ਲੇਖਾਂ, ਸਰਕਾਰੀ ਅਧਿਕਾਰੀਆਂ ਦੀਆਂ ਰਪਟਾਂ, ਇਨ੍ਹਾਂ ਸਰਕਾਰੀ ਰਪਟਾਂ 'ਚ ਛਪੇ ਕਾਬਿਲ ਡਾਕਟਰਾਂ, ਚਰਚ ਦੇ ਪਾਦਰੀਆਂ ਦੇ ਬਿਆਨ, ਸੰਵੇਦਨਸ਼ੀਲ ਸੰਸਦ ਮੈਂਬਰਾਂ ਦੀਆਂ ਟਿੱਪਣੀਆਂ, ਚਿੰਤਕਾਂ ਦੇ ਲੇਖ ਆਦਿ ਇਸ ਕਿਤਾਬ ਦਾ ਹਿੱਸਾ ਹਨ। ਦਿਲਚਸਪ ਤੱਥ ਇਹ ਕਿ ਇਨ੍ਹਾਂ 'ਚੋਂ ਜ਼ਿਆਦਾਤਰ ਹਵਾਲੇ ਪੂੰਜੀਵਾਦੀ ਪ੍ਰਬੰਧ ਦੇ ਹਮਾਇਤੀ ਪੁਰਖਾਂ ਦੇ ਹਨ। ਉਸ ਸਮੇਂ ਸਿਆਸਤਦਾਨਾਂ, ਉਦਯੋਗਕ ਘਰਾਣਿਆਂ, ਨੌਕਰਸ਼ਾਹਾਂ, ਖੁੱਲ੍ਹੀ ਮੰਡੀ ਤੋਂ ਕਮਾਈ ਕਰਨ ਵਾਲਿਆਂ ਨੇ ਪੂੰਜੀਵਾਦੀ ਪ੍ਰਬੰਧ ਪ੍ਰਤੀ ਆਮ ਸਹਿਮਤੀ ਬਣਾਉਣ 'ਤੇ ਜ਼ੋਰ ਲਾਇਆ ਹੋਇਆ ਸੀ। ਹਵਾਲਿਆਂ ਤੇ ਸਰੋਤਾਂ ਨਾਲ ਲੈਸ ਹੋਣ ਦੀ ਕਵਾਇਦ ਇਸ ਲਈ ਕਿ ਇਸ ਕਿਤਾਬ ਨੂੰ ਕੋਈ ਪੂੰਜੀਵਾਦ ਦਾ ਚਹੇਤਾ ਇਕਪਾਸੜ ਤੇ ਮਨਘੜਤ ਬਿਆਨਬਾਜ਼ੀ ਆਖ ਸੌਖਿਆਂ ਰੱਦ ਨਾ ਕਰ ਸਕੇ। ਤਜਰਬਾ, ਹਵਾਲੇ ਅਤੇ ਸਰੋਤਾਂ ਦਾ ਸੁਮੇਲ। ਇਸ ਤਰਕੀਬ ਨੇ ਏਂਗਲਜ਼ ਤੋਂ ਪਹਿਲਾਂ ਤੇ ਬਾਅਦ 'ਚ ਸਦੀਆਂ ਦਾ ਸਫ਼ਰ ਤੈਅ ਕੀਤਾ ਪਰ ਇਸ ਦਾ ਕੋਈ ਤੋੜ ਨਹੀਂ ਮਿਲਿਆ। ਉਹ ਇਸ ਪ੍ਰਬੰਧ ਦੀ ਕਾਟ 'ਚ ਦਿੱਤੀਆਂ ਦਲੀਲਾਂ 'ਚ ਰੱਤੀ ਭਰ ਵੀ ਕੱਚ ਨਹੀਂ ਛੱਡਣਾ ਚਾਹੁੰਦੇ ਸਨ। ਉਹ ਸਿਧਾਂਤਕ ਸਮਝ ਤੋਂ ਇਲਾਵਾ ਡੀ-ਕਲਾਸ ਹੋਣ ਦੀ ਜੁਗਤ ਦੇਣ ਦੇ ਵੀ ਸਮਰੱਥ ਹਨ। ਸਿੱਖਣਾ ਹਰ ਬਸ਼ਿੰਦੇ ਦੀ ਇੱਛਾ ਤੇ ਸਮਰੱਥਾ 'ਤੇ ਨਿਰਭਰ ਕਰਦਾ ਹੈ।

ਦੂਜਾ, ਸਮਾਜ ਨੂੰ ਸਮੁੱਚਤਾ 'ਚ ਦੇਖਣਾ, ਅੱਡ-ਅੱਡ ਕਣਾਂ ਵਾਂਗ ਬਿਖਰੀਆਂ ਘਟਨਾਵਾਂ ਦਾ

**(ਬਾਕੀ ਅਗਲੇ ਸਫੇ 'ਤੇ)**

# ਪਿੱਛੇ ਰਹਿ ਗਏ ਬਜ਼ੁਰਗਾਂ ਦੀ ਦਾਸਤਾਨ: ਅਸੀਂ ਦੋਵੇਂ ਸਿੰਗਲ ਹਾਂ...

ਰੋਜ਼ ਵਾਂਗ ਸਵੇਰੇ ਕਲੀਨਿਕ ਪਹੁੰਚੀ ਤਾਂ ਉਹੀ ਬੇਬੇ ਬਾਪੂ ਜੀ ਪਹਿਲਾਂ ਹੀ ਪਹੁੰਚੇ ਹੋਏ ਸਨ। ਉਹ ਅਕਸਰ ਸਾਡੇ ਕੋਲ ਆਉਂਦੇ। ਮੈਂ ਸਤਿ ਸ੍ਰੀ ਆਕਾਲ ਬੁਲਾਈ ਅਤੇ ਆਪਣੀ ਸੀਟ 'ਤੇ ਬੈਠ ਗਈ। ਵੈਸੇ ਤਾਂ ਮੈਂ ਐੱਮ.ਡੀ. ਐਲੋਪੈਥੀ ਵਿਚ ਕੀਤੀ ਹੋਈ ਹੈ ਪਰ ਮੇਰਾ ਝੁਕਾਅ ਆਪਣੇ ਪਾਪਾ ਡਾ. ਅਮਰ ਸਿੰਘ ਆਜ਼ਾਦ ਵਾਂਗ ਲੋਕਾਂ ਨੂੰ ਕੁਦਰਤੀ ਤਰੀਕਿਆਂ ਨਾਲ ਠੀਕ ਕਰਨ ਵੱਲ ਹੈ; ਜਾਂ ਫਿਰ ਲੋਕਾਂ ਨੂੰ ਕੁਝ ਇਹੋ ਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਤਰੀਕੇ ਦੱਸੇ ਜਾਣ ਕਿ

**ਡਾ. ਅਨੁਪਮ ਦੀਪ ਆਜ਼ਾਦ**
**ਫੋਨ: +91-98889-48908**

ਉਹ ਬਿਮਾਰ ਹੀ ਨਾ ਹੋਣ।

ਬਜ਼ੁਰਗਾਂ ਨੂੰ ਆਪਣੇ ਕੋਲ ਬੁਲਾਇਆ, ਹਾਲ ਚਾਲ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਉਹ ਕਾਫੀ ਠੀਕ ਸਨ। ਬਲੱਡ ਪ੍ਰੈਸ਼ਰ, ਦਿਲ ਦੀ ਧੜਕਣ ਦੀ ਰਫ਼ਤਾਰ, ਸਭ ਠੀਕ-ਠਾਕ ਸੀ। ਉਹ ਪ੍ਰਸੰਨ ਸਨ ਕਿ ਅੰਗਰੇਜ਼ੀ ਦਵਾਈਆਂ ਘਟ ਰਹੀਆਂ ਹਨ। ਫਿਰ ਕਹਿੰਦੇ- "ਡਾਕਟਰ ਸਾਹਿਬ, ਸਭ ਠੀਕ ਹੈ ਪਰ ਇੱਕ ਚੀਜ਼ ਠੀਕ ਨਹੀਂ ਹੋ ਰਹੀ।" ਪੁੱਛਿਆ ਤਾਂ ਕਹਿੰਦੇ, "ਰਾਤੀਂ ਬਲੱਡ ਪ੍ਰੈਸ਼ਰ ਵਧ ਜਾਂਦਾ।" ਮੇਰਾ ਅਗਲਾ ਪ੍ਰਸ਼ਨ ਸੀ, "ਤੁਸੀਂ ਕਿਤੇ ਸੋਚਾਂ 'ਚ ਤਾਂ ਨਹੀਂ ਡੁੱਬੇ ਰਹਿੰਦੇ?" ਉਹ ਕੁਝ ਚਿਰ ਲਈ ਚੁੱਪ ਹੋ ਗਏ, ਫਿਰ ਬੋਲੇ, "ਡਾਕਟਰ ਸਾਹਿਬ, ਸੋਚਣਾ ਕੀ ਐ, ਅਸੀਂ ਦੋਵੇਂ ਜਣੇ ਸਿੰਗਲ ਹਾਂ, ਬੱਸ ਕੰਮ ਚੱਲੀ ਜਾਂਦਾ।" ਇਹ ਸ਼ਬਦ ਸੁਣ ਕੇ ਮੈਂ ਹੱਸ ਪਈ। ਜਦੋਂ ਬਜ਼ੁਰਗਾਂ ਨੂੰ ਪਤਾ ਲੱਗਿਆ ਕਿ ਉਹ ਕੀ ਬੋਲ ਗਏ ਹਨ ਤਾਂ ਉਹ ਵੀ ਮੁਸਕਰਾ ਪਏ। ਗੱਲ ਆਈ ਗਈ ਹੋ ਗਈ ਪਰ ਉਨ੍ਹਾਂ ਦੇ ਕਹੇ ਸ਼ਬਦ ਮੇਰੇ ਦਿਮਾਗ ਵਿਚੋਂ ਨਾ ਨਿਕਲੇ। ਕਿੰਨਾ ਦਰਦ ਬਿਆਨ ਕਰ ਰਹੇ ਸੀ ਇਹ ਸ਼ਬਦ- 'ਦੋਵੇਂ ਜਣੇ ਸਿੰਗਲ!'

ਇਹ ਆਪਣੇ ਪੰਜਾਬ ਦੀ ਅੱਜ ਦੀ ਕਹਾਣੀ ਹੈ। ਵੱਡੇ-ਵੱਡੇ ਆਲੀਸ਼ਾਨ ਮਕਾਨ, ਮਕਾਨ ਦੇ ਇਕ ਕਮਰੇ ਵਿਚ ਰਹਿੰਦਾ ਬਿਰਧ ਜੋੜਾ, ਘਰ ਦੀ ਰਾਖੀ ਵਾਸਤੇ ਨੌਕਰ ਜਾਂ ਕੁੱਤਾ; ਬਹੁਤੇ ਘਰਾਂ ਵਿਚ ਬੱਸ ਇੰਨਾ ਕੁ ਬਚਿਆ ਦਿਸਦਾ ਹੈ ਪੰਜਾਬ।

ਉਨ੍ਹਾਂ ਦੇ ਜਾਣ ਪਿੱਛੋਂ ਕਿੰਨੀ ਦੇਰ ਉਨ੍ਹਾਂ ਜਵਾਨ ਬੱਚਿਆਂ ਬਾਰੇ ਸੋਚਦੀ ਰਹੀ ਜਿਹੜੇ ਬਿਹਤਰ ਜ਼ਿੰਦਗੀ ਦੀ ਆਸ ਵਿਚ ਬਾਹਰਲੇ ਮੁਲਕੀਂ ਚਲੇ ਗਏ ਪਰ ਕੀ ਉਹ ਸੱਚਮੁੱਚ ਬਿਹਤਰ ਜ਼ਿੰਦਗੀ ਜੀਅ ਰਹੇ ਹਨ?

ਮੇਰੇ ਕਈ ਮਰੀਜ਼ ਬਾਹਰਲੇ ਮੁਲਕਾਂ ਵਿਚ ਵੀ ਹਨ। ਅਸੀਂ ਬਾਹਰਲੇ ਮੁਲਕਾਂ ਵਿਚ ਵੀਡੀਓ ਕਾਲ ਰਾਹੀਂ ਸਲਾਹ-ਮਸ਼ਵਰਾ ਦਿੰਦੇ ਹਾਂ। ਇਨ੍ਹਾਂ ਵਿਚ ਬਹੁਤ ਸਾਰੇ ਮੁੰਡੇ ਕੁੜੀਆਂ 25 ਤੋਂ 30 ਸਾਲ ਦੀ ਉਮਰ ਦੇ ਵੀ ਹਨ। ਉਥੇ ਬਹੁਤ ਸਾਰੇ ਬੱਚੇ ਸਵੇਰੇ 7 ਤੋਂ ਰਾਤੀਂ 10 ਵਜੇ ਤੱਕ ਕੰਮ ਕਰਦੇ ਹਨ, ਦੋ-ਦੋ ਸ਼ਿਫਟਾਂ ਲਾਉਂਦੇ ਤੇ ਖਾਣ-ਪੀਣ ਦੇ ਨਾਮ 'ਤੇ ਜੋ ਵੀ ਬਾਜ਼ਾਰ ਵਿਚ ਬਣਿਆ-ਬਣਾਇਆ ਮਿਲ ਜਾਵੇ, ਢਿੱਡ ਭਰਨ ਦੀ ਕੋਸ਼ਿਸ਼ ਕਰਦੇ ਹਨ। ਹੈਰਾਨੀਜਨਕ ਹੈ ਕਿ ਜੋ ਬਿਮਾਰੀਆਂ ਅੱਧਖੜ੍ਹ ਉਮਰ ਦੇ ਸ਼ਖ਼ਸ ਨੂੰ ਹੁੰਦੀਆਂ ਸਨ, ਉਹ ਅੱਜ ਇਸ ਉਮਰ ਵਿਚ ਹੋ ਰਹੀਆਂ ਹਨ। 26 ਸਾਲ ਦੇ ਬੱਚੇ ਦਾ ਕੋਲੈਸਟ੍ਰੋਲ ਵਧਿਆ ਹੋਇਆ ਹੈ। 27-28 ਸਾਲ ਦੇ ਮੁੰਡਿਆਂ ਦੇ ਗੁਰਦੇ ਖਰਾਬ ਹੋ ਰਹੇ ਹਨ। ਹਾਈ ਬਲੱਡ ਪ੍ਰੈਸ਼ਰ, ਸ਼ੂਗਰ; ਪਤਾ ਨਹੀਂ ਹੋਰ ਕੀ ਕੀ! ਬਹੁਤੇ ਬੱਚੇ ਡਿਪਰੈੱਸ਼ਨ ਦੇ ਸ਼ਿਕਾਰ ਹੋ ਰਹੇ ਹਨ। ਇੱਕ ਬੱਚੇ ਨਾਲ ਗੱਲ ਹੋ ਰਹੀ ਸੀ। ਉਹ ਟਰੱਕ ਚਲਾਉਂਦਾ ਹੈ। ਡਾਇਟ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਰੋਟੀ ਉਹ ਘਰ ਹੀ ਬਣਾ ਲੈਂਦਾ ਹੈ ਤੇ ਟਰੱਕ 'ਤੇ ਜਾਣ ਲੱਗੇ ਨਾਲ ਲੈ ਕੇ ਜਾਂਦਾ ਹੈ। ਉੱਥੇ ਟਰੱਕ ਦੇ ਵਿਚ ਹੀ ਫਰਿੱਜ ਹੁੰਦਾ, ਉਹ ਤਿੰਨ ਦਿਨ ਤੱਕ ਉਹੀ ਰੋਟੀ ਖਾਂਦਾ ਹੈ।



ਮਾਵਾਂ ਦੇ ਘਿਉ ਮੱਖਣ ਲਾ ਕੇ ਪਰੌਂਠੇ ਖੁਆ ਕੇ ਲਾਡਾਂ ਨਾਲ ਪਾਲੇ ਬੱਚੇ ਫਰਿੱਜ ਵਿਚ ਰੱਖੀਆਂ ਤਿੰਨ ਦਿਨ ਬੇਹੀਆਂ ਰੋਟੀਆਂ ਖਾਂਦੇ ਹਨ। ਜਦੋਂ ਕਈ ਕਿੱਲਿਆਂ ਦਾ ਮਾਲਕ, ਛੇ ਫੁੱਟ ਦਾ ਗੱਭਰੂ ਇਹ ਕਹਿੰਦਾ ਹੈ ਕਿ ਡਰਾਈਵਰੀ ਕਰਦਾ ਹਾਂ ਜਾਂ ਪੀਜ਼ਿਆਂ ਦੀ ਡਿਲਿਵਰੀ 'ਤੇ ਲੱਗਿਆ ਹੋਇਆਂ ਤਾਂ ਦਿਲ ਅੰਦਰੋਂ ਚੀਸ ਜਿਹੀ ਉੱਠਦੀ ਹੈ। ਕੰਮ ਭਾਵੇਂ ਕੋਈ ਵੀ ਮਾੜਾ ਨਹੀਂ ਹੁੰਦਾ ਪਰ ਉੱਥੇ ਜਾ ਕੇ ਬੰਦਾ ਸਵੈ-ਮਾਨ ਪਾਸੇ ਰੱਖ, ਕੋਈ ਵੀ ਕੰਮ ਕਰਨ ਨੂੰ ਮਜਬੂਰ ਹੋ ਜਾਂਦਾ ਹੈ; ਉਹ ਵੀ ਜਿਨ੍ਹਾਂ ਨੇ ਕਦੇ ਪਾਣੀ ਦਾ ਗਲਾਸ ਆਪ ਭਰ ਕੇ ਨਹੀਂ ਪੀਤਾ ਹੁੰਦਾ! ਜਦੋਂ ਕੁਝ ਸਾਲਾਂ ਬਾਅਦ ਸੁਫ਼ਨੇ ਪੂਰੇ ਨਹੀਂ ਹੁੰਦੇ ਤਾਂ ਅਗਲੀਆਂ ਬਿਮਾਰੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ- ਅਖੇ, ਮੈਨੂੰ ਨੀਂਦ ਨਹੀਂ ਆਉਂਦੀ, ਘਬਰਾਹਟ ਹੁੰਦੀ ਹੈ, ਸਟ੍ਰੈੱਸ ਹੈ, ਡਿਪ੍ਰੈੱਸ਼ਨ ਹੈ ਅਤੇ ਹੋਰ ਪਤਾ ਨਹੀਂ ਕੀ ਕੁਝ! ਅਜਿਹੇ ਬੱਚੇ ਨਸ਼ਿਆਂ ਵੱਲ ਸਹਿਜੇ ਹੀ ਧੱਕੇ ਜਾਂਦੇ ਹਨ।

ਇਹ ਤਾਂ ਹੋਈ ਬਾਹਰ ਗਏ ਬੱਚਿਆਂ ਦੀ ਗੱਲ, ਜਿਹੜੇ ਮਾਪੇ ਇਥੇ ਪਿੱਛੇ ਰਹਿ ਗਏ- ਦੋਵੇਂ ਜਣੇ ਸਿੰਗਲ! ਕਿੱਥੇ ਤਾਂ ਘਰ ਨੂੰਹ ਪੁੱਤ ਅਤੇ ਦੋਹਤਰਿਆਂ-ਪੋਤਰਿਆਂ ਦੀਆਂ ਕਿਲਕਾਰੀਆਂ ਨਾਲ ਗੂੰਜ ਰਿਹਾ ਹੁੰਦਾ ਤੇ ਉਨ੍ਹਾਂ ਨੂੰ ਖਿਡਾ ਕੇ, ਵਧਦਿਆਂ-ਫੁਲਦਿਆਂ ਦੇਖ ਕੇ ਸਕੂਨ ਭਰੀ ਜ਼ਿੰਦਗੀ ਜੀਅ ਰਹੇ ਹੁੰਦੇ; ਤੇ ਕਿੱਥੇ ਹੁਣ ਬੱਚਿਆਂ ਨਾਲ ਫੋਨ 'ਤੇ ਜਾਂ ਵੀਡੀਓ ਕਾਲ 'ਤੇ ਗੱਲ ਹੁੰਦੀ ਹੈ। ਬੱਚਿਆਂ ਦੇ ਬੱਚਿਆਂ ਨੂੰ ਉਹ ਵੀਡੀਓ 'ਤੇ ਹੀ ਵੱਡੇ ਹੁੰਦੇ ਦੇਖਦੇ ਹਨ। ਜਦੋਂ ਉਹ ਕਲੀਨਿਕ ਆਉਂਦੇ ਹਨ ਤਾਂ ਉਨ੍ਹਾਂ ਦੀ ਸ਼ਿਕਾਇਤ ਹੁੰਦੀ ਹੈ ਕਿ ਗੋਡੇ ਦੁਖਦੇ, ਮੋਢੇ ਦੁਖਦੇ, ਧੜਕਣ ਵਧਦੀ ਹੈ, ਨੀਂਦ ਨਹੀਂ ਆਉਂਦੀ; ਜੇ ਨੀਂਦ ਆਉਂਦੀ ਹੈ ਤਾਂ ਮਨ ਸੌਂਦਾ ਨਹੀਂ। ਮੈਨੂੰ ਭਲੀ-ਭਾਂਤੀ ਪਤਾ ਹੁੰਦਾ ਕਿ ਇਨ੍ਹਾਂ ਬਿਮਾਰੀਆਂ ਦੀ ਜੜ ਸਰੀਰਕ ਨਹੀਂ, ਮਾਨਸਿਕ ਹੈ। ਗੱਠ ਤਾਂ ਮਨ ਵਿਚ ਹੈ। ਇਹ ਜਿਹੜਾ ਵਰਤਾਰਾ ਚੱਲ ਰਿਹਾ, ਇਸ ਵਿਚੋਂ ਕੌਣ ਕੀ ਖੱਟ ਰਿਹਾ ਹੈ? ਬੱਚੇ ਕੰਮ ਦੀ ਭਾਲ ਜਾਂ ਸੌਖੀ ਜ਼ਿੰਦਗੀ ਦੇ ਸੁਫ਼ਨੇ ਲੈਂਦੇ ਬਾਹਰ ਜਾ ਰਹੇ ਹਨ, ਮਾਪੇ ਇਕੱਲਤਾ ਦਾ ਸੰਤਾਪ ਝੱਲ ਰਹੇ ਹਨ। ਆਉਣ ਵਾਲੇ ਸਮੇਂ ਵਿਚ ਇਹ ਵੱਡੀ ਸੱਮਸਿਆ ਦਾ ਰੂਪ ਧਾਰਨ ਕਰ ਸਕਦਾ ਹੈ। ਪਹਿਲਾਂ ਹੀ ਮਨੋਵਿਗਿਆਨਿਕ ਰੋਗੀਆਂ ਦੀ ਗਿਣਤੀ ਵਧ ਰਹੀ ਹੈ। ਬਦਲ ਰਹੇ ਇਸ ਸਮਾਜਿਕ, ਮਨੋਵਿਗਿਆਨਿਕ ਅਤੇ ਭਾਵਨਾਤਮਕ ਵਰਤਾਰੇ ਦੇ ਕੀ ਕਾਰਨ ਹਨ, ਇਸ ਬਾਰੇ ਸਿਆਸੀ ਅਤੇ ਸਮਾਜਿਕ ਪੱਧਰ 'ਤੇ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ ਤੇ ਇਸ ਹੱਲ ਕੱਢਣਾ ਚਾਹੀਦਾ ਹੈ।

ਬਾਹਰ ਗਏ ਬੱਚਿਆਂ ਨੂੰ ਕਹਿਣਾ ਚਾਹਾਂਗੀ ਕਿ ਜੇ ਉਹ ਸੈੱਟ ਹੋ ਗਏ ਹਨ ਤਾਂ ਵਧੀਆ; ਨਹੀਂ ਤਾਂ ਵਾਪਸ ਪੰਜਾਬ ਆਉਣ ਤੋਂ ਗੁਰੇਜ਼ ਨਾ ਕਰਨ। ਮਿਹਨਤ ਕਰਨ ਵਾਲਿਆਂ ਦੀ ਕਦਰ ਹਰ ਥਾਂ ਪੈਂਦੀ ਹੈ, ਦੇਸ਼ ਹੋਵੇ ਜਾਂ ਵਿਦੇਸ਼। ਉਂਝ ਸਾਡੀਆਂ ਸਰਕਾਰਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਨੌਜਵਾਨਾਂ ਨੂੰ ਉਨ੍ਹਾਂ ਦੀ ਸਿੱਖਿਆ ਅਤੇ ਸਿਖਲਾਈ ਅਨੁਸਾਰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ। ਯਤਨ ਕਰੋ ਕਿ ਕੋਈ ਵੀ ਬਜ਼ੁਰਗ ਜੋੜਾ ਇਹ ਨਾ ਮਹਿਸੂਸ ਕਰੇ ਕਿ 'ਅਸੀਂ ਸਿੰਗਲ ਹਾਂ'।

---

ਆਪਸੀ ਰਿਸ਼ਤਾ ਤੇ ਇੱਕ-ਦੂਜੇ 'ਤੇ ਪ੍ਰਭਾਵ ਨੂੰ ਸਮਝਣਾ। ਏਂਗਲਜ਼ ਮਜ਼ਦੂਰਾਂ ਦੀ ਰਹਿਣੀ-ਸਹਿਣੀ, ਆਰਥਿਕ-ਸਮਾਜਿਕ ਪ੍ਰਬੰਧ, ਸਿਆਸੀ ਜੋੜ-ਤੋੜ, ਆਲਮੀ ਤਬਦੀਲੀਆਂ ਨੂੰ ਇੱਕ ਕੜੀ 'ਚ ਪਰੋਣ ਦਾ ਤਰੱਦਦ ਕਰ ਰਹੇ ਹਨ। ਉਨ੍ਹਾਂ ਮੁਤਾਬਕ ਹਰ ਸ਼ੈਅ ਮਨੁੱਖ ਨੂੰ ਅਸਰਅੰਦਾਜ਼ ਕਰਦੀ ਹੈ। ਜਾਣਨ ਦਾ ਲਗਾਤਾਰ ਯਤਨ ਰਿਹਾ ਕਿ ਇਨ੍ਹਾਂ ਸ਼ੈਆਂ ਦਾ ਚੰਡਿਆ ਬੰਦਾ ਕਿਰਦਾਰ ਪੱਖੋਂ ਕਿਸ ਕਿਸਮ ਦੀ ਬਣਤਰ ਲੈਂਦਾ ਹੈ। ਇਹ ਲਿਖਤ ਦਰਸਾਉਂਦੀ ਹੈ ਕਿ ਵਰਤਾਰੇ ਤੇ ਨਿਜੀ ਜ਼ਿੰਦਗੀਆਂ ਦੇ ਵੇਰਵੇ ਕੈਨਵਸ 'ਤੇ ਬਿਖਰੇ ਬਿੰਦੂਆਂ ਵਾਂਗ ਹਨ ਜਿਨ੍ਹਾਂ ਨੂੰ ਜੋੜ ਕੇ ਸਮਕਾਲੀ ਸਮਾਜ ਦੀ ਅਧੂਰੀ ਤੇ ਧੁੰਦਲੀ ਤਸਵੀਰ ਨੂੰ ਮੁਕੰਮਲ ਤੇ ਸਪੱਸ਼ਟ ਕਰਨ ਦਾ ਯਤਨ ਜਾਰੀ ਰਹਿਣਾ ਚਾਹੀਦਾ ਹੈ। ਇਸ ਦੇ ਬਰ-ਅਕਸ ਨਿਜੀ ਤਜਰਬਿਆਂ ਤੇ ਸਾਰੀ ਅਕਾਦਮਿਕ ਕਵਾਇਦ ਨੇ ਸਾਨੂੰ ਘਟਨਾਵਾਂ ਤੇ ਵਰਤਾਰਿਆਂ ਨੂੰ ਆਪਣੀ ਸਹੂਲਤ ਅਨੁਸਾਰ ਅੱਡ-ਅੱਡ ਖਾਂਚਿਆਂ 'ਚ ਵੰਡ ਕੇ ਦੇਖਣਾ ਸਿਖਾਇਆ ਹੈ। ਰਾਜਨੀਤੀ ਵਿਗਿਆਨ, ਅਰਥ ਸ਼ਾਸਤਰ, ਇਤਿਹਾਸ, ਭੂਗੋਲ, ਮਨੋਵਿਗਿਆਨ ਤੇ ਭਾਸ਼ਾ ਵਿਭਾਗਾਂ ਨੇ ਸਹੂਲਤ ਮੁਤਾਬਕ ਵਿਸ਼ਿਆਂ ਨੂੰ ਹੀ ਨਹੀਂ, ਵਿਦਿਆਰਥੀਆਂ ਨੂੰ ਵੀ ਵੰਡ ਲਿਆ ਹੈ। ਵੱਖ-ਵੱਖ ਵਿਭਾਗਾਂ ਦੇ ਖੋਜਾਰਥੀਆਂ ਦਾ ਆਪਸੀ ਸੰਵਾਦ ਦੁਰਲੱਭ ਨਜ਼ਾਰਾ ਹੈ। ਵਿਭਾਗ ਰੇਲਗੱਡੀ ਦੇ ਉਨ੍ਹਾਂ ਡੱਬਿਆਂ ਵਾਂਗ ਬਣਾ ਲਏ ਜਿਨ੍ਹਾਂ 'ਚ ਇਕ-ਦੂਜੇ 'ਚ ਆਣ-ਜਾਣ ਦੇ ਲਾਂਘੇ ਬੰਦ ਹਨ। ਆਪਸ 'ਚ ਜੁੜੇ ਡੱਬੇ ਦੌੜ ਇੱਕੋ ਪਟੜੀ 'ਤੇ ਰਹੇ ਨੇ, ਇੱਕੋ ਇੰਜਣ ਖਿੱਚ ਰਿਹਾ ਹੈ; ਬੇ-ਖ਼ਬਰੀ ਦਾ ਆਲਮ ਐਸਾ ਕਿ ਆਪਣਾ ਡੱਬਾ ਹੀ ਖੋਜਾਰਥੀ ਨੂੰ ਪੂਰਾ ਸੰਸਾਰ ਜਾਪਦਾ ਹੈ। ਵਰਤਾਰਿਆਂ ਨੂੰ ਖਾਨਿਆਂ 'ਚ ਵੰਡ ਆਪੋ-ਆਪਣੇ ਖੋਪਿਆਂ 'ਚੋਂ ਦੇਖਿਆ ਜਾ ਰਿਹਾ ਹੈ। ਸਾਡੀ ਸਭ ਦੀ ਆਪੋ-ਆਪਣੇ ਛੱਪੜਾਂ 'ਚ ਉਮਰ ਬੀਤ ਰਹੀ ਹੈ।

ਤੀਜਾ ਸਬਕ ਸਿਰਜਣਾ ਦੇ ਮਕਸਦ ਨਾਲ ਜੁੜਿਆ ਹੈ। ਏਂਗਲਜ਼ ਦੀ ਲਿਖਤ ਅਕਾਦਮਿਕ ਅਦਾਰਿਆਂ 'ਚ ਨਾਮਣਾ ਖੱਟਣ ਤੇ 'ਪੜ੍ਹਿਆਂ-ਲਿਖਿਆਂ' ਦੀ ਮਹਿਫਲਾਂ 'ਚ ਠੁੱਕ ਜਮਾਉਣ ਲਈ ਨਹੀਂ ਸੀ। ਮਾਰਕਸ ਤੋਂ ਉਲਟ ਏਂਗਲਜ਼ ਯੂਨੀਵਰਸਟੀ ਪੜ੍ਹਨ ਵੀ ਨਹੀਂ ਗਿਆ। ਵਡੇਰਿਆਂ ਨੇ ਬਾਰਵੀਂ ਤੋਂ ਬਾਅਦ ਹੀ ਪਰਿਵਾਰਕ ਕਾਰੋਬਾਰ ਵੱਲ ਧੱਕ ਦਿੱਤਾ। ਬੰਦਿਸ਼ਾਂ ਮਜ਼ਦੂਰਾਂ ਦੀ ਬਾਤ ਪਾਉਣ ਦਾ ਜਨੂਨ ਠੱਲ੍ਹ ਨਾ ਸਕੀਆਂ। ਟੀਚਾ ਮਾਰੂ ਪੂੰਜੀਵਾਦੀ ਪ੍ਰਬੰਧ ਨੂੰ ਸਹੀ ਠਹਿਰਾਉਣ ਵਾਲਿਆਂ ਦੀ ਹਰ ਦਲੀਲ ਨੂੰ ਤੱਥਾਂ ਸਹਿਤ ਕੱਟਣਾ ਸੀ। ਸਮੇਂ ਦੀ ਚੁਣੌਤੀ ਨੂੰ ਸਮਝਦਿਆਂ ਤੇ ਕਬੂਲਦਿਆਂ ਉਸ ਨੂੰ ਟੱਕਰ ਦੇਣ ਦੇ ਸਮਰੱਥ ਸਾਹਿਤ ਦੀ ਰਚਨਾ ਕਰਨਾ ਸੀ। ਸ਼ੋਸ਼ਣ ਰਹਿਤ ਖ਼ੂਬਸੂਰਤ ਜ਼ਿੰਦਗੀ ਦਾ ਸੁਫ਼ਨਾ ਸਾਕਾਰ ਕਰਨ 'ਚ ਲੱਗੇ ਕਾਰਕੁਨਾਂ ਨਾਲ ਸੰਵਾਦ ਰਚਾਉਣਾ ਸੀ। ਇਸ ਜਦੋ-ਜਹਿਦ 'ਚ ਸਾਥੀਆਂ, ਹਮਦਰਦਾਂ ਦੀ ਪਛਾਣ ਕਰਨੀ ਤੇ ਕਰਾਉਣੀ ਸੀ। ਅਸਲ ਦੁਸ਼ਮਣਾਂ ਨੂੰ ਬੇਪਰਦ ਕਰਨਾ ਸੀ ਤਾਂ ਕਿ ਅੰਦੋਲਨ ਉਨ੍ਹਾਂ ਵੱਲ ਸੇਧਿਤ ਹੋ ਸਕੇ। ਗਹਿਰੀ ਖੋਜ ਜ਼ਰੀਏ ਇਸ ਪ੍ਰਬੰਧ ਦੇ ਲਤਾੜੇ ਤੇ ਨਿਆਸਰਾ ਬਣਾਏ ਲੋਕਾਂ 'ਚ ਚੇਤਨਾ ਦਾ ਪਸਾਰ ਕਰ ਕੇ ਸੰਘਰਸ਼ ਲਈ ਪ੍ਰੇਰਨਾ ਸੀ। ਅਕਾਦਮਿਕ ਅਦਾਰਿਆਂ ਦੀ ਚਾਰ-ਦੀਵਾਰੀ ਉਨ੍ਹਾਂ ਦਾ ਕਾਰਜ ਖੇਤਰ ਨਹੀਂ ਸੀ। ਇਹ ਲਿਖਤ ਖੋਜ ਅਤੇ ਲੋਕਾਈ ਦੀ ਬਿਹਤਰ ਜ਼ਿੰਦਗੀ ਦੇ ਅਣਥੱਕ ਸੁਫ਼ਨਿਆਂ ਦੇ ਸੁਮੇਲ ਦੀਆਂ ਚੰਦ ਬਿਹਤਰੀਨ ਮਿਸਾਲਾਂ ਵਿਚੋਂ ਹੈ।

ਚੌਥਾ ਤੇ ਅਹਿਮ ਸਬਕ, ਇਹ ਲਿਖਤ ਲੋਕਾਈ ਨੂੰ ਅਮੂਰਤ ਰੂਪ 'ਚ ਨਹੀਂ ਦੇਖ ਰਹੀ। ਇਹ ਉਸ ਧਿਰ ਨੂੰ ਵੀ ਖੋਜਦੀ ਹੈ ਜਿਸ ਨੇ ਮੁੱਢੋਂ ਤਬਦੀਲੀ ਲਿਆਉਣ 'ਚ ਮੋਹਰੀ ਭੂਮਿਕਾ ਅਦਾ ਕਰਨੀ ਹੈ। ਇਹ ਲਿਖਤ ਸਭ ਤੋਂ ਲਤਾੜੇ ਤਬਕੇ ਮਜ਼ਦੂਰ ਵਰਗ ਦੀ ਗੱਲ ਨੂੰ ਪ੍ਰਮੁੱਖਤਾ ਨਾਲ ਰੱਖਦੀ ਹੋਈ ਇਸ ਧਿਰ ਵੱਲ ਖਲੋ ਕੇ ਦੁਨੀਆ ਦੇ ਵਰਤਾਰੇ ਸਮਝਣ ਅਤੇ ਕੜੀਆਂ ਜੋੜਨ ਵਾਲਾ ਉੱਦਮ ਹੈ। ਮੰਤਵ ਨਿਰਾ ਸਮਾਜਿਕ ਸੱਚਾਈ ਨੂੰ ਬੇਪਰਦ ਕਰਨਾ ਤੇ ਕਾਰਖਾਨਾ ਮਾਲਕਾਂ ਦੀਆਂ ਕਰਤੂਤਾਂ ਉਜਾਗਰ ਕਰਨਾ ਹੀ ਨਹੀਂ ਸੀ; ਦਿਲੀ ਤਮੰਨਾ ਵੀ ਸੀ ਕਿ ਮਨੁੱਖਤਾ ਦੀ ਬਿਹਤਰੀ ਲਈ ਦੁਨੀਆ ਦਾ ਸਮਾਜਿਕ, ਆਰਥਿਕ, ਸਿਆਸੀ ਢਾਂਚਾ ਮੁੱਢੋਂ ਬਦਲੇ। ਅਜਿਹਾ ਪ੍ਰਬੰਧ ਉਸਰੇ ਜੋ ਬਰਾਬਰੀ, ਨਿਆਂ ਆਦਿ ਮਨੁੱਖੀ ਕਦਰਾਂ 'ਤੇ ਪਹਿਰਾ ਦੇਣ ਵਾਲਾ ਹੋਵੇ। ਇਸ ਸੁਫ਼ਨੇ ਨੂੰ ਹਕੀਕਤ ਤੱਕ ਲਿਜਾਣ ਵਾਲੀ ਧਿਰ ਦੀ ਸ਼ਨਾਖਤ ਕਰਨਾ ਅਹਿਮ ਕਾਰਜ ਵਜੋਂ ਲਿਆ। ਇਹ ਤੈਅ ਕੀਤਾ ਕਿ ਅਮਨੁੱਖੀ ਢਾਂਚੇ ਦੇ ਜਬਰ ਦਾ ਸ਼ਿਕਾਰ ਅਨੇਕ ਧਿਰਾਂ 'ਚੋਂ ਕਿਹੜੀ ਧਿਰ ਫੈਸਲਾਕੁਨ ਲੜਾਈ ਦੀ ਰਹਿਨੁਮਾਈ ਕਰੇਗੀ। ਲਿਖਤ ਨੇ ਮਜ਼ਦੂਰ ਜਮਾਤ ਨੂੰ ਰਹਿਨੁਮਾ ਚੁਣਿਆ ਹੈ। ਸਗਲਿ ਲੋਕਾਈ ਦੀ ਮੁਕਤੀ ਦਾ ਰਾਹ ਕਿਰਤੀਆਂ ਦੀ ਮੁਕਤੀ ਨਾਲ ਜੋੜਿਆ। ਸੱਚ ਨੂੰ ਬੇਪਰਦ ਕਰਨਾ ਜ਼ਰੂਰੀ ਤਾਂ ਹੈ ਪਰ ਮੁਕੰਮਲ ਕਾਰਜ ਨਹੀਂ। ਸਮਾਜ ਦੇ ਬਿਹਤਰ ਤੇ ਖ਼ੂਬਸੂਰਤ ਹੋਣ ਦਾ ਸੁਫ਼ਨਾ ਗਤੀਸ਼ੀਲ ਰਹਿਣ ਦੀ ਕਾਮਨਾ ਹੈ ਜਿਸ ਦਾ ਪਹਿਲਾ ਕੰਮ ਲੋਕਾਈ ਨਾਲ ਸੰਪਰਕ ਸਾਧ ਕੇ ਸੱਚ ਦੀ ਉਨ੍ਹਾਂ ਤੱਕ ਰਸਾਈ ਕਰਾਉਣਾ ਹੈ। ਟੁਕੜਿਆਂ 'ਚ ਵੰਡਿਆ ਸੱਚ ਮੋਤੀਆਂ ਵਾਂਗ ਧਾਗੇ 'ਚ ਪਰੋ ਕੇ ਮਾਲਾ ਦੇ ਰੂਪ 'ਚ ਅਵਾਮ ਸਾਹਮਣੇ ਰੱਖਣਾ ਹੈ। ਦੂਜਾ, ਉਸ ਸਮੂਹ, ਤਬਕੇ ਜਾਂ ਵਰਗ ਦੀ ਸ਼ਨਾਖ਼ਤ ਕਰਨੀ ਜੋ ਤੱਥਾਂ ਨਾਲ ਲੈਸ ਹੋ ਕੇ ਚੇਤਨ ਰੂਪ 'ਚ ਸਮਾਜ ਨੂੰ ਬਦਲਣ ਦੇ ਕਾਰਜ ਦੀ ਅਗਵਾਈ ਕਰੇਗਾ। ਮਸਲਾ ਸਿਰਫ ਸੱਚ ਦੀ ਖੋਜ ਦਾ ਨਹੀਂ; ਝੂਠ ਤੇ ਫ਼ਰੇਬ ਤੋਂ ਪਰਦਾ ਹਟਾਉਣ ਨਾਲ ਆਪਣੇ ਆਪ ਤਾਂ ਸਮਾਜ ਨੇ ਬਦਲ ਨਹੀਂ ਜਾਣਾ। ਸੱਚ ਤਰਥੱਲੀ ਤਾਂ ਮਚਾ ਸਕਦੈ ਪਰ ਸੂਰਤ-ਏ-ਹਾਲ ਬਦਲਣ ਲਈ ਸਚਾਈ ਦੀ ਲੋਅ ਨਾਲ ਰੌਸ਼ਨ ਦਿਮਾਗਾਂ ਨੂੰ ਚੇਤਨ ਰੂਪ 'ਚ ਕਾਰਜ ਕਰਨਾ ਪਏਗਾ। 'ਦਾਰਸ਼ਨਿਕਾਂ ਨੇ ਹੁਣ ਤੱਕ ਸੰਸਾਰ ਦੀ ਵਿਆਖਿਆ ਹੀ ਕੀਤੀ ਹੈ, ਲੋੜ ਇਸ ਨੂੰ ਬਦਲਣ ਦੀ ਹੈ' (ਕਾਰਲ ਮਾਰਕਸ)। ਮਾਰਕਸਵਾਦ ਦੇ ਇਹ ਦੋ ਪਿਤਾਮਾ ਆਖ਼ਰੀ ਸਾਹਾਂ ਤੱਕ ਇਸ ਕਥਨ 'ਤੇ ਪਹਿਰਾ ਦਿੰਦੇ ਰਹੇ।



*ਫਰੈਡਰਿਕ ਏਂਗਲਜ਼ ਅਤੇ ਕਾਰਲ ਮਾਰਕਸ ਦੀ ਦੋਸਤੀ ਇਕ ਕਲਾਕਾਰ ਦੀ ਨਿਗ੍ਹਾ ਵਿਚ।*

ਅਗਲਾ ਸਬਕ ਲਿਖਣ ਦੀ ਸ਼ੈਲੀ ਬਾਰੇ ਹੈ। ਮਾਰਕਸਵਾਦੀਆਂ ਬਾਰੇ ਕਿਹਾ ਜਾਂਦਾ (ਜੋ ਕਾਫੀ ਹੱਦ ਤੱਕ ਸਹੀ ਹੈ) ਕਿ ਉਨ੍ਹਾਂ ਦਾ ਅੰਦਾਜ਼-ਏ-ਬਿਆਂ ਬੜਾ ਨੀਰਸ ਹੈ। ਇਹ ਰੋਸ ਇਸ ਲਿਖਤ ਲਈ ਢੁਕਵਾਂ ਨਹੀਂ। ਮਾਰਕਸ ਨੇ ਪੂੰਜੀਵਾਦ ਦੀ ਗਾਥਾ ਸੁਣਾਉਣ ਵਾਲੀ ਕਿਰਤ 'ਦਾਸ ਕੈਪੀਟਲ' 'ਤੇ ਕੰਮ ਕਰਦਿਆਂ ਇਸ ਕਿਤਾਬ ਨੂੰ ਮੁੜ ਤੋਂ ਪੜ੍ਹਿਆ। ਆਪਣੇ ਜੋਟੀਦਾਰ ਨੂੰ 9 ਅਪਰੈਲ 1863 ਨੂੰ ਲਿਖੇ ਖ਼ਤ 'ਚ ਵੀਹ ਸਾਲ ਪਹਿਲਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਲਿਖਦਾ ਹੈ- 'ਉਨ੍ਹੀਂ ਦਿਨੀਂ ਗ਼ਜ਼ਬ ਦੀ ਤਾਕਤ, ਤੀਖਣ ਬੁੱਧੀ ਤੇ ਜਨੂਨ ਤੇਰੇ ਸਾਰਥੀ ਸਨ... ਪਾਠਕਾਂ ਨੂੰ ਮਹਿਸੂਸ ਕਰਵਾਇਆ ਕਿ ਜੇ ਅੱਜ ਨਹੀਂ ਤਾਂ ਕੱਲ੍ਹ ਤੇਰੇ ਸਿਧਾਂਤ ਤੱਥਾਂ ਵਾਂਗ ਅਡੋਲ ਸਿੱਧ ਹੋਣਗੇ... ਇਸ ਕਿਰਤ 'ਚ ਮਨੁੱਖੀ ਸੰਵੇਦਨਾ ਤੇ ਹਾਸ-ਰਸ ਦੇ ਝਲਕਾਰੇ ਵੀ ਮਿਲਦੇ ਹਨ।' ਇਸ ਵਾਰਤਕ ਦੀ ਆਪਣੀ ਰਵਾਨੀ ਹੈ। ਲੇਖਕ ਪਾਠਕ ਨੂੰ ਮਜ਼ਦੂਰ ਬਸਤੀਆਂ ਦੀਆਂ ਗਲੀਆਂ 'ਚ ਆਪਣੇ ਨਾਲ ਤੋਰ ਲੈਂਦਾ ਹੈ। ਤੁਹਾਡੀ ਮਿਲਣੀ ਮਾਨਚੈਸਟਰ ਦੇ ਮਜ਼ਦੂਰਾਂ ਨਾਲ ਕਰਵਾਉਂਦਾ ਹੈ। ਉਨ੍ਹਾਂ ਦੇ ਦੁੱਖ-ਦਰਦ ਤੇ ਹੌਸਲੇ ਦਾ ਅਹਿਸਾਸ ਕਰਵਾਉਂਦਾ ਹੈ। ਇਹ ਲਿਖਤ ਪੜ੍ਹਨ ਲਈ ਮਾਰਸਕਵਾਦੀ ਹੋਣਾ ਅਤੇ ਏਂਗਲਜ਼ ਦੇ ਵਿਸ਼ਲੇਸ਼ਣ ਤੇ ਸਿੱਟਿਆਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਅਜਿਹੀ ਲੇਖਣੀ ਲਈ ਘੱਟੋ-ਘੱਟ ਦੋ ਗੁਣ ਲਾਜ਼ਮੀ ਹਨ: ਕੰਮ ਦੀ ਸ਼ਿੱਦਤ ਅਤੇ ਭਾਸ਼ਾ ਦਾ ਗਿਆਨ।

ਆਖ਼ਰੀ ਗੱਲ ਭਾਸ਼ਾ ਦੇ ਹਵਾਲੇ ਨਾਲ। ਏਂਗਲਜ਼ ਨੇ ਇਹ ਕਿਤਾਬ ਜਰਮਨ ਭਾਸ਼ਾ 'ਚ ਲਿਖੀ। ਜੋ ਦੇਖਿਆ, ਮਹਿਸੂਸ ਕੀਤਾ ਤੇ ਪਰਖਿਆ, ਉਸ ਨੂੰ ਆਪਣੀ ਮਾਤ-ਭਾਸ਼ਾ 'ਚ ਬਿਆਨ ਕੀਤਾ। ਜਿਸ ਭਾਸ਼ਾ 'ਚ ਸੋਚ ਰਿਹਾ, ਉਸੇ ਭਾਸ਼ਾ 'ਚ ਲਿਖ ਰਿਹਾ ਸੀ। ਮਾਨਚੈਸਟਰ ਦੇ ਮਜ਼ਦੂਰਾਂ ਨੂੰ ਸੰਬੋਧਨ ਹੁੰਦਿਆਂ ਲਿਖਦਾ ਹੈ- 'ਮੈਨੂੰ ਸ਼ੁੱਧ ਤਾਂ ਨਹੀਂ ਪਰ ਕੰਮ-ਚਲਾਊ ਅੰਗਰੇਜ਼ੀ ਆਉਂਦੀ ਹੈ।' ਉਨ੍ਹਾਂ ਦੋ ਮੁੱਖਬੰਦ ਲਿਖੇ: ਇੱਕ ਬਰਤਾਨੀਆ, ਦੂਜਾ ਜਰਮਨ ਦੇ ਮਜ਼ਦੂਰਾਂ ਨੂੰ ਸੰਬੋਧਨ ਹੁੰਦੇ ਹੋਏ। ਗੱਲ ਕਿਸ ਨੂੰ ਸੁਣਾਉਣੀ ਤੇ ਸਮਝਾਉਣੀ ਹੈ, ਬਿਲਕੁਲ ਸਪੱਸ਼ਟ। ਭਾਸ਼ਾ ਦੇ ਮੁੱਦੇ 'ਤੇ ਚਾਨਣ ਇਸ ਸਪਸ਼ਟਤਾ 'ਚੋਂ ਵੀ ਹੋਣਾ ਹੈ। ਇਹ ਕਿਤਾਬ ਅੰਗਰੇਜ਼ੀ ਭਾਸ਼ਾ 'ਚ ਪਹਿਲੀ ਵਾਰ 1886 'ਚ ਛਪੀ ਸੀ ਜਿਸ ਦਾ ਤਰਜਮਾ ਅਮਰੀਕੀ ਸਮਾਜਵਾਦੀ ਮਹਿਲਾ ਕਾਰਕੁਨ ਫਲੋਰੈਂਸ ਕੈਲੀ ਦੀ ਮਿਹਨਤ ਦਾ ਸਿੱਟਾ ਹੈ। ਸੋ, ਇਹ ਕਿਤਾਬ ਲਿਖੇ ਜਾਣ ਅਤੇ ਤਰਜਮੇ ਜ਼ਰੀਏ ਜ਼ਿਆਦਾ ਲੋਕਾਂ ਤੱਕ ਰਸਾਈ ਕਰਾਉਣ 'ਚ ਮੈਰੀ ਬ੍ਰਨਜ਼ ਤੇ ਫਲੋਰੈਂਸ ਕੈਲੀ ਨਾਂ ਦੀਆਂ ਦੋ ਬੀਬੀਆਂ ਦਾ ਅਹਿਮ ਯੋਗਦਾਨ ਹੈ।

ਮੁੜ ਭਾਸ਼ਾ ਵੱਲ ਆਈਏ ਤਾਂ ਅਸੀਂ ਅਜੇ ਇਸ ਮਸਲੇ 'ਤੇ ਗੰਭੀਰ ਹੋਣਾ ਹੈ। ਦਿਲ ਦੀ ਗਹਿਰਾਈ 'ਚੋਂ ਉੱਠਦੀਆਂ ਆਵਾਜ਼ਾਂ ਭਾਸ਼ਾ ਦੀ ਚੋਣ ਦੀ ਘੁੰਮਣਘੇਰੀ 'ਚ ਗੁਆਚ ਜਾਂਦੀਆਂ ਹਨ। ਦੁਨੀਆ ਨੂੰ ਸੇਧ ਦੇਣ ਵਾਲੀਆਂ ਖਾਸ ਲਿਖਤਾਂ ਜ਼ਿਆਦਾਤਰ ਉਸ ਭਾਸ਼ਾ 'ਚ ਲਿਖੀਆਂ ਗਈਆਂ ਜੋ ਉਸ ਖਿੱਤੇ ਦੀ ਲੋਕਾਈ ਦੀ ਰੂਹ ਦੇ ਨੇੜੇ ਸਨ। ਸਮਾਜ ਵਿਗਿਆਨੀਆਂ ਅਤੇ ਵਿਗਿਆਨ ਦੇ ਹੋਰ ਖੇਤਰਾਂ 'ਚ ਸਰਗਰਮ 'ਰੂਹਾਂ' ਲਈ ਇਹ ਵੱਡੀ ਚੁਣੌਤੀ ਹੈ। ਪੇਪਰਾਂ 'ਚ ਪਾਸ ਹੋਣ ਲਈ ਕੁੰਜੀਆਂ ਤੋਂ ਸਿਵਾਇ ਸਮਾਜ, ਸਿਆਸਤ, ਆਰਥਿਕਤਾ, ਆਲਮੀ ਮਸਲਿਆਂ 'ਤੇ ਪੰਜਾਬੀ ਭਾਸ਼ਾ 'ਚ ਕਿਤਾਬਾਂ ਮਿਲਣੀਆਂ ਦੁਰਲੱਭ ਹਨ। ਇਹੀ ਹਾਲ ਵਿਗਿਆਨ ਦੇ ਵਿਸ਼ਿਆਂ ਦੇ ਪੰਜਾਬੀ ਭਾਸ਼ਾ ਜ਼ਰੀਏ ਪਸਾਰ ਸਬੰਧੀ ਹੈ। ਅੰਗਰੇਜ਼ੀ ਭਾਸ਼ਾ ਦੇ 'ਵਿਦਵਾਨਾਂ' ਦੁਆਰਾ ਪੰਜਾਬ ਬਾਰੇ ਕਿਤਾਬਨੁਮਾ ਲਿਖਤਾਂ 'ਤੇ ਵਿਚਾਰ ਵੀ ਬਣਦਾ ਹੈ। ਪੰਜਾਬੀ ਭਾਸ਼ਾ 'ਚ ਲਿਖੇ ਦੇ ਮਿਆਰ ਦੀ ਗੱਲ ਤਾਂ ਵੱਖਰਾ ਸਵਾਲ ਹੈ।

ਅੰਤ 'ਚ ਸਿਰਫ ਇਹੀ ਕਿ ਪਾਠਕਾਂ ਦੇ ਜ਼ਿਹਨ 'ਚ ਕੋਈ ਹੋਰ ਵਿਦਵਾਨ, ਲਿਖਤ ਜਾਂ ਹਵਾਲੇ ਆ ਸਕਦੇ ਹਨ, ਉਨ੍ਹਾਂ ਨੂੰ ਮੁਬਾਰਕ। ਸਵਾਲ ਇਸ ਲੇਖ 'ਚ ਛੋਹੇ ਨੁਕਤਿਆਂ ਦਾ ਹੈ, ਸਾਡੇ ਹਿੱਸੇ ਆਏ ਕਾਰਜਾਂ ਦਾ ਹੈ।

# ਅਕਾਲੀ ਦਲ ਦਾ ਸੰਕਟ ਅਤੇ ਭਰੋਸਾ ਬਹਾਲੀ ਦੇ ਮਸਲੇ



**ਜਗਤਾਰ ਸਿੰਘ**
**ਫੋਨ: +91-97797-11201**

ਸ਼੍ਰੋਮਣੀ ਅਕਾਲੀ ਦਲ ਸਿੱਖ ਸੱਧਰਾਂ ਅਤੇ ਉਮੰਗਾਂ ਨੂੰ ਜ਼ੁਬਾਨ ਦੇਣ ਦੇ ਆਸ਼ੇ ਤਹਿਤ ਕਾਰਜਸ਼ੀਲ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੈ ਜਿਸ ਦੇ ਸੀਨੀਅਰ ਆਗੂਆਂ ਦੇ ਇੱਕ ਹਿੱਸੇ ਨੇ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਸਨਮੁੱਖ ਪੇਸ਼ ਹੋ ਕੇ ਪਛਤਾਵਾ ਪੱਤਰ ਸੌਂਪਿਆ ਹੈ ਅਤੇ ਉਨ੍ਹਾਂ ਦਾ ਇਹ ਕਦਮ ਮਹਿਜ਼ ਸੱਤਾ ਸੰਘਰਸ਼ ਤੱਕ ਸੀਮਤ ਨਹੀਂ ਰਹਿ ਗਿਆ। ਇਸ ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਵਾਰ ਪ੍ਰਧਾਨ ਰਹਿ ਚੁੱਕੇ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਮਨਜੀਤ ਸਿੰਘ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਕਰਨੈਲ ਸਿੰਘ ਪੰਜੋਲੀ ਸ਼ਾਮਿਲ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ 1995 ਤੋਂ ਪਾਰਟੀ ਦੇ ਸਿਰਕੱਢ ਆਗੂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੰਭਾਲੀ ਜਾ ਰਹੀ ਸੀ ਜਿਨ੍ਹਾਂ 2008 ਵਿਚ ਪਾਰਟੀ ਦੀ ਵਾਗਡੋਰ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤ ਵਿਚ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਸਭ ਤੋਂ ਵੱਧ ਸ਼ਾਂਤਮਈ ਸੰਘਰਸ਼ ਲੜੇ ਗਏ ਹਨ ਅਤੇ ਅਜਿਹੀ ਸ਼ਾਨਾਮੱਤੇ ਇਤਿਹਾਸ ਵਾਲੀ ਪਾਰਟੀ ਵਿਚ 'ਪਰਿਵਾਰਕ ਜਾਂਨਸ਼ੀਨੀ' ਦੀ ਇਹੋ ਜਿਹੀ ਮਿਸਾਲ ਪਹਿਲਾਂ ਕਦੇ ਨਹੀਂ ਮਿਲੀ ਸੀ।

ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੇ ਗਏ ਇਸ ਪੱਤਰ ਵਿਚ ਪਾਰਟੀ ਆਗੂਆਂ ਨੇ 2007 ਤੋਂ 2017 ਤੱਕ ਦੇ ਅਰਸੇ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਹੋਈਆਂ ਭੁੱਲਾਂ ਬਦਲੇ ਆਪਣੇ-ਆਪ ਨੂੰ ਸਜ਼ਾ ਲਈ ਪੇਸ਼ ਕਰ ਕੇ ਮੁਆਫ਼ੀ ਮੰਗੀ ਹੈ ਜਿਸ ਕਰ ਕੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਦਸ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਣ ਨਾਲ ਉੱਭਰਿਆ ਸੰਕਟ ਹੋਰ ਤਿੱਖਾ ਹੋ ਗਿਆ ਹੈ ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦਲ ਅਜਿਹੇ ਕਿਸੇ ਸੰਕਟ ਵਿਚ ਫਸਿਆ ਹੋਵੇ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਅਕਾਲੀ ਦਲ 1999 ਤੋਂ ਹੀ ਉਤਰਾਅ-ਚੜ੍ਹਾਅ ਦੇ ਦੌਰਾਂ 'ਚੋਂ ਲੰਘਦਾ ਆਇਆ ਸੀ ਜਦੋਂ ਵੱਡੇ ਬਾਦਲ ਅਤੇ ਉਸ ਵੇਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸਿੱਖ ਜਗਤ ਵਿਚ ਸੱਤਾ ਦੇ ਮੁਤਵਾਜ਼ੀ ਕੇਂਦਰ ਗਿਣੇ ਜਾਂਦੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਚ ਟਕਰਾਅ ਪੈਦਾ ਹੋ ਗਿਆ ਸੀ। ਪਾਰਟੀ ਅੰਦਰ ਗਿਰਾਵਟ ਦਾ ਇਹ ਦੌਰ 2022 ਵਿਚ ਉਦੋਂ ਤਿੱਖਾ ਹੋਇਆ ਜਦੋਂ ਵਿਧਾਨ ਸਭਾ ਵਿਚ ਇਸ ਦੇ ਮੈਂਬਰਾਂ ਦੀ ਗਿਣਤੀ ਘਟ ਕੇ ਤਿੰਨ ਰਹਿ ਗਈ ਸੀ। ਹਾਲੀਆ ਲੋਕ ਸਭਾ ਚੋਣਾਂ ਵਿਚ ਲੰਮਾ ਅਰਸਾ ਇਸ ਦੀ ਸਹਿਯੋਗੀ ਪਾਰਟੀ ਰਹੀ ਭਾਰਤੀ ਜਨਤਾ ਪਾਰਟੀ ਨੇ ਵੋਟ ਫ਼ੀਸਦ ਦੇ ਲਿਹਾਜ਼ ਨਾਲ ਜ਼ਿਆਦਾ ਵੋਟਾਂ ਹਾਸਿਲ ਕੀਤੀਆਂ ਹਨ।



ਹਾਲਾਂਕਿ ਅਕਾਲ ਤਖ਼ਤ ਅੱਗੇ ਪੇਸ਼ ਹੋਣ ਵਾਲੇ ਆਗੂਆਂ ਨੇ ਇਹ ਭੁੱਲ ਕਬੂਲ ਕੀਤੀ ਹੈ ਕਿ ਬਾਦਲ ਸਰਕਾਰ ਵੇਲੇ ਹੋਈਆਂ ਕਈ ਕਾਰਵਾਈਆਂ ਵੇਲੇ ਉਹ ਚੁੱਪ ਰਹੇ ਸਨ ਅਤੇ ਇਨ੍ਹਾਂ ਕਰ ਕੇ ਪਾਰਟੀ ਦੀ ਭਰੋਸੇਯੋਗਤਾ ਅਤੇ ਹੋਂਦ ਦਾਅ 'ਤੇ ਲੱਗ ਗਈ ਹੈ। ਇਨ੍ਹਾਂ ਵੱਲੋਂ ਜਿਨ੍ਹਾਂ ਪ੍ਰਮੁੱਖ ਮੁੱਦਿਆਂ ਦਾ ਹਵਾਲਾ ਦਿੱਤਾ ਗਿਆ ਹੈ, ਉਨ੍ਹਾਂ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ਼ ਗੁਰੂ ਗੋਬਿੰਦ ਸਿੰਘ ਜੀ ਵਰਗੀ ਪੁਸ਼ਾਕ ਪਹਿਨ ਕੇ ਧਰਮਨਿੰਦਾ ਦਾ ਫ਼ੌਜਦਾਰੀ ਕੇਸ ਵਾਪਸ ਲੈਣ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਕੇਸਾਂ ਅਤੇ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀਆਂ ਘੋਰ ਉਲੰਘਣਾਵਾਂ ਨਾਲ ਜੁੜੇ ਸੁਮੇਧ ਸੈਣੀ ਦੀ ਡੀ.ਜੀ.ਪੀ. ਵਜੋਂ ਨਿਯੁਕਤੀ ਜਿਹੇ ਕੇਸ ਸ਼ਾਮਿਲ ਹਨ। ਇਨ੍ਹਾਂ ਦਾ ਕੇਂਦਰ ਬਿੰਦੂ ਉਸ ਦੌਰ ਵਿਚਲੀਆਂ ਚਾਰ ਕਾਰਵਾਈਆਂ ਅਤੇ ਫ਼ੈਸਲੇ ਹਨ।

ਸ਼੍ਰੋਮਣੀ ਅਕਾਲੀ ਦਲ ਜੋ ਕਿ ਦਹਾਕਿਆਂ ਤੋਂ ਸਿੱਖਾਂ ਦੀ ਤਰਜਮਾਨੀ ਕਰਦਾ ਆ ਰਿਹਾ ਸੀ, ਨੂੰ ਹੁਣ ਸਿੱਖਾਂ ਵੱਲੋਂ ਹੀ ਰੱਦ ਕਰ ਦਿੱਤਾ ਗਿਆ ਹੈ। ਘੱਟੋ-ਘੱਟ ਦੋ ਸਿਫ਼ਤੀ ਤਬਦੀਲੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਇਸ ਪਾਰਟੀ ਅਤੇ ਪੰਥਕ ਸੰਸਥਾਵਾਂ ਅੰਦਰ ਸੰਕਟ ਪੈਦਾ ਹੋਇਆ ਹੈ। ਪਾਰਟੀ ਨੇ ਆਪਣੇ 75ਵੇਂ ਸਥਾਪਨਾ ਦਿਵਸ ਮੌਕੇ ਫਰਵਰੀ 1996 ਵਿਚ ਹੋਈ ਮੋਗਾ ਕਾਨਫਰੰਸ ਵਿਚ ਪੰਥ ਦੀ ਥਾਂ ਪੰਜਾਬੀਅਤ ਉੱਪਰ ਜ਼ੋਰ ਦਿੱਤਾ ਸੀ ਜੋ ਪ੍ਰਕਾਸ਼ ਸਿੰਘ ਬਾਦਲ ਦੇ ਭਾਸ਼ਣ ਅਤੇ ਉਸ ਤੋਂ ਬਾਅਦ ਫਿਰਕੂ ਸਦਭਾਵਨਾ ਅਤੇ ਭਾਈਚਾਰੇ ਦੇ ਨਾਂ 'ਤੇ ਦਿੱਤੇ ਗਏ ਜ਼ੋਰ ਤੋਂ ਦੇਖਿਆ ਜਾ ਸਕਦਾ ਹੈ। ਇਹ ਵਿਚਾਰਧਾਰਕ ਬਦਲਾਓ ਸੀ।

2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਦੀ ਜੁਗਤ (ਮਾਈਕਰੋ ਮੈਨੇਜਮੈਂਟ) ਦੀ ਖ਼ੂਬ ਚਰਚਾ ਹੋਈ ਸੀ। ਇਹ ਉਹ ਦੌਰ ਸੀ ਜਦੋਂ ਸਿਆਸਤ ਵਣਜ ਦਾ ਰੂਪ ਧਾਰਨ ਕਰਦੀ ਜਾ ਰਹੀ ਸੀ ਜਿਸ ਕਰ ਕੇ ਨਾ ਕੇਵਲ ਸ਼੍ਰੋਮਣੀ ਅਕਾਲੀ ਦਲ ਸਗੋਂ ਸਮੁੱਚਾ ਸਿਆਸੀ ਤਾਣਾ ਬਾਣਾ ਹੀ ਪ੍ਰਭਾਵਿਤ ਹੁੰਦਾ ਨਜ਼ਰ ਆ ਰਿਹਾ ਸੀ। ਜਿੰਨੀ ਦੇਰ ਤੱਕ ਆਗੂ ਸ਼ੇਅਰਧਾਰਕਾਂ/ਹਿੱਸੇਦਾਰਾਂ ਨੂੰ ਲਾਹਾ ਦਿਵਾਉਂਦਾ ਰਿਹਾ, ਓਨੀ ਦੇਰ ਤਕ ਉਸ ਦੀ ਖ਼ੂਬ ਸ਼ਲਾਘਾ ਵੀ ਹੁੰਦੀ ਰਹੀ। ਜਿਹੜੇ ਆਗੂਆਂ ਨੇ ਹੁਣ ਪਛਤਾਵਾ ਪੱਤਰ ਦਿੱਤਾ ਹੈ, ਉਹ ਉਦੋਂ ਹਿੱਸੇਦਾਰ ਸਨ। 2017 ਵਿਚ ਕੰਪਨੀ ਫੇਲ੍ਹ ਹੋ ਗਈ ਅਤੇ 2022 ਵਿਚ ਦੀਵਾਲੀਆ ਹੋ ਗਈ ਜਿਸ ਕਰ ਕੇ 2024 ਵਿਚ ਸ਼ੇਅਰਧਾਰਕਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਗਿਆ। ਸ਼ੇਅਰਧਾਰਕ ਹੁਣ ਕੰਪਨੀ ਦੀ ਕਾਇਆ ਕਲਪ ਕਰ ਕੇ ਇਸ ਨੂੰ ਸੁਰਜੀਤ ਕਰਨ ਦੀ ਮੰਗ ਕਰ ਰਹੇ ਹਨ।

ਜਦੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਰਾਮ ਰਹੀਮ ਨੂੰ ਮੁਆਫ਼ੀ ਦਿੱਤੀ ਗਈ ਸੀ ਤਾਂ ਪਹਿਲੀ ਵਾਰ ਸਿੱਖ ਭਾਈਚਾਰੇ ਅੰਦਰ ਅਕਾਲੀ ਦਲ ਅਤੇ ਪੰਥਕ ਸੰਸਥਾਵਾਂ ਵਿਚ ਆਏ ਨਿਘਾਰ ਖਿਲਾਫ਼ ਰੌਲਾ ਪਿਆ ਸੀ। ਗ਼ੌਰਤਲਬ ਹੈ ਕਿ 2007 ਵਿਚ ਰਾਮ ਰਹੀਮ ਵੱਲੋਂ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਹਿਨਣ ਦੀਆਂ ਤਸਵੀਰਾਂ ਨਸ਼ਰ ਹੋਣ ਤੋਂ ਬਾਅਦ ਅਕਾਲ ਤਖ਼ਤ ਵੱਲੋਂ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਡੇਰਾ ਪ੍ਰੇਮੀਆਂ ਦਾ ਸਮਾਜਿਕ ਬਾਈਕਾਟ ਕਰਨ ਲਈ ਕਿਹਾ ਗਿਆ ਸੀ। ਫਿਰ 2012 ਦੀਆਂ ਵਿਧਾਨ ਸਭਾ ਚੋਣਾਂ ਹੋਣ ਤੋਂ ਪੰਜ ਦਿਨ ਪਹਿਲਾਂ ਰਾਮ ਰਹੀਮ ਖਿਲਾਫ਼ ਪੁਸ਼ਾਕ ਪਹਿਨ ਕੇ ਧਰਮਨਿੰਦਾ ਦਾ ਕੇਸ ਵਾਪਸ ਲੈ ਲਿਆ ਗਿਆ। ਇੱਥੇ ਧਿਆਨ ਦੇਣਯੋਗ ਗੱਲ ਇਹ ਹੈ ਕਿ ਚੋਣ ਕਮਿਸ਼ਨ ਦਾ ਕੰਮ ਰਾਜ ਸਰਕਾਰ ਦੀਆਂ ਭੇਜੀਆਂ ਫਾਈਲਾਂ ਸਿਰਫ਼ ਕਲੀਅਰ ਕਰਨ ਦਾ ਹੁੰਦਾ ਹੈ। ਸਤੰਬਰ 2015 ਵਿਚ ਅਕਾਲ ਤਖ਼ਤ ਵੱਲੋਂ ਰਾਮ ਰਹੀਮ ਨੂੰ ਮੁਆਫ਼ੀ ਵੀ ਦੇ ਦਿੱਤੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਖ-ਵੱਖ ਅਖ਼ਬਾਰਾਂ ਵਿਚ 90 ਲੱਖ ਰੁਪਏ ਦੇ ਇਸ਼ਤਿਹਾਰ ਦੇ ਕੇ ਇਸ ਫ਼ੈਸਲੇ ਨੂੰ ਵਾਜਬ ਠਹਿਰਾਇਆ ਸੀ। ਇਹ ਸਭ ਮਿਲੀਭੁਗਤ ਦਾ ਮਾਮਲਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸੱਦ ਕੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ ਗਈ ਸੀ।

ਇਸ ਤੋਂ ਮਹੀਨਾ ਕੁ ਬਾਅਦ ਅਕਤੂਬਰ 2015 ਵਿਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਪਾਰੀ ਸੀ ਜਿਸ ਤੋਂ ਪਹਿਲਾਂ 1 ਜੂਨ ਨੂੰ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂਘਰ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਸੇਵਾਮੁਕਤ ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਦੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਸਮੇਤ ਕੁਝ ਘਟਨਾਵਾਂ ਨੂੰ ਇਸ ਪੱਤਰ ਵਿਚ ਦਰਜ ਕੀਤਾ ਗਿਆ ਹੈ। ਇਸ ਪੱਤਰ ਵਿਚ ਇਨ੍ਹਾਂ ਆਗੂਆਂ ਨੇ ਮੰਨਿਆ ਹੈ ਕਿ ਉਹ ਇਸ ਦੌਰਾਨ ਚੁੱਪ ਰਹੇ ਸਨ ਜਿਸ ਕਰ ਕੇ ਉਹ ਵੀ ਕਸੂਰਵਾਰ ਹਨ। ਹਾਲਾਂਕਿ ਸਤਹੀ ਤੌਰ 'ਤੇ ਦੇਖਿਆਂ ਜਾਪਦਾ ਹੈ ਕਿ ਇਹ ਪੱਤਰ ਸਿਰਫ਼ ਪਛਤਾਵਾ ਕਰਨ ਹਿੱਤ ਲਿਖਿਆ ਗਿਆ ਹੈ ਪਰ ਇਸ ਦੇ ਅਰਥ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਹਨ। ਇਸ ਨੇ ਨਾ ਸਿਰਫ਼ ਸੁਖਬੀਰ ਸਿੰਘ ਬਾਦਲ ਬਲਕਿ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਅਤੇ ਨਕਾਰੇਪਣ ਕਰ ਕੇ ਇਨ੍ਹਾਂ ਕੇਸਾਂ 'ਚ ਮਿਲੀਭੁਗਤ ਬਦਲੇ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਇਹ ਮਹਿਜ਼ ਅਕਾਲੀ ਦਲ ਦਾ ਸੰਕਟ ਨਹੀਂ ਸਗੋਂ ਪੰਥਕ ਸੰਕਟ ਹੈ।

ਸਮੱਸਿਆ ਇਹ ਹੈ ਕਿ ਇਹ ਸਿਰਫ਼ ਇਲਜ਼ਾਮ ਨਹੀਂ ਹਨ ਬਲਕਿ ਤੱਥ ਆਧਾਰਿਤ ਬਿਆਨ ਹਨ। ਇਨ੍ਹਾਂ ਵਿਚੋਂ ਕਈ ਆਗੂ ਦ੍ਰਿੜਤਾ ਨਾਲ ਹਾਲੇ ਵੀ ਕਹਿੰਦੇ ਹਨ ਕਿ ਉਨ੍ਹਾਂ 2022 ਵਿਚ ਹੀ ਪ੍ਰਸਤਾਵ ਰੱਖਿਆ ਸੀ ਕਿ ਪਾਰਟੀ ਨੂੰ ਅਕਾਲ ਤਖ਼ਤ 'ਤੇ ਮਾੜੇ ਕੰਮਾਂ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਸਿੱਖ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਕਈ ਵਾਰ ਅਕਾਲ ਤਖ਼ਤ ਨੇ ਪੰਥਕ ਕਦਰਾਂ-ਕੀਮਤਾਂ ਭੰਗ ਹੋਣ ਦਾ ਖ਼ੁਦ ਵੀ ਨੋਟਿਸ ਲਿਆ ਹੈ ਤੇ ਇਸ ਦੀ ਸਭ ਤੋਂ ਵੱਧ ਦਿੱਤੀ ਜਾਣ ਵਾਲੀ ਮਿਸਾਲ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀ ਹੋਈ ਹੈ। ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਉਨ੍ਹਾਂ ਨੂੰ ਤਲਬ ਕੀਤਾ ਸੀ ਤੇ ਸਜ਼ਾ ਸੁਣਾਈ ਸੀ। ਮਹਾਰਾਜਾ ਕੋੜੇ ਖਾਣ ਲਈ ਆਪਣੀ ਪਿੱਠ ਨੰਗੀ ਕਰ ਕੇ ਬੈਠ ਗਿਆ ਸੀ ਪਰ ਐਨ ਆਖ਼ਰੀ ਮੌਕੇ ਉਸ ਨੂੰ ਮੁਆਫ਼ੀ ਦੇ ਦਿੱਤੀ ਗਈ ਸੀ।

ਅਕਾਲ ਤਖ਼ਤ ਤੋਂ ਮਿਲਦੀ ਸਜ਼ਾ ਸੇਵਾ ਦੇ ਰੂਪ ਵਿਚ ਹੁੰਦੀ ਹੈ ਜਿਸ ਦਾ ਮੰਤਵ ਵਿਅਕਤੀ ਦੀ ਹਉਮੈ ਖ਼ਤਮ ਕਰ ਕੇ ਉਸ ਨੂੰ ਨਿਮਰ ਬਣਾਉਣਾ ਹੁੰਦਾ ਹੈ। ਅਕਾਲ ਤਖ਼ਤ ਦੇ ਜਥੇਦਾਰ ਹੁਣ ਜਿਹੜੇ ਮੁੱਦਿਆਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਵਿਚੋਂ ਇੱਕ ਇਸ ਸੰਸਥਾ (ਅਕਾਲ ਤਖ਼ਤ) ਅਤੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਨੂੰ ਬਾਰੀਕੀ ਨਾਲ ਘੋਖਣਾ ਹੈ। ਇਸ ਨਾਲ ਕੁਝ ਐਸੀਆਂ ਗੱਲਾਂ ਵਾਪਰ ਸਕਦੀਆਂ ਹਨ ਜੋ ਸਿੱਖਾਂ ਦੇ ਰਾਜਸੀ-ਧਾਰਮਿਕ ਖੇਤਰ 'ਚ ਵੱਡੀ ਰੱਦੋਬਦਲ ਦਾ ਸਬੱਬ ਬਣ ਸਕਦੀਆਂ ਹਨ।

ਇੱਕ ਹੋਰ ਪਹਿਲੂ ਵੀ ਹੈ। ਪਿਛਲੇ ਰਿਕਾਰਡ ਨੂੰ ਵਾਚਿਆ ਜਾਵੇ ਤਾਂ ਅਜਿਹੇ ਸੰਕਟਾਂ ਕਾਰਨ ਸਿੱਖ ਬਿਰਤਾਂਤ ਦਾ ਝੁਕਾਅ ਕਈ ਵਾਰ ਸੱਜੇ-ਪੱਖੀ ਵਿਚਾਰਧਾਰਾ ਵੱਲ ਝੁਕਦਾ ਰਿਹਾ ਹੈ। ਸੱਜਰੇ ਘਟਨਾਕ੍ਰਮ ਵਿਚ, ਕਈ ਅਕਾਲੀ ਆਗੂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਨੂੰ ਮਿਲਣ ਲਈ ਬਿਆਸ ਨੇੜੇ ਜੱਲੂਪੁਰ ਖੇੜਾ ਸਥਿਤ ਉਨ੍ਹਾਂ ਦੇ ਘਰ ਗਏ। ਭਾਵੇਂ ਇਹ ਸ਼ਿਸ਼ਟਾਚਾਰੀ ਮੁਲਾਕਾਤ ਹੀ ਸੀ ਪਰ ਮਿਲਣੀ ਦਾ ਸਮਾਂ ਪੁਰਾਣੇ ਰੁਝਾਨਾਂ ਨਾਲ ਮੇਲ ਖਾਂਦਾ ਹੈ। ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਵੱਡੇ ਫ਼ਰਕ ਨਾਲ ਜਿੱਤੇ ਅੰਮ੍ਰਿਤਪਾਲ ਸਿੰਘ ਨੂੰ ਇਸ ਵੇਲੇ ਰਾਸ਼ਟਰੀ ਸੁਰੱਖਿਆ ਐਕਟ (ਐੱਨ.ਐੱਸ.ਏ.) ਦੇ ਕੇਸ ਅਧੀਨ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਰੱਖਿਆ ਹੋਇਆ ਹੈ ਤੇ ਸਮਝਿਆ ਜਾਂਦਾ ਹੈ ਕਿ ਉਹ 'ਗਰਮਦਲੀਆਂ' ਦੀ ਤਰਜਮਾਨੀ ਕਰ ਰਿਹਾ ਹੈ।

ਕੀ ਹੁਣ ਅਕਾਲ ਤਖ਼ਤ ਦੇ ਜਥੇਦਾਰ ਬੇਅਦਬੀ ਦੇ ਕੇਸਾਂ ਦੀ ਪੂਰੀ ਕਹਾਣੀ ਨੂੰ ਮੁੜ ਖੋਲ੍ਹਣਗੇ ਅਤੇ ਇਸ ਦੇ ਨਾਲ ਹੀ ਉਸ ਵੇਲੇ ਸਰਕਾਰ ਚਲਾ ਰਹੀ ਧਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਖ਼ੁਦ ਅਕਾਲ ਤਖ਼ਤ ਦੀ ਭੂਮਿਕਾ ਨੂੰ ਘੋਖਣਗੇ। ਸੰਕਟ ਵਾਕਈ ਬਹੁਤ ਗਹਿਰਾ ਹੈ ਜਿਸ ਦੇ ਦੂਰਗਾਮੀ ਸਿੱਟੇ ਨਿਕਲ ਸਕਦੇ ਹਨ।

# ਖੱਬੀਖਾਨ ਥਾਣੇਦਾਰ ਅਤੇ ਸਰਪੰਚ ਦੀ ਤਾਕਤ

**ਰਣਜੀਤ ਲਹਿਰਾ**
**ਫੋਨ: +91-94175-88616**

ਗੱਲ 1986-87 ਦੀ ਹੈ ਜਦੋਂ ਪੰਜਾਬ ਦਹਿਸ਼ਤ ਦੇ ਸਾਏ ਹੇਠ ਸੀ। ਇੱਕ ਪਾਸੇ ਹਕੂਮਤੀ ਦਹਿਸ਼ਤ ਜ਼ੋਰਾਂ 'ਤੇ ਸੀ, ਦੂਜੇ ਪਾਸੇ ਖ਼ਾਲਿਸਤਾਨੀ ਦਹਿਸ਼ਤ ਦਾ ਬੋਲਬਾਲਾ ਸੀ। ਲੋਕ ਦੋਹਾਂ ਪੁੜਾਂ ਵਿਚਕਾਰ ਦਰੜੇ ਜਾ ਰਹੇ ਸਨ। ਉਨ੍ਹਾਂ ਦਿਨਾਂ ਵਿਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਿਸ਼ਨਗੜ੍ਹ ਵਿਚ ਇੱਕ ਬੰਦੇ ਨੇ ਕਿਸੇ ਘਰੇਲੂ ਕਾਰਨ ਕਰ ਕੇ ਖ਼ੁਦਕੁਸ਼ੀ ਕਰ ਲਈ। ਪਿੰਡ ਦੇ ਸਰਪੰਚ ਦਲਬਾਰਾ ਸਿੰਘ ਨੇ ਇਹ ਸੋਚ ਕੇ ਮ੍ਰਿਤਕ ਦਾ ਦਾਹ-ਸੰਸਕਾਰ ਕਰਵਾ ਦਿੱਤਾ ਕਿ ਜੇ ਪੁਲਿਸ ਨੂੰ ਇਤਲਾਹ ਦਿੱਤੀ ਜਾਂ ਸੂਚਨਾ ਮਿਲ ਗਈ ਤਾਂ ਉਹ ਪਰਿਵਾਰ ਦੀ ਵਾਧੂ ਦੀ ਖਿੱਚ-ਧੂਹ ਕਰੇਗੀ ਤੇ ਮਰੇ ਦਾ ਮਾਸ ਖਾਣ ਵਾਲੀ ਗੱਲ ਕਰਨੋਂ ਵੀ ਨਹੀਂ ਟਲੇਗੀ।

ਦਾਹ-ਸੰਸਕਾਰ ਭਾਵੇਂ ਪਰਿਵਾਰ ਦੀ ਸਹਿਮਤੀ ਨਾਲ ਹੋਇਆ ਸੀ ਪਰ ਬਰੇਟਾ ਮੰਡੀ ਦੇ ਥਾਣੇਦਾਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਕੱਪੜਿਆਂ ਤੋਂ ਬਾਹਰ ਹੋ ਗਿਆ। ਇੱਕ ਤਾਂ ਸਰਪੰਚ ਦੇ ਅਜਿਹਾ ਕਰਨ ਨਾਲ ਥਾਣੇਦਾਰ ਦੇ ਠੂਠੇ ਨੂੰ ਲੱਤ ਵੱਜ ਗਈ ਸੀ; ਦੂਜਾ, ਸਰਪੰਚ ਥਾਣੇਦਾਰ ਨੂੰ ਠਾਹ ਸਲਾਮ ਕਰਨ ਵਾਲਾ ਨਹੀਂ ਸੀ। ਕਾਮਰੇਡ ਕਹਾਉਂਦਾ ਸਰਪੰਚ ਕਹਿੰਦਾ-ਕਹਾਉਂਦਾ ਖੱਬੀਖਾਨ ਸੀ। ਥਾਣੇਦਾਰ ਨੂੰ ਲੱਗਿਆ, ਹੁਣ ਮੌਕਾ ਹੈ ਸਰਪੰਚ ਨੂੰ ਆਪਣੀ ਲੱਤ ਹੇਠੋਂ ਲੰਘਾਉਣ ਦਾ।

ਅਗਲੇ ਦਿਨ ਜਦੋਂ ਸਰਪੰਚ ਕਿਸੇ ਕੰਮ ਥਾਣੇ ਗਿਆ ਤਾਂ ਕੁਰਸੀ 'ਚ ਝੂਲਦਾ ਥਾਣੇਦਾਰ ਬੋਲਿਆ, "ਆਹ ਚੰਗਾ ਕੰਮ ਫੜਿਆ ਸਰਪੰਚਾ, ਪਿੰਡ ਵਿਚ ਬੰਦੇ ਮਾਰ-ਮਾਰ ਕੇ ਖੁਰਦ-ਬੁਰਦ ਕਰਨ ਦਾ।" ਇਸ ਤੋਂ ਪਹਿਲਾਂ ਕਿ ਸਰਪੰਚ ਕੋਈ ਗੱਲ ਕਰਦਾ, ਥਾਣੇਦਾਰ ਨੇ ਹਵਾਲਾਤ ਵਿਚ ਬੰਦ ਕਰਵਾ ਦਿੱਤਾ। ਸਰਪੰਚ ਹਵਾਲਾਤ 'ਚ ਆਰਾਮ ਨਾਲ ਹੀ ਬਹਿ ਗਿਆ, ਕਿਹੜਾ ਪਹਿਲੀ ਵਾਰ ਬੈਠਾ ਸੀ! ਉਹਨੂੰ ਵੀ ਪਤਾ ਸੀ ਕਿ ਥਾਣੇਦਾਰ ਚਾਹੁੰਦਾ ਹੈ ਕਿ ਉਹ ਉਹਦੀਆਂ ਮਿੰਨਤਾਂ ਤਰਲੇ ਕਰੇ ਪਰ ਇਸ ਰਾਹ ਪੈਣ ਵਾਲਾ ਉਹ ਹੈ ਨਹੀਂ ਸੀ। ਉਹ ਜਾਣਦਾ ਸੀ, ਪਿੰਡ ਵਾਲਿਆਂ ਨੂੰ ਜਦੋਂ ਪਤਾ ਲੱਗ ਗਿਆ, ਫਿਰ ਥਾਣੇਦਾਰ ਕਹੂ, ਸਰਪੰਚ ਸਾਹਿਬ ਹਵਾਲਾਤ 'ਚੋਂ ਛੇਤੀ ਬਾਹਰ ਆਓ, ਸਾਥੋਂ ਭੁੱਲ ਹੋ ਗਈ।... ਜਦੋਂ ਸਰਪੰਚ ਕੁਝ ਨਾ ਬੋਲਿਆ, ਨਾ ਡੋਲਿਆ ਤਾਂ ਘੰਟੇ ਦੋ ਘੰਟੇ ਬਾਅਦ ਉਸ ਨੂੰ ਆਪ ਹੀ 'ਰਿਹਾਅ' ਕਰ ਦਿੱਤਾ।

ਹੁਣ ਰੋਹ ਨਾਲ ਭਖਿਆ ਸਰਪੰਚ ਪਿੰਡ ਆਇਆ ਅਤੇ ਪੰਚਾਇਤ ਤੇ ਪਿੰਡ ਦੀ ਸ਼ਹੀਦੀ ਯਾਦਗਾਰ ਕਮੇਟੀ ਦੇ ਸਾਥੀਆਂ ਨੂੰ ਆਪਣੇ ਨਾਲ ਹੋਈ ਬੀਤੀ ਦੱਸੀ। ਪੰਚਾਇਤ ਅਤੇ ਕਮੇਟੀ ਨੇ ਸਾਰੇ ਪਿੰਡ ਦਾ ਇਕੱਠ ਕਰ ਲਿਆ ਅਤੇ ਲੋਕਾਂ ਨੂੰ ਕਿਹਾ ਕਿ ਥਾਣੇਦਾਰ ਨੇ ਪਿੰਡ ਦੀ ਪੱਗ ਨੂੰ ਹੱਥ ਪਾਇਐ, ਹੁਣ ਸਾਰੇ ਪਿੰਡ ਦਾ ਫਰਜ਼ ਹੈ ਕਿ ਉਹ ਭੂਤਰੇ ਹੋਏ ਥਾਣੇਦਾਰ ਦਾ ਫਤੂਰ ਲਾਹ ਕੇ ਸਾਹ ਲੈਣ। ਅਗਲੇ ਦਿਨ ਸੂਰਜ ਦੀ ਟਿੱਕੀ ਚੜ੍ਹਦਿਆਂ ਹੀ ਪਿੰਡ ਦਾ ਬੱਚਾ-ਬੱਚਾ ਬਰੇਟਾ ਥਾਣੇ ਨੂੰ ਘੇਰਾ ਘੱਤਣ ਲਈ ਤਿਆਰ ਹੋਣ ਲੱਗਿਆ; ਤੇ ਫਿਰ ਕਿਸ਼ਨਗੜ੍ਹੀਆਂ ਨੇ ਥਾਣੇ ਨੂੰ ਐਸਾ ਘੇਰਾ ਪਾਇਆ ਕਿ ਬਠਿੰਡਾ ਜ਼ਿਲ੍ਹੇ ਦੇ ਸ਼ਾਸਨ-ਪ੍ਰਸ਼ਾਸਨ ਨੂੰ ਭਾਜੜਾਂ ਪੈ ਗਈਆਂ ਤੇ ਥਾਣੇਦਾਰ ਨੂੰ ਸੁੱਕੀਆਂ ਤਰੇਲੀਆਂ ਆਉਣ ਲੱਗ ਪਈਆਂ। ਆਖ਼ਿਰਕਾਰ ਘਿਰਾਓ ਇਸ ਸ਼ਰਤ 'ਤੇ ਟੁੱਟਿਆ ਕਿ ਪਿੰਡ ਦੀ ਪੱਗ ਨੂੰ ਹੱਥ ਪਾਉਣ ਵਾਲਾ ਥਾਣੇਦਾਰ ਕਿਸ਼ਨਗੜ੍ਹ ਦੀ ਸੱਥ ਵਿਚ ਖੜ੍ਹ ਕੇ ਪਿੰਡ ਵਾਸੀਆਂ ਤੋਂ ਮੁਆਫ਼ੀ ਮੰਗੇਗਾ। ਥਾਣੇਦਾਰ ਦਾ ਫਤੂਰ ਉਡੰਤਰ ਹੋ ਚੁੱਕਿਆ ਸੀ। ਉਹ ਭਿੱਜੀ ਬਿੱਲੀ ਬਣ ਕੇ ਪੁਲਿਸ ਦੇ ਪਹਿਰੇ ਹੇਠ ਕਿਸ਼ਨਗੜ੍ਹ ਦੀ ਸੱਥ 'ਚ ਆਇਆ ਤੇ ਪਿੰਡ ਵਾਸੀਆਂ ਤੋਂ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗਿਆ।

ਥਾਣੇਦਾਰ ਨੇ ਮੁਆਫ਼ੀ ਮੰਗਣੀ ਹੀ ਸੀ; ਇੱਕ ਤਾਂ ਉਹਨੇ ਪੰਗਾ ਅਜਿਹੇ ਸਰਪੰਚ ਨਾਲ ਲਿਆ ਜਿਹੜਾ ਪੰਜਾਬ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਦੇ ਇਤਿਹਾਸਕ ਮੋਗਾ ਘੋਲ ਦੀ ਕੁਠਾਲੀ ਵਿਚੋਂ ਤਪ ਕੇ ਨਿਕਲਿਆ ਸੀ; ਜਿਹੜਾ ਨਾ ਸਿਰਫ਼ ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਦਾ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐੱਸ.ਯੂ.) ਦਾ ਪ੍ਰਧਾਨ ਰਿਹਾ ਸੀ ਸਗੋਂ ਛਾਜਲੀ ਕੋਠਿਆਂ ਕੋਲ ਬੱਸ ਫੂਕਣ ਦੇ ਮਾਮਲੇ ਵਿਚ ਜੇਲ੍ਹ ਵੀ ਰਿਹਾ ਸੀ ਤੇ ਪੁਲਿਸ ਜਬਰ ਦਾ ਸ਼ਿਕਾਰ ਵੀ ਹੋਇਆ ਸੀ। ਪਿੰਡ ਦੇ ਲੋਕਾਂ ਨੇ ਜੁਝਾਰੂ ਹੋਣ ਕਰ ਕੇ ਹੀ ਉਹਨੂੰ ਸਰਪੰਚ ਬਣਾਇਆ ਸੀ। ਦੂਜਾ, ਥਾਣੇਦਾਰ ਨੇ ਉਸ ਪਿੰਡ ਕਿਸ਼ਨਗੜ੍ਹ ਦੀ ਪੱਗ ਨੂੰ ਹੱਥ ਪਾਇਆ ਸੀ ਜਿਸ ਦਾ ਇਤਿਹਾਸ ਫਰੋਲ ਕੇ ਥਾਣੇਦਾਰ ਨੇ ਸ਼ਾਇਦ ਦੇਖਿਆ ਨਹੀਂ ਸੀ। ਕਿਸ਼ਨਗੜ੍ਹ ਉਹ ਪਿੰਡ ਹੈ ਜਿਸ ਉੱਤੇ 1949 'ਚ ਮੁਜ਼ਾਰਾ ਲਹਿਰ ਦਾ ਗੜ੍ਹ ਭੰਨਣ ਲਈ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਫੌਜਾਂ ਚਾੜ੍ਹ ਕੇ ਤੋਪਾਂ ਦੇ ਗੋਲੇ ਸੁੱਟੇ ਗਏ ਸਨ ਜਿਹੜਾ ਪਿੰਡ ਮੁਜ਼ਾਰਾ ਲਹਿਰ ਦੀ ਰਾਜਧਾਨੀ ਕਿਹਾ ਜਾਂਦਾ ਸੀ।

... ਤੇ ਉਸ ਪਿੰਡ ਦੀ ਲਹੂ ਰੱਤੀ ਮਿੱਟੀ ਵਿਚੋਂ ਜਨਮਿਆ ਸੀ ਦਲਬਾਰਾ ਸਿੰਘ ਜਿਸ ਨੇ 15 ਸਾਲ ਸਰਬਸੰਮਤੀ ਨਾਲ ਸਰਪੰਚੀ ਕੀਤੀ ਅਤੇ ਪਿੰਡ ਦੀ ਵਿਰਾਸਤ ਨੂੰ ਬੁਲੰਦ ਕੀਤਾ। ਕਿਸਾਨ ਜਥੇਬੰਦੀਆਂ ਦਾ ਸਿਰਕਰਦਾ ਆਗੂ ਬਣਿਆ, ਕਿਸਾਨ ਘੋਲਾਂ ਵਿਚ ਮੋਹਰੀ ਰਿਹਾ, ਘੋਲਾਂ ਦੌਰਾਨ ਜੇਲ੍ਹ ਨੂੰ ਆਪਣਾ ਘਰ ਸਮਝ ਕੇ ਬਹਿ ਜਾਂਦਾ ਰਿਹਾ। ਅੰਤਿਮ ਸਮੇਂ ਤੱਕ ਪਿੰਡ ਦੀ ਮਿੱਟੀ ਨਾਲ ਵਫ਼ਾ ਪਾਲਣ ਵਾਲਾ ਉਹ ਸਰਪੰਚ ਦਲਬਾਰਾ ਸਿੰਘ ਸੱਤਰ ਸਾਲ ਦੀ ਉਮਰ ਹੰਢਾ ਕੇ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ।

# ਲਾਵਾਰਸ ਲਾਸ਼

ਕਹਾਣੀ

'ਭਾ ਜੀ! ਤੁਹਾਡੇ ਠੇਕੇ ਸਾਹਮਣੇ ਇੱਕ ਬੰਦਾ ਅਧਮੋਇਆ ਹੋਇਆ ਪਿਆ। ਜੇ ਰਾਤ ਠੰਢ ਵਿਚ ਮਰ ਗਿਆ ਤਾਂ ਤੁਸੀਂ ਵੀ ਘਸੀਟੇ ਜਾਓਗੇ ਤੇ ਨਾਲ ਮੈਨੂੰ ਵੀ ਆਉਣਾ ਪਊ।' ਰਾਤ ਨੂੰ ਗਿਆਰਾਂ ਵਜੇ ਤੋਂ ਜ਼ਿਆਦਾ ਸਮਾਂ ਸੀ ਜਦ ਸੜਕੋਂ ਪਾਰ ਸਾਹਮਣੇ ਘਰ ਵਾਲੇ ਜੋਗਿੰਦਰ ਸਿੰਘ ਨੇ ਮੇਰਾ ਕੁੰਡਾ ਆ ਖੜਕਾਇਆ। ਮੈਂ ਦਿਨੇ ਆਪਣੇ ਨਾਲ ਬੀਤੀਆਂ ਘਟਨਾਵਾਂ ਯਾਦ ਕਰ ਕੇ ਉਸ ਨੂੰ ਟਰਕਾਉਣਾ ਚਾਹਿਆ ਪਰ ਮੇਰੇ ਘਰ ਮੂਹਰੇ ਇਕ ਬੰਦੇ ਦਾ ਮਰਨਾ ਤੇ ਫਿਰ ਪੁਲਸ ਦੀ ਪੁੱਛ-ਪੜਤਾਲ ਵਿਚ ਮੇਰਾ ਘਸੀਟਿਆ ਜਾਣਾ! ਸੋਚ ਕੇ ਤੇ ਉਸ ਦੀ ਘਬਰਾਹਟ ਭਾਂਪ ਕੇ ਮੈਂ ਇਕਦਮ ਕੰਬਲ ਪਰ੍ਹਾਂ ਵਗਾਹ ਮਾਰਿਆ।

ਦੋ ਕੁ ਘੰਟੇ ਪਹਿਲਾਂ ਸ਼ਹਿਰ ਤੋਂ ਵਾਪਸੀ ਸਮੇਂ ਮੈਂ ਇੱਕ ਨੇਕਨਾਮੀ ਕਰ ਕੇ ਆਇਆ ਸਾਂ। ਇੱਕ ਸ਼ਰਾਬੀ ਮੈਂ ਖਾਲਸਾ ਕਾਲਜ ਨੇੜਲੇ ਸੂਰਤ ਸਿੰਘ ਮੋਤ 'ਤੇ ਨਾਲੀ ਵਿਚ ਚੂਹੇ ਵਾਂਗ ਲਿਬੜਿਆ ਡਿੰਗਾ ਬੇਸੁੱਧ ਲੰਮਲੇਟ ਪਿਆ ਵੇਖ ਕੇ ਰੁਕ ਗਿਆ। ਉਸ ਨੂੰ ਸਿੱਧਾ ਕਰ ਕੇ



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਲੱਤਾਂ ਖਿੱਚ ਕੇ ਬਾਹਰ ਕੱਢਿਆ। ਉਹ ਮੇਰਾ ਵਾਕਫ਼ ਜਸਪਾਲ ਸਿੰਘ ਖੇਤੀ ਇੰਸਪੈਕਟਰ ਸੀ ਜਿਸ ਦਾ ਸਿਰ ਮੂੰਹ ਗਾਰੇ ਚਿੱਕੜ ਵਿਚ ਲੱਥਪੱਥ ਬੇਪਛਾਣ ਹੋਇਆ ਪਿਆ ਸੀ। ਨੇੜਲੇ ਨਲਕੇ ਤੋਂ ਪਾਣੀ ਲੈ ਕੇ ਉਸ ਦੇ ਮੂੰਹ ਨੂੰ ਛਿੱਟੇ ਮਾਰੇ। ਉਹ ਸੋਮਨ ਹੋਇਆ, ਉੱਠਿਆ, 'ਧੰਨਵਾਦ ਭਾ ਜੀ! ਤੁਸੀਂ ਮੈਨੂੰ ਬਚਾ ਲਿਆ...ਪਰ ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਹ ਰਾਜ ਰਾਜ ਹੀ ਰਹਿਣ ਦਿਓ ਤੇ ਇਹ ਕਹਾਣੀ ਹੋਰ ਕਿਸੇ ਨੂੰ ਨਾ ਦੱਸਿਓ।' ਉਹ ਪਾਸੇ ਡਿੱਗੇ ਸਕੂਟਰ ਨੂੰ ਆਪੇ ਉਠਾ ਕੇ ਕਿੱਕ ਮਾਰਦਾ ਦੌੜ ਗਿਆ।

ਬੰਦੇ ਦਾ ਬੰਦਾ ਦਾਰੂ ਹੁੰਦਾ ਹੈ...ਜੇ ਮੇਰੇ ਉੱਠਣ ਨਾਲ ਕਿਸੇ ਸ਼ਰੀਫ਼ਜ਼ਾਦੇ ਦੀ ਜਾਨ ਬਚ ਸਕਦੀ ਹੈ ਤਾਂ ਮੈਨੂੰ ਜ਼ਰੂਰ ਜਾਣਾ ਚਾਹੀਦਾ ਹੈ। ਮੈਂ ਜੋਗਿੰਦਰ ਨਾਲ ਬਾਹਰ ਨਿਕਲ ਤੁਰਿਆ। ਇੱਕ ਸੁੰਦਰ ਸੁਹਣੇ ਸੁਹਾਵਣੇ ਲਿਬਾਸ ਵਾਲਾ ਅਧਖੜ ਸਰਦਾਰ ਟੇਢਾ ਲੇਟਿਆ ਪਿਆ ਸੀ। ਉਹਦਾ ਮੂੰਹ ਚੱਟਦੇ ਕੁੱਤੇ ਸਾਨੂੰ ਵੇਖ ਕੇ ਪਾਸੇ ਹੋ ਗਏ।

ਚੁਰਾਸੀ ਦਾ ਗੇੜ ਜਦ ਸੂਰਜ ਛਿਪਣ ਨਾਲ ਅੰਮ੍ਰਿਤਸਰ ਸ਼ਹਿਰ ਹੀ ਨਹੀਂ, ਸਾਰੀ ਕਾਇਨਾਤ ਵੀ ਸੌਂ ਜਾਂਦੀ ਸੀ, ਇੱਕ ਸ਼ਰਾਬੀ ਦਾ ਇਸ ਤਰ੍ਹਾਂ ਜ਼ਿਆਦਾ ਪੀ ਕੇ ਬੇਸੁੱਧ ਟੇਢਾ ਹੋਣਾ ਅਣਹੋਣੀ, ਅਲੋਕਾਰ ਤੇ ਘਾਤਕ ਘਟਨਾ ਸੀ। ਅਜੋਕੇ ਸਮੇਂ ਦੀ ਦਹਿਸ਼ਤ! ਪਤਾ ਨਹੀਂ ਕਿਹੜੇ ਪਲ ਕੀ ਵਾਪਰ ਜਾਣਾ ਹੈ, ਲੋਕ ਭਿਆਨਕ ਚਿੰਤਾ ਵਿਚ ਗ੍ਰਸੇ ਪਏ ਸਨ। ਆਮ ਨਾਗਰਿਕ ਬੇਯਕੀਨੀ ਅਨਿਸਚਿਤਤਾ ਦੇ ਪਰਛਾਵੇਂ ਤੋਂ ਲੁਕ ਛਿਪ ਕੇ ਦਿਨ-ਕਟੀ ਕਰ ਰਿਹਾ ਸੀ। ਖਾੜਕੂ ਜਥੇਬੰਦੀਆਂ ਵੱਲੋਂ ਸ਼ਰਾਬ-ਬੰਦੀ ਦੀ ਮੁਹਿੰਮ ਚਲਾਈ ਗਈ ਸੀ ਤੇ ਇਸ ਨੂੰ ਕਰੜਾਈ ਨਾਲ ਲਾਗੂ ਕਰਨ ਦਾ ਸਖ਼ਤ ਹੋਕਾ ਦਿੱਤਾ ਗਿਆ ਸੀ। ਇੱਕ ਦੋ ਠੇਕੇਦਾਰ, ਕਰਿੰਦੇ ਤੇ ਕਈ ਸ਼ਰਾਬੀ ਉਨ੍ਹਾਂ ਦੀ ਇਸ ਹੁਕਮ ਅਦੂਲੀ ਦਾ ਸ਼ਿਕਾਰ ਹੋਏ ਸਨ। ਸ਼ਰੇਆਮ ਪੀਣੀ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ। ਪੀਣ ਵਾਲੇ ਪਿਆਕਲ ਆਪਣੇ ਘਰਾਂ ਅੰਦਰ ਵੀ ਦਰਵਾਜ਼ੇ ਬੰਦ ਕਰ ਕੇ ਪੀਂਦੇ ਸਨ।

ਸੱਠ ਕੁ ਸਾਲ ਦਾ ਸੁੰਦਰ ਸ਼ਖ਼ਸੀਅਤ ਵਿਅਕਤੀ ਆਸੇ ਪਾਸੇ ਤੋਂ ਬੇਖ਼ਬਰ ਠੇਕੇ ਸਾਹਮਣੇ ਉਲਟੀਆਂ ਦੇ ਛੱਪੜ ਵਿਚ ਬੇਸੁੱਧ ਪਿਆ ਘੁਰਾੜੇ ਮਾਰ ਰਿਹਾ ਸੀ। ਸਿਰ ਦੀ ਪਗੜੀ ਮਲੀਆਮੇਟ ਹੋ ਚੁੱਕੀ ਸੀ ਤੇ ਅੱਧ-ਪਚੱਧੇ ਵਾਲ ਲਿੱਬੜੇ ਪਏ ਸਨ। ਕੁੱਤਿਆਂ ਨੇ ਚੱਟ ਕੇ ਉਸ ਦਾ ਮੂੰਹ ਸਫਾ-ਚੱਟ ਕਰ ਦਿੱਤਾ ਸੀ ਜੋ ਸ਼ਰੀਫ਼ਾਂ ਵਾਂਗ ਜ਼ਬਾਨ ਫੇਰਦੇ ਸਾਨੂੰ ਵੇਖ ਕੇ ਪਰੇ ਹੋ ਗਏ। ਉਸ ਦੀ ਹਲਕੇ ਜਿਹੇ ਜਲਸੇ ਦੇ ਛਿੱਟਰ ਇੱਧਰ ਉੱਧਰ-ਬਿਖਰੇ ਪਏ ਸਨ। ਅਹਾਤੇ ਵਾਲਾ ਸੇਲ-ਮੈਨ ਤੇ ਆਸੇ-ਪਾਸੇ ਦੇ ਦੁਕਾਨਦਾਰ ਸਭ ਆਪਣੇ ਟਾਈਮ ਨਾਲ ਜਾਂ ਉਸ ਦੀ ਨਾਜ਼ੁਕ ਹਾਲਤ ਵੇਖ ਕੇ ਦੁਕਾਨਾਂ ਵਧਾ ਗਏ ਸਨ। ਮੈਂ ਉਸ ਨੂੰ ਹਲੂਣਿਆ ਬੁਲਾਇਆ...ਦਬਕਾ ਲਗਾਇਆ। ਉਸ ਨੇ ਜਰਾ ਕੁ ਅੱਖਾਂ ਝਮਕੀਆਂ, ਸਿਰ ਉਠਾਉਣ ਦੀ ਕੋਸ਼ਿਸ਼ ਕੀਤੀ ਤੇ ਫਿਰ ਸਿਰ ਸੁੱਟ ਕੇ ਨਿੰਸਲ ਹੋ ਗਿਆ। ਪਹਿਲਾਂ ਕਈ ਸਮੈਕੀਏ ਵੀ ਇੱਥੇ ਆ ਕੇ ਇੱਕ ਸੂਟੇ ਨਾਲ ਅਧੀਆ ਪਊਆ ਪੀ ਕੇ ਡਿਗਦੇ ਸਾਂਭਦੇ ਅਸੀਂ ਤੰਗ ਆ ਚੁੱਕੇ ਸਾਂ। ਪੁਲਿਸ ਵਾਲਿਆਂ ਦਾ ਬੇਮਤਲਬ ਰੋਹਬ ਇਸ ਤੋਂ ਵਾਧੂ ਝੱਲਣਾ ਪੈਂਦਾ ਸੀ। ਪਹਿਲਾਂ ਤਾਂ ਮੈਂ ਇਸ ਨੂੰ ਅਣਗੌਲਿਆ ਕਰਨਾ ਚਾਹਿਆ ਪਰ ਇਨਸਾਨੀਅਤ ਦੇ ਫ਼ਰਜ਼ ਸਮਝਦੇ ਹੋਏ ਉਸ ਨੂੰ ਮੋਢਿਆਂ ਤੋਂ ਚੁੱਕ ਕੇ ਖੜ੍ਹਾ ਕੀਤਾ। ਉਸ ਦੀ ਧੌਣ ਪਾਸੇ ਲੁੜਕ ਰਹੀ ਸੀ ਜਿਵੇਂ ਆਪਣੇ ਸਰੀਰ ਦਾ ਭਾਰ ਚੁੱਕਣ ਤੋਂ ਅਸਮਰਥ ਹੋਵੇ।

'ਵੇਖੋ ਸਾਲਾ ਮਚਲਾ ਢੌਂਗੀ! ਮਾਰੋ ਇਸ ਦੇ ਦੋ ਛਿੱਤਰ' ਰਾਹ ਜਾਂਦਾ ਸਾਈਕਲ ਸਵਾਰ ਹਦਾਇਤਾਂ ਸੁੱਟ ਗਿਆ।

ਮਹੀਨਾ ਕੁ ਪਹਿਲਾਂ ਇੱਕ ਰਾਤ ਮੇਰੀ ਹੱਡ-ਬੀਤੀ ਯਾਦ ਕਰ ਕੇ ਮੈਂ ਠਠੰਬਰ ਗਿਆ। ਦੋ ਗਸ਼ਤੀਏ ਪੁਲਸੀਏ ਅਜੇਹੇ ਇੱਕ ਅਧਹੋਸ਼ ਸ਼ਰਾਬੀ ਨੂੰ ਝੰਜੋੜਦੇ ਉਸ ਦੇ ਖੀਸੇ ਟੋਹ ਰਹੇ ਸਨ। ਮੈਂ ਉਨ੍ਹਾਂ ਨੂੰ ਵੰਗਾਰਿਆ ਕਿ ਕਿਉਂ ਇਸ ਵਿਚਾਰੇ ਨੂੰ ਤੰਗ ਕਰ ਰਹੇ ਹੋ। ਉਨ੍ਹਾਂ ਹੱਡਾ ਰੋੜੀ ਦੇ ਕੁੱਤਿਆਂ ਵਾਂਗ ਮੈਨੂੰ ਦੰਦੀਆਂ ਕਰੀਚੀਆਂ ਤੇ ਨਜ਼ਰਅੰਦਾਜ਼ ਕਰ ਕੇ ਉਸ ਦੇ ਪਏ ਪਏ ਦੋ ਚਾਰ ਠੁੱਡ ਜੜ ਦਿੱਤੇ। ਇੱਕ ਮੇਰੇ ਵੱਲ ਹੋ ਗਿਆ।

'ਤੁਸੀਂ ਕੌਣ ਹੁੰਦੇ ਓ ਪੁਲਸ ਅੱਗੇ ਰੁਕਾਵਟ ਪੈਦਾ ਕਰਨ ਵਾਲੇ!.. ਇਹ ਸਾਡੀ ਹਦੂਦ ਤੇ ਸਾਡਾ ਅਖਤਿਆਰ ਹੈ।' ਮੈਨੂੰ ਪੁਲਿਸ ਨਾਲ ਉਲਝਿਆ ਵੇਖ ਸੁਣ ਕੇ ਅਹਿੱਲ ਅਧਮੋਇਆਂ ਵਾਂਗ ਪਿਆ ਉਹ ਨਖ਼ਰੇਬਾਜ਼ ਉੱਠ ਕੇ ਸੰਤੋਤ ਭੱਜ ਉੱਠਿਆ ਤੇ ਫਿਰ ਉਨ੍ਹਾਂ ਦੇ ਕਾਬੂ ਨਹੀਂ ਆਇਆ।

ਪੁਲਿਸ ਵਾਲਿਆਂ ਮੈਨੂੰ ਘੇਰ ਲਿਆ, 'ਤੂੰ ਸਾਡਾ ਚੋਰ ਦੁੜਾ ਦਿੱਤਾ ਹੈ। ਇਸ ਕੋਲ ਤਾਂ ਡਰੱਗ ਸੀ, ਜਿਸ ਕਰ ਕੇ ਅਸੀਂ ਉਸ ਦੀ ਤਲਾਸ਼ੀ ਲੈਣ ਦੀ ਕੋਸ਼ਿਸ਼ ਕਰ ਰਹੇ ਸਾਂ। ਤੁਸੀਂ ਕਾਨੂੰਨ ਦੇ ਰਸਤੇ ਰੁਕਾਵਟ ਪਾਉਣ ਤੇ ਅਪਰਾਧੀ ਨੂੰ ਭਜਾਉਣ ਦੇ ਜ਼ਿੰਮੇਵਾਰ ਹੋ। ਅਸੀਂ ਤੁਹਾਨੂੰ ਨਹੀਂ ਛੱਡਣਾ...ਉਹ ਤੁਹਾਡਾ ਹੀ ਸਾਥੀ ਸੀ। ਤੁਹਾਡੀ ਵੀ ਕੋਈ ਰਿਸ਼ਤੇਦਾਰੀ ਜਾਂ ਸਾਂਝ ਸੀ ਉਸ ਨਾਲ?'

ਆਪੇ ਫਾਥੜੀਏ ਤੈਨੂੰ ਕੌਣ ਛੁਡਾਏ! ਮੈਂ ਕੁੜਿੱਕੀ ਵਿਚ ਫਸੇ ਸ਼ਿਕਾਰ ਵਾਂਗ ਸ਼ਸ਼ੋਪੰਜ ਵਿਚ ਗ੍ਰਸਿਆ ਗਿਆ। ਬੜੀ ਮੁਸ਼ਕਲ ਤਰਲੇ-ਮਿੰਨਤਾਂ ਨਾਲ ਸ਼ਾਇਦ ਦਸ-ਵੀਹ ਦੇ ਕੇ ਉਨ੍ਹਾਂ ਕੋਲੋਂ ਆਪਣੀ ਜਾਨ ਛੁਡਾਈ।

ਬੱਗੀ ਦਾੜ੍ਹੀ ਵਾਲਾ ਬਜ਼ੁਰਗ ਵੇਖਣ ਨੂੰ ਦਾਨਾ ਪ੍ਰਧਾਨਾ ਅੱਜ ਦਾ ਇਹ ਸ਼ਰਾਬੀ ਕੁੱਝ ਉੱਠਣ ਜੋਗਾ ਹੋ ਗਿਆ। ਮੈਂ ਜੋਗਿੰਦਰ ਨੂੰ ਕਿਹਾ, 'ਇਸ ਦੀਆਂ ਜੇਬਾਂ ਟੋਹ ਤੇ ਜੇ ਕੁੱਝ ਹੈ ਤਾਂ ਕੱਢ ਲੈ। ਸਵੇਰੇ ਹੋਸ਼ ਆਈ ਤਾਂ ਆਪੇ ਲੈ ਜਾਊ। ਐਥੇ ਕਿਸੇ ਹੋਰ ਨੇ ਹੱਥ ਸਾਫ਼ ਕਰ ਦਿੱਤਾ ਤਾਂ ਸਾਡੇ ਨਾਂ ਲੱਗੂ।' ਉਸ ਨੇ ਉਸ ਦੀ ਛਾਤੀ ਵਾਲੀ ਜੇਬ ਟੋਹੀ ਤੇ ਪੈਸੇ ਕੱਢ ਕੇ ਗਿਣੇ ਤੇ ਤਿੰਨ ਸੌ ਦੇ ਕਰੀਬ ਰੁਪਏ ਸਨ।

'ਘੜੀ ਵੀ ਲਾਹ ਲੈ...ਇਹ ਵੀ ਇਸ ਦੇ ਘਰ ਨਹੀਂ ਉੱਪੜਨੀ।' ਮੇਰੇ ਇਸ਼ਾਰੇ 'ਤੇ ਉਸ ਨੇ ਘੜੀ ਵੀ ਲਾਹ ਕੇ ਜੇਬ ਵਿਚ ਪਾ ਲਈ। ਸ਼ਰਾਬੀ ਨੂੰ ਸਹਾਰਾ ਦੇ ਕੇ ਚੰਗੀ ਤਰ੍ਹਾਂ ਖੜ੍ਹਾ ਕੀਤਾ। ਤੁਰਨ ਦਾ ਅਭਿਆਸ ਕਰਾਇਆ ਤੇ ਸੌ ਕੁ ਗਜ ਰੇਲਵੇ ਫਾਟਕ ਤੋਂ ਪਾਰ ਉਸ ਨੂੰ ਛੱਡ ਦਿੱਤਾ। ਉਸ ਦੇ ਦੱਸਣ ਅਨੁਸਾਰ ਉਸ ਦਾ ਘਰ ਕੋਈ ਫਰਲਾਂਗ ਦੇ ਫ਼ਾਸਲੇ 'ਤੇ ਸੀ। ਅਸੀਂ ਵੇਖਦੇ ਰਹੇ। ਇੱਕ ਵੇਰਾਂ ਉਹ ਧੈੜ ਕਰਦਾ ਡਿਗ ਪਿਆ ਪਰ ਫੇਰ ਆਪੇ ਹੀ ਉੱਠ ਖੜ੍ਹਾ ਹੋਇਆ ਤੇ ਪਿੱਛੇ ਵੇਖਦਾ ਤੁਰ ਪਿਆ। ਉਸ ਦੀ ਡਿੱਗੀ ਪਗੜੀ ਵੀ ਅਸੀਂ ਸੰਭਾਲ ਲਈ। 'ਆਪੇ ਚਲੇ ਜਾਏਗਾ ਹੁਣ।' ਸਾਨੂੰ ਯਕੀਨ ਹੋ ਗਿਆ। ਚੁਰਾਸੀ ਦੇ ਦਿਨ ਤੇ ਖ਼ਾਸ ਕਰ ਕੇ ਰਾਤਾਂ ਨੂੰ ਬਾਹਰ ਨਿਕਲਣਾ ਤਾਂ ਸਿੱਧੀ ਮੌਤ ਨੂੰ ਜੱਫੀ ਪਾਉਣ ਵਾਲੀ ਗੱਲ ਸੀ। ਅਸੀਂ ਆਪਣਾ ਬਚਾਓ ਕਰਨਾ ਵੀ ਬਿਹਤਰ ਸਮਝਿਆ ਤੇ ਕੁੱਝ ਦੇਰ ਉਸ ਨੂੰ ਜਾਂਦੇ ਵੇਖਦੇ ਰਹੇ। ਉਹ ਹੌਲੀ ਹੌਲੀ ਲੜਖੜਾਉਂਦਾ ਤੁਰਿਆ ਜਾ ਰਿਹਾ ਸੀ। ਇਸ ਨੇਕਨਾਮੀ ਨੇ ਸਾਰੀ ਰਾਤ ਮੇਰੀ ਨੀਂਦ ਹਰਾਮ ਕਰ ਛੱਡੀ ਕਿ ਪਤਾ ਨਹੀਂ ਆਪਣੇ ਟਿਕਾਣੇ ਘਰ ਪਹੁੰਚਿਆ ਕਿ ਨਹੀਂ।

ਅਗਲੇ ਸਵੇਰੇ ਅੱਠ ਕੁ ਵਜੇ ਠੇਕੇ ਦੇ ਕਰਿੰਦੇ ਨੇ ਮੈਨੂੰ ਆਣ ਦਸਤਕ ਦਿੱਤੀ, ਇੱਕ ਸ਼ਰਾਬੀ ਝਗੜਾ ਕਰਦਾ ਪੈਸੇ ਮੰਗ ਰਿਹਾ ਹੈ। ਮੈਂ ਸਮਝ ਗਿਆ ਕਿ ਉਹੀ ਹੋਊ ਪਿਛਲੀ ਰਾਤ ਵਾਲਾ ਸੌਦਾਗਰ! ਮੇਰੇ ਜਾਣ 'ਤੇ ਉਹ ਅਜਨਬੀ ਸਾਊ ਕੁੱਝ ਢਿੱਲਾ ਜਿਹਾ ਹੋ ਗਿਆ।

'ਮੇਰਾ ਨੁਕਸਾਨ ਹੋਇਆ ਸਰਦਾਰ ਜੀ ਤੁਹਾਡੇ ਦਰਾਂ ਮੂਹਰੇ.' ਕਹਿ ਕੇ ਉਸ ਨੇ ਨੀਵੀਂ ਪਾ ਲਈ।



ਮੇਰਾ ਜੀ ਕੀਤਾ ਕਿ ਕਹਾਂ, ਮੇਰੇ ਵੀਰ! ਮੇਰਾ ਦਰ ਤਾਂ ਵੱਡੀ ਜਰਨੈਲੀ ਸੜਕ 'ਤੇ ਹੈ ਇੱਥੋਂ ਕਈ ਲੋਕ ਲੰਘਦੇ ਸ਼ਰਾਰਤਾਂ ਕਰਦੇ, ਕਈ ਲੁੱਟਾਂ ਖੋਹਾਂ ਕਰਦੇ ਹਨ ਤੇ ਕਈ ਲੁੱਟੇ ਜਾਂਦੇ ਹਨ, ਮੈਂ ਉਨ੍ਹਾਂ ਦਾ ਬਿਲਕੁਲ ਜ਼ਿੰਮੇਵਾਰ ਨਹੀਂ। ਪਰ ਮੈਂ ਆਪਣੇ ਪ੍ਰਗਟਾਓ ਨੂੰ ਰੋਕ ਕੇ ਸ਼ਾਂਤ ਉਸ ਨੂੰ ਸੁਣਦਾ ਰਿਹਾ, ਕਿਉਂਕਿ ਉਹ ਇੱਕ ਪੀੜਤ ਸੀ। ਮੈਂ ਆਪਣੇ ਮਦਦਗਾਰ ਗਵਾਂਢੀ ਜੋਗਿੰਦਰ ਸਿੰਘ ਨੂੰ ਬੁਲਾ ਲਿਆ ਕਿ ਰਾਤ ਵਾਲਾ ਸ਼ਰਾਬੀ ਆਣ ਪਹੁੰਚਿਆ ਹੈ, ਉਸ ਦੀ ਅਮਾਨਤ ਵਾਪਸ ਕਰ ਦਿੱਤੀ ਜਾਵੇ। ਉਹ ਵੀ ਵਿਚਾਰਾ ਸ਼ਰੀਫ਼ ਆਦਮੀ ਝਟਪਟ ਆ ਪਹੁੰਚਿਆ।

'ਕੀ ਨੁਕਸਾਨ ਹੋਇਆ ਤੇਰਾ?' ਮੈਂ ਰਾਤ ਵਾਲੇ ਸ਼ਰਾਬੀ ਨੂੰ ਟੋਹਣਾ ਚਾਹਿਆ।

'ਨੁਕਸਾਨ ਤਾਂ ਭਾ ਜੀ! ਕੀ ਦੱਸਾਂ? ਕੋਈ ਚਾਲੀ ਪੰਜਾਹ ਹਜ਼ਾਰ ਸੀ ਮੇਰੀ ਜੇਬ ਵਿਚ... ਪ੍ਰਾਵੀਡੈਂਟ ਫੰਡ ਦੀ ਜਮਾਂ ਰੋਕੜ ਦਾ ਭੁਗਤਾਨ ਹੋਇਆ ਸੀ। ਅਗਲੇ ਮਹੀਨੇ ਮੇਰੀ ਪੁੱਤਰੀ ਦੇ ਵਿਆਹ ਦੀਆਂ ਤਿਆਰੀਆਂ ਵਾਸਤੇ ਇਹ ਬਹੁਤ ਜ਼ਰੂਰੀ ਰਾਸ਼ੀ ਸੀ।'

'ਲੜਕੀ ਦੇ ਵਿਆਹ ਵਾਸਤੇ ਇਹ ਰਾਸ਼ੀ ਸੀ?' ਮੈਨੂੰ ਡਾਢਾ ਦੁੱਖ ਭਰਿਆ ਅਚੰਭਾ ਹੋਇਆ। ਮਾਰਿਆ ਗਿਆ ਗ਼ਰੀਬ ਵਿਚਾਰਾ! ਮੇਰੇ ਪੈਰਾਂ ਥੱਲਿਓਂ ਜ਼ਮੀਨ ਖਿਸਕਣ ਲੱਗੀ। ਇਸ ਦਾ ਮਤਲਬ ਇਸ ਨੂੰ ਚਾਲੀ ਪੰਜਾਹ ਹਜ਼ਾਰ ਦੇਣਾ ਪਊ! ਡਾਢੇ ਵੱਡੇ ਚੋਰ ਬਣ ਗਏ! ਜੋਗਿੰਦਰ ਨੇ ਵੀ ਮੇਰੇ ਵੱਲ ਨਜ਼ਰਾਂ ਮਿਲਾ ਕੇ ਖਿਸਕਣ ਦਾ ਇਸ਼ਾਰਾ ਕੀਤਾ।

'ਹੋਰ ਕੀ ਗਿਆ?' ਮੈਂ ਚੰਗੀ ਤਰ੍ਹਾਂ ਤਸਦੀਕ ਕਰਨਾ ਚਾਹਿਆ। ਉਸ ਨੇ ਘੜੀ ਦੀ ਅਜੇ ਕੋਈ ਗੱਲ ਨਹੀਂ ਕੀਤੀ।

'ਇੱਕ ਘੜੀ ਸੀ ਮਾੜੀ ਜਿਹੀ। ਨਾਲੇ ਕੜਾ ਵੀ ਸੀ ਮੇਰੇ ਗੁੱਟ 'ਤੇ ਤਿੰਨਾਂ ਤੋਲਿਆਂ ਦਾ।' ਉਸ ਨੇ ਹੱਥ ਵਿਚ ਫੜਿਆ ਅਧੀਆ ਬਿਨਾ ਪਾਣੀ ਉਡੀਕੇ ਗਟ ਗਟ ਮੂੰਹ ਵਿਚ ਉਲੱਦ ਲਿਆ।

'ਤਾਂ ਫਿਰ ਤੂੰ ਇਹ ਸਮਾਨ ਹੋਰ ਕਿਧਰੇ ਗਵਾ ਆਇਆ ਹੈਂ ਮੇਰੇ ਵੀਰ। ਇੱਥੇ ਤੇਰਾ ਮਾਲ ਨਹੀਂ ਚੁਰਾਇਆ ਕਿਸੇ ਨੇ।' ਉਸ ਦੀ ਮਦਦ ਕਰਨਾ ਮੰਨ ਲੈਣ ਦਾ ਮਤਲਬ ਇਸ ਸਾਰੇ ਸਾਮਾਨ ਦੀ ਹਾਨੀ-ਪੂਰਤੀ ਕਰਨਾ ਸੀ ਜੋ ਉਸ ਦੇ ਹਿਸਾਬ ਡੇਢ ਲੱਖ ਤੋਂ ਕਿਤੇ ਜ਼ਿਆਦਾ ਬਣਦੀ ਸੀ।

'ਫਿਰ ਵੀ ਸ਼ੁਕਰ ਕਰ! ਏਨਾ ਨੁਕਸਾਨ ਕਰਾ ਕੇ ਤੈਨੂੰ ਕੁੱਝ ਹੋਸ਼ ਤਾਂ ਆਈ ਕਿ ਬਾਹਰ ਜਾ ਕੇ ਜ਼ਿਆਦਾ ਦਾਰੂ ਪੀਣੀ ਕਿੰਨੀ ਹਾਨੀਕਾਰਕ ਹੈ। ਤੂੰ ਘਰ ਬਹਿ ਕੇ ਇਹ ਝੱਸ ਪੂਰਾ ਕਰ ਲਿਆ ਕਰ। ਨਾਲੇ ਤੇਰੇ ਮੂੰਹ 'ਤੇ ਸਿਆਣੀ ਸਫ਼ੇਦ ਦਾੜ੍ਹੀ ਤੇ ਕਿੰਨੀ ਸੁੰਦਰ ਤੇਰੀ ਸੂਰਤ! ਤੈਨੂੰ ਤਾਂ ਇਹ ਵਰਤਾਰੇ ਬਿਲਕੁਲ ਹੀ ਨਹੀਂ ਜਚਦੇ। ਹੋਰਾਂ ਨੂੰ ਵੀ ਇਸ ਦਾ ਜੋੜ-ਫਲ ਸਮਝਾ ਦੇਹ।'

'ਸੱਚ ਦੱਸਾਂ ਭਰਾਵਾ! ਮੇਰੀ ਪਤਨੀ ਬੜੀ ਝਗੜਾਲੂ ਹੈ, ਘਰ ਪੀਣ 'ਤੇ ਹੱਲਾ-ਗੁੱਲਾ ਮਚਾ ਦਿੰਦੀ ਹੈ।' ਉਸ ਨੇ ਆਪਣੀਆਂ ਚੁੰਨ੍ਹੀਆਂ ਗਿੱਲੀਆਂ ਅੱਖਾਂ ਝਮਕੀਆਂ ਤੇ ਨੀਵੀਂਆਂ ਕਰ ਲਈਆਂ। ਸ਼ਰਾਬੀ ਦਾ ਮਨ ਛਲ-ਰਹਿਤ ਤੇ ਪਾਕ-ਪਵਿੱਤਰ ਸਮਝਿਆ ਜਾਂਦਾ ਹੈ ਪਰ ਇਹ ਸ਼ਰਾਬੀ ਮੈਨੂੰ ਮਚਲਾ ਤੇ ਮੱਕਾਰ ਕਿਸਮ ਦਾ ਸਾਬਤ ਹੋਇਆ ਜਿਸ ਨੇ ਸ਼ਰਾਬੀਆਂ ਬਾਰੇ ਇਹ ਧਾਰਨਾ ਗ਼ਲਤ ਸਾਬਤ ਕਰ ਦਿੱਤੀ।

'ਘੜੀ ਤਾਂ ਗਈ, ਦਫ਼ਾ ਕਰੋ...ਖਾਧੀ ਕੜ੍ਹੀ! ਮੇਰੇ ਪੈਸੇ ਮਿਲ ਜਾਣ ਤਾਂ ਸਾਡੇ ਗ਼ਰੀਬਾਂ ਦੀ ਹੱਕ ਦੀ ਕਮਾਈ, ਦੋ ਚਾਰ ਦਿਨ ਹੋਰ ਮੌਜ ਕਰ ਲੈਂਦੇ। ਇਹ ਪੈਸੇ ਨੇਕ ਕੰਮਾਂ 'ਤੇ ਲੱਗ ਜਾਂਦੇ।' ਉਹ ਪੈਸਿਆਂ ਤੇ ਕੜੇ ਬਾਰੇ ਵੀ ਬਹੁਤਾ ਚਿੰਤਤ ਨਾ ਜਾਪਿਆ।

'ਤੂੰ ਗਰੀਬ ਤਾਂ ਜਾਪਦਾ ਨਹੀਂ। ਠੀਕ ਸੱਚੋ-ਸੱਚ ਦੱਸ! ਘੜੀ ਕਿਹੜੀ ਸੀ ਤੇ ਪੈਸੇ ਕਿੰਨੇ ਗਏ? ਕੀ ਨੁਕਸਾਨ ਹੋਇਆ?...ਅਸੀਂ ਪੁਲਿਸ ਨੂੰ ਇਤਲਾਹ ਦੇ ਦਿੰਦੇ ਹਾਂ। ਸਾਡੇ ਤਾਂ ਇੱਥੇ ਦੁਕਾਨ ਵਿਚ ਦਸ ਸਾਲ ਤੋਂ ਠੇਕਾ ਚੱਲਦਾ ਹੈ। ਅਜੇਹੀ ਵਾਰਦਾਤ ਜਾਂ ਸ਼ਰਾਰਤ ਅਸੀਂ ਕਦੇ ਨਹੀਂ ਵੇਖੀ ਸੁਣੀ ਨਾ ਹੀ ਕਦੇ ਕਿਸੇ ਨੇ ਸ਼ਿਕਾਇਤ ਕੀਤੀ ਹੈ। ਇਹ ਸ਼ਰੀਫ਼ ਲੋਕਾਂ ਦਾ ਠੇਕਾ ਹੈ।'

ਆਪਣੇ ਬੰਦਿਆਂ ਦੀ ਸਫ਼ਾਈ ਦਿੰਦੇ ਦਿੰਦੇ ਮੈਂ ਅਹਾਤੇ ਵਾਲੇ ਸੁਰਿੰਦਰ ਦੀਆਂ ਨਜ਼ਰਾਂ ਵਿਚ ਵੀ ਟੁੱਭੀ ਮਾਰਨੀ ਜਾਰੀ ਰੱਖੀ। ਉਹ ਸ਼ਰਾਬੀਆਂ ਦੀ ਮਾਨਸਿਕਤਾ ਤੋਂ ਭਲੀ-ਭਾਂਤ ਜਾਣੂ ਤੇ ਤਜਰਬੇਕਾਰ ਸੀ, ਉਨ੍ਹਾਂ ਦੇ ਖੀਸੇ ਟੋਹਣ ਦਾ ਬੜਾ ਮਾਹਿਰ ਸੀ। ਜਦ ਉਹ ਆਪ ਜ਼ਿਆਦਾ ਪੀ ਲੈਂਦਾ ਤਾਂ ਮੇਰੇ ਕੋਲ ਬੈਠਾ ਰੋਂ ਵਿਚ ਆਪੇ ਹੀ ਉੱਧੜ ਜਾਂਦਾ।

'ਭਾ ਜੀ! ਕਈ ਸ਼ਰਾਬੀ ਅਜੇਹੇ ਵੀ ਆਉਂਦੇ ਹਨ ਜੋ ਬੈਠਣ ਸਮੇਂ ਮੈਨੂੰ ਅਗਾਊਂ ਪੈਸੇ ਵੀ ਦੇ ਦਿੰਦੇ ਹਨ। ਉਹ ਨਾਲ ਦਾਰੂ ਵੀ ਪਿਆ ਦਿੰਦੇ ਤੇ ਉੱਠ ਕੇ ਜਾਣ ਸਮੇਂ ਮੂੰਹ ਮੰਗੇ ਹੋਰ ਪੈਸੇ ਵੀ ਦੋਬਾਰਾ ਦੇ ਜਾਂਦੇ ਹਨ ਤੇ ਟਿੱਪ ਵੀ।'

'ਵੀਰ ਜੀ ਮੁਆਫ਼ ਕਰਨਾ, ਸ਼ਿਕਾਇਤ ਤਾਂ ਮੈਂ ਤੁਹਾਡੀ ਵੀ ਨਹੀਂ ਕਰਦਾ। ਮੈਨੂੰ ਪਤਾ ਹੈ, ਤੁਸੀਂ ਸਖੀ ਲੋਕ ਅਜੇਹਾ ਗੁਨਾਹ ਨਹੀਂ ਕਰ ਸਕਦੇ। ਮੈਂ ਤਾਂ ਹੁਣ ਟੋਟ ਲਾਹੁਣ ਆਇਆ ਸੀ, ਕਿਹਾ ਤੁਹਾਡੇ ਸੇਲ-ਮੈਨ ਨੂੰ ਟੁਣਕਾ ਜਿਹਾ ਮਾਰ ਕੇ ਵੇਖ ਲੈਂਦੇ ਹਾਂ, ਜੇ ਮਾਲ ਮਿਲ ਗਿਆ ਸੋ ਬਿਹਤਰ...ਜਾਂਦੇ ਚੋਰ ਦੀ ਤੜਾਗੀ ਹੀ ਸਹੀਂ।' ਸੁਰਿੰਦਰ ਬਾਰੇ ਮੇਰੇ ਸ਼ੱਕ ਦੀ ਸਫ਼ਾਈ ਉਸ ਨੇ ਬਿਨ-ਪੁੱਛੇ ਹੀ ਦੇ ਦਿੱਤੀ।

'ਤਾਂ ਫਿਰ ਤੂੰ ਝੂਠ ਬੋਲ ਰਿਹਾ ਹੈਂ। ਤੇਰਾ ਕੁੱਝ ਨਹੀਂ ਗਿਆ, ਫ਼ਜ਼ੂਲ ਉਂਜਾਂ ਲਗਾ ਕੇ ਸਾਨੂੰ ਐਵੇਂ ਪ੍ਰੇਸ਼ਾਨ ਕਰ ਰਿਹਾਂ। ਕੱਲ੍ਹ ਤੂੰ ਏਨੀ ਦਾਰੂ ਪੀ ਕੇ ਚਾਰ ਵਜੇ ਤੋਂ ਰਾਤ ਗਿਆਰਾਂ ਵਜੇ ਤੱਕ ਠੰਢ ਵਿਚ ਪਿਆ ਲੇਟਦਾ ਰਿਹਾ, ਉਲਟੀਆਂ ਕਰਦਾ ਰਿਹਾ। ਜੇ ਠੰਢ ਨਾਲ ਮਰ ਜਾਂਦਾ ਤਾਂ ਸਾਡੇ 'ਤੇ ਕਤਲ ਦਾ ਮੁਕੱਦਮਾ ਬਣ ਜਾਣਾ ਸੀ ਤੇ ਅਸੀਂ ਬੱਝੇ ਨਹੀਂ ਸੀ ਛੁੱਟਣਾ। ਅਸੀਂ ਤੈਨੂੰ ਹੁਣੇ ਪੁਲਿਸ ਨੂੰ ਫੜਾਉਂਦੇ ਹਾਂ।' ਮੈਂ ਤੈਸ਼ ਵਿਚ ਆ ਗਿਆ।

'ਮਾਫ਼ ਕਰੋ ਸਰਦਾਰ ਜੀ! ਮੈਂ ਤੁਹਾਡੇ 'ਤੇ ਕੋਈ ਉਜ ਇਲਜ਼ਾਮ ਲਗਾਉਣ ਨਹੀਂ ਆਇਆ, ਸਗੋਂ ਮੈਂ ਤਾਂ ਤੁਹਾਡਾ ਧੰਨਵਾਦ ਕਰਨ ਆਇਆ ਹਾਂ ਕਿ ਤੁਸੀਂ ਮੈਨੂੰ ਸਾਂਭ ਕੇ ਘਰ ਦਾ ਰਸਤਾ ਦਿਖਾ ਕੇ ਵੱਡਾ ਪਰਉਪਕਾਰ ਕੀਤਾ ਹੈ।' ਉਹ ਹੇਠਾਂ ਨਿਉਂਦਾ ਮੇਰੇ ਪੈਰਾਂ 'ਤੇ ਡਿਗਦਾ ਮੈਂ ਪਕੜ ਕੇ ਉਠਾ ਲਿਆ।

'ਪਰ ਤੇਰੇ ਪੈਸੇ! ਕੜਾ? ਏਨਾ ਵੱਡਾ ਡੰਨ ਕੌਣ ਭਰੂ?'

'ਮੈਂ ਨਹੀਂ ਮੰਗਦਾ ਕੁੱਝ।' ਉਹ ਹੱਥ ਜੋੜਦਾ ਪਿੱਛੇ ਹੋ ਗਿਆ।

'ਪੈਸੇ ਵੀ ਬਚ ਗਏ ਸਰਦਾਰ ਜੀ!...ਦੋ ਤਿੰਨ ਸੌ ਜੋ ਉੱਪਰਲੀ ਜੇਬ ਵਿਚ ਸੀ, ਉਹੀ ਲੈ ਗਏ ਉਹ ਛੋਹਦੇ ਜਿਹੇ, ਐਵੇਂ ਹੀ ਹੋਣਗੇ ਕੱਚੇ ਅਨਾੜੀ ਚੋਰ! ਕੋਈ ਮਾੜੇ ਹੀ ਅਮਲੀ ਹਮ੍ਹਾਤੜ ਹੋਣਗੇ।...ਚੰਗੀ ਤਰ੍ਹਾਂ ਹੱਥ ਮਾਰ ਲੈਂਦੇ ਤਾਂ ਪੈਂਤੀ ਚਾਲੀ ਹਜ਼ਾਰ ਫ਼ਤੂਹੀ ਦੀ ਅੰਦਰਲੀ ਜੇਬ ਵਿਚ ਪਏ ਸਨ।' ਉਸ ਨੇ ਝੱਗਾ ਚੁੱਕ ਕੇ ਫ਼ਤੂਹੀ ਦੀ ਜੇਬ ਵਿਚ ਹੱਥ ਮਾਰ ਕੇ ਪ੍ਰਦਰਸ਼ਨ ਕੀਤਾ।

'ਚੰਗੇ ਬਚ ਗਏ ਸਰਦਾਰ ਜੀ! ਰੱਬ ਨੇ ਰੱਖ ਲਿਆ ਹੱਥ ਦੇ ਕੇ ਉਨ੍ਹਾਂ ਲੁਟੇਰਿਆਂ ਕੋਲੋਂ... ਉਹ ਪੈਂਤੀ ਹਜ਼ਾਰ ਵੀ ਬਚ ਗਏ ਤੇ ਬਾਕੀ ਵੱਖੀ ਦੇ ਖੀਸੇ ਵਾਲੇ ਵੀ ਬਚ ਗਏ। ਅੰਨ੍ਹੇ ਹੋਣਗੇ ਅਣਭੋਲ ਅਣਜਾਣ ਵਿਚਾਰੇ! ਕੜਾ ਵੀ ਉਨ੍ਹਾਂ ਦੇ ਨਜ਼ਰੀਂ ਨਹੀਂ ਚੜ੍ਹਿਆ।' ਉਸ ਦੀ ਬੇਪਰਵਾਹੀ ਵਿਚੋਂ ਕਈ ਵਿਸ਼ਲੇਸ਼ਣ ਪੱਲੇ ਪੁਆ ਕੇ ਮੈਨੂੰ ਗੁੱਸਾ ਵੀ ਆਇਆ ਪਰ ਮੇਰੇ ਚੜ੍ਹਦੇ-ਉਤਰਦੇ ਜਜ਼ਬਾਤਾਂ ਨੂੰ ਕੁੱਝ ਹੌਸਲਾ ਵੀ ਹੋਇਆ। ਮੈਂ ਜੋਗਿੰਦਰ ਸਿੰਘ ਨੂੰ ਸੈਨਤ ਮਾਰੀ ਕਿ ਇਸ ਦਾ ਮਾਲ ਵਾਪਸ ਕਰ ਦਿੱਤਾ ਜਾਏ।

ਉਸ ਨੇ ਮੈਨੂੰ ਪਰੇ ਵੱਲ ਇਸ਼ਾਰਾ ਕੀਤਾ, 'ਇਹ ਹਰਾਮੀ ਹੈ ਭਾ ਜੀ ਮਚਲਾ ਮੱਕਾਰ! ਅਸੀਂ ਇਸ ਨੂੰ ਕੁੱਝ ਨਹੀਂ ਦੇਣਾ ਹੁਣ। ਏਨੇ ਲੋਕਾਂ ਸਾਹਮਣੇ ਪਹਿਲਾਂ ਕਹਿ ਬੈਠੇ ਹਾਂ ਕਿ ਸਾਨੂੰ ਕੁੱਝ ਪਤਾ ਨਹੀਂ ਤੇ ਹੁਣ ਇਸ ਦਾ ਮਾਲ ਵਾਪਸ ਕਰ ਕੇ ਆਪੇ ਚੋਰ ਬਣਨ ਵਾਲੀ ਗੱਲ ਹੈ।'

'ਚੰਗਾ ਤੇਰੀ ਦਸਾਂ ਨਹੁੰਆਂ ਦੀ ਕਮਾਈ ਹੋਊ...ਸ਼ੁਕਰ ਕਰ! ਤੇ ਸਾਡੀ ਪਾਰਟੀ ਹੁਣੇ ਹੀ ਦੇ ਦੇਹ।' ਨੇੜੇ ਖੜੇ ਜੋਗਿੰਦਰ ਸਿੰਘ ਨੇ ਉਸ ਦਾ ਹੱਥ ਫੜ ਲਿਆ ਤੇ ਵਧਾਈ ਦਿੰਦੇ ਉਸ ਦੇ ਮੋਢੇ ਥਪਕੀ ਦਿੱਤੀ।

'ਬਿਲਕੁਲ ਠੀਕ ਸਮਝਿਆ ਤੂੰ ਭਾਊ! ਮੈਂ ਸਾਰੀ ਉਮਰ ਪੂਰੀ ਇਮਾਨਦਾਰੀ ਨਾਲ ਸਰਕਾਰੀ ਨੌਕਰੀ ਕੀਤੀ। ਜ਼ਰਾ ਜਿੰਨਾ ਵੀ ਬਾਹਰਲਾ ਹੰਘਾਲ ਨਹੀਂ ਪਾਇਆ ਆਪਣੀ ਰੋਕੜ ਵਿਚ। ਮੇਰੀ ਸੇਵਾ-ਮੁਕਤੀ ਤੋਂ ਬਾਦ ਮਿਲੀ ਇਹ ਯਕਮੁਸ਼ਤ ਰਾਸ਼ੀ ਮੇਰੀ ਹੱਕ ਦੀ ਕਮਾਈ ਸੀ...ਸਾਰੀ ਉਮਰ ਦਾ ਬੋਨਸ। ਆ ਲੈ ਤੂੰ ਵੀ ਪੀ ਲੈ ਹੁਣੇ..!' ਉਸ ਨੇ ਉਸ ਨੂੰ ਸ਼ਰਾਬ ਤਾਕੀ ਵੱਲ ਖਿੱਚਿਆ।

'ਤਾਂ ਫਿਰ ਤੇਰਾ ਚੋਰ ਤੂੰ ਹੀ ਲੱਭ ਸਕਦਾ ਹੈਂ, ਅਸੀਂ ਨਹੀਂ ਲੱਭ ਸਕਦੇ। ਅੱਗੇ ਤੋਂ ਜੇ ਮੈਂ ਤੈਨੂੰ ਪੀ ਕੇ ਇੱਥੇ ਡਿੱਗਿਆ ਵੇਖਿਆ ਤਾਂ ਘਰ ਦੀ ਬਜਾਏ ਤੈਨੂੰ ਥਾਣੇ ਪੁਚਾ ਦੇਊਂ। ਜੇ ਕੱਲ੍ਹ ਹੀ ਤੈਨੂੰ ਓਥੇ ਪਹੁੰਚਾ ਦੇਂਦੇ ਤਾਂ ਉਹ ਤੇਰੀ ਜਾਮਾਂ ਤਲਾਸ਼ੀ ਚੰਗੀ ਤਰ੍ਹਾਂ ਕਰ ਕੇ ਤੇਰੇ ਖੀਸੇ ਖਾਲੀ ਕਰਦੇ ਤੇ ਨਾਲੇ ਖ਼ੂਬ ਛਿੱਤਰ ਪਰੇਡ ਕਰ ਕੇ ਤੇਰੀ ਖ਼ਰਮਸਤੀ ਲਾਹੁੰਦੇ।' ਮੈਂ ਖਹਿੜਾ ਛੁਡਾਉਣਾ ਬਿਹਤਰ ਸਮਝਿਆ।

'ਧੰਨਵਾਦ ਤੁਹਾਡਾ ਮੇਰੇ ਪਿਤਾ ਜੀ! ਉੱਥੋਂ ਤਾਂ ਫਿਰ ਗੰਗਾ ਗਈਆਂ ਹੱਡੀਆਂ ਵੀ ਵਾਪਸ ਨਹੀਂ ਮੁੜਨੀਆਂ ਸਨ। ਉਨ੍ਹਾਂ ਦੀ ਜਾਮਾ-ਤਲਾਸ਼ੀ ਤੋਂ ਤਾਂ ਇਹ ਪੈਂਤੀ ਚਾਲੀ ਹਜ਼ਾਰ ਤਾਂ ਜਾਣੇ ਹੀ ਸਨ ਪਰ ਮੇਰੇ ਵਾਰਿਸਾਂ ਨੂੰ ਮੇਰੀ ਲਾਸ਼ ਵੀ ਨਹੀਂ ਸੀ ਮਿਲਣੀ। ਕਿਸੇ ਚੌਰਾਹੇ ਵਿਚ ਐਕਸੀਡੈਂਟ ਨਾਲ ਮਰਿਆ ਕੋਈ ਲਾਵਾਰਸ ਲਾਸ਼ ਗਰਦਾਨ ਕੇ ਉਨ੍ਹਾਂ ਕਿਤੇ ਸਾੜ ਫੂਕ ਦੇਣਾ ਸੀ ਜਾਂ ਕਿਸੇ ਖੂਹ ਟੋਭੇ ਦਰਿਆ-ਬੁਰਦ ਕਰ ਦੇਣਾ ਸੀ।' ਉਹ ਮਚਲਾ ਸ਼ਰਾਬੀ ਮਸਾਲੇ ਲਾ ਲਾ ਖਿੜਖਿੜਾ ਕੇ ਹੱਸਦਾ ਖ਼ੂਬ ਲੋਟ ਪੋਟ ਹੋ ਰਿਹਾ ਸੀ।

# ਕੀ ਵਿਗਿਆਨ ਕੁਦਰਤ ਦੇ ਸਾਰੇ ਰਹੱਸਾਂ ਨੂੰ ਹੱਲ ਕਰ ਸਕਦਾ ਹੈ?

**ਡਾ. ਪਰਸ਼ੋਤਮ ਸਿੰਘ ਤਿਆਗੀ**
**ਫੋਨ: 98554-46519**

ਕੁਦਰਤ ਸਾਡੇ ਆਲੇ ਦੁਆਲੇ ਦੇ ਭੌਤਿਕ ਮਾਹੌਲ ਅਤੇ ਇਸਦੇ ਅੰਦਰਲੇ ਜੀਵਨ ਜਿਵੇਂ ਕਿ ਵਾਯੂਮੰਡਲ, ਜਲਵਾਯੂ, ਕੁਦਰਤੀ ਸਰੋਤ, ਵਾਤਾਵਰਣ, ਬਨਸਪਤੀ, ਜੀਵ-ਜੰਤੂ ਅਤੇ ਮਨੁੱਖਾਂ ਵਿਚਕਾਰ ਆਪਸੀ ਤਾਲਮੇਲ ਨੂੰ ਦਰਸਾਉਂਦੀ ਹੈ। ਕੁਦਰਤ ਬਹੁਤ ਵਿਸ਼ਾਲ ਅਤੇ ਅਸੀਮ ਹੈ। ਮਨੁੱਖ ਬੇਸ਼ੱਕ ਕੁਦਰਤ ਦਾ ਹਿੱਸਾ ਹਨ, ਪਰ ਇਸ ਵਿਸ਼ਾਲ ਬ੍ਰਹਿਮੰਡ ਵਿਚ ਅਸੀਂ ਇੱਕ ਅੱਖ ਝਪਕਣ ਦੇ ਬਰਾਬਰ ਹਾਂ। ਸਭਿਅਤਾ ਦੀ ਸ਼ੁਰੂਆਤ ਤੋਂ ਹੀ ਮਨੁੱਖ ਕੁਦਰਤ ਦੇ ਰਹੱਸਾਂ ਵਿਚ ਰੁਚੀ ਰੱਖਦਾ ਰਿਹਾ ਹੈ। ਸੋਲ੍ਹਵੀਂ ਸਦੀ ਦੇ ਆਸ-ਪਾਸ ਵਿਗਿਆਨਕ ਕ੍ਰਾਂਤੀ ਦੇ ਆਗਮਨ ਨਾਲ, ਕੁਦਰਤ ਬਾਰੇ ਮਨੁੱਖ ਦੀ ਸੋਚ ਨੇ ਤਿੱਖਾ ਮੋੜ ਲਿਆ। ਪ੍ਰਾਚੀਨ ਦ੍ਰਿਸ਼ਟੀਕੋਣ ਕਿ ਕੁਦਰਤ ਰੱਬ ਦੀ ਉਪਜ ਹੈ, ਆਧੁਨਿਕ ਵਿਗਿਆਨ ਦੇ ਵਿਕਾਸ ਨਾਲ ਬਹੁਤ ਪ੍ਰਭਾਵਿਤ ਹੋਇਆ। ਹਾਲਾਂਕਿ ਵਿਗਿਆਨੀਆਂ ਨੇ ਬ੍ਰਹਿਮੰਡ ਨੂੰ ਸਮਝਣ ਵਿਚ ਬਹੁਤ ਤਰੱਕੀ ਕੀਤੀ ਹੈ, ਫਿਰ ਵੀ ਸਮੁੰਦਰਾਂ ਦੀ ਡੂੰਘਾਈ ਤੋਂ ਲੈ ਕੇ ਵਾਯੂਮੰਡਲ ਦੀ ਦੂਰੀ ਤੱਕ, ਕਈ ਘਟਨਾਵਾਂ ਵਿਗਿਆਨੀਆਂ ਨੂੰ ਪਰੇਸ਼ਾਨ ਕਰਦੀਆਂ ਹਨ ਅਤੇ ਉਤਸੁਕਤਾ ਪੈਦਾ ਕਰਦੀਆਂ ਹਨ। ਅਸੀਂ ਇੱਥੇ ਕੁਝ ਦਿਲਚਸਪ ਉਦਾਹਰਣਾਂ 'ਤੇ ਚਰਚਾ ਕਰਾਂਗੇ ਜਿਨ੍ਹਾਂ ਦੀ ਵਿਗਿਆਨ ਤਸੱਲੀਬਖਸ਼ ਵਿਆਖਿਆ ਨਹੀਂ ਕਰ ਸਕਿਆ।



ਬਹੁਤ ਸਾਰੇ ਜਾਨਵਰਾਂ ਜਿਵੇਂ ਕਿ ਪੰਛੀਆਂ ਅਤੇ ਮੱਛੀਆਂ ਵਿਚ ਇੱਕ ਪ੍ਰਕਿਰਿਆ ਹੁੰਦੀ ਹੈ ਜਿਸ ਨੂੰ ਮਾਈਗਰੇਸ਼ਨ ਕਿਹਾ ਜਾਂਦਾ ਹੈ ਜਿਸ ਵਿਚ ਭੋਜਨ, ਬਿਹਤਰ ਸਥਿਤੀਆਂ, ਜਾਂ ਪ੍ਰਜਣਨ ਲੋੜਾਂ ਦੀ ਭਾਲ ਵਿਚ ਜਾਨਵਰਾਂ ਦੀ ਇੱਕ ਨਿਵਾਸ ਸਥਾਨ ਤੋਂ ਦੂਜੇ ਸਥਾਨ ਵਿਚ ਮੌਸਮੀ ਆਵਾਜਾਈ ਹੁੰਦੀ ਹੈ। ਹਜ਼ਾਰਾਂ ਪੰਛੀਆਂ ਦਾ ਫੀਡਿੰਗ ਗਰਾਉਂਡ ਤੋਂ ਪ੍ਰਜਣਨ ਭੂਮੀ ਤੱਕ ਮੌਸਮੀ ਪ੍ਰਵਾਸ ਇੱਕ ਵਾਤਾਵਰਣਿਕ ਬੁਝਾਰਤ ਹੈ। ਕੁਝ ਪੰਛੀਆਂ ਨੂੰ ਇਸ ਥਕਾ ਦੇਣ ਵਾਲੇ, ਔਖੇ ਪਰਵਾਸੀ ਸਫ਼ਰ ਦੌਰਾਨ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰਨਾ ਪੈਂਦਾ ਹੈ। ਉਹ ਸਫ਼ਰ ਦੌਰਾਨ ਪਹਾੜਾਂ, ਨਦੀਆਂ, ਜੰਗਲਾਂ ਆਦਿ ਦੀਆਂ ਨਿਸ਼ਾਨੀਆਂ ਦਾ ਪਾਲਣ ਕਰਦੇ ਹਨ। ਵਿਗਿਆਨੀਆਂ ਨੇ ਕੁਝ ਪੰਛੀਆਂ ਦੇ ਅੰਡੇ ਵੱਖ ਕੀਤੇ। ਵਿਗਿਆਨੀਆਂ ਦੀ ਨਿਗਰਾਨੀ ਹੇਠ ਅੰਡੇ ਵਿਚੋਂ ਬੱਚੇ ਨਿਕਲੇ। ਜਦੋਂ ਬੱਚੇ ਵੱਡੇ ਹੋ ਗਏ ਅਤੇ ਉੱਡਣ ਦੇ ਯੋਗ ਹੋ ਗਏ ਤਾਂ ਉਨ੍ਹਾਂ ਨੂੰ ਮਾਪਿਆਂ ਦੇ ਪਰਵਾਸ ਦੇ ਲੰਬੇ ਸਮੇਂ ਬਾਅਦ, ਨਿਸ਼ਾਨਦੇਹੀ ਕਰਕੇ ਛੱਡ ਦਿੱਤਾ ਗਿਆ। ਇਹ ਹੈਰਾਨੀ ਦੀ ਗੱਲ ਸੀ ਕਿ ਉਨ੍ਹਾਂ ਨੇ ਆਪਣਾ ਰਸਤਾ ਲੱਭ ਲਿਆ ਅਤੇ ਆਪਣੇ ਅਸਲ ਘਰ ਪਹੁੰਚ ਗਏ ਅਤੇ ਆਪਣੇ ਸਾਥੀ ਸਮੂਹ ਵਿਚ ਸ਼ਾਮਲ ਹੋ ਗਏ, ਹਾਲਾਂਕਿ ਉਨ੍ਹਾਂ ਨੂੰ ਪਰਵਾਸ ਮਾਰਗ ਬਾਰੇ ਕਦੇ ਨਹੀਂ ਸਿਖਾਇਆ ਗਿਆ ਸੀ। ਪਰਵਾਸ ਸ੍ਰਿਸ਼ਟੀ ਦੇ ਅਜੂਬਿਆਂ ਵਿਚੋਂ ਇੱਕ ਹੈ ਜਿਸ ਦਾ ਵਿਗਿਆਨ ਕੋਲ ਕੋਈ ਤਸੱਲੀਬਖਸ਼ ਜਵਾਬ ਨਹੀਂ ਹੈ। ਭਾਰਤ ਵਿਚ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਪੰਛੀ ਰਾਜਸਥਾਨ ਦੇ ਭਰਤਪੁਰ ਬਰਡ ਸੈਂਕਿਊਟਰੀ ਅਤੇ ਪੰਜਾਬ ਦੇ ਹਰੀਕੇ ਵਿਚ ਮੱਧ ਏਸ਼ੀਆ ਅਤੇ ਸਾਇਬੇਰੀਆ ਤੋਂ ਆਉਂਦੇ ਹਨ।

ਪਰਵਾਸ ਦੀ ਇੱਕ ਹੋਰ ਦਿਲਚਸਪ ਉਦਾਹਰਣ ਸਾਲਮਨ ਮੱਛੀ ਹੈ ਜੋ ਆਂਡੇ ਦੇਣ ਲਈ ਪ੍ਰਸ਼ਾਂਤ ਮਹਾਂਸਾਗਰ ਤੋਂ 3000 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਤਾਜ਼ੇ ਪਾਣੀ ਦੀਆਂ ਨਦੀਆਂ ਵੱਲ ਪਰਵਾਸ ਕਰਦੀ ਹੈ ਅਤੇ ਆਂਡੇ ਦੇਣ ਤੋਂ ਬਾਅਦ ਮਰ ਜਾਂਦੀ ਹੈ। ਕੁਝ ਹਫ਼ਤਿਆਂ ਤੋਂ ਮਹੀਨਿਆਂ ਬਾਅਦ ਅੰਡੇ ਵਿਚੋਂ ਬੱਚੇ ਨਿਕਲ ਆਉਂਦੇ ਹਨ। ਬੱਚੇ ਕਦੇ ਵੀ ਆਪਣੇ ਮਾਪਿਆਂ ਦੇ ਸੰਪਰਕ ਵਿਚ ਨਹੀਂ ਆਉਂਦੇ। ਬੱਚੇ ਲਗਭਗ 5 ਸਾਲਾਂ ਤੱਕ ਨਦੀਆਂ ਵਿਚ ਰਹਿੰਦੇ ਹਨ ਅਤੇ ਵਡੇ ਹੋ ਕੇ ਫਿਰ ਪ੍ਰਸ਼ਾਂਤ ਮਹਾਂਸਾਗਰ ਵਿਚ ਪਰਵਾਸ ਕਰਦੇ ਹਨ। ਇਹ ਚੱਕਰ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਸ ਤਰ੍ਹਾਂ ਹੀ 'ਡੌਬਰ ਭੂੰਡੀ' ਨਾਮ ਦਾ ਇੱਕ ਕੀੜਾ ਹੈ ਜੋ ਪਾਈਪ ਦੇ ਆਕਾਰ ਦਾ ਕੱਚਾ ਘਰ ਬਣਾਉਂਦਾ ਹੈ। ਮਾਦਾ ਭੂੰਡੀ ਇੱਕ ਅੱਧ ਮਰੀ ਹੋਈ ਮੱਕੜੀ ਨੂੰ ਮਿੱਟੀ ਦੇ ਘਰ ਵਿਚ ਰੱਖਦੀ ਹੈ ਅਤੇ ਉਸ ਉੱਤੇ ਅੰਡੇ ਦਿੰਦੀ ਹੈ। ਇਸ ਤੋਂ ਬਾਅਦ ਘਰ ਦੇ ਸਿਰਿਆਂ ਨੂੰ ਮਿੱਟੀ ਨਾਲ ਸੀਲ ਕਰ ਦਿੱਤਾ ਜਾਂਦਾ ਹੈ। ਭੂੰਡੀ ਮੁੜ ਕਦੇ ਘਰ ਵਿਚ ਨਹੀਂ ਆਉਂਦੀ। ਛੋਟੇ ਬੱਚੇ ਅੰਡੇ ਵਿਚੋਂ ਨਿਕਲਦੇ ਹਨ ਅਤੇ ਮੱਕੜੀ ਦੇ ਸਰੀਰ ਦੇ ਅੰਗਾਂ ਨੂੰ ਖਾਂਦੇ ਹਨ ਅਤੇ ਵੱਡੇ ਹੁੰਦੇ ਹਨ। ਇਸ ਤੋਂ ਬਾਅਦ ਉਹ ਘਰੋਂ ਬਾਹਰ ਆ ਜਾਂਦੇ ਹਨ ਅਤੇ ਹੌਲੀ-ਹੌਲੀ ਵੱਡੇ ਹੋ ਜਾਂਦੇ ਹਨ। ਬੱਚੇ ਮਾਪਿਆਂ ਤੋਂ ਕੁਝ ਨਹੀਂ ਸਿੱਖਦੇ ਕਿਉਂਕਿ ਉਹ ਕਦੇ ਵੀ ਮਾਪਿਆਂ ਦੇ ਸੰਪਰਕ ਵਿਚ ਨਹੀਂ ਆਉਂਦੇ। ਇਨ੍ਹਾਂ ਤਿੰਨਾਂ ਉਦਾਹਰਣਾਂ ਵਿਚ ਹੈਰਾਨੀ ਦੀ ਗੱਲ ਇਹ ਹੈ ਕਿ ਭਾਵੇਂ ਛੋਟੇ ਬੱਚੇ ਕਦੇ ਵੀ ਆਪਣੇ ਮਾਪਿਆਂ ਦੇ ਸੰਪਰਕ ਵਿਚ ਨਹੀਂ ਆਉਂਦੇ, ਫਿਰ ਵੀ ਉਹ ਆਪਣੇ ਮਾਪਿਆਂ ਦੇ ਵਿਵਹਾਰ ਨੂੰ ਦੁਹਰਾਉਂਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਉਪਰੋਕਤ ਤਿੰਨੋਂ ਉਦਾਹਰਣਾਂ ਇੱਕ ਵਿਵਹਾਰ ਦੇ ਕਾਰਨ ਹਨ ਜਿਸਨੂੰ Instinct ਕਿਹਾ ਜਾਂਦਾ ਹੈ। ਪ੍ਰਵਿਰਤੀ (instinct) ਉਸ ਵਿਹਾਰ ਦੀ ਕਿਸਮ ਹੈ ਜੋ ਮਾਪਿਆਂ ਤੋਂ ਵਿਰਾਸਤ ਵਿਚ ਮਿਲਦੀ ਹੈ, ਇਸ ਨੂੰ ਸਿੱਖਣ ਦੀ ਕੋਈ ਲੋੜ ਨਹੀਂ ਹੈ। ਇਹ ਸਪੀਸੀਜ਼ ਦੇ ਸਾਰੇ ਮੈਂਬਰਾਂ ਦੁਆਰਾ ਵਾਤਾਵਰਣ ਦੀ ਪਰਵਾਹ ਕੀਤੇ ਬਿਨਾਂ ਇੱਕੋ ਜੇਹੇ ਤਰੀਕੇ ਨਾਲ ਕੀਤਾ ਜਾਂਦਾ ਹੈ। ਪਰ ਵਿਗਿਆਨ ਇਸ ਗੱਲ ਦੀ ਤਸੱਲੀਬਖਸ਼ ਵਿਆਖਿਆ ਦੇਣ ਵਿਚ ਅਸਫਲ ਰਹਿੰਦਾ ਹੈ ਕਿ ਪੰਛੀਆਂ ਜਾਂ ਮੱਛੀਆਂ ਵਿਚ ਪਰਵਾਸ ਦਾ ਸਾਰਾ ਰਸਤਾ ਜਾਂ 'ਡੌਬਰ ਭੂੰਡੀ' ਦਾ ਮਿੱਟੀ ਦੇ ਘਰ ਬਣਾਉਣ ਦੀ ਵਿਧੀ ਵਿਰਾਸਤ ਵਿਚ ਕਿਵੇਂ ਮਿਲਦੀ ਹੈ।

ਕੁਦਰਤ ਵਿਚ ਕਈ ਹੋਰ ਉਦਾਹਰਣਾਂ ਹਨ, ਜਿੱਥੇ ਵਿਗਿਆਨ ਸਹੀ ਵਿਆਖਿਆ ਦੇਣ ਵਿਚ ਅਸਫਲ ਰਹਿੰਦਾ ਹੈ। ਭਾਰਤ ਵਿਚ ਅਸਾਮ ਦਾ ਜਟਿੰਗਾ ਪਿੰਡ ਇੱਕ ਅਜੀਬ ਅਤੇ ਰਹੱਸਮਈ ਘਟਨਾ ਦਾ ਸਥਾਨ ਹੈ ਜਿਸਨੂੰ 'ਮਾਸ ਬਰਡ ਸੁਸਾਈਡ' ਕਿਹਾ ਜਾਂਦਾ ਹੈ। ਇੱਥੇ ਵੱਖ-ਵੱਖ ਥਾਵਾਂ ਤੋਂ ਪੰਛੀ ਆਤਮ ਹੱਤਿਆ ਕਰਨ ਲਈ ਆਉਂਦੇ ਹਨ। ਸਤੰਬਰ ਤੋਂ ਨਵੰਬਰ ਦੇ ਵਿਚਕਾਰ ਸੈਂਕੜੇ ਪੰਛੀ ਹਨੇਰੇ, ਧੁੰਦ, ਮੌਨਸੂਨ ਦੀਆਂ ਰਾਤਾਂ ਵਿਚ ਬਹੁਤ ਤੇਜ਼ ਰਫਤਾਰ ਨਾਲ ਉੱਡਦੇ ਹਨ ਅਤੇ ਪਹਾੜਾਂ, ਦਰੱਖਤਾਂ ਅਤੇ ਇਮਾਰਤਾਂ ਨਾਲ ਟਕਰਾ ਜਾਂਦੇ ਹਨ ਅਤੇ ਮਰ ਜਾਂਦੇ ਹਨ। ਇਹ ਇੱਕ ਕੁਦਰਤੀ ਵਰਤਾਰਾ ਹੈ ਜਿਸਦੀ ਕੋਈ ਵੀ ਵਿਆਖਿਆ ਕਰਨ ਦੇ ਯੋਗ ਨਹੀਂ ਹੈ। ਪਰ ਜਟਿੰਗਾ ਦੀ ਰਹੱਸਮਈ ਪਰਵਾਸੀ ਪੰਛੀਆਂ ਦੁਆਰਾ ਸਮੂਹਿਕ ਆਤਮ ਹੱਤਿਆ ਕਰਨ ਦੀ ਸਾਲਾਨਾ ਘਟਨਾ ਨੇ ਹੁਣ ਬਹੁਤ ਸਾਰੇ ਵਿਗਿਆਨੀਆਂ ਦੀਆਂ ਨਜ਼ਰਾਂ ਖਿੱਚ ਲਈਆਂ ਹਨ। ਇਹ ਡੂੰਘੀ ਸੋਚਣ ਵਾਲੀ ਗੱਲ ਹੈ ਕਿ ਇਹ ਪੰਛੀ ਦਿਨ ਵੇਲੇ ਸਰਗਰਮ ਰਹਿੰਦੇ ਹਨ ਤਾਂ ਰਾਤ ਦੇ ਸਮੇਂ ਇਹ ਵੱਡੀ ਗਿਣਤੀ ਵਿਚ ਕਿਉਂ ਆਉਂਦੇ ਹਨ ਅਤੇ ਦੂਸਰਾ ਇਹ ਕਿ ਡੇਢ ਕਿਲੋਮੀਟਰ ਦੀ ਪੱਟੀ ਵਿਚ ਹੀ ਕ੍ਰੈਸ਼ ਕਰਕੇ ਕਿਉਂ ਮਰਦੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਪਿੰਡ 'ਤੇ ਕਿਸੇ ਤਰ੍ਹਾਂ ਦੇ ਸਰਾਪ ਕਾਰਨ ਹੈ। ਪਰ ਇਸ ਸਿਧਾਂਤ ਨੂੰ ਵਿਗਿਆਨਕ ਤੌਰ 'ਤੇ ਸਾਬਤ ਕਰਨ ਦਾ ਕੋਈ ਤਰੀਕਾ ਨਹੀਂ ਹੈ। ਪੰਛੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਮਾਨਸੂਨ ਦੌਰਾਨ ਜਦੋਂ ਅਸਾਮ ਵਿਚ ਹੜ੍ਹ ਆ ਜਾਂਦੇ ਹਨ ਤਾਂ ਰਿਜ ਦੇ ਇਲੈਕਟ੍ਰਿਕ ਅਤੇ ਚੁੰਬਕੀ ਸੁਭਾਅ ਵਿਚ ਤਬਦੀਲੀ ਪੰਛੀਆਂ ਦੀ ਨੀਂਦ ਵਿਚ ਵਿਘਨ ਪਾਉਂਦੀ ਹੈ ਅਤੇ ਉਹ ਰਾਤ ਨੂੰ ਉਡਾਣ ਭਰਨ ਲਈ ਮਜ਼ਬੂਰ ਹੋ ਜਾਂਦੇ ਹਨ। ਰਾਤ ਦਾ ਹਨੇਰਾ, ਤੇਜ਼ ਹਵਾਵਾਂ ਅਤੇ ਸੰਘਣੀ ਧੁੰਦ ਉਨ੍ਹਾਂ ਨੂੰ ਦਿਸ਼ਾਹੀਣ ਕਰ ਦਿੰਦੀ ਹੈ ਅਤੇ ਉਹ ਪਹਾੜਾਂ, ਦਰੱਖਤਾਂ ਅਤੇ ਇਮਾਰਤਾਂ ਨਾਲ ਟਕਰਾ ਜਾਂਦੇ ਹਨ ਅਤੇ ਮਰ ਜਾਂਦੇ ਹਨ। ਇਹ ਸਪੱਸ਼ਟੀਕਰਨ ਸਹੀ ਲੱਗ ਸਕਦੇ ਹਨ ਪਰ ਫਿਰ ਵੀ 1.5 ਕਿਲੋਮੀਟਰ ਦੀ ਪੱਟੀ ਦੀ ਵਿਆਖਿਆ ਨਹੀਂ ਕਰਦੇ। ਇਸ ਲਈ, ਇਹ ਵਰਤਾਰਾ ਹਰ ਸਾਲ ਜਟਿੰਗਾ ਨੂੰ ਦਹਾਕਿਆਂ ਤੋਂ ਪਰੇਸ਼ਾਨ ਕਰ ਰਿਹਾ ਹੈ...ਪਰ ਇਸਦੇ ਪਿੱਛੇ ਅਸਲ ਕਾਰਨ ਅਜੇ ਵੀ ਇੱਕ ਰਹੱਸ ਬਣਿਆ ਹੋਇਆ ਹੈ!

ਮਨੁੱਖੀ ਜੀਵਨ ਵਿਚ ਵੀ ਬਹੁਤ ਸਾਰੇ ਰਹੱਸ ਹਨ ਜਿਨ੍ਹਾਂ ਦਾ ਵਿਗਿਆਨ ਵਿਚ ਕੋਈ ਤਸੱਲੀਬਖਸ਼ ਜਵਾਬ ਨਹੀਂ ਹੈ ਜਿਵੇਂ ਕਿ ਟੈਲੀਪੈਥੀ ਕੀ ਹੈ, ਸੁਪਨੇ ਕੀ ਹਨ, ਅਸੀਂ ਮੌਤ ਤੋਂ ਬਾਅਦ ਕਿੱਥੇ ਜਾਂਦੇ ਹਾਂ ਆਦਿ। ਟੈਲੀਪੈਥੀ ਇਹ ਜਾਣਨ ਦੀ ਯੋਗਤਾ ਹੈ ਕਿ ਕਿਸੇ ਹੋਰ ਦੇ ਮਨ ਵਿਚ ਕੀ ਹੈ। ਇਹ ਬੋਲਣ ਜਾਂ ਲਿਖਣ ਵਰਗੇ ਰਵਾਇਤੀ ਸੰਚਾਰ ਤਰੀਕਿਆਂ ਦੀ ਵਰਤੋਂ ਕੀਤੇ ਬਿਨਾਂ ਵਿਚਾਰਾਂ ਨੂੰ ਸਿੱਧੇ ਤੌਰ 'ਤੇ ਇੱਕ ਦਿਮਾਗ ਤੋਂ ਦੂਜੇ ਦਿਮਾਗ ਤੱਕ ਸੰਚਾਰ ਕਰਨ ਦੀ ਯੋਗਤਾ ਹੈ। ਵਿਗਿਆਨ ਕੋਲ ਇਸਦਾ ਕੋਈ ਜਵਾਬ ਨਹੀਂ ਹੈ ਅਤੇ ਟੈਲੀਪੈਥੀ ਨੂੰ ਇੱਕ ਸੂਡੋਸਾਇੰਸ ਮੰਨਦਾ ਹੈ। ਫਿਰ ਵੀ, ਟੈਲੀਪੈਥੀ ਦਾ ਵਿਚਾਰ ਸਾਹਿਤ, ਫਿਲਮ ਅਤੇ ਮਨੋਰੰਜਨ ਦੇ ਹੋਰ ਰੂਪਾਂ ਵਿਚ ਇੱਕ ਪ੍ਰਸਿੱਧ ਵਿਸ਼ਾ ਬਣਿਆ ਹੋਇਆ ਹੈ। ਸੁਪਨੇ ਅਸਲ ਵਿਚ ਕਹਾਣੀਆਂ ਅਤੇ ਚਿੱਤਰ ਹੁੰਦੇ ਹਨ ਜੋ ਸਾਡਾ ਮਨ ਉਦੋਂ ਬਣਾਉਂਦਾ ਹੈ ਜਦੋਂ ਅਸੀਂ ਸੌਂਦੇ ਹਾਂ। ਅਸੀਂ ਸੁਪਨੇ ਕਿਉਂ ਦੇਖਦੇ ਹਾਂ, ਕੀ ਸੁਪਨੇ ਸੱਚ ਹੁੰਦੇ ਹਨ, ਸੁਪਨਿਆਂ ਦੀ ਕੀ ਲੋੜ ਹੈ ਆਦਿ ਦੀ ਕੋਈ ਸਪੱਸ਼ਟ ਵਿਗਿਆਨਕ ਵਿਆਖਿਆ ਨਹੀਂ ਹੈ। ਇਸ ਬਾਰੇ ਬਹੁਤ ਸਾਰੇ ਸਿਧਾਂਤ ਹਨ ਪਰ ਕੋਈ ਵੀ ਯਕੀਨੀ ਤੌਰ 'ਤੇ ਨਹੀਂ ਜਾਣਦਾ। ਕੁਝ ਖੋਜਕਾਰ ਕਹਿੰਦੇ ਹਨ ਕਿ ਸੁਪਨਿਆਂ ਦਾ ਕੋਈ ਮਕਸਦ ਜਾਂ ਅਰਥ ਨਹੀਂ ਹੁੰਦਾ। ਦੂਸਰੇ ਕਹਿੰਦੇ ਹਨ ਕਿ ਸਾਨੂੰ ਆਪਣੀ ਮਾਨਸਿਕ, ਭਾਵਨਾਤਮਕ ਅਤੇ ਸਰੀਰਕ ਸਿਹਤ ਲਈ ਸੁਪਨਿਆਂ ਦੀ ਲੋੜ ਹੈ। ਅਧਿਐਨਾਂ ਨੇ ਸਾਡੀ ਸਿਹਤ ਅਤੇ ਤੰਦਰੁਸਤੀ ਲਈ ਸੁਪਨਿਆਂ ਦੇ ਮਹੱਤਵ ਨੂੰ ਦੇਖਿਆ ਹੈ। ਇੱਕ ਅਧਿਐਨ ਵਿਚ, ਖੋਜਕਰਤਾਵਾਂ ਨੇ ਲੋਕਾਂ ਨੂੰ ਉਦੋਂ ਜਗਾਇਆ ਜਦੋਂ ਉਹ REM (Rapid Eye Movement) ਨੀਂਦ ਵਿਚ ਜਾ ਰਹੇ ਸਨ। ਉਨ੍ਹਾਂ ਨੇ ਪਾਇਆ ਕਿ ਜਿਨ੍ਹਾਂ ਲੋਕਾਂ ਨੂੰ ਸੁਪਨੇ ਦੇਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ, ਉਨ੍ਹਾਂ ਨੂੰ ਅਗਲੇ ਦਿਨ ਤਣਾਅ, ਚਿੰਤਾ ਅਤੇ ਉਦਾਸੀ ਦਾ ਸਾਹਮਣਾ ਕਰਨਾ ਪਿਆ। ਹੁਣ ਅਸੀਂ ਸਭ ਤੋਂ ਗੁੰਝਲਦਾਰ ਸਵਾਲ ਵੱਲ ਆਉਂਦੇ ਹਾਂ ਜਿਸ ਲਈ ਵਿਗਿਆਨ ਦੁਬਿਧਾ ਵਿਚ ਹੈ, ਕਿ ਮਨੁੱਖ ਮੌਤ ਤੋਂ ਬਾਅਦ ਕਿੱਥੇ ਜਾਂਦਾ ਹੈ। ਸਭ ਤੋਂ ਆਮ ਵਿਚਾਰ ਇਹ ਰਿਹਾ ਹੈ ਕਿ, ਮੌਤ ਤੋਂ ਬਾਅਦ, ਆਤਮਾ ਤੁਰੰਤ ਪਰਮਾਤਮਾ ਕੋਲ ਚਲੀ ਜਾਂਦੀ ਹੈ ਅਤੇ ਅਸੀਂ ਮੌਤ ਤੋਂ ਬਾਅਦ ਆਪਣੀਆਂ ਨਿੱਜੀ ਰੂਹਾਂ ਵਿਚ ਜਿਉਂਦੇ ਰਹਿੰਦੇ ਹਾਂ। ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਮੌਤ ਤੋਂ ਬਾਅਦ ਜੀਵਨ ਦਾ ਕੋਈ ਅਰਥ ਨਹੀਂ ਹੈ: ਜੀਵਨ ਇੱਕ ਅਵਸਥਾ ਹੈ ਜਦੋਂ ਇੱਕ ਜੀਵ ਆਪਣੇ ਵਾਤਾਵਰਣ ਨਾਲ ਸਰਗਰਮੀ ਨਾਲ ਇੰਟਰੈਕਟ ਕਰਦਾ ਹੈ, ਅਤੇ ਮੌਤ ਉਹ ਅਵਸਥਾ ਹੈ, ਜਦੋਂ ਇਹ ਪਰਸਪਰ ਕ੍ਰਿਆ ਖਤਮ ਹੋ ਜਾਂਦੀ ਹੈ। ਇਨ੍ਹਾਂ ਖੁਲਾਸਿਆਂ ਦੇ ਬਾਵਜੂਦ ਕੁਝ ਵਿਗਿਆਨੀ ਅਜੇ ਵੀ ਮੌਤ ਬਾਰੇ ਬਹਿਸ ਕਰਦੇ ਰਹਿੰਦੇ ਹਨ। ਸੰਯੁਕਤ ਰਾਜ ਅਮਰੀਕਾ ਦੇ ਪੁਨਰ-ਸੁਰਜੀਤੀ ਵਿਗਿਆਨ ਖੋਜ ਕੇਂਦਰ ਵਿਚ ਇੱਕ ਪ੍ਰਮੁੱਖ ਮਾਹਰ ਸੈਮ ਪਾਰਨੀਆ ਦੱਸਦਾ ਹੈ ਕਿ ਕਿਵੇਂ ਮੌਤ ਇੱਕ ਸੰਪੂਰਨ ਨਹੀਂ ਹੈ, ਪਰ ਇੱਕ ਪ੍ਰਕਿਰਿਆ ਹੈ। ਪਰ ਇਸ ਦੇ ਉਲਟ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਸਟੀਫਨ ਹਾਕਿੰਗ ਨੇ ਕਿਹਾ ਹੈ ਕਿ ਸਵਰਗ ਅਤੇ ਨਰਕ ਦੀ ਕੋਈ ਹੋਂਦ ਨਹੀਂ ਹੈ, ਇਹ ਸਿਰਫ਼ ਪਰੀ ਕਹਾਣੀਆਂ ਹਨ। ਜਦੋਂ ਕੋਈ ਵਿਅਕਤੀ ਮਰ ਜਾਂਦਾ ਹੈ, ਉਹ ਸਦਾ ਲਈ ਮਰ ਜਾਂਦਾ ਹੈ। ਉਹ ਆਪਣੇ ਚੰਗੇ ਕੰਮਾਂ ਲਈ ਸਿਰਫ ਲੋਕਾਂ ਦੀ ਯਾਦ ਵਿਚ ਜਿੰਦਾ ਰਹਿ ਸਕਦਾ ਹੈ। ਗੁਰਬਾਣੀ ਅਨੁਸਾਰ ਵੀ ਜੋ ਧਰਤੀ 'ਤੇ ਆਇਆ ਹੈ ਉਸ ਨੇ ਜਾਣਾ ਹੀ ਹੈ, 'ਜੋ ਉਪਜਿਆ ਸੋ ਬਿਨਸ ਹੈ'।

ਅੰਤ ਵਿਚ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਭਾਵੇਂ ਵਿਗਿਆਨ ਨੇ ਬਹੁਤ ਸਫਲਤਾਵਾਂ ਹਾਸਲ ਕੀਤੀਆਂ ਹਨ ਪਰ ਕੁਦਰਤ ਬਹੁਤ ਵਿਸ਼ਾਲ ਹੈ ਅਤੇ ਮੌਜੂਦਾ ਸਮੇਂ ਵਿਚ ਵਿਗਿਆਨ ਇਸਦੇ ਸਾਰੇ ਰਹੱਸਾਂ ਨੂੰ ਹੱਲ ਕਰਨ ਵਿਚ ਅਸਮਰੱਥ ਹੈ।

# ਇੱਕ ਕੈਦੀ ਦੀ ਕਲਮ ਤੇ ਸੋਚ

ਪੰਜਾਬ ਦੇ ਨੌਜਵਾਨ ਕੁਰਾਹੇ ਪਏ ਹੋਏ ਹਨ ਅਤੇ ਨਸ਼ਿਆਂ ਤੇ ਕਤਲੋਗਾਰਤ ਨਾਲ ਆਪਣੀ ਨਸਲਕੁਸ਼ੀ ਕਰ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਇਕ ਵੇਲਾ ਅਜਿਹਾ ਆਇਆ ਸੀ ਜਦੋਂ ਪੰਜਾਬ ਦੇ ਨੌਜਵਾਨਾਂ 'ਤੇ ਇਕ ਹੀ ਲੇਬਲ ਲੱਗਦਾ ਸੀ- 'ਖਾੜਕੂ' ਅਤੇ ਇਕ ਹੀ ਐਕਟ ਲੱਗਦਾ ਸੀ 'ਟਾਡਾ, ਹੁਣ ਵੀ ਪੰਜਾਬ ਵਿਚ ਹਾਲਾਤ ਕੁਝ ਅਜਿਹੇ ਹੀ ਬਣਾਏ ਜਾ ਰਹੇ ਹਨ।

ਸੈਂਟਰ ਦੀ ਸਰਕਾਰ ਸਾਡੀਆਂ ਜ਼ਮੀਨਾਂ ਖੋਹਣ, ਸਾਡੇ ਮੁਰੱਬਿਆਂ ਅਤੇ ਖੇਤਾਂ ਨੂੰ ਜ਼ਬਤ ਕਰਨ ਲਈ ਸੰਵਿਧਾਨ ਨੂੰ ਬਦਲਣਾ ਚਾਹੁੰਦੀ ਹੈ। ਅਜਿਹੇ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਰਕਾਰ ਖ਼ਿਲਾਫ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪਵੇਗਾ। ਸਵਾਲ ਇਹ ਹੈ ਕਿ ਕੀ ਸਾਡੇ ਗੱਭਰੂ ਸਰਕਾਰ ਨਾਲ ਟਾਕਰਾ ਲੈ ਸਕਦੇ ਹਨ? ਕੀ ਅੱਜ ਦਾ ਪੰਜਾਬ ਵੀ ਸੁੱਖੇ-ਜਿੰਦੇ, ਭਾਈ ਅਵਤਾਰ ਸਿੰਘ ਬਰਮਾ ਤੇ ਭਾਈ ਹਵਾਰੇ ਵਰਗੇ ਸਿੰਘਾਂ ਨੂੰ ਜਨਮ ਦੇ ਸਕਦਾ ਹੈ? ਮੈਂ ਇਕ ਕੈਦੀ ਹਾਂ ਤੇ ਮੈਨੂੰ ਵੀ ਬੜੇ ਧੱਕੇ ਖਾ ਕੇ ਅਕਲ ਆਈ ਹੈ। ਮੈਂ ਪੰਜਾਬ ਦਾ ਗੱਭਰੂ ਹਾਂ, ਜੋ ਅਮਰੀਕਾ ਦੀ ਜੇਲ੍ਹ ਵਿਚ ਬੰਦ ਹਾਂ। ਮੈਂ ਸਿਰਫ਼ 23 ਸਾਲਾਂ ਦਾ ਸਾਂ ਜਦੋਂ ਮੈਨੂੰ 31 ਸਾਲਾਂ ਲਈ ਜੇਲ੍ਹ ਭੇਜ ਦਿੱਤਾ ਗਿਆ।



ਫ਼ਿਕਰ ਵਾਲੀ ਗੱਲ ਇਹ ਹੈ ਕਿ ਪੰਜਾਬ ਨੂੰ ਪੰਛਮੀ ਰੰਗ ਚੜ੍ਹ ਰਿਹਾ ਹੈ ਤੇ ਉਥੇ ਗੈਂਗ ਕਲਚਰ ਨੇ ਪੈਰ ਪਸਾਰ ਲਏ ਹਨ। ਗੈਂਗਾਂ ਤੇ ਗੈਂਗਸਟਰਾਂ ਦੇ ਰੋਲ ਮਾਡਲ ਸਕਾਰਪੈਸ ਤੇ ਜ਼ੋਨ ਗਾਟੀ ਵਰਗੇ ਕਿਰਦਾਰ ਬਣ ਚੁੱਕੇ ਹਨ ਪਰ ਅਮਰੀਕਾ ਦੇ ਕੈਲੀਫੋਰਨੀਆਂ ਵਿਚ ਗੈਂਗਜ਼ ਕਿਸੇ ਵਜ੍ਹਾ ਕਾਰਨ ਬਣੀਆਂ ਸਨ। ਅਸਲ ਵਿਚ ਇੱਥੋਂ ਦੀ ਗੋਰੀ ਪੁਲਿਸ ਸਿਆਹਫਾਮ ਲੋਕਾਂ ਅਤੇ ਮੈਕਸੀਕਨਾਂ ਉਤੇ ਬਹੁਤ ਜ਼ੁਲਮ ਢਾਹ ਰਹੀ ਸੀ, ਜਿਸ ਦੇ ਖ਼ਿਲਾਫ ਗੈਂਗ ਬਣੀਆਂ ਸਨ। ਉਦੋਂ ਅਮਰੀਕਾ ਵਿਚ ਕਰੀਪ (CRIP) ਗੈਂਗ ਦਾ ਜਨਮ ਹੋਇਆ, ਜਿਸਦਾ ਅਰਥ ਸੀ ਕਮਿਊਨਿਟੀ ਰੈਵੋਲੂਸ਼ਨ ਇਨ ਪ੍ਰੋਗਰੈੱਸ। ਅਸਲ ਵਿਚ ਇਹ ਇਕ ਮੂਵਮੈਂਟ ਸੀ। ਸਾਡੇ ਨੌਜਵਾਨਾਂ ਨੂੰ ਗੈਂਗ ਕਲਚਰ ਤੋਂ ਦੂਰ ਰਹਿਣਾ ਚਾਹੀਦਾ ਹੈ ਤੇ ਆਪਣੇ ਵਿਰਸੇ ਨਾਲ ਜੁੜਨਾ ਚਾਹੀਦਾ ਹੈ, ਨਹੀਂ ਤਾਂ ਸਾਡੀਆਂ ਨਸਲਾਂ ਦਾ ਵੱਡਾਂ ਨੁਕਸਾਨ ਹੋਵੇਗਾ।

ਸਾਡੇ ਗੁਰੂ ਸਾਹਿਬਾਨ ਨੇ ਜਾਤ-ਪਾਤ, ਊਚ-ਨੀਚ ਨੂੰ ਦੂਰ ਕਰਨ ਲਈ 'ਖਾਲਸਾ ਪੰਥ' ਸਾਜਿਆ ਸੀ ਪਰ ਅਸੀਂ ਅੱਜ ਵੀ ਇਨ੍ਹਾਂ ਕੁਰੀਤੀਆਂ ਵਿਚ ਫਸੇ ਹੋਏ ਹਾਂ ਤੇ ਇਕ ਦੂਜੇ ਦੀਆਂ ਲੱਤਾਂ ਖਿੱਚ ਰਹੇ ਹਾਂ, ਜੇ ਅੱਜ ਕੋਈ ਨਵਾਂ ਭਰਾ ਪੰਜਾਬ ਤੋਂ ਅਮਰੀਕਾ ਆਉਂਦਾ ਹੈ ਤਾਂ ਅਸੀਂ ਉਸ ਨਾਲ ਵਿਤਕਰਾ ਕਰਦੇ ਹਾਂ ਅਤੇ ਉਸ ਦੇ ਪੈਰ ਨਹੀਂ ਲੱਗਣ ਦਿੰਦੇ, ਜੋ ਸਾਨੂੰ ਸੋਭਾ ਨਹੀਂ ਦਿੰਦਾ। ਸਾਨੂੰ ਇਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ ਤੇ ਗੁਰੂ ਸਾਹਿਬ ਵਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

ਜੇ ਅਸੀਂ ਆਪਣੀਆਂ ਮੁਸੀਬਤਾਂ ਦਾ ਹੱਲ ਕੱਢਣਾ ਹੈ ਤਾਂ ਸਾਨੂੰ ਸਾਰਿਆਂ ਨੂੰ ਇਕਜੁੱਟ ਹੋਣਾ ਪੈਣਾ ਹੈ। ਸਾਨੂੰ ਮਾਇਆ ਦੀ ਮਨੋਪਲੀ ਪੰਜਾਬ ਵੱਲ ਨੂੰ ਰੱਖਣੀ ਪੈਣੀ ਹੈ। ਇਸ ਵੇਲੇ ਪੰਜਾਬ ਦੇ ਕਿਸਾਨਾਂ ਨਾਲ ਉਹੀ ਹੋ ਰਿਹਾ ਹੈ, ਜੋ ਮਸ਼ਹੂਰ ਅਮਰੀਕੀ ਕਲਾਕਾਰ ਕੇਵਿਨ ਕੋਸਟਨਰ ਦੇ ਟੀ.ਵੀ. ਸੀਰੀਅਲ ਯੈਲੋਸਟੋਨ ਵਿਚ ਦਿਖਾਇਆ ਗਿਆ ਹੈ। ਸਾਨੂੰ ਇਸ ਸਭ ਬਾਰੇ ਜਾਗਰੂਕ ਹੋ ਕੇ ਆਪਣੀ ਲੜਾਈ ਲੜਨ ਦੀ ਲੋੜ ਹੈ, ਤਾਂ ਜੋ ਸਾਡੇ ਹੱਕ ਨਾ ਖੋਹੇ ਜਾਣ। ਪੰਜਾਬ ਵਿਚ ਬਿਹਾਰੀ ਲੋਕਾਂ ਦੀ ਗਿਣਤੀ ਵਧ ਰਹੀ ਹੈ, ਇਸ ਬਾਰੇ ਵੀ ਪੰਜਾਬੀਆਂ ਨੂੰ ਸੋਚਣ ਤੇ ਆਪਣੀਆਂ ਜ਼ਮੀਨਾਂ ਬਚਾਉਣ ਦੀ ਲੋੜ ਹੈ।

# ਰਾਜੇਸ਼ ਸ਼ਰਮਾ ਦੀ ਪੁਸਤਕ 'ਸਾਹਿਤ ਸ਼ਬਦ ਸੰਸਾਰ' ਨਾਲ ਤੁਰਦਿਆਂ

## ਪੁਸਤਕ ਚਰਚਾ

ਗੁਰਦੇਵ ਚੌਹਾਨ

ਰਾਜੇਸ਼ ਸ਼ਰਮਾ ਪੰਜਾਬੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ, ਅਤੇ ਕੁਝ ਸਾਲਾਂ ਤੋਂ ਅਧਿਆਪਨ ਤੋਂ ਇਲਾਵਾ ਸਾਹਿਤਕ, ਸਿਖਿਆ-ਖੇਤਰੀ, ਭਾਸ਼ਾਈ ਆਲੋਚਨਾਵੀ ਅਤੇ ਦਾਰਸ਼ਨਿਕ ਵਿਸ਼ਿਆਂ ਨਾਲ ਸੰਬੰਧਿਤ ਆਪਣੀਆਂ ਅੰਗਰੇਜ਼ੀ ਅਤੇ ਪੰਜਾਬੀ ਵਿਚ ਲਿਖਤਾਂ ਰਾਹੀਂ ਅਤੇ ਆਪਣੇ ਪੰਜਾਬੀ-ਅੰਗਰੇਜ਼ੀ, ਅੰਗਰੇਜ਼ੀ-ਪੰਜਾਬੀ ਅਨੁਵਾਦਾਂ ਰਚਨਾਤਮਕ ਗ਼ੈਰ-ਗਲਪ, ਸਾਹਿਤ ਅਤੇ ਸਾਹਿਤ-ਆਲੋਚਨਾ ਦੇ ਖੇਤਰ ਵਿਚ ਉਤਰ ਆਏ ਹਨ। ਉਹ ਇਨ੍ਹਾਂ ਰੁਝਾਨਾਂ ਦੀਆਂ ਕਈ ਕਿਤਾਬਾਂ ਅਤੇ ਲੇਖ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਹ ਆਪਣੀ ਬਹੁ-ਚਰਚਿਤ ਪੁਸਤਕ, 'ਸਾਹਿਤ ਸ਼ਬਦ ਸੰਸਾਰ' ਵਿਚ ਇਨ੍ਹਾਂ ਵਿਸ਼ਿਆਂ ਨਾਲ ਜੁੜੇ ਰੁਝਾਨਾਂ ਅਤੇ ਮਸਲਿਆਂ ਦੀਆਂ ਆਧੁਨਿਕ ਰਮਜ਼ਾਂ ਅਤੇ ਅੰਤਰ-ਯਾਤਰਾਵੀ ਤੰਦਾਂ ਬਾਖ਼ੂਬੀ ਫੜ ਸਕੇ ਹਨ।

ਪਹਿਲੇ ਹਿੱਸੇ ਵਿਚ ਕਾਵਿ-ਅਨੁਵਾਦ ਸੂਤਰ, ਖੋਜ ਸੂਤਰ, ਰਚਨਾ ਸੂਤਰ ਅਤੇ ਆਲੋਚਨਾ ਸੂਤਰ ਆਉਂਦੇ ਹਨ। ਪਹਿਲੇ ਦੋ ਸੂਤਰ ਉਨ੍ਹਾਂ ਦੇ ਆਪਣੇ ਅਤੇ ਦੂਸਰੇ ਦੋ ਯਾਯਾਵਰੀ ਰਾਜਸ਼ੇਖਰ ਦੇ ਹਨ ਜਿਹੜੇ ਅੱਜ ਤੋਂ ਕੋਈ ਇਕ ਹਜ਼ਾਰ ਵਰ੍ਹੇ ਪਹਿਲਾਂ ਰਚੇ ਗਏ ਉਨ੍ਹਾਂ ਦੇ ਕਾਵਿ-ਮੀਮਾਂਸਾ ਗ੍ਰੰਥ ਦੇ ਚੌਥੇ ਅਤੇ ਪੰਜਵੇਂ ਅਧਿਆਇਆਂ ਉਤੇ ਆਧਾਰਤ ਹਨ ਜਿਹੜੇ ਰਾਜੇਸ਼ ਸ਼ਰਮਾ ਨੇ ਆਪਣੇ ਸ਼ਬਦਾਂ ਵਿਚ ਸੂਤਰਾਂ ਦੀ ਸ਼ਕਲ ਵਿਚ ਸਮੇਟੇ ਹਨ। ਉਨ੍ਹਾਂ ਦੇ ਕਹਿਣ ਅਨੁਸਾਰ "ਸੂਤਰ ਦੀ ਆਤਮਾ ਸਾਧੂ ਸ਼ਬਦ ਹੈ, ਸ਼ਬਦ ਜੋ ਅਰਥ ਨੂੰ ਸਿੱਧਾ ਦੇਖਦਾ ਹੈ"।

ਪੁਰਾਤਨ ਸਮਿਆਂ ਵਿਚ ਰਿਸ਼ੀ ਮੁਨੀ ਜ਼ਿਆਦਾਤਰ ਆਪਣੇ ਅਧਿਆਤਮਕ ਅਤੇ ਦਾਰਸ਼ਨਿਕ ਵਿਖਿਆਨ, ਸਿੱਖਿਆਤਮਕ ਵਿਚਾਰਾਂ ਨੂੰ ਸੂਤਰਾਂ ਵਿਚ ਬੰਨ੍ਹ ਕੇ ਪੇਸ਼ ਕਰਦੇ ਸਨ, ਜਿਹੜੇ ਮੰਤਰਾਂ ਵਾਂਗ ਉਨ੍ਹਾਂ ਵਿਚਲੇ ਵਿਵੇਕ ਦਾ ਤੋੜ ਹੁੰਦੇ ਸਨ ਜਿਵੇਂ ਮਹਾਤਮਾ ਬੁੱਧ ਦੇ ਸੂਤਰ, ਲਾਓ ਸੂਅ 'ਦੇ ਤਾ ਤੇ ਚਿੰਗ' ਅਤੇ ਪਤੰਜਲੀ ਦੇ ਯੋਗ-ਸੂਤਰ ਹਨ। ਕਾਵਿ-ਅਨੁਵਾਦ ਅਤੇ ਖੋਜ ਸੂਤਰ ਰਾਜੇਸ਼ ਸ਼ਰਮਾ ਦੇ ਹੁਣ ਤੀਕ ਦੀ ਲੰਬੀ ਸਾਹਿਤਕ ਪੜ੍ਹਤ ਅਤੇ ਅੰਤਰ-ਯਾਤਰਾ ਦੀ ਉਪਜ ਹਨ।


ਲੇਖਕ ਕਾਵਿ-ਕ੍ਰਿਤ ਦੇ ਪਾਠ ਦੀ ਅਨੁਭੂਤੀ ਨੂੰ ਅਨੁਵਾਦ ਦੀ ਰੀੜ੍ਹ ਦੀ ਹੱਡੀ ਖਿਆਲਦਾ ਹੈ, ਅਨੁਵਾਦ ਦਾ ਪ੍ਰਭਾਵ-ਖੇਤਰ। ਉਸ ਦਾ ਆਖਣਾ ਹੈ ਕਿ ਅਨੁਵਾਦਕ ਦਾ ਆਪ ਰਚਨਾਕਾਰ, ਪਾਠਕ ਅਤੇ ਆਲੋਚਕ ਹੋਣਾ ਲਾਜ਼ਮੀ ਹੈ ਤਾਂ ਹੀ ਉਹ ਰਚਨਾ ਦੀ ਰੂਹ ਪਕੜ ਸਕਦਾ ਹੈ ਜਿਸ ਦਾ ਉਤਾਰਾ ਮਹਿਜ਼ ਉਲੱਥਾ ਨਾ ਹੋ ਕੇ ਪੁਨਰ-ਸਿਰਜਣ ਹੁੰਦਾ ਹੈ, ਜਿਹੜਾ ਰਚਨਾ ਦੀਆਂ ਕਮੀਆਂ, ਲੁਪਤ ਅਤੇ ਭਾਸ਼ਕ-ਸੰਭਾਵਨਾਵਾਂ, ਰਹੱਸਮਈ ਅੰਤਰ-ਦ੍ਰਿਸ਼ਟੀਆਂ ਅਤੇ ਪਰਾ-ਦਰਸ਼ਨੀ ਉਦਗਾਰਾਂ ਅਤੇ ਉਭਾਰਾਂ ਨੂੰ ਉਘਾੜਦੇ ਹਨ ਜਿਹੜੇ ਰਚਨਾ ਨੂੰ ਲੋੜੀਂਦਾ ਵਿਸਤਾਰ ਅਤੇ ਆਭਾ ਪ੍ਰਦਾਨ ਕਰਨ ਦੇ ਯੋਗ ਬਣਦੇ ਹਨ।

ਇਸੇ ਤਰ੍ਹਾਂ, ਖੋਜਾਰਥੀ ਅਨੁਵਾਦਕ ਵਾਂਗ ਹੀ ਵਿਸ਼ੇ ਦੀ ਰੂਹ ਨਾਲ ਜੁੜੇ ਹੁੰਦੇ ਹਨ। ਉਹ ਅਭਿਆਸ, ਵਸਤੂ, ਵਿਧੀ, ਸਵੈ ਦੀ ਸਹਿਜ ਸਾਧਨਾ, ਅਗਿਆਤ ਦੇ ਅਭਿਆਸ ਅਤੇ ਸਦਾਚਾਰਕ ਸੋਝੀ ਨਾਲ ਰਚਨਾ ਦੇ ਅਪ੍ਰਗਟ ਨੂੰ ਪਕੜਦੇ ਅਤੇ ਵਿਸਤਾਰਦੇ ਹਨ।

ਯਾਯਾਵਰੀ ਰਾਜਸ਼ੇਖਰ ਦਾ ਹਰ ਰਚਨਾ ਸੂਤਰ ਵੱਖਰੇ ਅਧਿਆਏ ਦੀ ਮੰਗ ਕਰਦਾ ਹੈ। ਰਚਨਾ ਸੂਤਰ ਵਿਚ ਅਭਿਆਸ ਅਤੇ ਸਮਾਧੀ, ਪ੍ਰਤਿਭਾ, ਅਭਿਆਸ, ਅਤੇ ਸਹਿਜ ਬੁੱਧੀ 'ਤੇ ਜ਼ੋਰ ਹੈ, ਜਿਹੜੇ ਰਚਨਾ ਲਈ ਜ਼ਰੂਰੀ ਹਨ। ਆਲੋਚਨਾ, ਆਲੋਚਨਾ ਬੁੱਧੀ ਦੇ ਤਿੰਨ ਰੂਪਾਂ ਸਿਮਰਤੀ, ਮਤੀ ਅਤੇ ਪ੍ਰਗਿਆ ਨਾਲ ਜੁੜੀ ਹੁੰਦੀ ਹੈ। ਸੋ ਇਹ ਇਨ੍ਹਾਂ ਤਿੰਨਾਂ ਰੂਪਾਂ ਦੇ ਅਭਿਆਸ ਦੀ ਮੰਗ ਕਰਦੀ ਹੈ। ਇੰਝ ਤੀਜਾ ਰੂਪ ਸੱਤ, ਚਿਤ, ਅਨੰਦ ਦੀ ਅਵਸਥਾ ਵਾਲਾ ਹੈ ਜਿਹੜਾ ਰਚਨ-ਪ੍ਰਕਿਰਿਆ ਲਈ ਸਰਬੋਤਮ ਹੈ। ਅੱਠ ਤਰ੍ਹਾਂ ਦੇ ਕਾਵਿ-ਕੌਸ਼ਲਾਂ ਦੀ ਗੱਲ ਵੀ ਉਠਾਈ ਗਈ ਹੈ ਜਿਹੜੇ ਰਚਨਾ ਦੀ ਲੁਪਤ ਅਤੇ ਸੁੱਤੀ ਸਮਰੱਥਾ ਦੀ ਪੜ੍ਹਤ ਜਗਾਉਂਦੇ ਹਨ ਆਦਿ। ਇਸੇ ਤਰ੍ਹਾਂ ਸਵੈ-ਚੇਤਨਾ ਦੀ ਯਾਤਰਾ ਵੀ ਆਲੋਚਕ ਲਈ ਜ਼ਰੂਰੀ ਹੈ ਜਿਸ ਰਾਹੀਂ "ਰਚਨਾ ਦੇ ਤੱਤ ਤੋਂ ਆਲੋਚਕ ਤੋਂ ਕਦੇ ਅਵੇਸਲਾ ਨਹੀਂ ਹੁੰਦਾ"।

ਪੁਸਤਕ ਦੇ ਦੂਜੇ ਭਾਗ ਵਿਚ ਅਜੋਕੇ ਸਾਹਿਤ ਅਤੇ ਪੰਜਾਬੀ ਸਾਹਿਤ ਨਾਲ ਜੁੜੇ ਤਾਕਤ, ਤੰਤਰ, ਚੇਤਨਾ, ਮਨੁੱਖੀ ਹਸਤੀ ਅਤੇ ਸਾਹਿਤਕ ਅਨੁਵਾਦ ਨਾਲ ਜੁੜੀਆਂ ਸਮੱਸਿਆਵਾਂ ਅਤੇ ਸਵਾਲਾਂ ਦੀ ਡੂੰਘਾਈ ਵਿਚ ਜਾਣ ਦੀ ਪ੍ਰਕਿਰਿਆ ਹੈ ਜਿਹੜੀ ਸਾਡਾ ਧਿਆਨ ਖਿੱਚਦੀ ਹੈ ਅਤੇ ਇਨ੍ਹਾਂ ਦੇ ਹੱਲ ਪ੍ਰਤੀ ਸੁਚੇਤ ਅਤੇ ਕਾਰਜਸ਼ੀਲ ਹੋਣ ਦੀ ਮੰਗ ਕਰਦੀ ਹੈ। 'ਵਿਸ਼ਵ ਸਾਹਿਤ ਵਿਚ ਪੰਜਾਬੀ ਸਾਹਿਤ ਦੀ ਥਾਂ ਅਤੇ ਰੁਤਬੇ ਦਾ ਸਵਾਲ' ਨਾਮਕ ਲੇਖ ਪ੍ਰੋ. ਰਾਜੇਸ਼ ਸ਼ਰਮਾ ਦੇ ਹਾਲ ਵਿਚ ਹੀ ਕੈਲੇਫੋਰਨੀਆ ਵਿਖੇ ਹੋਈ ਕਾਨਫਰੰਸ ਵਿਚ ਪੇਸ਼ ਕੀਤੇ ਪੇਪਰ ਦਾ ਉਤਾਰਾ ਹੈ। ਇਹ ਲੇਖ ਪੰਜਾਬੀ ਸਾਹਿਤ ਨੂੰ ਦਰਪੇਸ਼ ਉਨ੍ਹਾਂ ਸਵਾਲਾਂ ਅਤੇ ਉਨ੍ਹਾਂ ਦੇ ਉੱਤਰਾਂ ਦੀ ਨੇੜਲੀ ਖੋਜ ਹੈ ਜਿਹੜੇ ਪੰਜਾਬੀ ਸਾਹਿਤ ਨੂੰ ਪਹਿਲਾਂ "ਪੰਜਾਬੀ ਵਿਸ਼ਵ ਸਾਹਿਤ" ਅਤੇ ਆਖਰ ਵਿਚ "ਵਿਸ਼ਵ ਪੰਜਾਬੀ ਸਾਹਿਤ" ਵਲ ਲਿਜਾਣ ਵਿਚ ਸਹਾਇਕ ਹੋ ਸਕਦੇ ਹਨ।

ਪੰਜਾਬੀ ਵਿਚ ਆਲੋਚਨਾ ਬਹੁਤ ਹੱਦ ਤੀਕ ਪਰਜੀਵੀ ਰਹੀ ਹੈ ਜਿਹੜੀ ਪੱਛਮੀ ਸਾਹਿਤਕ ਆਲੋਚਨਾ ਪ੍ਰਣਾਲੀਆਂ ਦੀ ਮਹਿਜ਼ ਅੰਨ੍ਹੇਵਾਹ ਨਕਲ ਤੋਂ ਵੱਧ ਕੁਝ ਨਹੀਂ ਕਹਿੰਦੀ ਜਾਪਦੀ। ਉਸ ਦਾ ਮੱਤ ਹੈ ਕਿ ਅਸਲ ਵਿਚ ਲੇਖਕ ਹੀ ਸਾਹਿਤਕ ਰਸ ਵਾਲੀ ਆਲੋਚਨਾ ਰਚ ਸਕਦਾ ਹੈ। ਸੋ ਪੰਜਾਬੀ ਲੇਖਕ ਕੇਵਲ ਪ੍ਰਚੱਲਤ ਆਲੋਚਨਾਤਮਕ ਸਿੱਖਿਆਵਾਂ ਅਨੁਸਾਰ ਆਪਣੀ ਲਿਖਤ ਨੂੰ ਢਾਲ ਕੇ ਅੱਛੇ ਲੇਖਕ ਨਹੀਂ ਬਣ ਸਕਦੇ। ਦੂਜੇ ਪੰਜਾਬੀ ਸਾਹਿਤ ਦੀ ਤਰੱਕੀ ਦਾ ਰਾਹ ਅੰਤਰ-ਭਾਸ਼ੀ ਪੁਨਰ-ਸਿਰਜਣਿਕ ਅਨੁਵਾਦ ਦੇ ਰਾਹ ਤੋਂ ਹੀ ਹੋ ਕੇ ਜਾਂਦਾ ਹੈ, ਭਾਵ ਵਿਸ਼ਵ ਦੀਆਂ ਸ਼ਾਹਕਾਰ ਰਚਨਾਵਾਂ ਦੇ ਪੰਜਾਬੀ ਅਨੁਵਾਦ ਤੋਂ।




ਇਹ ਹੀ ਅਸਲ 'ਚ 'ਪੰਜਾਬੀ ਵਿਸ਼ਵ ਸਾਹਿਤ' ਦਾ ਰਾਹ ਹੈ। ਦੂਸਰੇ ਸਾਨੂੰ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿਚ ਰਚੇ ਪੰਜਾਬੀ ਖਿੱਤਿਆਂ ਅਤੇ ਸਪੇਸ ਦੀਆਂ ਪੰਜਾਬੀ ਜੜ੍ਹਾਂ ਵਾਲੇ ਸਭਿਆਚਾਰ ਵਿਚ ਭਿੱਜੇ ਸਾਹਿਤ ਨੂੰ ਵੀ ਪੰਜਾਬੀ ਸਾਹਿਤ ਸਮਝਣਾ ਹੋਵੇਗਾ। ਇਸੇ ਤਰ੍ਹਾਂ ਸ਼ਾਹਮੁਖੀ ਅਤੇ ਹਿੰਦੀ ਲਿਪੀ ਵਿਚ ਰਚੇ ਪੰਜਾਬੀ ਸਾਹਿਤ ਨੂੰ ਵੀ। ਅਸਲ ਮੁੱਦਾ ਤਾਂ ਅਨੁਵਾਦ ਰਾਹੀਂ ਪੰਜਾਬੀ ਵਾਤਾਵਰਣ ਦੀ ਸਿਰਜਣਾ ਅਤੇ ਉਤਾਰੇ ਦਾ ਹੈ।

ਇਸ ਯਾਤਰਾ ਦਾ ਅਗਲਾ ਪੜਾਅ ਹੈ, ਪੰਜਾਬੀ ਦੀਆਂ ਸ਼ਾਹਕਾਰ ਰਚਨਾਵਾਂ ਦਾ ਅੰਗਰੇਜ਼ੀ ਅਤੇ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ। ਕੁਝ ਨੁਕਤੇ ਜਿਵੇਂ ਕਿ ਇਹ ਸੁਝਾਅ ਕਿ ਭਾਸ਼ਾ ਨੂੰ ਸਟੈਂਡਰਡਾਇਜ਼ ਕਰਨਾ ਸਾਹਿਤ ਅਤੇ ਸਭਿਆਚਾਰ ਲਈ ਘਾਤਕ ਹੋ ਸਕਦਾ ਹੈ, ਅਤੇ ਇਹ ਵੀ ਕਿ ਯੂਨੀਵਰਸਿਟੀਆਂ ਨਾਲੋਂ ਕਾਹਵਾ-ਘਰ ਪੰਜਾਬੀ ਆਲੋਚਨਾ ਦੇ ਵੱਧ ਅਸਲ ਕੇਂਦਰ ਹੋ ਸਕਦੇ ਹਨ ਬਾਰੇ ਪਾਠਕਾਂ ਦੀਆਂ ਰਾਵਾਂ ਵੱਖਰੀਆਂ ਹੋ ਸਕਦੀਆਂ ਹਨ, ਪਰ ਇਨ੍ਹਾਂ ਵਿਚ ਲੁਕੇ ਅਸਲ ਸੁਨੇਹੇ ਨੂੰ ਪਕੜਣਾ ਜ਼ਰੂਰੀ ਹੈ।

'ਸਾਹਿਤ ਅਤੇ ਯੂਨੀਵਰਸਿਟੀ' ਵਿਚ ਲੇਖਕ ਨੇ ਕਾਰਪੋਰੇਟ ਵਰਤਾਰਿਆਂ ਦੇ ਸਿਖਿਆ ਕੇਂਦਰਾਂ ਵਿਚ ਅਸਿੱਧੇ ਦਖ਼ਲ ਦਾ ਪਰਦਾ ਫਾਸ਼ ਕੀਤਾ ਹੈ। ਇਕ ਦੋ ਵੱਖਰੇ ਲੇਖਾਂ ਵਿਚ ਬੰਦੇ ਨੂੰ ਵਸਤੂ ਬਣਾਉਣ ਦੇ ਨਵ-ਉਦਾਰਵਾਦੀ ਰੁਝਾਨਾਂ ਦੀ ਗੱਲ ਵੀ ਹੈ ਅਤੇ ਸਾਹਿਤ ਅਤੇ ਸਿੱਖਿਆ ਦੇ ਬਾਜ਼ਾਰੀਕਰਨ ਦੀ, ਅਤੇ ਇਸ ਲਈ ਡੀਗਲੋਬਲੀਕਰਨ ਦੀ ਲੋੜ ਦੀ। ਅਨੁਵਾਦ, ਚੇਤਨਾ, ਸਾਸ਼ਨ-ਤੰਤਰ ਨਾਲ ਜੁੜੇ ਮਸਲਿਆਂ ਨਾਲ ਜੁੜਦੇ ਲੇਖ ਤਾਂ ਇਕ ਤਰ੍ਹਾਂ ਨਾਲ ਇਸ ਪੁਸਤਕ ਦੀ ਜਿੰਦ-ਜਾਨ ਹਨ। ਜਿਵੇਂ 'ਅਨੁਵਾਦ ਕੀ, ਕਿਉਂ ਅਤੇ ਕਿਵੇਂ' ਵਿਚ ਸਭਿਆਚਾਰਕ ਅਨੁਵਾਦ ਸੰਬੰਧੀ ਮਸਲਿਆਂ ਨੂੰ ਵਾਚਿਆ ਅਤੇ ਇਨ੍ਹਾਂ ਦੇ ਹੱਲ ਵੱਲ ਇਸ਼ਾਰਾ ਹੈ ਜਿਹੜਾ ਸਭਿਆਚਾਰਕ ਵਸਤਾਂ ਨੂੰ ਉਚਿਤ ਟਿਪਣੀਆਂ ਰਾਹੀਂ ਢੁਕਵੇਂ ਸ਼ਬਦਾਂ ਵਿਚ ਅਨੁਵਾਦਤ ਕਰਨਾ ਹੈ ਜਿਵੇਂ ਅੰਗਰੇਜ਼ੀ ਵਿਚ ਅਨੁਵਾਦ ਲਈ ਪਰਮੇਸ਼ਰ ਦਾ ਗਾਡ ਵਿਚ ਅਨੁਵਾਦ ਕਰਨਾ ਅਤੇ ਸਾਹਿਤਕ ਕਿਰਤਾਂ ਵਿਚ ਇਹ ਧਿਆਨ ਰੱਖਣਾ ਕਿ ਪਾਤਰਾਂ ਦੀ ਏਜੰਸੀ ਕਿਸ ਕੋਲ ਹੈ ਆਦਿ।

ਇਕ ਹੋਰ ਲੇਖ ਵਿਚ ਉਹ ਉੱਤਰ-ਆਧੁਨਿਕਤਾ ਨੂੰ ਯਥਾਰਥ ਦੇ ਚਿਤਰਨ ਅਤੇ ਇਸ ਦਾ ਸੁਭਾਅ ਅਤੇ ਪੜ੍ਹਤ ਉਘਾੜਨ ਲਈ ਸਲਾਹੁੰਦੇ ਹਨ। 'ਕੌਰਵਾਂ ਦੀ ਹਾਰ ਤਾਂ ਪਹਿਲਾਂ ਹੀ ਤੈਅ ਸੀ ਵਾਲੇ ਲੇਖ ਵਿਚ ਰਾਜੇਸ਼ ਸ਼ਰਮਾ ਨੇ ਮਹਾਂ-ਕਵੀ ਮਹਾਂ-ਰਿਸ਼ੀ ਵਿਆਸ ਕੌਰਵਾਂ ਦੇ ਪਹਿਲਾਂ ਹੀ ਹਰਨ ਦੇ ਕਾਰਨਾਂ ਦਾ ਰੌਚਕ ਵੇਰਵਾ ਪੇਸ਼ ਕੀਤਾ ਹੈ ਅਤੇ ਇਸੇ ਤਰ੍ਹਾਂ 'ਰਾਜਾ ਤੇ ਉਸ ਦਾ ਰਾਜ ਧਰਮ' ਵਿਚ ਰਾਜੇ ਦੇ ਅਸਲ ਗੁਣਾਂ ਦੀ ਜ਼ਰੂਰਤ ਵੱਲ ਇਸ਼ਾਰਾ ਕੀਤਾ ਹੈ ਜਿਹੜੇ ਗੁਣ ਅੱਜ ਦੇ ਤਾਨਾਸ਼ਾਹੀ ਸ਼ਾਸਕਾਂ ਅਤੇ ਲੋਕਰਾਜੀ ਤੰਤਰਾਂ ਦੇ ਤਾਕਤ-ਪਸੰਦ ਹਾਕਮਾਂ ਪਾਸ ਵੀ ਹੋਣੇ ਜ਼ਰੂਰੀ ਹਨ।

ਪੁਸਤਕ ਦੇ ਤੀਜੇ ਭਾਗ ਵਿਚ ਸਾਹਿਤ-ਸਿਰਜਣਾ, ਸਾਹਿਤ-ਪਾਠ, ਆਲੋਚਨਾ, ਕਿਤਾਬਾਂ ਬਾਰੇ ਬਹੁਤ ਸੂਝਵਾਨ ਟਿੱਪਣੀਆਂ ਹਨ 'ਸਭਿਆਚਾਰ ਦੀ ਜ਼ਮੀਰ ਦੀ ਬੁੜਬੁੜ-ਗੁਰਬਚਨ' ਵਿਚ ਗੁਰਬਚਨ ਦੀ ਵਾਰਤਕੀ ਲਿਖਤ ਦੀ ਪ੍ਰਸ਼ੰਸਾ ਦੇ ਨਾਲ ਇਨ੍ਹਾਂ ਵਿਚ ਉਠਾਏ ਮੁੱਦਿਆਂ ਅਤੇ ਲੋੜਾਂ ਦਾ ਉਲੇਖ ਹੈ, ਜਿਹੜੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਲੋੜੀਂਦੇ ਹਨ। 'ਸਾਹਿਤ ਚੇਤਨਾ ਅਤੇ ਸ਼ਾਸ਼ਨ ਤੰਤਰ' ਵਿਚ ਸਾਹਿਤ ਦੀ ਤਾਕਤ ਦੀ ਗੱਲ ਕਰਦਿਆਂ ਰਾਜੇਸ਼ ਸ਼ਰਮਾ ਦਾ ਆਖਣਾ ਹੈ "ਹੈਰਾਨੀ ਦੀ ਗੱਲ ਨਹੀਂ ਕਿ ਨਿਰੰਕੁਸ਼ ਸ਼ਾਸ਼ਨ-ਤੰਤਰ ਤਕਨਾਲੋਜੀ ਤੋਂ ਨਹੀਂ ਡਰਦਾ, ਪਰ ਸਾਹਿਤ ਤੋਂ ਡਰਦਾ ਹੈ"।; 'ਤਾਕਤ ਦਾ ਤੰਤਰ ਅਤੇ ਕਾਫ਼ਕਾ ਦਾ ਮੁਕੱਦਮਾ' ਵਿਚ ਕਾਫਕਾ ਅਤੇ ਫੂਕੋ ਦੀਆਂ ਲਿਖਤਾਂ ਵਿਚ ਕਾਨੂੰਨ ਦੀ ਅੰਨ੍ਹੀ ਤੰਤਰੀ ਤਾਕਤ ਬਾਰੇ ਗੱਲ ਤੋਰੀ ਹੈ। ਲੇਖਕ ਦੇ ਸ਼ਬਦਾਂ ਵਿਚ, "ਫੂਕੋ ਤੋਂ ਕਿਤੇ ਪਹਿਲਾਂ ਕਾਫ਼ਕਾ ਨੇ ਤਾਕਤ ਨੂੰ ਬਹੁ-ਰੂਪੀ ਅਤੇ ਬਹੁਪਰਤੀ ਵਜੋਂ ਜਾਣਿਆ ਅਤੇ ਤਾਕਤ ਦੀ ਸੂਖ਼ਮ ਵਿਆਪਕਤਾ ਅਤੇ ਖ਼ੌਫਨਾਕਤਾ ਨੂੰ ਲਫ਼ਜ਼ਾਂ ਦੀ ਰੌਸ਼ਨੀ ਵਿਚ ਪਕੜਿਆ ਪਰ ਫੂਕੋ ਦੇ ਸੰਸਾਰ ਵਿਚ ਤਾਕਤ ਦਾ ਉਹ ਭਿਆਨਕ ਤਾਂਡਵ ਨਹੀਂ ਸੀ ਜਿਸ ਦਾ ਕਹਿਰ ਕਾਫ਼ਕਾ ਨੇ ਹੰਢਾਇਆ...। ਇਸੇ ਲੇਖ ਦੇ ਇਕ ਹੋਰ ਥਾਂ ਅੰਕਤ ਹੈ, "ਡਾਇਲੈਕਟਿਕਲ ਚਿੰਤਨ ਅਭਿਆਸ ਅਤੇ ਸਮਾਂ ਮੰਗਦਾ ਹੈ, ਤਾਕਤ ਦਾ ਤੰਤਰ ਸਮਾਂ ਨਹੀਂ ਸਜ਼ਾ ਦਿੰਦਾ ਹੈ"। 'ਲਿਖਣਾ ਸਿਰਜਣਾ' ਵਿਚ ਸਿਰਜਣਾ ਨੂੰ ਗਿਫਟ ਆਖਿਆ ਗਿਆ ਹੈ ਜਿਹੜਾ 'ਦਿੱਤਾ ਜਾਂਦਾ ਹੈ ਅਤੇ ਅਸੀਂ ਲੈ ਲੈਂਦੇ ਹਾਂ। ਤੁਹਫ਼ਾ ਉਦੋਂ ਤੀਕ ਸੰਪੂਰਣ ਨਹੀਂ ਹੁੰਦਾ ਜਦੋਂ ਤੀਕ ਇਸ ਨੂੰ ਅੱਗੇ ਨਾ ਦਿੱਤਾ ਜਾਵੇ ਇਸ ਲਈ ਸਿਰਜਣਾ ਲਈ ਨਹੀਂ ਜਾਂਦੀ ਕਮਾਈ ਜਾਂਦੀ ਹੈ ਅਤੇ ਅਸੀਂ ਉਸ ਦੇ ਮਾਲਕ ਨਹੀਂ ਬਣਦੇ। ਉਸ ਨਾਲ ਬਸ ਸਫਰ ਕਰਦੇ ਹਾਂ, ਤੇ ਉਸ ਨੂੰ ਅੱਗੇ ਦੇ ਦਿੰਦੇ ਹਾਂ'।

'ਸਿਰਜਣਾ ਦੇ ਖੁੱਲ੍ਹੇ ਰਹੱਸ' ਵਿਚ ਸਟਾਇਲ ਨੂੰ ਰਚਨਾ ਦੀ ਪ੍ਰਮਾਣਿਕਤਾ ਦੀ ਕਸਵੱਟੀ ਕਿਹਾ ਗਿਆ ਹੈ। ਇਹ ਵੀ ਕਿ "ਦ੍ਰਿਸ਼ਟਾ ਆਲੋਚਕ ਦ੍ਰਿਸ਼ਟਾ ਨੂੰ ਵੇਖਣ ਤੀਕ ਸੀਮਤ ਨਹੀਂ ਰਹਿੰਦਾ। ਰਚਨਾ ਦੀ ਹੋਂਦ ਵਿਚ ਪ੍ਰਵੇਸ਼ ਕਰਦਾ ਹੈ। ਉਸ ਦਾ ਦੇਖਣਾ ਹੋਣਾ ਹੋ ਜਾਂਦਾ ਹੈ"। ਪਾਤੰਜਲੀ ਅਨੁਸਾਰ ਅਭਿਆਸ, ਸ਼ਰਧਾ ਅਤੇ ਵੈਰਾਗ ਰਚਨਾ ਸਾਧਨਾ ਦੇ ਗੁਣ ਹਨ।

ਪੁਸਤਕ ਦਾ ਹਰ ਪੈਰ੍ਹਾ ਨਵੀਂ ਅਨੁਭੂਤੀ ਦਿੰਦਾ ਹੈ, ਇਕ ਨਵੇਰਾ ਪੱਖ ਜਿਵੇਂ, 'ਨਿੱਜ ਅਤੇ ਪਰ ਨੂੰ ਨਿਖੇੜਣਾ ਅਸੰਭਵ ਹੈ। ਕਲਾ ਦੀ ਸਿਰਜਣਾ ਕਰੋਗੇ ਤਾਂ ਸਵੈ ਦੀ ਸਿਰਜਣਾ ਵੀ ਹੋਵੇਗੀ।' ਇਸ ਤਰ੍ਹਾਂ ਇਸ ਭਾਗ ਦੇ ਹੋਰਨਾਂ ਲੇਖਾਂ ਵਿਚ ਵੀ ਰਚਨਾ ਅਤੇ ਸਿਰਜਣਾ ਨੂੰ ਲੈ ਕੇ ਬਹੁਤ ਗੰਭੀਰ ਮੁੱਦੇ ਛੂਹੇ ਗਏ ਹਨ ਜਿਨ੍ਹਾਂ ਦੀ ਡੂੰਘਾਈ ਵਿਚ ਮੇਰੀ ਨਜ਼ਰ ਵਿਚ ਅਜੇ ਤੀਕ ਕੋਈ ਪੰਜਾਬੀ ਆਲੋਚਕ ਨਹੀਂ ਗਿਆ ਜਾਪਦਾ। 'ਮੇਰੇ ਨਾਲ ਫਰਿਸ਼ਤੇ ਨੱਚਣ' ਵਿਚ ਕਲਾਕਾਰ ਅਤੇ ਬੁੱਤ-ਤਰਾਸ਼, ਕੈਂਟ ਨਟਬਰਗ, ਦੀ ਕਲਾ ਬਾਰੇ ਲਿਖੇ ਸਵੈ-ਜੀਵਨੀ ਦੀ ਤਰਜ਼ ਵਾਲੇ ਤੀਹ ਸਾਲਾ ਤਜਰਬਿਆਂ ਦਾ ਭਾਵਪੂਰਤ ਜ਼ਿਕਰ ਹੈ ਜਿਸ ਵਿਚ ਹੋਰ ਕਈ ਕਲਾਕਾਰਾਂ ਦੇ ਚਿਹਰੇ ਦਿਸਦੇ ਹਨ। 'ਪਾਠਕ ਤੁਹਾਨੂੰ ਕਿਉਂ ਪੜ੍ਹੇ?' ਵਿਚ ਚੰਗੀ ਲਿਖਤ ਦੇ ਚਿਹਨ-ਚੱਕਰ ਉਲੇਖੇ ਹਨ, ਜਿਵੇਂ ਕਿ "ਜੇ ਕੋਈ ਅਨੁਵਾਦ ਅਸਲ ਲਿਖਤ ਹੀ ਲੱਗੇ ਤਾਂ ਉਹ ਮਾੜਾ ਹੁੰਦਾ ਹੈ।" ਭਾਵੇਂ ਇਹ ਗੱਲ ਪਹਿਲੀ ਨਜ਼ਰੇ ਸਾਨੂੰ ਗਲਤ ਵੀ ਜਾਪੇ ਪਰ ਅਸਲ ਵਿਚ ਲੇਖਕ ਅਨੁਸਾਰ ਅਨੁਵਾਦ ਵਿਚ ਦੂਜੀ ਭਾਸ਼ਾ ਦੀ ਜਾਗ ਲਗਣੀ ਵੀ ਚਾਹੀਦੀ ਹੈ ਜਿਸ ਨਾਲ ਉਸਦਾ 'ਅਜਨਬੀਕਰਨ' ਹੁੰਦਾ ਹੈ"।

'ਯੁਵਾ ਪੰਜਾਬੀ ਲੇਖਕ' ਲੇਖ ਕਹਿੰਦਾ ਹੈ ਕਿ ਕਿਸੇ ਯੁਵਾ ਲੇਖਕਾਂ ਦਾ 'ਆਲੋਚਕ ਹੋਣ ਦਾ ਭਾਵ ਆਪਣੀ ਜ਼ਿੰਮੇਵਾਰੀ ਨੂੰ ਇੰਨਸਾਨੀ ਨਸ਼ਵਰਤਾ ਦੀ ਪ੍ਰਚੰਡ ਚੇਤਨਤਾ ਵਿਚ ਜੀਣਾ ਹੈ, ਵਰਤਮਾਨ ਨੂੰ ਇਤਿਹਾਸ ਦੇ ਹਿੱਸੇ ਵਜੋਂ ਜੀਣਾ"।

ਪੁਸਤਕ ਦੇ ਆਖਰੀ ਭਾਗ ਵਿਚ ਕੁਝ ਮਹੱਤਵਪੂਰਨ ਪੁਸਤਕਾਂ ਦੇ ਰਿਵਿਊ-ਲੇਖ ਹਨ। 'ਦੱਸ ਮਾਂ, ਕਹਾਣੀ ਕਿਵੇਂ ਮੁੱਕਦੀ ਹੈ?' ਵਿਚ ਵੁਲੇਰੀਆ ਲੁਈਸੈਲੀ ਦਾ ਪੁਸਤਕਨੁਮਾ ਲੇਖ ਹੈ। ਉਹ ਅਮਰੀਕਾ ਦੇ ਨਿਊ-ਯਾਰਕ ਸ਼ਹਿਰ ਦੇ ਇਮੀਗਰੈਂਟ ਦਫਤਰ ਵਿਚ ਦੁਭਾਸ਼ੀਆ ਹੈ ਜਿਹੜੀ ਆਪ ਵੀ ਕਦੇ ਬਦੇਸ਼ੀ ਸੀ। ਉਹ ਮੈਕਸੀਕੋ ਦੇ ਨਾਲ ਲਗਦੀ ਅਮਰੀਕੀ ਸਰਹੱਦ ਤੋਂ ਪਾਰ ਆਏ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਰਜ ਕਰ ਰਹੀ ਹੈ। ਇਹ ਬੱਚੇ 'ਮਹਾਨ ਅਮਰੀਕਨ ਸੁਪਨੇ' ਦੀ ਭਾਲ ਵਿਚ ਇੱਥੇ ਨਹੀਂ ਸਨ ਆਏ। ਉਹ ਤਾਂ ਬਸ ਉਸ ਖ਼ੌਫਨਾਕ ਸੁਪਨੇ ਤੋਂ ਬਾਹਰ ਆਉਣਾ ਚਾਹੁੰਦੇ ਸਨ ਜਿਸ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ ਅਤੇ ਜਿਸ ਵਿਚ ਉਹ ਹੁਣ ਤੀਕ ਰਹਿ ਰਹੇ ਸਨ। ਉਹ ਆਖਦੀ ਹੈ ਕਿ ਅਜਿਹੀ ਹਜ਼ਰਤ ਵਿਚ ਹਜ਼ਾਰਾਂ ਜਾਨਾਂ ਮਰ ਖਪ ਗਈਆਂ, ਬਲਾਤਕਾਰ ਦਾ ਸ਼ਿਕਾਰ ਹੋਈਆਂ। ਲੇਖਕ ਉਨ੍ਹਾਂ ਦੇ ਅੰਕੜੇ ਇਕੱਠੇ ਕਰਦੀ ਅਤੇ ਉਨ੍ਹਾਂ ਦੀਆਂ ਦਰਦਨਾਕ ਕਹਾਣੀਆਂ ਸਾਂਝੀਆਂ ਕਰਦੀ ਹੈ। ਉਸ ਦੀ ਇਹ ਘਾਲਣਾ ਮਹੱਤਵੀ ਹੈ। ਇਕ ਹੋਰ ਲੇਖ ਵਿਚ ਮੈਥੀਅਸ ਐਨਾਅ ਆਪਣੇ ਨਾਵਲ ਵਿਚ ਮਾਈਸੀਕਲ ਐਂਜਲੋ ਦੀ ਕਲਾ ਦਾ ਜ਼ਿਕਰ ਕਰਦਾ ਹੈ, ਖਾਸ ਕਰਕੇ ਉਸ ਦੇ ਇਸਤਾਂਬੁਲ ਦੇ ਹਾਕਮ ਦੇ ਆਖਣ 'ਤੇ ਉਸ ਦੇਸ਼ ਲਈ ਇਕ ਖ਼ੂਬਸੂਰਤ ਪੁਲ ਦਾ ਡੀਜ਼ਾਇਨ ਬਣਾਉਣ ਦਾ ਅਤੇ ਮੋਨਾ ਲੀਜ਼ਾ ਦੀ ਮੁਸਕਰਾਹਟ ਦਾ ਸੱਚ ਵਿਖਾਉਣ ਲਈ ਵੀਹ ਸਾਲ ਬਾਅਦ ਉਸ ਦੀ ਧੌਣ ਨੂੰ ਦੁਬਾਰਾ ਪੇਂਟ ਕਰਨ ਦਾ ਸਵਾਦਲਾ ਜ਼ਿਕਰ। ਇਹ ਇਸ ਪੁਸਤਕ ਦੀ ਇਕ ਹੋਰ ਸਵਾਦਲੀ ਵਿਸ਼ੇਸ਼ਤਾ ਹੈ।

'ਕਵਿਤਾ ਵਿਚ 1984' ਨਾਮਕ ਲੇਖ ਵਿਚ ਅਮਰਜੀਤ ਚੰਦਨ ਦੀ ਸੰਪਾਦਿਤ ਪੁਸਤਕ 'ਉਨੀ ਸੌ ਚੁਰਾਸੀ' ਵਿਚਲੇ ਚੰਦਨ ਦੇ ਲੇਖਾਂ ਅਤੇ ਹਰਿਭਜਨ ਸਿੰਘ ਦੀਆਂ 1984 ਦੀ ਤਰਾਸਦੀ ਬਾਰੇ ਲਿਖੀਆਂ ਕਵਿਤਾਵਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚ ਹਰਿਭਜਨ ਸਿੰਘ ਦੀ ਕਾਵਿ-ਯਾਤਨਾ ਕਈ ਸਵੱਰਾਂ ਵਿਚ ਬੋਲਦੀ ਹੈ, ਕਦੇ ਔਰਤ ਅਤੇ ਮਾਂ ਬਣ ਕੇ, ਕਦੇ ਘਰ ਹੁੰਦਿਆਂ ਵੀ ਬੇਘਰੇ ਹੋਣ ਦੇ ਅਹਿਸਾਸ ਨਾਲ ਭਰੀ ਅਤੇ ਕਦੇ ਵਤਨ ਹੁੰਦਿਆਂ ਵੀ ਬੇਵਤਨੀ ਦੇ ਅਹਿਸਾਸ ਵਿਚ ਡੁੱਬ ਕੇ। ਉਹ ਲਿਖਦਾ ਹੈ:

'ਇਹ ਫੌਜਾਂ ਕੌਣ ਦੇਸ਼ ਤੋਂ ਆਈਆਂ... ਬੇਵਤਨ ਹੋ ਜਾਣ ਦਾ ਦੁੱਖ ਸੀ, ਜੀ ਲਿਆ ਦੁੱਖ ਜ਼ਰ ਲਿਆ...

'ਸਾਡੇ ਸ਼ਹਿਰ ਮਹੱਲੇ ਵਿਚ ਕੀ ਹੋਇਆ, ਆਪਣਾ ਸੀ ਜੋ ਵਾਂਗ ਪਰਾਇਆ ਮੋਇਆ'

ਆਦਮੀ ਸੀ ਜਾਂ ਕਿਰਾਏ ਦਾ ਮਕਾਨ, ਕਿਸ ਤਰ੍ਹਾਂ ਉਹ ਖ਼ੁਦ ਨੂੰ ਖਾਲੀ ਕਰ ਗਿਆ

'ਇਕੱਲਿਆਂ ਦਾ ਕਾਫਲਾ' ਅਮਰਜੀਤ ਚੰਦਨ ਦੀ ਸੰਪਾਦਿਤ ਪੰਜਾਬੀ ਕਵੀਆਂ ਦੀਆਂ ਪ੍ਰੇਮ ਕਵਿਤਾਵਾਂ ਦੀ ਪੁਸਤਕ, 'ਕੰਚਨ ਕਾਇਆ' ਬਾਰੇ ਹੈ। ਇਸ ਸੰਬੰਧ ਵਿਚ ਕਈ ਮਹੱਤਵਪੂਰਨ ਨੁਕਤੇ ਉਠਾਏ ਗਏ ਹਨ ਜਿਵੇਂ ਕਿ ਦੋਹਾਂ ਪੰਜਾਬਾਂ ਦੇ 73 ਕਵੀਆਂ ਦੇ ਰੰਗ ਕੁਲ ਮਿਲਾ ਕੇ ਸੀਮਤ ਹੀ ਹਨ। ਦੂਜੇ ਇਨ੍ਹਾਂ ਵਿਚ ਦੇਹ ਦੀ ਗੰਧ ਨਹੀਂ ਹੈ। ਬੌਦਲੇਅਰ ਵਾਂਗ ਪ੍ਰੇਮ ਦੇ ਕੋਝੇ ਫੁੱਲ ਅਤੇ ਪੁਸ਼ਕਿਨ ਦਾ ਹੁਸੀਨ ਲੱਚਰਪੁਣਾ ਅਤੇ ਦੇਹ-ਦਰਸ਼ਨ ਵੀ ਨਹੀਂ ਹਨ। ਲੇਖਕ ਨੂੰ ਇਨ੍ਹਾਂ ਕਵਿਤਾਵਾਂ ਵਿਚ ਵਰਜਿਤ ਪ੍ਰੇਮ ਵੀ ਕਿਤੇ ਕਿਤੇ ਦਿਸਦਾ ਹੈ ਜਿਵੇਂ ਪੂਰਨ ਸਿੰਘ, ਸ਼ਿਵ ਕੁਮਾਰ ਅਤੇ ਸੁਖਚੈਨ ਮਿਸਤਰੀ ਦੀਆਂ ਕਵਿਤਾਵਾਂ ਵਿਚ। ਇਵੇਂ ਹੀ ਪਿਆਰ ਵਿਚ ਪਾਰਗਮਨ ਦੇ ਅਨੁਭਵ ਵਿਚੋਂ ਸਿਰਫ ਭਾਈ ਵੀਰ ਸਿੰਘ, ਜਸਵੰਤ ਸਿੰਘ ਨੇਕੀ ਅਤੇ ਸੋਹਣ ਕਾਦਰੀ ਹੀ ਆਪਣੀਆਂ ਕਵਿਤਾਵਾਂ ਵਿਚ ਲੰਘਦੇ ਹਨ।

ਇਸ ਪੁਸਤਕ ਦੇ ਸਮੁੱਚੇ ਮੁਲਾਂਕਣ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਗੁਣ ਹੀ ਗੁਣ ਹਨ, ਘਾਟਾਂ, ਵਿਰੋਧਤਾਵਾਂ ਵਰਗਾ ਕੋਸ਼ਿਸ਼ ਕੀਤਿਆਂ ਵੀ ਬਹੁਤਾ ਕੁਝ ਨਹੀਂ ਲਭਿਆ ਜਾ ਸਕਦਾ ਪਰ ਫਿਰ ਵੀ ਕੁਝ ਨੁਕਤੇ ਮਹਿਜ਼ ਚੁੰਝ-ਚਰਚਾ ਵਜੋਂ ਇਹ ਹੋ ਸਕਦੇ ਹਨ ਕਿ ਲੇਖਕ ਨੇ ਪੰਜਾਬੀ ਵਿਚ ਵਿਸ਼ਵ ਸ਼ਾਹਕਾਰ ਰਚਨਾਵਾਂ ਦੇ ਉਪਲਬਧ ਅਨੁਵਾਦਾਂ ਨੂੰ ਪੂਰੀ ਤਰ੍ਹਾਂ ਨਹੀਂ ਗੌਲਿਆ ਜਾਪਦਾ ਕਿਉਂਕਿ ਘਟੋ ਘੱਟ ਰੂਸੀ ਸਾਹਿਤ ਦੇ ਅਨੁਵਾਦਾਂ ਦਾ ਤਾਂ ਪੰਜਾਬੀ ਵਿਚ ਬਹੁਤ ਬੋਲਬਾਲਾ ਰਿਹਾ ਹੈ ਅਤੇ ਕਿਸੇ ਹੱਦ ਤੀਕ ਹੋਰਨਾਂ ਭਾਸ਼ਾਵਾਂ ਦੀਆਂ ਬਹੁਤ ਸਾਰੀਆਂ ਸ਼ਾਹਕਾਰ ਰਚਨਾਵਾਂ ਦਾ ਵੀ। ਹਾਂ ਇਨ੍ਹਾਂ ਅਨੁਵਾਦਾਂ ਵਿਚ ਕੁਝ ਊਣਤਾਵਾਂ ਤਾਂ ਅਵੱਸ਼ ਹੀ ਹੋਣਗੀਆਂ ਕਿਉਂਕਿ ਇਸ ਬੰਨ੍ਹੇ ਬਹੁਤਾ ਕੰਮ ਪੰਜਾਬੀ ਅਨੁਵਾਦਕਾਂ ਨੇ ਜਾਤੀ ਪੱਧਰ 'ਤੇ ਹੀ ਕੀਤਾ ਹੈ। ਦੂਜੇ ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਦਾ ਜਿਵੇਂ ਕਿ ਕਵਿਤਾ, ਨਾਵਲ, ਕਹਾਣੀ, ਨਿਬੰਧ ਅਤੇ ਨਾਟਕ ਦਾ ਜ਼ਿਕਰ ਵੀ ਕੁਝ ਹੋਰ ਵਿਸਤਾਰ ਲੈ ਸਕਦਾ ਸੀ।

ਕੁੱਲ ਮਿਲਾ ਕੇ 'ਸਾਹਿਤ ਸ਼ਬਦ ਸੰਸਾਰ' ਪੰਜਾਬੀ ਸਾਹਿਤ ਦੀ ਹੀ ਨਹੀਂ ਸਮੁੱਚੇ ਸਾਹਿਤ ਦੀ ਸਿਧਾਂਤਕ ਅਤੇ ਉੱਚ ਪੱਧਰੀ, ਵੱਖਰੀ ਨੁਹਾਰ ਅਤੇ ਪਛਾਣ ਵਾਲੀ ਪੁਸਤਕ ਹੈ ਜਿਸ ਦਾ ਹਰੇਕ ਸ਼ਬਦ ਅਤੇ ਵਾਕ ਆਪਣੇ ਵਿਲੱਖਣ ਕਾਵਿ-ਅੰਦਾਜ਼ ਅਤੇ ਡੂੰਘੇ ਅਨੁਭਵ ਅਤੇ ਨਿਵੇਕਲੇ ਉਚਾਰ ਅਤੇ ਲਿਖਣ-ਸ਼ੈਲੀ ਲਈ ਲੰਮੇ ਸਮੇਂ ਲਈ ਪੰਜਾਬੀ ਸਾਹਿਤ ਚੇਤਨਾ ਵਿਚ ਸਫ਼ਰ ਕਰਦਾ ਰਹੇਗਾ।

## ਨੈਣ-ਨਕਸ਼

ਲੱਗਦਾ ਤੇਰੇ ਕੋਲੋਂ ਲੈ ਕੇ,
ਚਾਨਣੀ ਚੰਨ ਖਿਲਾਰ ਰਿਹਾ ਹੈ।
ਰੂਪ ਤੇਰੇ ਦੀ ਚਰਚਾ ਦੇ ਵਿਚ,
ਹਰ ਇੱਕ ਗਰਮ ਬਜ਼ਾਰ ਰਿਹਾ ਹੈ।
ਐਨੇ ਸੋਹਣੇ ਨੈਣ-ਨਕਸ਼ ਕਿੰਝ
ਰੱਬ ਬਣਾਏ ਹੋਵਣਗੇ,
ਸੋਚਾਂ ਦੇ ਵਿਚ ਡੁੱਬਿਆ ਹਰ ਕੋਈ,
ਇਹੋ ਗੱਲ ਵਿਚਾਰ ਰਿਹਾ ਹੈ।
ਪਰੀਆਂ ਹੁੰਦੀਆਂ ਸੋਹਣੀਆਂ ਇਹ ਤਾਂ,
ਕਦੇ ਕਿਸੇ ਨੇ ਵੇਖੀਆਂ ਨਾ,
ਪਰੀ ਸਮਝ ਕੇ ਤੈਨੂੰ ਸੱਜਣਾ
ਹਰ ਇੱਕ ਸ਼ਖ਼ਸ ਨਿਹਾਰ ਰਿਹਾ ਹੈ।
ਤੈਨੂੰ ਪਾਵਣ ਦੇ ਲਈ ਸਾਰੇ
ਤਰਲੋ ਮੱਛੀ ਹੁੰਦੇ ਨੇ,
ਮੇਰੀ ਹੋ ਜਾਏ ਮੇਰੀ ਹੋ ਜਾਏ,
ਹਰ ਕੋਈ ਲਾ ਗੁਹਾਰ ਰਿਹਾ ਹੈ।
ਦੁਨੀਆਂ ਜਿੱਤਣ ਦੇ ਲਈ ਭਾਵੇਂ,
ਬਣਿਆ ਕੋਈ ਸਿਕੰਦਰ ਏ,
ਤੇਰੇ ਅੱਗੇ ਆ ਕੇ ਖ਼ੁਦ ਹੀ,
ਸਾਰਾ ਕੁੱਝ ਉਹ ਹਾਰ ਰਿਹਾ ਹੈ।
ਤੇਰੇ ਬਾਝੋਂ ਜੀਣਾ ਮੁਮਕਿਨ,
ਹੋ ਗਿਆ ਹੁਣ ਤਾਂ ਲੱਗਦਾ ਏ,
ਨਾਂ ਤੇਰੇ ਦੀ ਤਾਂਹੀਉਂ 'ਨਾਗਰਾ'
ਆਰਤੀ ਨਿੱਤ ਉਤਾਰ ਰਿਹਾ ਹੈ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*
*ਫੋਨ: +1-360-448-1989*

# ਉੱਤਰੀ ਕੋਰੀਆ ਦਾ ਐਟਮ ਬੰਬ ਓਮ ਯੁਨ-ਚੋਲ


## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com


ਉੱਤਰੀ ਕੋਰੀਆ ਦਾ ਵਿਸ਼ਵ ਜੇਤੂ ਵੇਟਲਿਫਟਰ ਓਮ ਯੁਨ-ਚੋਲ ਤੇਤੀ ਸਾਲਾਂ ਦਾ ਹੋ ਗਿਐ। ਉਸ ਦਾ ਜਨਮ 1991 ਵਿਚ ਹੋਇਆ ਸੀ। ਹੁਣ ਉਹ ਸਰਗਰਮ ਭਾਰਚੁਕਾਵਾ ਨਹੀਂ ਰਿਹਾ ਸਗੋਂ ਕੋਚ ਬਣ ਗਿਆ ਹੋਇਐ। ਵੇਖਣ ਨੂੰ ਉਹ ਓਨਾ ਨਹੀਂ ਸੀ ਲੱਗਦਾ ਜਿੰਨਾ ਹੈਗਾ। ਕੱਦ ਕਾਠ ਵੱਲੋਂ ਗਿਠਮੁਠੀਆ ਜਿਹਾ ਜਾਪਦਾ ਸੀ ਪਰ ਸੀ ਤਾਕਤ ਦਾ ਐਟਮ ਬੰਬ। ਉਹਦਾ ਕੱਦ 5 ਫੁੱਟ ਤੇ ਭਾਰ ਸਿਰਫ 56 ਕਿਲੋ ਸੀ। ਏਡੇ ਕੁ ਕੱਦ ਵਾਲੇ ਬੰਦੇ ਨੂੰ ਆਮ ਬੰਦੇ, ਬੰਦਾ ਹੀ ਨਹੀਂ ਸਮਝਦੇ। ਪਰ ਜਦੋਂ ਉਹ ਏਸ਼ਿਆਈ ਖੇਡਾਂ, ਓਲੰਪਿਕ ਖੇਡਾਂ ਤੇ ਵਿਸ਼ਵ ਚੈਂਪੀਅਨਸ਼ਿਪਾਂ ਦੇ ਮੈਡਲ ਜਿੱਤਦਾ ਸੀ ਤਾਂ ਉਹ ਬੰਦਾ ਕਾਹਦਾ, ਬਲਾਅ ਲੱਗਦਾ ਸੀ। 171 ਕਿਲੋ ਤੱਕ ਦੇ ਭਾਰੇ ਵਜ਼ਨ ਹੇਠ ਜੈਕ ਵਾਂਗ ਲੱਗ ਜਾਂਦਾ ਸੀ। 2012 ਤੋਂ 2018 ਤੱਕ ਉਹ ਅੰਤਰਰਾਸ਼ਟਰੀ ਵੇਟਲਿਫਟਿੰਗ ਮੁਕਾਬਲਿਆਂ 'ਚ ਸਿਖਰਾਂ 'ਤੇ ਰਿਹਾ। 2015 ਵਿਚ ਉਸ ਨੇ 54.195 ਕਿਲੋ ਦੇ ਜੁੱਸੇ ਨਾਲ 171 ਕਿਲੋ ਵਜ਼ਨ ਦਾ ਬਾਲਾ ਕੱਢ ਦਿੱਤਾ ਸੀ। ਆਪਣੇ ਵਜ਼ਨ ਤੋਂ ਤਿੰਨ ਗੁਣਾਂ ਤੋਂ ਵੀ ਵੱਧ! 2016 ਵਿਚ 134 ਕਿਲੋ ਦੀ ਸਨੈਚ ਲਾ ਦਿੱਤੀ ਸੀ। 56 ਕਿਲੋ ਵਜ਼ਨ ਵਰਗ ਵਿਚ ਉਸ ਦਾ ਟੋਟਲ 303 ਕਿਲੋ ਭਾਰ ਚੁੱਕਣ ਦਾ ਵਿਸ਼ਵ ਰਿਕਾਰਡ ਹਾਲੇ ਵੀ ਉਹਦੇ ਨਾਂ ਬੋਲਦਾ ਹੈ।

ਉਸ ਨੇ ਛੇ ਵਾਰ ਵਿਸ਼ਵ ਰਿਕਾਰਡ ਨਵਿਆਏ। ਪੰਜ ਵਾਰ ਕਲੀਨ ਐਂਡ ਜਰਕ ਵਿਚ ਅਤੇ ਇੱਕ ਵਾਰ ਸਨੈਚ ਤੇ ਜਰਕ ਦੇ ਟੋਟਲ ਵਿਚ। ਇੰਜ ਉਸ ਨੇ ਛੇ ਵਾਰ ਦੁਨੀਆ ਜਿੱਤੀ। ਉਹ ਏਸ਼ਿਆਈ ਖੇਡਾਂ ਦਾ ਚੈਂਪੀਅਨ, ਓਲੰਪਿਕ ਖੇਡਾਂ ਦਾ ਚੈਂਪੀਅਨ ਤੇ ਪੰਜ ਵਾਰ ਕੁਲ ਦੁਨੀਆ ਦਾ ਚੈਂਪੀਅਨ ਬਣਿਆ। ਵਿਸ਼ਵ ਯੂਨੀਵਰਸਟੀਜ਼ ਦਾ ਚੈਂਪੀਅਨ ਤਾਂ ਬਣਨਾ ਹੀ ਬਣਨਾ ਸੀ। ਉਹ ਵਿਸ਼ਵ ਦਾ ਚੌਥਾ ਭਾਰਚੁਕਾਵਾ ਹੈ ਜਿਸ ਨੇ ਆਪਣੇ ਵਜ਼ਨ ਤੋਂ ਤਿੰਨ ਗੁਣਾਂ ਤੋਂ ਵੀ ਵੱਧ ਵਜ਼ਨ ਦਾ ਬਾਲਾ ਕੱਢਿਆ। ਉਸ ਨੂੰ ਤਾਕਤ ਦਾ ਐਟਮ ਬੰਬ ਨਾ ਕਹੀਏ ਤਾਂ ਹੋਰ ਕੀ ਕਹੀਏ?

ਆਮ ਬੰਦੇ 55-56 ਕਿਲੋ ਦੇ ਬੰਦੇ ਤੋਂ ਕੁਇੰਟਲਾਂ 'ਚ ਭਾਰ ਚੁੱਕਣ ਨੂੰ ਸ਼ਾਇਦ ਗੱਪ ਹੀ ਸਮਝਣ ਪਰ ਹੈ ਸੋਲਾਂ ਆਨੇ ਸੱਚ। ਦੁਨੀਆ ਪਰ੍ਹੇ ਤੋਂ ਪਰ੍ਹੇ ਪਈ ਹੈ। ਪਿੰਡਾਂ 'ਚ ਜਿਹੜੇ ਚੋਬਰ ਕੁਇੰਟਲ ਕੁ ਦੀ ਅਹਿਰਨ ਚੁੱਕਣ ਲੱਗ ਪੈਣ ਉਹ ਆਪਣੇ ਆਪ ਨੂੰ ਫੰਨੇ ਖਾਂ ਕਹਾਉਣ ਲੱਗ ਪੈਂਦੇ ਹਨ ਤੇ ਮਾੜੇ ਧੀੜੇ ਨਾਲ ਗੱਲ ਕਰਨੋਂ ਹਟ ਜਾਂਦੇ ਹਨ। ਬੱਸ ਏਨਾ ਕੁ ਭਾਰ ਚੁੱਕਣ ਨਾਲ ਆਪਣੇ ਆਪ ਨੂੰ ਰੁਸਤਮੇ ਹਿੰਦ ਸਮਝਣ ਲੱਗ ਪੈਂਦੇ ਹਨ। ਕਿਸੇ ਮਿਆਰੀ ਵੇਟਲਿਫਟਿੰਗ ਮੁਕਾਬਲੇ 'ਚੋਂ ਮੈਡਲ ਹਾਸਲ ਕਰਨ ਦੀ ਥਾਂ ਭਾਕ ਰੱਖਣ ਲੱਗਦੇ ਹਨ ਕਿ ਆਉਂਦਾ ਜਾਂਦਾ ਹਰ ਕੋਈ ਉਨ੍ਹਾਂ ਨੂੰ ਫਤਿਹ ਬੁਲਾ ਕੇ ਲੰਘੇ। ਕਹਿੰਦੇ ਕਹਾਉਂਦੇ ਜੁਆਨ ਜੁ ਹੋਏ ਉਹ! ਕਸੂਰ ਉਨ੍ਹਾਂ ਦਾ ਵੀ ਕੋਈ ਨਹੀਂ ਹੁੰਦਾ। ਖੂਹ ਦੇ ਡੱਡੂ ਨੂੰ ਸਾਰੀ ਦੁਨੀਆ ਖੂਹ ਜਿੱਡੀ ਹੀ ਦਿਸਦੀ ਹੈ। ਲੋੜ ਖੂਹ 'ਚੋਂ ਬਾਹਰ ਨਿਕਲਣ ਦੀ ਹੈ ਤੇ ਖੁੱਲ੍ਹੇ ਘੇਰੇ ਵਿਚ ਵਿਚਰਨ ਦੀ। ਪੈਰਿਸ ਦੀਆਂ ਓਲੰਪਿਕ ਖੇਡਾਂ ਸਿਰ 'ਤੇ ਹਨ। ਵੇਖਾਂਗੇ ਉਥੇ ਕਿਹੜਾ ਮੁਲਕ ਕਿੰਨੇ ਮੈਡਲ ਜਿੱਤਦੈ ਤੇ ਸਾਡਾ ਮਹਾਨ ਭਾਰਤ ਉਨ੍ਹਾਂ 'ਚ ਕਿੰਨਵੇਂ ਨੰਬਰ 'ਤੇ ਖੜ੍ਹਦਾ?

ਆਪਣੇ ਘਰ 'ਚ ਤਾਂ ਹਰ ਕੋਈ ਬੱਬਰ ਸ਼ੇਰ ਬਣਿਆ ਹੁੰਦੈ ਪਰ ਪਤਾ ਉਥੇ ਲੱਗਦੈ ਜਿਥੇ ਬਿਗਾਨੇ ਪੁੱਤਾਂ ਨਾਲ ਹੱਥ ਜੁੜਨ। ਓਮ ਯੁਨ-ਚੋਲ ਵਰਗਿਆਂ ਦੀਆਂ ਗੱਲਾਂ ਐਵੇਂ ਨਹੀਂ ਹੁੰਦੀਆਂ। 56 ਕਿਲੋ ਵਜ਼ਨ ਵਰਗ ਵਿਚ ਹੁਣ ਤੱਕ ਸਿਰਫ ਛੇ ਭਾਰਚੁਕਾਵਿਆਂ ਨੇ ਹੀ ਆਪਣੇ ਵਜ਼ਨ ਨਾਲੋਂ ਤਿੰਨ ਗੁਣਾਂ ਤੋਂ ਵੱਧ ਵਜ਼ਨ ਉਠਾਇਐ। ਭਾਰ ਚੁੱਕਣ ਦੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਓਮ ਯੁਨ-ਚੋਲ ਨੇ ਇਹ ਮਾਅਰਕਾ ਸੱਤ ਵਾਰ ਮਾਰਿਆ। ਉਸ ਨੇ 56 ਕਿਲੋ ਵਜ਼ਨ ਵਰਗ ਵਿਚ 6 ਵਾਰ ਵਿਸ਼ਵ ਰਿਕਾਰਡ ਨਵਿਆਏ ਸਨ। ਹੁਣ ਉਹ ਉੱਤਰੀ ਕੋਰੀਆ ਦਾ ਨਾਮਵਰ ਵੇਟਲਿਫਟਿੰਗ ਕੋਚ ਹੈ ਜੋ ਆਪਣੇ ਦੇਸ਼ ਦੇ ਨਵੇਂ ਵੇਟਲਿਫਟਰਾਂ ਨੂੰ ਵੇਟ ਚੁੱਕਣ ਦੀ ਕੋਚਿੰਗ ਦੇ ਰਿਹੈ। ਉਸ ਦਾ ਸ਼ੁਮਾਰ ਬਿਹਤਰੀਨ ਕੋਚਾਂ ਵਿਚ ਹੋ ਰਿਹੈ। ਉੱਤਰੀ ਕੋਰੀਆ ਦਾ ਅਸਲੀ ਨਾਂ ਪੀਪਲਜ਼ ਰਿਪਬਲਿਕ ਆਫ ਕੋਰੀਆ ਹੈ। ਦੱਖਣੀ ਕੋਰੀਆ ਵਾਂਗ ਉਸ ਨੇ ਵੀ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣੇ ਸ਼ੁਰੂ ਕਰ ਲਏ ਹਨ। ਵੇਟਲਿਫਟਿੰਗ ਵਿਚ ਤਾਂ ਉਸ ਦੀਆਂ ਵਿਸ਼ੇਸ਼ ਪ੍ਰਾਪਤੀਆਂ ਹਨ।

ਉਸ ਦਾ ਜਨਮ 18 ਨਵੰਬਰ 1991 ਨੂੰ ਚੋਂਗਜਿਨ, ਉੱਤਰੀ ਕੋਰੀਆ ਵਿਚ ਮਛੇਰਿਆਂ ਦੇ ਪਰਿਵਾਰ ਵਿਚ ਹੋਇਆ ਸੀ। ਸੁਭਾਵਿਕ ਸੀ ਕਿ ਮੱਛੀ ਉਸ ਦੀ ਮੁੱਖ ਖੁਰਾਕ ਰਹੀ। ਪਹਿਲਾਂ ਪਹਿਲ ਉਹ ਸਥਾਨਕ ਸਪੋਰਟਸ ਸਕੂਲ ਵਿਚ ਫੁੱਟਬਾਲ ਖੇਡਣ ਲੱਗਾ ਸੀ ਕਿ ਇਕ ਦਿਨ ਵੇਟਲਿਫਟਿੰਗ ਦੇ ਇੰਸਟ੍ਰੱਕਟਰ ਸਿਨ ਗੈਪ-ਜੁੰਗ ਦੀ ਨਜ਼ਰੇ ਚੜ੍ਹ ਗਿਆ। ਉਸ ਨੇ ਓਮ ਨੂੰ ਵੇਟਲਿਫਟਿੰਗ ਦੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਲਈ। ਨਵੇਂ ਪੱਠੇ ਨੇ ਚੰਗੀ ਹੋਣਹਾਰੀ ਵਿਖਾਉਣੀ ਸ਼ੁਰੂ ਕਰ ਦਿੱਤੀ। ਸਥਾਨਕ ਤੇ ਸਕੂਲੀ ਕਾਲਜੀ ਮੁਕਾਬਲੇ ਜਿੱਤਦਾ-ਜਿੱਤਦਾ ਉਹ ਕੌਮੀ ਮੁਕਾਬਲੇ ਜਿੱਤਣ ਲੱਗ ਪਿਆ ਤੇ 2012 ਵਿਚ ਹੋ ਰਹੀਆਂ ਲੰਡਨ ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ ਲਈ ਉੱਤਰੀ ਕੋਰੀਆ ਦੀ ਟੀਮ 'ਚ ਚੁਣਿਆ ਗਿਆ। ਉਦੋਂ ਉਹਦੀ ਉਮਰ 21 ਸਾਲ ਦੀ ਸੀ।

ਉਥੇ 56 ਕਿਲੋ ਵਜ਼ਨ ਵਰਗ ਵਿਚ ਉਹਦੇ ਮੁਕਾਬਲੇ ਕਹਿੰਦੇ ਕਹਾਉਂਦੇ ਵੇਟਲਿਫਟਰ ਸਨ। ਬੜੇ ਘੱਟ ਦਰਸ਼ਕਾਂ ਨੂੰ ਆਸ ਸੀ ਕਿ ਉੱਤਰੀ ਕੋਰੀਆ ਦਾ ਅਸਲੋਂ ਨਵਾਂ ਵੇਟਲਿਫਟਰ ਓਮ ਗੋਲਡ ਮੈਡਲ ਜਿੱਤ ਜਾਵੇਗਾ। ਪਰ ਉਥੇ ਉਸ ਨੇ ਨਾ ਸਿਰਫ ਗੋਲਡ ਮੈਡਲ ਜਿੱਤਿਆ ਬਲਕਿ 168 ਕਿਲੋ ਦੀ ਕਲੀਨ ਐਂਡ ਜਰਕ ਲਾ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕਰ ਦਿੱਤਾ। ਪਰ 2016 ਵਿਚ ਹੋਈਆਂ ਰੀਓ ਡੀ ਜਨੀਰੋ ਦੀਆਂ ਓਲੰਪਿਕ ਖੇਡਾਂ



'ਚੋਂ ਉਹਦੇ ਗੋਲਡ ਮੈਡਲ ਜਿੱਤਣ ਦੀ ਪੂਰੀ ਆਸ ਦੇ ਬਾਵਜੂਦ ਉਹ ਸਿਲਵਰ ਮੈਡਲ ਹੀ ਜਿੱਤ ਸਕਿਆ। ਉਥੇ ਚੀਨ ਦਾ ਲੌਂਗ ਕਿੰਗਕੁਆਂ ਉਸ ਨੂੰ ਮਾਤ ਪਾ ਗਿਆ। 2020 ਦੀਆਂ ਓਲੰਪਿਕ ਖੇਡਾਂ ਕੋਵਿਡ ਕਰਕੇ 2021 ਵਿਚ ਹੋਈਆਂ। ਨਾਰਥ ਕੋਰੀਆ ਦੇ ਦਲ ਨੇ ਕੋਵਿਡ ਕਾਰਨ ਆਪਣੀ ਟੀਮ ਦੀ ਐਂਟਰੀ ਆਪ ਹੀ ਵਾਪਸ ਲੈ ਲਈ। ਉਸ ਨਾਲ ਹੀ ਓਮ ਯੁਨ-ਚੋਲ ਦਾ ਓਲੰਪਿਕ ਸਫ਼ਰ ਖ਼ਤਮ ਹੋ ਗਿਆ।

2014 ਦੀਆਂ ਏਸ਼ਿਆਈ ਖੇਡਾਂ ਦੱਖਣੀ ਕੋਰੀਆ ਦੇ ਸ਼ਹਿਰ ਇੰਚਓਨ ਵਿਚ ਹੋਈਆਂ। ਉਥੇ ਉਸ ਨੇ 128 ਕਿਲੋ ਦੀ ਸਨੈਚ ਤੇ 170 ਕਿਲੋ ਦੀ ਜਰਕ ਲਾ ਕੇ ਕੁਲ 298 ਕਿਲੋ ਟੋਟਲ ਨਾਲ ਨਾ ਸਿਰਫ਼ ਗੋਲਡ ਮੈਡਲ ਜਿੱਤਿਆ ਬਲਕਿ 170 ਕਿਲੋ ਜਰਕ ਦਾ ਨਵਾਂ ਵਿਸ਼ਵ ਰਿਕਾਰਡ ਵੀ ਰੱਖਿਆ। ਪਰ 2018 ਵਿਚ ਜਕਾਰਤਾ ਵਿਖੇ ਹੋਈਆਂ ਏਸ਼ਿਆਈ ਖੇਡਾਂ 'ਚ ਉਹ ਇੰਚਓਨ ਵਾਲਾ ਰਿਕਾਰਡ ਨਵਿਆ ਨਾ ਸਕਿਆ। ਉਂਜ 127 ਕਿਲੋ ਦੀ ਸਨੈਚ ਤੇ 160 ਕਿਲੋ ਦੀ ਜਰਕ ਨਾਲ ਏਸ਼ਿਆਈ ਖੇਡਾਂ ਦਾ ਦੂਜਾ ਗੋਲਡ ਮੈਡਲ ਜ਼ਰੂਰ ਜਿੱਤ ਗਿਆ।

ਉਸ ਦੀ ਵਧੇਰੇ ਵਾਰ ਗੁੱਡੀ ਵੇਟਲਿਫਟਿੰਗ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚ ਚੜ੍ਹੀ। 2011 ਦੀ ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪ ਪੈਰਿਸ ਵਿਚ ਬੇਸ਼ੱਕ ਉਹ ਛੇਵੇਂ ਸਥਾਨ 'ਤੇ ਰਿਹਾ ਸੀ ਪਰ 2013 ਵਿਚ ਪੋਲੈਂਡ 'ਚ ਕੁਲ 289 ਕਿਲੋਗਰਾਮ ਭਾਰ ਚੁੱਕ ਕੇ ਗੋਲਡ ਮੈਡਲ ਜਿੱਤ ਗਿਆ। 2014 ਦੀ ਵਿਸ਼ਵ ਚੈਂਪੀਅਨਸ਼ਿਪ ਕਜ਼ਾਖਸਤਾਨ ਵਿਚ ਹੋਈ। ਉਥੇ ਉਹ 128 ਕਿਲੋ ਦੀ ਸਨੈਚ ਤੇ 168 ਕਿਲੋ ਦੀ ਜਰਕ ਲਾ ਕੇ ਫਿਰ ਗੋਲਡ ਮੈਡਲ ਜਿੱਤਿਆ। 2015 ਦੀ ਵਰਲਡ ਵੇਟਲਿਫਟਿੰਗ ਚੈਂਪੀਅਨਸ਼ਿਪ ਹਿਊਸਟਨ ਅਮਰੀਕਾ ਵਿਚ ਹੋਈ। ਉਥੇ ਉਸ ਨੇ 131 ਕਿਲੋ ਦੀ ਸਨੈਚ ਲਾਈ ਤੇ 171 ਕਿਲੋ ਦੀ ਵਿਸ਼ਵ ਰਿਕਾਰਡ ਤੋੜਨ ਵਾਲੀ ਜਰਕ ਲਾ ਕੇ ਤੀਜੀ ਵਾਰ ਗੋਲਡ ਮੈਡਲ ਜਿੱਤਿਆ। ਅਸ਼ਗਾਬਤ, ਤੁਰਕਮੇਨਸਤਾਨ ਵਿਚ 2018 ਦੀ ਵਰਲਡ ਚੈਂਪੀਅਨਸ਼ਿਪ 'ਚੋਂ ਉਹ 120 ਕਿਲੋ ਸਨੈਚ ਤੇ 162 ਕਿਲੋ ਜਰਕ ਲਾ ਕੇ ਫਿਰ ਗੋਲਡ ਮੈਡਲ ਜਿੱਤਿਆ। 2019 ਦੀ ਵਿਸ਼ਵ ਚੈਂਪੀਅਨਸ਼ਿਪ ਵਿਚੋਂ ਉਸ ਨੇ ਸਨੈਚ ਤੇ ਜਰਕ ਦੇ ਜੋੜ 294 ਕਿਲੋ ਨਾਲ ਪੰਜਵਾਂ ਗੋਲਡ ਮੈਡਲ ਆਪਣੇ ਗਲੇ ਪੁਆਇਆ। 2017 ਦੀ ਵਰਲਡ ਵੇਟਲਿਫਟਿੰਗ ਚੈਂਪੀਅਨਸ਼ਿਪ ਵਿਚ ਉਹ ਇਸ ਕਰਕੇ ਭਾਗ ਨਹੀਂ ਸੀ ਲੈ ਸਕਿਆ ਕਿਉਂਕਿ ਉੱਤਰੀ ਕੋਰੀਆ ਨੇ ਉਸ ਚੈਂਪੀਅਨਸ਼ਿਪ ਦਾ ਬਾਈਕਾਟ ਕਰ ਦਿੱਤਾ ਸੀ।

ਇੰਜ ਉਸ ਨੇ ਓਲੰਪਿਕ ਖੇਡਾਂ 'ਚੋਂ ਇਕ ਗੋਲਡ ਮੈਡਲ ਤੇ ਇਕ ਸਿਲਵਰ ਮੈਡਲ, ਏਸ਼ਿਆਈ ਖੇਡਾਂ 'ਚੋਂ ਦੋ ਗੋਲਡ ਮੈਡਲ ਤੇ ਵਿਸ਼ਵ ਚੈਂਪੀਅਨਸ਼ਿਪਾਂ ਦੇ ਪੰਜ ਗੋਲਡ ਮੈਡਲ ਜਿੱਤੇ। ਇਕ ਗੋਲਡ ਮੈਡਲ ਉਸ ਨੇ ਏਸ਼ੀਅਨ ਚੈਂਪੀਅਨਸ਼ਿਪ ਵਿਚੋਂ ਤੇ ਇਕ ਗੋਲਡ ਮੈਡਲ ਏਸ਼ੀਅਨ ਇੰਟਰ ਕਲੱਬ ਚੈਂਪੀਅਨਸ਼ਿਪ ਵਿਚੋਂ ਜਿੱਤਿਆ ਜੋ 2013 ਵਿਚ ਹੋਈ। 2011 ਵਿਚ ਉਹ ਜੂਨੀਅਰ ਵਰਲਡ ਚੈਂਪੀਅਨਸ਼ਿਪ ਵਿਚ ਭਾਗ ਲੈ ਕੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਭਾਗ ਲੈਣ ਲਈ ਕੁਆਲੀਫਾਈ ਕੀਤਾ ਸੀ। 2019 ਤਕ ਨੌਂ ਸਾਲ ਉਹ ਜਿੱਤ ਮੰਚਾਂ 'ਤੇ ਚੜ੍ਹਦਾ ਰਿਹਾ ਤੇ ਕੁਲ ਦੁਨੀਆ 'ਚ ਬੱਲੇ-ਬੱਲੇ ਕਰਾਉਂਦਾ ਰਿਹਾ। 2017 ਵਿਚ ਉਸ ਨੇ ਵਿਸ਼ਵ ਯੂਨੀਵਰਸਿਟੀ ਦੀ ਚੈਂਪੀਅਨਸ਼ਿਪ ਵਿਚ ਵੀ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਸੀ।

ਲੰਡਨ ਦੀਆਂ ਓਲੰਪਿਕ ਖੇਡਾਂ-2012 ਵਿਚੋਂ ਜਦੋਂ ਉਸ ਨੇ ਛੁਪੇ ਰੁਸਤਮ ਵਾਂਗ ਸੋਨ ਤਗਮਾ ਜਿੱਤਿਆ ਸੀ ਤਾਂ ਮੀਡੀਆ ਨੇ ਉਸ ਨੂੰ 'ਨਿੱਕੇ ਮੁੰਡੇ ਦੀ ਮਹਾਨ ਜਿੱਤ' ਕਹਿ ਕੇ ਵਡਿਆਇਆ ਸੀ। ਅਖੇ '123 ਪੌਂਡ ਦੇ ਜੁੱਸੇ ਦੀ 370 ਪੌਂਡ ਭਾਰੇ ਵਜ਼ਨ ਉਤੇ ਫਤਿਹ'। ਇਹ ਉਸ ਦੇ ਆਪਣੇ ਵਜ਼ਨ ਨਾਲੋਂ ਤਿੰਨ ਗੁਣਾਂ ਤੋਂ ਵੱਧ ਵਜ਼ਨ ਸੀ। ਗ਼ਜ਼ਬ ਦੀ ਗੱਲ ਸੀ ਕਿ ਮਾਹਿਰਾਂ ਦੀਆਂ ਸਾਰੀਆਂ ਕਿਆਸਅਰਾਈਆਂ ਗ਼ਲਤ ਹੋ ਗਈਆਂ ਸਨ। ਜਦੋਂ ਉਸ ਨੇ ਜਰਕ ਦਾ ਓਲੰਪਿਕ ਰਿਕਾਰਡ ਨਵਿਆਉਣ ਲਈ 168 ਕਿਲੋ ਵਜ਼ਨ ਪੁਆਇਆ ਤਾਂ ਵਿਰੋਧੀ ਨਰਵਸ ਹੋ ਗਏ। ਦਰਸ਼ਕ ਤਾੜੀਆਂ ਮਾਰਨ ਲੱਗੇ। ਸਨੈਚ ਵਿਚ ਓਮ ਤੋਂ 8 ਕਿਲੋ ਵੱਧ ਭਾਰ ਚੁੱਕਣ ਵਾਲਾ ਚੀਨ ਦਾ ਭਾਰਚੁਕਵਾ ਵੂ ਜਿਆਂਗਬੀਓ ਹੈਰਾਨੀ ਨਾਲ ਉਹਦੇ ਵੱਲ ਵੇਖਣ ਲੱਗਾ। ਉਹ ਦੋ ਵਾਰ ਦਾ ਓਲੰਪਿਕ ਜੇਤੂ ਸੀ। ਉਹ ਸਮਝਦਾ ਸੀ ਕਿ ਇਹ ਨਵਾਂ ਛੋਕਰਾ ਤੁਰਕੀ ਦੇ ਹਲੀਲ ਮੁਤਲੂ ਦਾ 167 ਕਿਲੋ ਜਰਕ ਲਾਉਣ ਦਾ ਸਿਡਨੀ ਦੀਆਂ ਓਲੰਪਿਕ ਖੇਡਾਂ 'ਚ ਰੱਖਿਆ ਰਿਕਾਰਡ ਕਿੱਥੋਂ ਤੋੜਦੂ? ਪਰ ਓਮ ਨੇ 168 ਕਿਲੋ ਦੀ ਜਰਕ ਲਾ ਕੇ ਨਾ ਸਿਰਫ਼ ਨਵਾਂ ਓਲੰਪਿਕ ਰਿਕਾਰਡ ਹੀ ਬਣਾਇਆ ਸਗੋਂ ਨਵਾਂ ਵਿਸ਼ਵ ਰਿਕਾਰਡ ਕਾਇਮ ਕਰ ਦਿੱਤਾ। ਨਾਲ ਹੀ ਟੋਟਲ ਵਜ਼ਨ ਚੁੱਕਣ ਵਿਚ ਦੋ ਵਾਰ ਦੇ ਓਲੰਪਿਕ ਚੈਂਪੀਅਨ ਦੇ ਹੈਟ ਟ੍ਰਿਕ ਮਾਰਨ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ!

ਓਮ 56 ਕਿਲੋ ਵਜ਼ਨ ਵਰਗ ਵਿਚ ਆਪਣੇ ਭਾਰ ਨਾਲੋਂ ਤਿੰਨ ਗੁਣਾਂ ਤੋਂ ਵੀ ਵੱਧ ਭਾਰ ਦਾ ਬਾਲਾ ਕੱਢਣ ਵਾਲਾ ਵਿਸ਼ਵ ਦਾ ਚੌਥਾ ਭਾਰਚੁਕਾਵਾ ਹੈ। ਉਸ ਨੇ ਇਹ ਮਾਅਰਕਾ ਏਸ਼ੀਅਨ ਇੰਟਰ ਕਲੱਬ ਚੈਂਪੀਅਨਸ਼ਿਪ ਵਿਚ ਮਾਰਨ ਤੋਂ ਲੈ ਕੇ ਏਸ਼ੀਅਨ ਖੇਡਾਂ, ਓਲੰਪਿਕ ਖੇਡਾਂ ਤੇ ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪਸ ਸਭਨਾਂ ਮੁਕਾਬਲਿਆਂ ਵਿਚ ਮਾਰਿਆ। 2017 ਵਿਚ ਵਿਸ਼ਵ ਯੂਨੀਵਰਸਿਟੀ ਏਡ ਮੁਕਾਬਲਿਆਂ ਵਿਚ ਉਹ 172 ਕਿਲੋ ਦੀ ਜਰਕ ਲਾ ਗਿਆ। ਉਥੇ ਉਸ ਨੇ 129 ਕਿਲੋ ਦੀ ਸਨੈਚ ਲਾਈ ਸੀ।

ਰੀਓ ਦੀਆਂ ਓਲੰਪਿਕ ਖੇਡਾਂ 'ਚ 171 ਕਿਲੋ ਦੀ ਜਰਕ ਨਾਲ ਕੁਲ ਜੋੜ ਦਾ ਗੋਲਡ ਮੈਡਲ ਦੀ ਥਾਂ ਸਿਲਵਰ ਮੈਡਲ ਹੀ ਜਿੱਤ ਸਕਿਆ ਸੀ ਜਿਸ ਨਾਲ ਉਹ ਨਿਰਾਸ਼ ਵੀ ਹੋਇਆ ਸੀ। ਉਸ ਨੂੰ ਬੇਸ਼ੱਕ ਉੱਤਰੀ ਕੋਰੀਆ ਦਾ ਹੀਰੋ ਕਿਹਾ ਜਾ ਰਿਹਾ ਸੀ ਪਰ ਉਸ ਨੇ ਨਿਰਾਸ਼ਾ 'ਚ ਕਿਹਾ ਸੀ, "ਮੈਂ ਕੋਈ ਹੀਰੋ ਨਹੀਂ ਕਿਉਂਕਿ ਸੋਨ ਤਗਮਾ ਨਹੀਂ ਜਿੱਤ ਸਕਿਆ। ਉਂਜ ਉਸ ਨੇ ਸਨੈਚ ਤੇ ਜਰਕ ਦਾ ਟੋਟਲ ਵਜ਼ਨ 303 ਕਿਲੋ ਚੁੱਕ ਕੇ 300 ਕਿਲੋ ਦਾ ਬੈਰੀਅਰ ਤੋੜ ਦਿੱਤਾ ਸੀ। ਚੀਨ ਦੇ ਵੂ ਜਿੰਗਬੀਆਓ ਨੇ 138 ਕਿਲੋ ਸਨੈਚ ਕਰ ਕੇ ਨਵਾਂ ਵਿਸ਼ਵ ਰਿਕਾਰਡ ਸਿਰਜਿਆ ਸੀ। ਇੰਜ ਹੀ ਉੱਤਰੀ ਕੋਰੀਆ ਦੇ ਓਮ ਯੁਨ ਚੋਲ ਨੇ 171 ਕਿਲੋ ਦੀ ਜਰਕ ਲਾਉਣ ਦਾ ਨਵਾਂ ਵਿਸ਼ਵ ਰਿਕਾਰਡ ਬਣਾਇਆ ਸੀ।

ਕੁਲ ਜੋੜ ਦਾ ਵਿਸ਼ਵ ਰਿਕਾਰਡ ਚੀਨ ਦੇ ਲਾਂਗ ਕਿੰਗਕੁਆਂ ਨੇ 307 ਕਿਲੋ ਕੀਤਾ। ਵੈਸੇ ਵਜ਼ਨ ਮੁਕਾਬਲਿਆਂ ਦੇ 56, 62, 69, 77, 85, 94, 105 ਤੇ +105 ਕਿਲੋ ਵਜ਼ਨ ਵਰਗ ਸਨ। 2018 ਤੋਂ ਮਰਦਾਂ ਦੇ ਵਜ਼ਨ ਵਰਗ 55, 61, 67, 73, 81, 89, 96, 102, 109 ਤੇ +109 ਕਿਲੋ ਕਰ ਦਿੱਤੇ ਹਨ। ਪੈਰਿਸ ਦੀਆਂ ਓਲੰਪਿਕ ਖੇਡਾਂ-2024 ਵਿਚ ਮਰਦਾਂ ਦੇ ਕੇਵਲ 61, 73, 89, 102 ਤੇ +102 ਵਜ਼ਨ ਵਰਗਾਂ ਦੇ ਹੀ ਮੁਕਾਬਲੇ ਕਰਾਏ ਜਾਣਗੇ ਅਤੇ ਔਰਤਾਂ ਦੇ ਵੀ ਪੰਜ ਵਰਗਾਂ ਦੇ ਹੀ ਮੁਕਾਬਲੇ ਹੋਣਗੇ। 2018 ਤੋਂ 56 ਕਿਲੋ ਵਾਲਾ ਵਜ਼ਨ ਵਰਗ 55 ਕਿਲੋ ਦਾ ਕਰ ਦਿੱਤਾ ਗਿਆ ਸੀ। ਓਮ ਯੁਨ-ਚੋਲ ਨੇ ਕੁਝ ਸਾਲ ਤਾਂ ਆਪਣਾ ਸਰੀਰਕ ਵਜ਼ਨ 55-56 ਕਿਲੋ ਤੱਕ ਹੀ ਸੀਮਤ ਰੱਖਿਆ ਸੀ ਜੋ ਫਿਰ ਵਧਣ-ਫੁੱਲਣ ਦਿੱਤਾ ਕਿ ਆਪਾਂ ਹੁਣ ਕਿਹੜਾ ਕੋਈ ਹੋਰ ਮਾਅਰਕਾ ਮਾਰਨਾ?

# ਮਾਣ ਲਈਆਂ 84 ਸਾਲਾਂ ਦੀਆਂ ਧੁੱਪਾਂ-ਛਾਵਾਂ !

## ਆਪਣੇ ਜਨਮ ਦਿਨ 'ਤੇ

ਉਮਰ ਦੀ ਪੌੜੀ ਦੇ ਚੁਰਾਸੀ ਪੌਡੇ ਚੜ੍ਹ ਲਏ। ਚੁਰਾਸੀ ਲੋਹੜੀਆਂ ਮਨਾ ਲਈਆਂ। ਚੁਰਾਸੀ ਦੇ ਗੇੜ 'ਚੋਂ ਨਿਕਲ ਆਇਆਂ। ਬੜਾ ਕੁਝ ਕਿਹਾ ਜਾ ਸਕਦੈ 'ਚੁਰਾਸੀ' ਦੇ ਗੇੜ ਬਾਰੇ। ਪਹਿਲੇ ਚੌਦਾਂ ਸਾਲ ਮੈਂ ਆਪਣੇ ਜੱਦੀ ਪਿੰਡ ਚਕਰ ਰਿਹਾ। ਹੁਣ ਬਚਪਨ ਦੇ ਉਹੀ ਸਾਲ ਸਭ ਤੋਂ ਵੱਧ ਯਾਦ ਆ ਰਹੇ ਨੇ। ਸੱਤ ਸਾਲ ਫਾਜ਼ਿਲਕਾ ਕੋਲ ਭੂਆ/ਫੁੱਫੜ ਦੇ ਪਿੰਡ ਕੱਠੇ ਰਹਿ ਕੇ ਬੀਏ ਤੱਕ ਪੜ੍ਹਿਆ। ਜੁਆਨੀ ਘੁੰਮ-ਘੁੰਮਾ ਕੇ ਚੜ੍ਹੀ। ਉਦੋਂ ਜੁਆਨੀ ਵਾਲਾ ਜ਼ੋਰ ਸੀ ਵੇ ਬਾਲਮਾ, ਵੰਝਲੀ ਵਰਗਾ ਬੋਲ ਸੀ ਵੇ ਬਾਲਮਾ। ਇਕ ਸਾਲ ਮੁਕਤਸਰ ਹੋਸਟਲ ਵਿਚ ਰਹਿ ਕੇ ਬੀਐੱਡ ਕੀਤੀ। ਨਹੀਂ ਭੁੱਲਣੀਆਂ ਮਾਘੀ ਮੇਲੇ ਦੀਆਂ ਯਾਦਾਂ। ਫਿਰ ਪੰਜ ਸਾਲ ਦਿੱਲੀ ਪੜ੍ਹਿਆ ਤੇ ਪੜ੍ਹਾਇਆ। ਉਥੇ ਲਿਖਣ ਦੀ ਚੇਟਕ ਲੱਗ ਗਈ ਜਿਸ ਨਾਲ ਪੰਜਾਹ ਤੋਂ ਵੱਧ ਕਿਤਾਬਾਂ ਲਿਖੀਆਂ ਗਈਆਂ। ਤੀਹ ਕੁ ਸਾਲ ਢੁੱਡੀਕੇ ਦੇ ਕਾਲਜ ਤੇ ਚਾਰ ਕੁ ਸਾਲ ਮੁਕੰਦਪੁਰ ਦੇ ਕਾਲਜ ਵਿਚ ਰਿਹਾ। ਹਜ਼ਾਰਾਂ ਵਿਦਿਆਰਥੀ ਪੜ੍ਹਾਏ। ਚੌਵੀ ਸਾਲਾਂ ਤੋਂ ਬਰੈਂਪਟਨ, ਕੈਨੇਡਾ 'ਚ ਰਹਿ ਰਿਹਾਂ। ਕਬੱਡੀ ਦੀ ਕੁਮੈਂਟਰੀ ਕਰਦਿਆਂ ਤੇ ਲਿਖਦਿਆਂ ਦੇਸ਼ ਵਿਦੇਸ਼ ਦੇ ਅਨੇਕਾਂ ਸ਼ਹਿਰ ਗਾਹੇ। ਵੰਨ-ਸੁਵੰਨੀ ਦੁਨੀਆ ਦੇਖੀ। ਟੋਰਾਂਟੋ ਦੇ ਸੀਐੱਨ. ਟਾਵਰ 'ਤੇ ਚੜ੍ਹਿਆ, ਲੰਡਨ ਦੀ ਚੰਡੋਲ ਝੂਟੀ ਤੇ ਡਿਜ਼ਨੀਲੈਂਡ ਦੀਆਂ ਢਾਣੀਆਂ ਲਈਆਂ। ਲਾਸਵੇਗਾਸ, ਡਿਜ਼ਨੀਲੈਂਡ ਤੇ ਹਾਲੀਵੁੱਡ ਦੇ ਜਲਵੇ ਵੇਖੇ। ਨਨਕਾਣਾ ਸਾਹਿਬ ਦੀ ਯਾਤਰਾ ਕੀਤੀ ਤੇ ਲਾਹੌਰ ਦਾ ਸੈਰ ਸਪਾਟਾ। ਸੈਂਕੜੇ ਖਿਡਾਰੀਆਂ, ਖੇਡ ਪ੍ਰੇਮੀਆਂ ਤੇ ਲੇਖਕਾਂ ਨਾਲ ਮੁਲਾਕਾਤਾਂ ਕੀਤੀਆਂ। ਦੋ ਲੱਖ ਕਿਲੋਮੀਟਰ ਪੈਰੀਂ ਤੁਰਿਆ, ਹਜ਼ਾਰਾਂ ਕਿਲੋਮੀਟਰ ਸਾਈਕਲ ਚਲਾਇਆ ਤੇ ਲੱਖਾਂ ਮੀਲ ਹਵਾਈ ਜਹਾਜ਼ਾਂ ਦਾ ਸਫ਼ਰ ਕੀਤਾ।

ਦੋ ਲੱਖ ਕਿਲੋਮੀਟਰ ਤੁਰਨ 'ਤੇ ਇਕ ਆਲੋਚਕ ਨੇ ਸਪੱਸ਼ਟੀਕਰਨ ਮੰਗਿਆ, "ਦੋ ਲੱਖ ਕਿਲੋਮੀਟਰ ਕਿਥੇ ਤੁਰੇ ਓਂ ਪ੍ਰਿੰਸੀਪਲ ਸਾਹਿਬ! ਕਿਤੇ ਕਬੱਡੀ ਦੀ ਕੁਮੈਂਟਰੀ ਵਾਂਗ ਗਪੌੜ ਤਾਂ ਨਹੀਂ ਮਾਰੀ ਜਾ ਰਹੇ? ਅਖੇ ਆਹ ਵੇਖੋ ਲਟੈਣਾਂ ਵਰਗੇ ਗਭਰੂ! ਧਰਤੀ ਕੰਬਦੀ ਐ ਜੁਆਨਾਂ ਦੇ ਕਦਮਾਂ ਥੱਲੇ!!

ਮੈਂ ਕਿਹਾ, "ਹਿਸਾਬ ਲਾ ਲਓ। ਪੰਜਵੀਂ ਜਮਾਤ ਤੋਂ ਬਾਰ੍ਹਵੀਂ ਤਕ ਰੋਜ਼ ਦਸ ਕਿਲੋਮੀਟਰ



ਪ੍ਰਿੰਸੀਪਲ ਸਰਵਣ ਸਿੰਘ ਤੇ ਉਨ੍ਹਾਂ ਦੀ ਜੀਵਨ ਸਾਥਣ ਹਰਜੀਤ ਕੌਰ।

ਪੈਦਲ ਪੜ੍ਹਨ ਜਾਂਦਾ ਰਿਹਾਂ। ਵਿਚੇ ਦਸ ਸਾਲ ਡੰਗਰ ਚਾਰਨ ਤੇ ਮੋਤੇ ਲਾਉਣ ਦੇ ਪਾ ਲਓ। ਪੱਠਿਆਂ ਦੀਆਂ ਪੰਡਾਂ ਢੋਣ ਦੇ ਵੱਖ। ਹਾਕੀ ਦੇ ਇਕ ਮੈਚ ਵਿਚ ਅੱਠ ਦਸ ਕਿਲੋਮੀਟਰ ਦੌੜਨਾ ਪੈਂਦਾ। ਹਜ਼ਾਰ ਕੁ ਮੈਚ ਤਾਂ ਖੇਡੇ ਹੀ ਗਏ ਹੋਣਗੇ। ਸਾਇੰਸ ਕਾਲਜ ਜਗਰਾਓਂ ਵਿਚ ਇਮਤਿਹਾਨਾਂ ਦੀ ਡਿਊਟੀ ਭੁਗਤਾ ਕੇ ਪੰਜ ਵਜੇ ਤੁਰਦਾ ਤੇ 16 ਕਿਲੋਮੀਟਰ ਤੁਰ ਕੇ ਸਾਢੇ ਸੱਤ ਵਜੇ ਢੁੱਡੀਕੇ ਪਹੁੰਚ ਜਾਂਦਾ। ਕਦੇ ਫਾਜ਼ਿਲਕਾ ਤੋਂ ਸਾਈਕਲ ਚਲਾ ਕੇ ਦੋ ਸੌ ਕਿਲੋਮੀਟਰ ਦੂਰ ਚਕਰ ਆ ਪੁੱਜਦਾ। ਤੁਰਨਾ, ਸਾਈਕਲ ਚਲਾਉਣਾ, ਖੇਡਣਾ ਤੇ ਟੂਰਨਾਮੈਂਟ ਵੇਖਣੇ ਤਾਂ ਮੇਰਾ ਸਾਲਾਂ-ਬੱਧੀ ਰੁਝੇਵਾਂ ਰਿਹਾ। ਪਿੰਡਾਂ ਦੇ ਟੂਰਨਾਮੈਂਟਾਂ ਤੋਂ ਲੈ ਕੇ ਵਿਸ਼ਵ ਕੱਪਾਂ ਤੇ ਅੰਤਰਰਾਸ਼ਟਰੀ ਖੇਡਾਂ ਤਕ ਮੈਂ ਹਜ਼ਾਰ ਕੁ ਖੇਡ ਮੇਲੇ ਤਾਂ ਵੇਖ ਹੀ ਲਏ ਹੋਣਗੇ। 8 ਕਿਲੋਮੀਟਰ ਤਾਂ ਮੈਂ ਰਿਟਾਇਰ ਹੋਣ ਪਿੱਛੋਂ 80 ਸਾਲ ਦੀ ਉਮਰ ਤਕ ਵੀ ਰੋਜ਼ਾਨਾ ਤੁਰਦਾ ਰਿਹਾਂ। ਵਾਹ ਲੱਗਦੀ ਅਖ਼ਬਾਰਾਂ ਮੈਂ ਤੁਰ ਫਿਰ ਕੇ ਹੀ ਪੜ੍ਹਦਾਂ।

ਮੇਰਾ ਮੋਬਾਈਲ ਦੱਸਦੈ ਕਿ 2023 ਵਿਚ ਮੇਰੀ ਰੋਜ਼ ਤੁਰਨ ਦੀ ਔਸਤ 6.4 ਕਿਲੋਮੀਟਰ ਪਈ ਸੀ ਤੇ 2024 ਦੀ ਔਸਤ 6 ਕਿਲੋਮੀਟਰ ਪੈ ਰਹੀ ਹੈ। ਸਵੇਰੇ ਛੇ ਵਜੇ ਮੈਂ ਚਾਲੇ ਪੈ ਜਾਨਾਂ, ਅੱਧਾ ਘੰਟਾ ਤੈਰਨ ਤਲਾਅ 'ਚ, ਦਸ ਮਿੰਟ ਸਟੀਮ ਰੂਮ 'ਚ ਤੇ ਦਸ ਮਿੰਟ ਖੁੱਲ੍ਹੀ ਜਗ੍ਹਾ ਕਸਰਤ ਕਰਦਾਂ। ਮੇਰਾ ਨਾਅਰਾ ਹੈ: ਜਿਹੜਾ ਦੌੜ ਸਕਦੈ ਉਹ ਵਗੇ ਨਾ। ਜਿਹੜਾ ਵਗ ਸਕਦੈ ਉਹ ਤੁਰੇ ਨਾ, ਜਿਹੜਾ ਤੁਰ ਸਕਦੈ ਉਹ ਖੜ੍ਹੇ ਨਾ, ਜਿਹੜਾ ਖੜ੍ਹ ਸਕਦੈ ਉਹ ਬੈਠੇ ਨਾ, ਜਿਹੜਾ ਬੈਠ ਸਕਦੈ ਉਹ ਲੇਟੇ ਨਾ। ਜਿੰਨੇ ਜੋਗਾ ਕੋਈ ਹੈ, ਓਨਾ ਕੁਛ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਰਹੇ।

ਜਿਵੇਂ 84 ਸਾਲ ਹੱਸਦਿਆਂ ਖੇਲ੍ਹਦਿਆਂ ਲੰਘ ਗਏ ਆਸ ਹੈ ਬਾਕੀ ਸਾਲ ਵੀ ਲੰਘ ਜਾਣਗੇ। ਜਿਨ੍ਹਾਂ ਨੇ ਮੈਨੂੰ ਜਨਮ ਦਿਨ ਦੀਆਂ ਵਧਾਈਆਂ ਦੇਣੀਆਂ, ਉਨ੍ਹਾਂ ਦਾ ਮੈਂ ਅਗਾਊਂ ਧੰਨਵਾਦ ਕਰਦਿਆਂ ਕਹਾਂਗਾ, "ਤੁਰੋ ਤੇ ਤੰਦਰੁਸਤ ਰਹੋ। ਤੁਹਾਡੇ ਰੁਝੇਵੇਂ ਕਦੇ ਨਾ ਮੁੱਕਣ। ਕਿਸੇ ਨਾ ਕਿਸੇ ਆਹਰੇ ਜ਼ਰੂਰ ਲੱਗੇ ਰਹੋ। ਆਹਰ ਮੁੱਕ ਜਾਣ ਤਾਂ ਬੰਦਾ ਬਹੁਤੀ ਦੇਰ ਜਿਉਂਦਾ ਨਹੀਂ ਰਹਿ ਸਕਦਾ। ਸਭਨਾਂ ਦੀ ਚੰਗੀ ਸਿਹਤ ਤੇ ਲੰਮੀ ਉਮਰ ਲਈ ਸ਼ੁਭ ਦੁਆਵਾਂ!

-ਪ੍ਰਿੰ. ਸਰਵਣ ਸਿੰਘ



## ਪੂਜਾ ਦਾ ਪ੍ਰਤਾਪ

ਅਦਾਕਾਰਾ ਪੂਜਾ ਹੇਗੜੇ ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਸੂਰੀਆ 44' ਕਰ ਕੇ ਚਰਚਾ ਵਿਚ ਹੈ। ਇਹ ਪੀਰੀਅਡ ਰੁਮਾਂਟਿਕ ਕਹਾਣੀ ਹੈ। ਇਸ ਫਿਲਮ ਦੀ ਸ਼ੂਟਿੰਗ ਹਾਲ ਹੀ ਵਿਚ ਅੰਡੇਮਾਨ ਤੇ ਨਿਕੋਬਾਰ ਟਾਪੂਆਂ 'ਤੇ ਸ਼ੁਰੂ ਹੋਈ। ਸ਼ੂਟਿੰਗ ਪੂਰਾ ਮਹੀਨਾ ਚੱਲੀ। ਦੱਸਿਆ ਜਾ ਰਿਹਾ ਹੈ ਕਿ ਇਸ ਫਿਲਮ ਵਿਚ ਪੂਜਾ ਹੇਗੜੇ ਨੇ ਯਾਦਗਾਰੀ ਰੋਲ ਨਿਭਾਇਆ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਪੂਜਾ ਹੇਗੜੇ ਫਿਲਮ 'ਕਿਸੀ ਕਾ ਭਾਈ ਕਿਸੀ ਕੀ ਜਾਨ' ਫਿਲਮ ਵਿਚ ਨਜ਼ਰ ਆਈ ਸੀ। ਇਸ ਫਿਲਮ ਵਿਚ ਲੀਡ ਰੋਲ ਸਲਮਾਨ ਖਾਨ ਦਾ ਸੀ। ਫਿਲਮ ਦੀ ਬਹੁਤੀ ਚਰਚਾ ਤਾਂ ਨਹੀਂ ਹੋਈ ਪਰ ਪੂਜਾ ਨੂੰ ਸਲਮਾਨ ਖਾਨ ਨਾਲ ਕੰਮ ਕਰਨ ਦਾ ਫਾਇਦਾ ਜ਼ਰੂਰ ਹੋਇਆ।

# ਅਦਾਕਾਰ ਬੋਮਨ ਇਰਾਨੀ ਦੀ ਉਚੀ ਉਡਾਣ

ਅਦਾਕਾਰ ਬੋਮਨ ਇਰਾਨੀ ਫਿਲਮਾਂ ਵਾਲੇ ਪਾਸੇ ਆਇਆ ਤਾਂ ਉਹ 41 ਸਾਲਾਂ ਦਾ ਹੋ ਚੁੱਕਿਆ ਸੀ। ਇਸ ਤੋਂ ਪਹਿਲਾਂ ਉਹ ਥੀਏਟਰ ਕਰਦਾ ਹੁੰਦਾ ਸੀ। ਉਸ ਤੋਂ ਵੀ ਪਹਿਲਾਂ ਉਸ ਨੇ ਫੋਟੋਗ੍ਰਾਫੀ 'ਤੇ ਵੀ ਹੱਥ ਅਜ਼ਮਾਇਆ ਸੀ ਪਰ ਉਸ ਨੂੰ ਸਭ ਤੋਂ ਵੱਧ ਨਾਮ ਅਤੇ ਨਾਮਾ ਫਿਲਮਾਂ ਵਿਚੋਂ ਹੀ ਮਿਲਿਆ।

ਬੋਮਨ ਇਰਾਨੀ ਦਾ ਜਨਮ 2 ਦਸੰਬਰ 1959 ਨੂੰ ਮੁੰਬਈ ਵਿਚ ਹੋਇਆ। ਉਹ ਅਜੇ 6 ਸਾਲਾਂ ਦਾ ਹੀ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਗਈ। ਸ਼ੁਰੂ ਵਿਚ ਉਸ ਡਿਸਲੈਕਸੀਆ ਨਾਂ ਦੀ ਬਿਮਾਰੀ ਸੀ ਜਿਸ ਨਾਲ ਅੱਖਰਾਂ ਦੀ ਪਛਾਣ ਬੜੀ ਮੁਸ਼ਕਿਲ ਨਾਲ ਹੁੰਦੀ ਸੀ ਪਰ ਉਸ ਨੇ ਆਪਣੇ ਸਬਰ ਅਤੇ ਮਿਹਨਤ ਸਦਕਾ ਇਸ ਬਿਮਾਰੀ ਤੋਂ ਨਿਜਾਤ ਹਾਸਲ ਕਰ ਲਈ। ਸੈਕੰਡਰੀ ਸਕੂਲ ਤੋਂ ਬਾਅਦ ਉਸ ਨੇ ਮੁੰਬਈ ਦੇ ਮਿਠੀਬਾਈ ਕਾਲਜ ਤੋਂ ਵੇਟਰ ਦਾ ਦੋ ਸਾਲਾ ਕੋਰਸ ਕੀਤਾ। ਫਿਰ ਉਸ ਨੇ ਆਪਣੀ ਮਾਂ ਨਾਲ ਰਲ ਕੇ ਬੇਕਰੀ ਅਤੇ ਨਮਕੀਨ ਦੀ ਦੁਕਾਨ ਚਲਾਈ। ਉਸ ਦੀ ਮਾਂ ਪਹਿਲਾਂ ਹੀ ਇਹ ਦੁਕਾਨ ਚਲਾ ਰਹੀ ਸੀ।

ਬੋਮਨ ਇਰਾਨੀ ਜਦੋਂ ਤਾਜ ਮਹਿਲ ਪੈਲੇਸ ਹੋਟਲ ਵਿਚ ਕੰਮ ਕਰਦਾ ਸੀ ਤਾਂ ਉਸ ਨੇ ਸਕੂਲ ਖੇਡਾਂ ਦੀਆਂ ਫੋਟੋਆਂ ਖਿੱਚ-ਖਿੱਚ ਕੇ 20-20 30-30 ਰੁਪਏ ਨੂੰ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਫਿਰ 1981 ਵਿਚ ਉਹ ਥੀਏਟਰ ਵਾਲੇ ਪਾਸੇ ਆ ਗਿਆ ਪਰ ਇਧਰ ਸਿਰਫ ਦੋ ਸਾਲ ਹੀ ਲਾਏ। ਫਿਲਮਾਂ ਵਾਲੇ ਪਾਸੇ ਉਹ ਸਾਲ 2000 ਵਿਚ ਆਇਆ। ਪਹਿਲਾਂ ਪਹਿਲ ਉਸ ਨੇ ਇਸ਼ਤਿਹਾਰ ਕੀਤੇ, ਫਿਰ ਕੁਝ ਸਮੇਂ ਪਿੱਛੋਂ ਛੋਟੇ-ਛੋਟੇ ਰੋਲ ਮਿਲਣ ਲੱਗ ਪਏ ਪਰ 2003 ਵਿਚ ਆਈ ਫਿਲਮ 'ਮੁੰਨਾ ਭਾਈ ਐੱਮ.ਬੀ.ਬੀ.ਐੱਸ.' ਵਿਚ ਉਸ ਦੀ ਅਦਾਕਾਰੀ ਨੇ ਸਭ ਦਾ ਧਿਆਨ ਖਿਚਿਆ ਅਤੇ ਉਹ ਰਾਤੋ-ਰਾਤ ਸਟਾਰ ਬਣ ਗਿਆ। ਫਿਰ ਤਾਂ ਚੱਲ ਸੋ ਚੱਲ।

ਹੁਣ ਤੱਕ ਉਹ ਅਦਾਕਾਰ, ਫਿਲਮਸਾਜ਼, ਫੋਟੋਗ੍ਰਾਫਰ ਅਤੇ ਵੌਇਸ ਕਲਾਕਾਰ ਵਜੋਂ ਪ੍ਰਸਿੱਧੀ ਹਾਸਲ ਕਰ ਚੁੱਕਾ ਹੈ। ਉਸ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਤੇਲਗੂ, ਤਮਿਲ ਤੇ ਮਰਾਠੀ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਹਨ। ਉਸ ਦੀ ਵਧੇਰੇ ਚਰਚਾ ਹਿੰਦੀ ਫਿਲਮਾਂ ਵਿਚ



ਚਰਿੱਤਰ ਅਦਾਕਾਰ ਵਜੋਂ ਹੋਈ। ਹੁਣ ਤੱਕ ਉਹ 100 ਤੋਂ ਉਪਰ ਫਿਲਮਾਂ ਵਿਚ ਅਦਾਕਾਰੀ ਕਰ ਚੁੱਕਿਆ ਹੈ। ਵਧੀਆ ਅਦਾਕਾਰੀ ਦੀ ਬਦੌਲਤ ਉਸ ਨੂੰ ਫਿਲਮਫੇਅਰ ਅਤੇ ਆਈ.ਆਈ.ਐੱਫ.ਟੀ. ਇਨਾਮ ਮਿਲ ਚੁੱਕੇ ਹਨ। ਹਾਲ ਹੀ ਵਿਚ ਉਸ ਨੇ ਆਪਣਾ ਪ੍ਰੋਡਕਸ਼ਨ ਅਤੇ ਐਡਵਰਟਾਈਜ਼ਿੰਗ ਹਾਊਸ ਆਰੰਭ ਕੀਤਾ ਹੈ। ਉਸ ਦੀਆਂ ਅਹਿਮ ਫਿਲਮਾਂ ਵਿਚ 'ਮੁੰਨਾ ਭਾਈ ਐੱਮ.ਬੀ.ਬੀ.ਐੱਸ.', 'ਵੀਰ-ਜ਼ਾਰਾ', 'ਮੈਂ ਹੂੰ ਨਾ', 'ਲਕਸ਼ੈ', 'ਨੋ ਐਂਟਰੀ', 'ਵਕਤ: ਦਿ ਰੇਸ ਅਗੇਂਸਟ ਟਾਈਮ', 'ਲਗੇ ਰਹੋ ਮੁੰਨਾ ਭਾਈ', 'ਡੌਨ', 'ਖੋਸਲਾ ਕਾ ਘੋਸਲਾ', 'ਹੇਅ ਬੇਬੀ', 'ਕਿਸਮਤ ਕੁਨੈੱਕਸ਼ਨ', 'ਦੋਸਤਾਨਾ', '3 ਇਡੀਅਟਸ', 'ਹਾਊਸਫੁੱਲ', 'ਹਾਊਸਫੁੱਲ-2', 'ਹਾਊਸਫੁੱਲ-3', 'ਕੌਕਟੇਲ', 'ਜੌਲੀ ਐੱਲ.ਐੱਲ.ਬੀ.', 'ਪੀ.ਕੇ.', 'ਹੈਪੀ ਨਿਊ ਯਿਅਰ', 'ਦਿਲਵਾਲੇ', 'ਸੰਜੂ', 'ਟੋਟਲ ਧਮਾਲ', '83', 'ਉਂਚਾਈ', 'ਡੰਕੀ' ਆਦਿ ਸ਼ਾਮਿਲ ਹਨ।

ਬੋਮਨ ਇਰਾਨੀ ਆਪਣੀ ਸਫਲਤਾ ਦਾ ਰਾਜ਼ ਆਪਣੇ ਸਬਰ ਨੂੰ ਦੱਸਦਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਬੜੇ ਬੁਰੇ ਦਿਨ ਦੇਖੇ ਹਨ ਪਰ ਉਹ ਕੁਝ ਨਾ ਕੁਝ ਕਰਦਾ ਰਿਹਾ ਅਤੇ ਆਖਰਕਾਰ ਫਿਲਮਾਂ ਵਿਚ ਵੱਡਾ ਮੁਕਾਮ ਹਾਸਲ ਕਰਨ ਵਿਚ ਕਾਮਯਾਬ ਰਿਹਾ।

ਬੋਮਨ ਇਰਾਨੀ ਨੇ ਨਵੀਂ ਪੀੜ੍ਹੀ ਦੇ ਕਲਾਕਾਰਾਂ ਨੂੰ ਵੀ ਇਹੀ ਸਲਾਹ ਦਿੱਤੀ ਹੈ ਕਿ ਉਹ ਕਾਹਲ ਨਾ ਕਰਨ, ਜੇ ਤੁਹਾਡੇ ਅੰਦਰ ਪ੍ਰਤਿਭਾ ਹੈ ਤਾਂ ਇਹ ਇਕ ਨਾ ਇਕ ਦਿਨ ਬਾਹਰ ਆਏਗੀ ਹੀ ਆਏਗੀ। ਉਂਝ, ਇਸ ਪ੍ਰਤਿਭਾ ਨੂੰ ਅਗਾਂਹ ਲੈ ਕੇ ਜਾਣ ਵਿਚ ਲਗਾਤਾਰਤਾ ਬਹੁਤ ਜ਼ਰੂਰੀ ਹੈ। ਬੋਮਨ ਇਰਾਨੀ ਨੇ ਆਪਣੇ ਕੰਮ ਅਤੇ ਆਪਣੇ ਪਰਿਵਾਰ ਨਾਲ ਬਰਾਬਰ ਦਾ ਸੰਤੁਲਨ ਬਣਾ ਕੇ ਰੱਖਿਆ ਹੈ। ਉਹ ਲੰਚ ਅਕਸਰ ਆਪਣੇ ਪਰਿਵਾਰ ਨਾਲ ਹੀ ਕਰਦਾ ਹੈ। ਉਸ ਮੁਤਾਬਿਕ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖਣ ਨਾਲ ਪਰਿਵਾਰ ਸਦਾ ਗੁਲਾਬ ਵਾਂਗ ਮਹਿਕਦਾ ਰਹਿੰਦਾ ਹੈ। ***-ਗੁਰਜੰਟ ਸਿੰਘ***

# ਗੁਰਪ੍ਰੀਤ ਕੌਰ ਭੰਗੂ ਦੀ ਅਦਾਕਾਰੀ ਦਾ ਜਲੌਅ

ਪੰਜਾਬੀ ਅਦਾਕਾਰੀ ਦੇ ਖੇਤਰ ਵਿਚ ਗੁਰਪ੍ਰੀਤ ਕੌਰ ਭੰਗੂ ਅਜਿਹਾ ਨਾਂ ਹੈ ਜਿਸ ਦੇ ਬਿਨਾਂ ਅੱਜ ਪੰਜਾਬ ਦੀ ਕੋਈ ਵੀ ਪਰਿਵਾਰਕ ਪੰਜਾਬੀ ਫਿਲਮ ਪੂਰੀ ਨਹੀਂ ਹੁੰਦੀ। ਉਸ ਨੂੰ ਅਦਾਕਾਰੀ ਵਿਰਾਸਤ ਵਿਚ ਨਹੀਂ ਮਿਲੀ ਬਲਕਿ ਉਸ ਨੇ ਆਪਣੇ ਜਨੂਨ ਨਾਲ ਇਸ ਦਾ ਸਿਖਰ ਹਾਸਲ ਕੀਤਾ ਹੈ। ਆਪਣੀ ਅਦਾਕਾਰੀ ਦੀ ਬਦੌਲਤ ਅੱਜ ਉਹ ਪੰਜਾਬੀ ਦਰਸ਼ਕਾਂ ਦੀ ਅਜਿਹੀ ਚਹੇਤੀ ਕਲਾਕਾਰ ਬਣ ਗਈ ਹੈ ਜਿਸ ਨੂੰ ਮਾਂ, ਭੂਆ ਤੇ ਤਾਈ-ਚਾਚੀ ਦੇ ਕਿਰਦਾਰ ਵਿਚ ਬਹੁਤ ਪਸੰਦ ਕੀਤਾ ਜਾਂਦਾ ਹੈ।

ਇਸ ਮੁਕਾਮ 'ਤੇ ਪਹੁੰਚਣ ਲਈ ਉਸ ਨੇ ਸਖ਼ਤ ਮਿਹਨਤ ਦਾ ਪੱਲਾ ਫੜਿਆ ਹੈ। ਘਰੇਲੂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਜਿੱਥੇ ਉਸ ਨੇ ਆਪਣੀ ਅਧਿਆਪਕ ਵਜੋਂ ਡਿਊਟੀ ਨੂੰ ਬਾਖ਼ੂਬੀ ਨਿਭਾਇਆ ਹੈ, ਉੱਥੇ ਪੰਜਾਬੀ ਰੰਗਮੰਚ ਤੇ ਪੰਜਾਬੀ ਸਿਨੇਮਾ ਵਿਚ ਅਮਿੱਟ ਛਾਪ ਛੱਡੀ ਹੈ।

ਗੁਰਪ੍ਰੀਤ ਕੌਰ ਭੰਗੂ ਨੇ ਆਰਟ ਸੈਂਟਰ ਸਮਰਾਲਾ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ, ਸੁਚੇਤਕ ਰੰਗ ਮੰਚ ਮੁਹਾਲੀ ਆਦਿ ਨਾਟਕ ਟੀਮਾਂ ਨਾਲ ਭਾਅ ਜੀ ਗੁਰਸ਼ਰਨ ਸਿੰਘ, ਪ੍ਰੋ. ਅਜਮੇਰ ਸਿੰਘ ਔਲਖ, ਦਵਿੰਦਰ ਦਮਨ ਅਤੇ ਪਾਲੀ ਭੁਪਿੰਦਰ ਦੇ ਲਿਖੇ ਨਾਟਕਾਂ ਵਿਚ ਕੰਮ ਕੀਤਾ। 'ਛਿਪਣ ਤੋਂ ਪਹਿਲਾਂ', 'ਮਿੱਟੀ ਨਾ ਹੋਵੇ ਮਤਰੇਈ', 'ਇਨ੍ਹਾਂ ਦੀ ਆਵਾਜ਼', 'ਜਦੋਂ ਮੈਂ ਸਿਰਫ਼ ਔਰਤ ਹੁੰਦੀ ਹਾਂ', 'ਸੁੱਕੀ ਕੁੱਖ', 'ਜਦੋਂ ਬੋਹਲ ਰੋਂਦੇ ਹਨ', 'ਮਿੱਟੀ ਰੁਦਨ ਕਰੇ' ਆਦਿ ਨਾਟਕਾਂ ਵਿਚ ਯਾਦਗਾਰੀ ਭੂਮਿਕਾਵਾਂ ਨਿਭਾ ਕੇ ਦਰਸ਼ਕਾਂ 'ਤੇ ਗਹਿਰੀ ਛਾਪ ਛੱਡੀ। ਇਸ ਤੋਂ ਇਲਾਵਾ ਉਸ ਨੇ ਗੁਰਦਿਆਲ ਸਿੰਘ ਅਤੇ ਵਰਿਆਮ ਸੰਧੂ ਦੀਆਂ ਲਿਖਤਾਂ 'ਤੇ ਬਣੀਆਂ ਫਿਲਮਾਂ ਜਿਵੇਂ 'ਅੰਨੇ ਘੋੜੇ ਦਾ ਦਾਨ' ਅਤੇ 'ਚੌਥੀ ਕੂਟ' 'ਚ ਵੀ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਇਸੇ ਤਰ੍ਹਾਂ ਉਸ ਨੇ 'ਤਰਕ ਦੀ ਸਾਣ 'ਤੇ' ਅਤੇ 'ਕੱਚ ਦੀਆਂ ਵੰਗਾਂ' ਸੀਰੀਅਲਾਂ ਵਿਚ ਅਤੇ ਅਨੇਕ ਟੈਲੀ-ਫਿਲਮਾਂ ਵਿਚ ਯਾਦਗਾਰੀ ਭੂਮਿਕਾ ਨਿਭਾਈਆਂ।

ਉਸ ਦਾ ਜਨਮ 13 ਮਈ 1959 ਨੂੰ ਪਿਤਾ ਸੁਖਦੇਵ ਸਿੰਘ ਤੇ ਮਾਤਾ ਸੁਰਜੀਤ ਕੌਰ ਦੇ ਘਰ ਪਿੰਡ ਬੁਰਜ ਕਾਹਨ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਵਿਖੇ ਕਿਸਾਨ ਪਰਿਵਾਰ ਵਿਚ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਬੀ.ਪੀ.ਐੱਡ ਦੀ ਡਿਗਰੀ ਫਿਜ਼ੀਕਲ ਕਾਲਜ, ਪਟਿਆਲਾ ਤੋਂ ਤੇ ਪੋਸਟ ਗ੍ਰੈਜੂਏਸ਼ਨ ਰਾਜਿੰਦਰਾ ਕਾਲਜ, ਬਠਿੰਡਾ ਤੋਂ ਪੂਰੀ ਕੀਤੀ। ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਰਿਹਾ ਹੈ ਜਿਸ ਕਾਰਨ ਉਹ ਆਪਣੇ ਸਕੂਲ ਦੀ ਬਾਲ ਸਭਾ ਵਿਚ ਆਪਣੇ ਸਾਥੀ ਵਿਦਿਆਰਥੀਆਂ ਦਾ ਗੀਤ ਗਾ ਕੇ ਜਾਂ ਚੁਟਕੁਲੇ ਆਦਿ ਸੁਣਾ ਕੇ ਮਨੋਰੰਜਨ ਕਰਦੀ ਰਹਿੰਦੀ ਸੀ। ਆਪਣੇ ਇਸ ਸ਼ੌਕ ਕਾਰਨ ਉਸ ਨੂੰ ਸਕੂਲ ਤੇ ਕਾਲਜ ਦੇ ਸੱਭਿਆਚਾਰ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਚੰਗਾ ਲੱਗਦਾ ਸੀ। ਇਹੀ ਕਾਰਨ ਸੀ ਕਿ ਉਸ ਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਆਪਣੇ ਅਦਾਕਾਰੀ ਦੇ ਜਨੂੰਨ ਨੂੰ ਵੀ ਜਾਰੀ ਰੱਖਿਆ।


ਉਸ ਦਾ ਵਿਆਹ ਲੇਖਕ ਅਤੇ ਪੱਤਰਕਾਰ ਸਵਰਨ ਸਿੰਘ ਭੰਗੂ ਨਾਲ ਹੋਇਆ ਜਿਸ ਨੇ ਉਸ ਦੇ ਅਦਾਕਾਰੀ ਦੇ ਸਫ਼ਰ ਵਿਚ ਭਰਪੂਰ ਸਹਿਯੋਗ ਦਿੱਤਾ। ਪਤੀ ਨੇ ਹੀ ਉਸ ਨੂੰ ਇਸ ਰਾਹ ਵੱਲ ਤੋਰਿਆ ਤੇ ਉਸ ਨੇ ਪਹਿਲੀ ਵਾਰ ਉਸ ਨਾਲ ਮਿਲ ਕੇ ਥੀਏਟਰ ਕਰਨਾ ਸ਼ੁਰੂ ਕਰ ਦਿੱਤਾ। ਉਹ ਆਪਣੇ ਉਸਤਾਦ ਗੁਰਸ਼ਰਨ ਸਿੰਘ ਤੋਂ ਬਹੁਤ ਪ੍ਰਭਾਵਿਤ ਰਹੀ ਤੇ ਉਨ੍ਹਾਂ ਕੋਲੋਂ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ। ਉਸ ਨੇ ਪਿੰਡਾਂ ਵਿਚ ਵੀ ਨਾਟਕ ਕੀਤੇ। ਉਸ ਦਾ ਸੁਫ਼ਨਾ ਸੀ ਕਿ ਬਹੁਤ



ਨਾਟਕ ਕਰਾਂ ਤੇ ਰੰਗਮੰਚ ਵਿਚ ਨਾਮ ਕਮਾਵਾਂ। ਫਿਰ ਬਿਲਕੁਲ ਇਵੇਂ ਹੀ ਹੋਇਆ ਅਤੇ ਉਹ ਵੱਡੇ-ਵੱਡੇ ਨਾਟਕਾਂ ਦਾ ਹਿੱਸਾ ਬਣੀ। ਜੇਕਰ ਗੁਰਪ੍ਰੀਤ ਭੰਗੂ ਵੱਲੋਂ ਨਿਭਾਏ ਕਿਰਦਾਰਾਂ ਦੀ ਗੱਲ ਕਰੀਏ ਤਾਂ ਉਹ ਕਿਰਦਾਰ ਜਿਸ ਨੇ ਉਸ ਨੂੰ ਬਹੁਤ ਮਾਣ ਮਹਿਸੂਸ ਕਰਾਇਆ, ਉਹ ਸੀ ਸ਼ਹੀਦ ਭਗਤ ਸਿੰਘ ਦੀ ਮਾਂ ਦਾ ਕਿਰਦਾਰ। ਪੰਜਾਬ ਦੇ ਨਾਲ ਨਾਲ ਉਸ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਜਿਵੇਂ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਆਦਿ ਥਾਵਾਂ 'ਤੇ ਬਹੁਤ ਸਾਰੇ ਨਾਟਕ ਖੇਡੇ।

ਉਸ ਦੇ ਫਿਲਮੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਨੇ ਹਿੰਦੀ ਫ਼ਿਲਮ 'ਮਿੱਟੀ' ਤੋਂ ਸ਼ੁਰੂਆਤ ਕੀਤੀ। ਇਸ ਤਰ੍ਹਾਂ ਫਿਲਮ 'ਮਿੱਟੀ', 'ਮੌਸਮ' ਅਤੇ 'ਸ਼ਰੀਕ' ਵਿਚ ਉਸ ਦੀ ਬਾਕਮਾਲ ਅਦਾਕਾਰੀ ਦੇਖਣ ਨੂੰ ਮਿਲੀ। ਉਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ 'ਸਿੰਘ ਵਰਸਿਜ ਕੌਰ', 'ਅਰਦਾਸ', 'ਵਿਸਾਖੀ ਲਿਸਟ', 'ਸਾਡਾ ਹੱਕ', 'ਯਾਰ ਅਣਮੁੱਲੇ', 'ਨਿੱਕਾ ਜ਼ੈਲਦਾਰ', 'ਸਰਗੀ', 'ਅੰਬਰਸਰੀਆ', 'ਸਤਿ ਸ੍ਰੀ ਅਕਾਲ ਇੰਗਲੈਂਡ', 'ਸੱਗੀ ਫੁੱਲ', 'ਲੌਂਗ ਲਾਚੀ', 'ਆਸੀਸ', 'ਕੰਡੇ', 'ਹਰਜੀਤਾ', 'ਭਗਤ ਸਿੰਘ ਦੀ ਉਡੀਕ', 'ਸੰਨ ਆਫ ਮਨਜੀਤ ਸਿੰਘ', 'ਆਟੇ ਦੀ ਚਿੜੀ', 'ਅਫ਼ਸਰ', 'ਕਿਸਮਤ', 'ਰੱਬ ਦਾ ਰੇਡੀਓ 2', 'ਗੁੱਡੀਆਂ ਪਟੋਲੇ', 'ਸਰਦਾਰ ਮੁਹੰਮਦ', '25 ਕਿੱਲੇ', 'ਛੜਾ', 'ਅਰਦਾਸ ਕਰਾਂ', 'ਮੁਕਲਾਵਾ', 'ਨਿੱਕਾ ਜ਼ੈਲਦਾਰ 2', 'ਮੰਜੇ ਬਿਸਤਰੇ 2', 'ਦਾਸਤਾਨ -ਏ- ਸਰਹੰਦ', 'ਕਲੀ ਜੋਟਾ', 'ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ', 'ਗੋਡੇ ਗੋਡੇ ਚਾਅ', 'ਮਾਂ', 'ਬੂਹੇ ਬਾਰੀਆ' ਆਦਿ ਕਿੰਨੀਆਂ ਹੀ ਫਿਲਮਾਂ ਵਿਚ ਮਾਂ, ਤਾਈ, ਚਾਚੀ ਦੇ ਕਿਰਦਾਰਾਂ ਨੂੰ ਬਾਖ਼ੂਬੀ ਨਿਭਾ ਕੇ ਦਰਸ਼ਕਾਂ ਦਾ ਦਿਲ ਜਿੱਤਿਆ ਹੈ।

ਉਸ ਨੂੰ ਆਪਣੇ ਕੰਮ ਪ੍ਰਤੀ ਬਹੁਤ ਸਾਰੇ ਮਾਣ-ਸਨਮਾਨ ਵੀ ਪ੍ਰਾਪਤ ਹੋਏ ਜਿਸ ਵਿਚ ਨੈਸ਼ਨਲ ਐਵਾਰਡ ਹਾਸਲ ਕਰਨ ਵਾਲੀ ਫਿਲਮ 'ਹਰਜੀਤਾ' ਦੇ ਨਾਲ ਹੋਰ ਵੀ ਪੁਰਸਕਾਰ ਸ਼ਾਮਲ ਹਨ। ਗੁਰਪ੍ਰੀਤ ਦਾ ਕਹਿਣਾ ਹੈ ਕੀ ਇਹ ਫਿਲਮ ਉਸ ਦੇ ਦਿਲ ਦੇ ਬਹੁਤ ਨੇੜੇ ਹੈ। ਅਦਾਕਾਰੀ ਦੇ ਨਾਲ ਉਹ ਸਰਕਾਰੀ ਅਧਿਆਪਕ ਵਜੋਂ ਵੀ ਸਮੇਂ ਸਮੇਂ 'ਤੇ ਆਪਣੀਆਂ ਸੇਵਾਵਾਂ ਨਿਭਾਉਂਦੀ ਰਹਿੰਦੀ ਹੈ। ਜੇਕਰ ਜ਼ਿਕਰ ਕਰੀਏ ਸਮਾਜ ਭਲਾਈ ਦੇ ਕੰਮਾਂ ਦਾ ਤਾਂ ਗੁਰਪ੍ਰੀਤ ਭੰਗੂ ਇਨ੍ਹਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ। ਉਸ ਨੇ ਆਪਣੇ ਪਤੀ ਨਾਲ ਮਿਲ ਕੇ ਇੱਕ ਆਦਰਸ਼ ਚੈਰੀਟੇਬਲ ਟਰੱਸਟ ਵੀ ਬਣਾਇਆ ਹੈ ਜਿਸ ਵਿਚ ਜ਼ਰੂਰਤਮੰਦ ਬੱਚੀਆਂ ਦੀ ਪੜ੍ਹਾਈ ਦੇ ਨਾਲ ਸਮਾਜ ਭਲਾਈ ਦੇ ਕੰਮ ਕੀਤੇ ਜਾਂਦੇ ਹਨ। ਇਸ ਤਰ੍ਹਾਂ ਉਹ ਪਤਾ ਨਹੀਂ ਕਿੰਨੀਆਂ ਕੁ ਬੱਚੀਆਂ ਦੀ ਮਾਂ ਬਣ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਸੁਨਹਿਰਾ ਬਣਾ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਹਰ ਕਿਰਦਾਰ ਨੂੰ ਆਪਣੇ ਅੰਦਰ ਮਹਿਸੂਸ ਕਰਕੇ ਨਿਭਾਇਆ ਹੈ ਚਾਹੇ ਉਹ ਪਰਦੇ ਦਾ ਕਿਰਦਾਰ ਹੋਵੇ, ਜਾਂ ਫਿਰ ਜ਼ਰੂਰਤਮੰਦ ਬੱਚੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਦਾ। ਸ਼ਾਲਾ! ਉਹ ਇਸ ਤਰ੍ਹਾਂ ਹੀ ਰੌਸ਼ਨੀਆਂ ਵੰਡਦੀ ਰਹੇ। ***-ਰਜਨੀ ਭਗਾਣੀਆ***




# ਆਪਣੇ 11 ਭਰਾਵਾਂ ਅਤੇ 7 ਪੁੱਤਰਾਂ ਸਮੇਤ ਆਪਣੇ ਪਰਿਵਾਰ ਦੇ 52 ਜੀਆਂ ਨੂੰ ਸ਼ਹੀਦ ਕਰਾ ਕੇ ਬੰਦ ਬੰਦ ਕਟਾ ਕੇ ਸ਼ਹੀਦੀ ਪਾਉਣ ਵਾਲੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ।



**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**